
ਸੰਗਲਾ ਦੀਪ ਦੇ ਰਾਜੇ ਸ਼ਿਵਨਾਭ ਪ੍ਰਤਿ ਸਤਿਗੁਰ ਨਾਨਕ ਦੇਵ ਜੀ ਵਲੋਂ ਅਮੋਲਕ ਬਖਸ਼ਸ਼

ਪ੍ਰਾਨ ਸੰਗਲੀ

* * * *



ਉਣ ਦਾ ਪਤਾ—ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਭੇਟਾ (-) ਬਾਰਾਂ ਰੁਪਏ

ੴ ਸਤਿਗੁਰ ਪ੍ਰਸਾਦਿ ॥

ਆਤਮਕ ਗਯਾਨ ਅਥਵਾ ਯੋਗ ਮਾਰਗ ਦਾ ਅਦਭੁਤ ਗ੍ਰੰਥ

ਸ੍ਰੀ ਪ੍ਰਾਨ ਸੰਗਲੀ

ਜੋ

ਸਤਿਗੁਰੂ ਨਾਨਕ ਦੇਵ ਜੀ ਨੇ ਸੰਗਲਾਦੀਪ ਦੇ ਰਾਜਾ
ਸ਼ਿਵਨਾਭ ਪ੍ਰਤਿ ਉਚਾਰਨ ਕੀਤੀ

ਇਹ ਗਰੰਥ
ਇਕ ਪੁਰਾਤਨ ਪ੍ਰਸਿਧ ਸੰਤਾਂ ਦੇ ਡੇਰੇ ਵਿਚੋਂ ਪ੍ਰਾਪਤ ਹੋਈ
ਪੁਰਾਤਨ ਪੁਸਤਕ ਦਾ ਉਤਾਰਾ ਹੈ।

ਜੋ

ਮਹਾਤਮਾ ਗਯਾਨ ਹਰੀ ਜੀ ਚਕ੍ਰਵਰਤੀ ਨੇ ਸੰਤਾਂ ਮਹਾਤਮਾਂ
ਸਤਸੰਗੀਆਂ ਤੇ ਅਭਿਆਸੀਆਂ ਲਈ ਪ੍ਰਚਾਰ
ਹਿਤ ਛਪਵਾਈ।

ਪ੍ਰਕਾਸ਼ਕ—
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਭੇਟਾ ੧੨) ਰੁਪਏ

ਜੋਤਸ਼ੀ ਪ੍ਰਤਾਪ ਸਿੰਘ ਗਯਾਂਨੀ ਰਚਿਤ—

ਯੋਗ ਮਾਰਗ ਦੇ ਪੁਸਤਕ

ਯੋਗਾਭਯਾਸ ਸ਼ਾਸਤਰ

ਇਹ ਗ੍ਰੰਥ ਸਰਬ ਯੋਗ ਸੰਬੰਧੀ ਪੁਸਤਕਾਂ ਵਿਚੋਂ ਸੰਗ੍ਰਹਿ ਕਰਕੇ ਯੋਗ ਅਭਿਆਸੀਆਂ ਅਤੇ ਆਤਮ ਗਿਆਨ ਦੇ ਅਭਿਲਾਖੀਆਂ ਲਈ ਤਿਆਰ ਕੀਤੀ ਗਈ ਹੈ। ਇਸਦੇ ਪੜ੍ਹਨ ਨਾਲ ਮਨ ਸ਼ੁਧ ਹੋ ਕੇ ਆਤਮਕ ਗਿਆਨ ਨੂੰ ਅਨੁਭਵ ਕਰਦਾ ਹੈ। ਸ਼ਿਵ ਭਗਵਾਨ ਪਾਰਬਤੀ ਜੀ ਨੂੰ ਯੋਗ ਮਾਰਗ ਦੇ ਪੂਰੇ ਪੂਰੇ ਭੇਦ ਦਸਦੇ ਹਨ। ਯੋਗਾ ਅਭਿਆਸ ਸੰਬੰਧੀ ਆਸਨ ਦੀਆਂ ਮੂਰਤਾਂ ਭੀ ਪੁਸਤਕ ਵਿਚ ਦਰਜ ਕੀਤੀਆਂ ਹਨ। ਭੇਟਾ ੪)

ਯੋਗੀ ਰਾਜ ਗੋਰਖ ਸਿਧੀ ਚਮਤਕਾਰ

ਅਰਥਾਤ

ਸੰਨਿਆਸੀ ਬਾਵਾ ਦਾ ਗੁਟਕਾ

ਇਹ ਇਕ ਯੋਗੀ ਬਾਵਾ ਜੀ ਪਾਸੋਂ ਪ੍ਰਾਪਤ ਹੋਈ ਪੁਰਾਤਨ ਪੁਸਤਕ ਦਾ ਉਤਾਰ ਹੈ। ਇਸ ਵਿਚ ਭੂਤ, ਪ੍ਰੇਤ, ਜਿੰਨ, ਪਰੀ ਦਾ ਛਾਇਆ, ਨਜ਼ਰ, ਬੀਮਾਰੀ ਮੁਕੱਦਮਾ ਬੰਧਨ (ਕੈਦ) ਆਦਿ ਦੇ ਖੋਟੇ ਫਲ ਦੂਰ ਕਰਨ ਦੇ ਜੰਤ੍ਰ ਮੰਤ੍ਰ ਤੰਤ੍ਰ ਲਿਖੇ ਹਨ। ਦੁਸ਼ਮਨ ਜਾਂ ਕਿਸੇ ਪ੍ਰੇਮੀ ਨੂੰ ਵਸ ਕਰਨ ਦੇ ਮੰਤ੍ਰ ਜੰਤ੍ਰ ਅਰ ਯਖਨੀ ਭੈਰੋਂ ਆਦਿ ਬੀਰਾਂ ਦੇ ਸਿਧ ਕਰਨ ਦੀਆਂ ਯੁਗਤੀਆਂ ਲਿਖੀਆਂ ਹਨ। ਭੇਟਾ ੯)

ਕਾਲ ਗਿਆਨ

ਇਸ ਪੁਸਤਕ ਤੋਂ ਕਾਲ (ਮ੍ਰਿਤੂ) ਨੇੜੇ ਹੋਣ ਦਾ ਗਿਆਨ ਹੋ ਜਾਂਦਾ ਹੈ ਇੜਾ ਪਿੰਗਲਾ ਸੁਖਮਨਾ ਤੋਂ, ਰਾਤ ਦੇ ਸੁਫਨਿਆਂ ਤੋਂ, ਜਨਮ ਪਤ੍ਰੀ ਟੇਵੇ ਵਿਚ ਗਰੈਹਾਂ ਤੋਂ ਮ੍ਰਿਤੂ ਕਾਲ ਗਿਆਨ ਇਸ ਪੁਸਤਕ ਵਿਚ ਲਿਖੇ ਹਨ। ਮੁਲ ੩)

ਮੰਗਾਉਣ ਦਾ ਪਤਾ—

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਗਰੰਥ ਪ੍ਰਾਨ ਸੰਗਲੀ ਜੋ ਸਤਿਗੁਰੂ ਨਾਨਕ ਦੇਵ ਜੀ ਨੇ ਰਾਜੇ ਸ਼ਿਵਨਾਭ ਪ੍ਰਤੀ ਸੰਗਲਾਦੀਪ ਵਿਖੇ ਉਚਾਰਨ ਕੀਤੀ।

ਭੂਮਿਕਾ ਗ੍ਰੰਥ ਪ੍ਰਾਨ ਸੰਗਲੀ

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗਰੰਥ ਵਿਖੇ ਸਤਿਗੁਰ ਨਾਨਕ ਦੇਵ ਜੀ ਨੇ ਸੰਗਲਾ ਦੀਪ ਜਾਣਾ ਤੇ ਰਾਜੇ ਸ਼ਿਵਨਾਭ ਨੂੰ ਉਪਦੇਸ਼ ਦੇਣਾ ਇਸ ਪ੍ਰਕਾਰ ਕਥਾ ਲਿਖੀ ਹੈ—

ਗੁਰੂ ਜੀ ਨੇ ਸੰਗਲਾ ਦੀਪ ਜਾਣਾ

ਬਾਲਾ ਜੀ ਕਹਿਣ ਲਗੇ ਹੇ ਸਤਿਗੁਰੋ ! ਜਦ ਸ੍ਰੀ ਗੁਰੂ ਨਾਨਕ ਦੇਵ ਜੀ ਰਾਜਾ ਸ਼ਿਵਨਾਭ ਦੀ ਖਿਚ ਅਨੁਸਾਰ ਚਲਦੇ ਚਲਦੇ ਸਮੁੰਦਰ ਦੇ ਕਨਾਰੇ ਪਹੁੰਚੇ ਤਾਂ ਕਹਿਣ ਲਗੇ, ਬਾਲਾ ! ਸਮੁੰਦਰ ਬੜਾ ਭਾਰੀ ਹੈ ਇਸ ਦਾ ਥਾਹ ਨਹੀਂ ਪਾਇਆ ਜਾ ਸਕਦਾ ਤੇ ਅਸਾਂ ਪਾਰ ਭੀ ਜ਼ਰੂਰ ਹੀ ਜਾਣਾ ਹੈ। ਦਸ ਕਿਸ ਤਰ੍ਹ ਕਰੀਏ ? ਕੋਈ ਉਪਾਓ ਦਸ। ਮੈਂ ਕਿਹਾ, ਤੁਹਾਡਾ ਨਾਮ ਲਿਆਂ ਸੰਸਾਰ ਸਮੁੰਦਰ ਤਰ ਜਾਈਦਾ ਹੈ, ਇਹ ਕਿਸ ਦਾ ਵਿਚਾਰਾ ਹੈ।

ਗੁਰੂ ਜੀ ਉਚਾਰਿਆ—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਇਸ ਮਹਾਂ ਮੰਤ੍ਰ ਦਾ ਪਾਠ ਕਰਦੇ ਕਰਦੇ ਸਾਡੇ ਪਿਛੇ ਪਿਛੇ ਚਲੇ ਆਓ। ਅਗੇ ਅਗੇ ਗੁਰੂ ਜੀ ਤੇ ਪਿਛੇ ਪਿਛੇ ਅਸੀਂ ਪਾਠ ਕਰਦੇ ਤੁਰੇ ਗਏ ਅਤੇ ਨਾਂਗਾ ਬੰਦਰ ਲੰਘ ਕੇ ਸੰਗਲਾ ਦੀਪ ਪਹੁੰਚ ਰਾਜੇ ਦੇ ਸੁਕੇ ਹੋਏ ਬਨ ਵਿਚ ਜਾ ਡੇਰਾ ਲਾਇਆ। ਗੁਰੂ ਜੀ ਦੇ ਚਰਨ ਕਮਲ ਪੈਂਦਿਆਂ ਹੀ ਉਸ ਬਨ ਵਿਚ ਹਰਿਆਵਲ ਹੋ ਗਈ। ਓਥੋਂ ਦੇ ਬਾਗਵਾਨ ਨੇ ਜਾ ਕੇ ਰਾਜੇ ਨੂੰ ਖਬਰ ਕੀਤੀ ਕਿ ਤੁਹਾਡੇ ਸੁਕੇ ਹੋਏ ਬਨ ਵਿਚ ਇਕ ਸੰਤ ਆਏ ਹਨ, ਜਿਨ੍ਹਾਂ ਨਾਲ ਦੋ ਚੇਲੇ ਹਨ। ਓਹਨਾਂ ਦੇ ਆਉਣ ਸਾਰ ਹੀ ਸਾਰਾ ਬਨ ਲੈਹ ਲੈਹ ਕਰਨ ਲਗ ਪਿਆ ਹੈ। ਰਾਜੇ ਨੇ ਆਪਣੇ ਵਜ਼ੀਰ ਨੂੰ ਕਿਹਾ, ਸ਼ਾਇਦ ਗੁਰੂ ਨਾਨਕ ਜੀ ਹੀ ਆ ਗਏ ਹੋਣ। ਸੋ ਤੂੰ

ਪ੍ਰਸ਼ਾਦ ਛਕਾ ਕੇ ਪਤਾ ਲੈ ਕੇ ਆ। ਪਰਸ ਰਾਮ ਵਜ਼ੀਰ ਨਾਨਾ ਪ੍ਰਕਾਰ ਦੇ ਭੋਜਨ ਲੈ ਕੇ ਹਾਜਰ ਹੋ ਕਹਿਣ ਲਗਾ, ਰਾਜੇ ਨੇ ਤੁਹਾਡੇ ਛਕਣ ਲਈ ਭੇਜੇ ਹਨ ਸੋ ਛਕੋ। ਗੁਰੂ ਜੀ ਨੇ ਕਿਹਾ—

ਮਾਰੂ ਮਹਲਾ ੧ ॥
ਰਸ ਕਸ ਸੁਾਦ ਅਨੇਕ ਹੈ ਬਿਖ ਫਲ ਮੀਠੇ ਚਾਖ ॥
ਕਿਰਪਾ ਕਰੇ ਜਿਸ ਆਪਣੀ ਤਾਂਕੋ ਰਾਖੈ ਆਪ ॥

ਭਾਵ—ਇਹਨਾਂ ਰਸਾਂ ਕਸਾਂ ਦੇ ਸਵਾਦ ਫਿਕੇ ਹਨ ਨਾਮ ਰਸ ਹੀ ਇਕੋ ਸੁਖਦਾਈ ਹੈ ਪਰ ਜਿਸ ਤੇ ਕਰਤਾਰ ਕਿਰਪਾ ਕਰੇ ਓਹੋ ਹੀ ਚਖਦਾ ਹੈ। ਵਜ਼ੀਰ ਨੇ ਰਾਜੇ ਨੂੰ ਕਿਹਾ ਕਿ ਓਹ ਇਹਨਾਂ ਰਸਾਂ ਦਾ ਰਸ ਨਹੀਂ ਲੈਂਦੇ। ਰਾਜਾ ਨੇ ਸੁੰਦਰ ਸੁੰਦਰ ਇਸਤ੍ਰੀਆਂ ਭੇਜੀਆਂ, ਓਹ ਗੁਰੂ ਜੀ ਪਾਸ ਆ ਕੇ ਨਿਰਤਕਾਰੀ ਕਰਨ ਲਗੀਆਂ। ਗੁਰੂ ਜੀ ਨੇ ਉਚਾਰਿਆ—

ਏਹ ਵਿਸੁ ਭਰੀਆਂ ਗੰਦਲਾਂ ਧਰੀਆਂ ਖੰਡ ਲਿਵਾੜ ॥
ਸੁੰਦਰ ਰੂਪ ਅਪਾਰ ਹੈ ਦੇਤੀ ਜਨਮ ਵਿਗਾੜ ॥ ੨ ॥

ਭਾਵ—ਇਹ ਸੁੰਦਰ ਰੂਪ ਵਾਲੀਆਂ ਇਸਤ੍ਰੀਆਂ ਵਿਹੁ ਪਰ ਖੰਡ ਲਪੇਟੀ ਹੋਈ ਵਤ ਹੈ ਜੋ ਇਨ੍ਹਾਂ ਦਾ ਸੰਗ ਕਰੇਗਾ ਓਹ ਨਰਕਾਂ ਨੂੰ ਜਾਵੇਗਾ। ਜਦ ਵਜ਼ੀਰ ਨੇ ਇਹ ਸਾਰਾ ਹਾਲ ਰਾਜੇ ਨੂੰ ਜਾ ਸੁਣਾਇਆ ਤਾਂ ਰਾਜੇ ਨੇ ਕਿਹਾ, ਚੰਗੇ ਚੰਗੇ ਕਪੜੇ ਗਹਿਣੇ ਲਿਜਾ ਕੇ ਮਨ ਭਰਮਾਓ। ਵਜ਼ੀਰ ਨੇ ਕਪੜੇ ਗਹਿਣੇ ਲਿਆ ਕੇ ਭੇਟਾ ਕੀਤੇ ਤਾਂ ਗੁਰੂ ਜੀ ਨੇ ਉਚਾਰਿਆ—

ਕਾਇਆਂ ਕਪੜੁ ਕੂੜ ਹੈ ਇਨ ਕੋ ਦੇਖ ਨ ਫੂਲ ॥
ਸੁਇਨਾ ਰੁਪਾ ਮਾਲ ਧਨ ਏਈ ਨਰਕ ਕਾ ਮੂਲ ॥ ੩ ॥

ਭਾਵ—ਇਹ ਗਹਿਣੇ ਕਪੜੇ ਝੂਠੇ ਹਨ ਤੇ ਨਰਕ ਵਿਚ ਪੁਚਾਉਣ ਵਾਲੇ ਹਨ ਸਾਡੇ ਕਿਸੇ ਕੰਮ ਨਹੀਂ, ਰਾਜੇ ਨੂੰ ਮੋੜ ਦਿਓ। ਵਜ਼ੀਰ ਨੇ ਜਦ ਇਹ ਭੀ ਨਿਰਇਛਤਾ ਭਰਿਆ ਉਤਰ ਦਿਤਾ ਤੇ ਕਿਹਾ ਇਹ ਪੂਰਨ ਸੰਤ ਹਨ ਇਹਨਾਂ ਦਾ ਦਰਸ਼ਨ ਕਰਨਾ ਜ਼ਰੂਰੀ ਹੈ। ਰਾਜਾ ਬਹੁਤ ਸਾਰੇ ਸਾਥੀਆਂ ਸਮੇਤ ਆਇਆ ਤੇ ਨਿੰਮ੍ਰਤਾ ਸਹਿਤ ਮਥਾ ਟੇਕ ਕੇ ਦੋਵੇਂ ਹਥ ਜੋੜ ਕੇ ਸਾਹਮਣੇ ਖਲੋ ਗਿਆ।

ਗੁਰੂ ਜੀ ਕਿਹਾ—

ਸੁਣ ਰਾਜਾ ਸ਼ਿਵਨਾਭ ਤੂੰ ਸਭ ਮਤ ਤੇਰੀ ਰਾਸ ॥
ਨਾਨਕ ਪੜਦਾ ਦੂਰ ਕਰ ਹੋਵਹਿ ਦਾਸਨ ਦਾਸ ॥੪॥

ਭਾਵ—ਤੇਰੀ ਮਤ ਸ੍ਰੇਸ਼ਟ ਹੈ ਭਰਮ ਦਾ ਪੜਦਾ ਦੂਰ ਕਰਕੇ ਦਾਸ ਭਾਵ ਧਾਰਨ ਕਰ। ਰਾਜੇ ਨੂੰ ਨਿਸਚਾ ਤਾਂ ਹੋਇਆ ਪਰ ਕਹਿਣ ਲਗਾ ਇਕ ਰਾਤ ਹੋਰ ਪ੍ਰੀਖਿਆ ਕਰ ਲਵੀਏ। ਤਦ ਗੁਰੂ ਜੀ ਪਾਸ ਰਾਤ ਨੂੰ ਇਕ ਬੜਾ ਸੁੰਦਰ ਪਲੰਘ ਭੇਜ ਕੇ ਆਪਣੀ ਸੁੰਦਰ ਪਟਰਾਣੀ ਨੂੰ ਸਖੀਆਂ ਸਹੇਲੀਆਂ ਸਮੇਤ ਘਲ ਕੇ ਕਿਹਾ ਕਿ ਪਤਾ ਲਵੋ ਕੈਸਾ ਸੰਤ ਹੈ। ਓਹਨਾਂ ਨੇ ਆ ਕੇ ਮਹਾਰਾਜ ਦੇ ਚਰਨ ਕਮਲਾਂ ਨੂੰ ਹਥਾਂ ਨਾਲ ਮਲਣਾ ਸ਼ੁਰੂ ਕੀਤਾ ਅਰ ਹਾਵ ਭਾਵ ਕਰ ਕਰਕੇ ਗੁਰੂ ਜੀ ਨੂੰ ਮੋਹਿਤ ਕਰਨ ਦੀ ਕੋਸ਼ਿਸ਼ ਕਰਨ ਲਗੀਆਂ ਤੇ ਕਿਹਾ ਅਸੀਂ ਆਸਾ ਧਰ ਕੇ ਆਈਆਂ ਹਾਂ ਸਾਡੀ ਮਨੋਕਾਮਨਾਂ ਪੂਰਨ ਕਰੋ। ਗੁਰੂ ਜੀ ਕਿਹਾ—

ਸਤਿਨਾਮ ਸਿਮਰਹੁ ਸੁਖ ਭਾਰੀ ॥ ਸਫਲ ਜਨਮ ਕਰ ਲਿਹੁ ਇਹ ਬਾਰੀ ॥
ਵਿਸ਼ੈ ਸੁਆਦ ਮਾਹਿ ਬੈਸ ਨ ਖੋਵਹੁ ॥ ਹਰਿ ਕੋ ਭਜਹੁ ਮੁਕਤਿ ਸਭ ਹੋਵਹੁ ॥

ਭਾਵ—ਨਾਮ ਜਪ ਕੇ ਜਨਮ ਸਫਲਾ ਕਰੋ, ਐਸ਼ ਇਸ਼ਰਤਾਂ ਵਿਚ ਉਮਰ ਨਾ ਗਵਾਓ। ਓਹਨਾਂ ਨੇ ਕਿਹਾ, ਅਸੀਂ ਤਾਂ ਬੜੀ ਆਸਾ ਰਖ ਕੇ ਆਈਆਂ ਹਾਂ ਸਾਡੇ ਨਾਲ ਭੋਗ ਬਿਲਾਸ ਕਰੋ। ਗੁਰੂ ਜੀ ਉਚਾਰਿਆ—

ਆਸਾ ਮਹਲਾ ੧ ॥

ਮਨ ਮੋਤੀ ਜੇ ਗਹਿਣਾ ਹੋਵੈ ਪਉਣ ਹੋਵੈ ਸੂਤ ਧਾਰੀ ॥ ਖਿਮਾ ਸੀਗਾਰ ਕਾਮਣਿ ਤਨ ਪਹਿਰੈ ਰਾਵੈ ਲਾਲ ਪਿਆਰੀ ॥ ੧ ॥ ਲਾਲ ਬਹੁ ਗੁਣ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥ ੧ ॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰ ਦੰਤ ਲੇਈ ॥ ਕਰਿ ਕਰਿ ਕਰਤਾ ਕੰਗਨਾ ਪਹਿਰੈ ਇਨ ਬਿਧਿ ਚਿਤੁ ਧਰੇਈ ॥ ੨ ॥ ਮਧੁ ਸੂਦਨ ਕਰ ਮੁੰਦਰੀ ਪਹਿਰੈ ਪਰਮੇਸ਼ਰ ਪਟ ਲੇਈ ॥ ਧੀਰਜ ਧੜੀ ਬੰਧਾਵੈ ਕਾਮਣਿ ਸ੍ਰੀ ਰੰਗ ਸੁਰਮਾ ਦੇਈ ॥ ੩ ॥ ਮਨ ਮੰਦਰ ਜੇ ਦੀਪਕ ਬਾਲੇ ਕਾਇਆ ਸੇਜ ਕਰੇਈ ॥ ੪ ॥

ਇਹ ਸਾਰਾ ਸ਼ਬਦ ਉਚਾਰ ਕੇ ਫਿਰ ਇਸੇ ਦਾ ਹੀ ਟੀਕਾ ਕੀਤਾ।

ਬਸੰਤੁ ਮਹਲਾ ੧ ਅਸਟਪਦੀ ਘਰੁ ੧ ਦੁਤੁਕੀਆ ॥

ਜਗ ਕਊਆ ਨਾਮ ਨਹੀ ਚੀਤ ॥ ਨਾਮ ਬਿਸਾਰ ਗਿਰੈ ਦੇਖ ਭੀਤ ॥ ਮਨੂਆ ਡੋਲੈ ਚੀਤ ਅਨੀਤ ॥ ਜਗ ਸਿਉ ਤੂਟੀ ਝੂਠਿ ਪਰੀਤਿ ॥ ੧ ॥ ਕਾਮ ਕ੍ਰੋਧ ਬਿਖੁ ਬਜਰੁ ਭਾਰੁ॥ ਨਾਮ ਬਿਨਾ ਕੈਸੇ ਗੁਨ ਚਾਰੁ ॥ ੧ ॥ ਰਹਾਉ ॥ ਘਰ ਬਾਲੂ ਕਾ ਘੂਮਨ ਘੇਰ ॥ ਬਰਖਸ ਬਾਣੀ ਬੁਦ ਬੁਦਾ ਹੇਰਿ ॥ ਮਾਤ੍ਰ ਬੂੰਦ ਤੇ ਧਰ ਚਕ ਫੇਰ॥ ਸਰਬ ਜੋਤਿ ਨਾਮੈ ਕੀ ਚੇਰਿ ॥ ੨ ॥ ਸਰਬ

ਉਪਾਇ ਗੁਰੂ ਸਿਰ ਮੋਰੁ ॥ ਭਗਤਿ ਕਰਉ ਪਗ ਲਾਗਉ ਤੋਰਿ ॥ ਨਾਮ ਰਤਉ ਚਾਹਉ ਤੁਝ ਓਰ ॥ ਨਾਮ ਦੁਰਾਇ ਚਲੈ ਸੋ ਚੋਰਿ ॥ ੩ ॥ ਪਤਿ ਖੋਈ ਬਿਖੁ ਅੰਚਲਿ ਪਾਇ ॥ ਸਾਚ ਨਾਮ ਰਤੋ ਪਤਿ ਸਿਉ ਘਰਿ ਜਾਇ ॥ ਜੋ ਕੀਨਸ ਪ੍ਰਭੂ ਰਜਾਇ ॥ ਭੈ ਮਾਨੈ ਨਿਰਭਉ ਮੇਰੀ ਮਾਇ ॥ ੪ ॥ ਕਾਮਨਿ ਚਾਹੈ ਸੁੰਦਰ ਭੋਗੁ ॥ ਪਾਨ ਫੂਲ ਮੀਠੇ ਰਸ ਭੋਗੁ ॥ ਖੇਲੈ ਵਿਗਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨਸਿ ਹੋਗੁ ॥ ੫ ॥ ਕਾਪੜਿ ਪਹਿਰਸਿ ਅਧਿਕ ਸੀਗਾਰ ॥ ਮਾਟੀ ਫੂਲੀ ਰੂਪ ਬਿਕਾਰ ॥ ਆਸਾ ਮਨਸਾ ਬਾਧੋ ਬਾਰੁ ॥ ਨਾਮ ਬਿਨਾ ਸੂਨਾ ਘਰ ਬਾਰੁ ॥ ੬ ॥ ਗਾਛਹੁ ਪੁਤ੍ਰੀ ਰਾਜ ਕੁਆਰ ॥ਨਾਮ ਭਣਹੁ ਸਚੁ ਦੋਤ ਸਵਾਰ ॥ ਪ੍ਰਿਉ ਸੇਵਹੁ ਪ੍ਰਭੁ ਪ੍ਰੇਮ ਅਧਾਰ ॥ ਗੁਰ ਸਬਦੀ ਬਿਖ ਪਿਆਸ ਨਿਵਾਰ ॥ ੭ ॥ ਮੋਹਨਿ ਮੋਹਿ ਲੀਆ ਮਨ ਮੋਹਿ ॥ ਗੁਰ ਕੈ ਸਬਦਿ ਪਛਾਨੇ ਤੋਹਿ ॥ ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮ ਸੰਤੋਖੇ ਕਿਰਪਾ ਧਾਰਿ॥੮॥

ਭਾਵ—ਹੇ ਰਾਜ ਪੁਤ੍ਰੀਓ! ਨਾਮ ਜਪੋ ਪਤੀ ਦੀ ਸੇਵਾ ਕਰੋ ਗੁਰਾਂ ਦੇ ਸ਼ਬਦ ਦਵਾਰਾ ਤ੍ਰਿਸਨਾ ਦੂਰ ਕਰੋ ਪਤੀ ਵਸ ਕਰਨ ਲਈ ਖਿਮਾਂ ਦਾ ਸ਼ਿੰਗਾਰ ਹਰਨਾਮ ਜਪਣ ਦਾ ਹਾਰ ਧੀਰਜ ਦੀ ਧੜੀ ਪਰਮੇਸ਼ਰ ਦੇ ਪ੍ਰੇਮ ਦਾ ਸੁਰਮਾ ਗਯਾਨ ਦਾ ਦੀਵਾ ਜੇ ਤੁਸੀਂ ਬਾਲੋਗੀਆਂ ਤਾਂ ਗਯਾਨ ਰਾਜੇ ਨਾਲ ਅੰਤਹਕਰਨ ਸੇਜਾ ਤੇ ਭੋਗ ਕਰੋਗੀਆਂ। ਜਗਤ ਜੀਵਾਂ ਦਾ ਮਨ ਡੋਲਦਾ ਰਹਿੰਦਾ ਹੈ ਕਾਮ ਕ੍ਰੋਧ ਦੇ ਬਜਰ ਭਾਰ ਸਿਰ ਪਰ ਚੁਕਦੇ ਹਨ ਪਰ ਜੋ ਸਤਨਾਮ ਤਿਆਗ ਕੇ ਏਹਨਾਂ ਕਰਮਾਂ ਵਿਚ ਲਗਦੇ ਹਨ ਓਹ ਚੋਰ ਹਨ ਤਾਂਤੇ ਤੁਹਾਨੂੰ ਪ੍ਰਮੇਸ਼ਰ ਦੇ ਦੁਆਰੇ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਕਰਤਾਰ ਸਾਨੂੰ ਆਪਣਾ ਨਾਮ ਬਖਸ਼ ਕੇ ਸੰਤੋਖੀ ਬਣਾ! ਗੁਰੂ ਜੀ ਦੇ ਇਹ ਬਚਨ ਸੁਣ ਸਾਰੀਆਂ ਨੇ ਚਰਨ ਬੰਦਨਾ ਕੀਤੀ ਤੇ ਪੂਰਨ ਪੁਰਖ ਸਮਝ ਕੇ ਅਯੋਗਤਾ ਦੀ ਭੁਲ ਬਖਸ਼ਾਈ। ਸਵੇਰੇ ਰਾਜੇ ਪਾਸ ਜਾ ਕੇ ਕਿਹਾ ਅਸਾਂ ਆਪਣਾ ਸਾਰਾ ਜੋਰ ਲਾਇਆ ਹੈ ਪਰ ਸਾਡੀ ਕੋਈ ਪੇਸ਼ ਨਹੀਂ ਗਈ, ਸਗੋਂ ਓਹਨਾਂ ਦੇ ਬਚਨ ਸੁਣ ਕੇ ਸਾਡਾ ਮਨ ਭੋਗਾਦਿ ਇਛਾ ਵਲੋਂ ਹਟ ਕੇ ਸ਼ਾਂਤਿ ਨੂੰ ਪ੍ਰਾਪਤ ਹੋ ਗਿਆ ਹੈ, ਮਾਨੋ ਨਰਕ ਵਿਚੋਂ ਨਿਕਲ ਕੇ ਸੁਰਗ ਵਿਚ ਜਾ ਪਈਆਂ ਹਾਂ। ਰਾਜਾ ਇਹ ਸੁਣ ਕੇ ਨੰਗੇ ਪੈਰੀਂ ਗੁਰੂ ਜੀ ਦੀ ਸੇਵਾ ਵਿਖੇ ਪਹੁੰਚਾ ਅਤੇ ਡੰਡੌਤ ਬੰਦਨਾ ਕਰ ਹਥ ਜੋੜਕੇ ਖੜੋ ਗਿਆ ਪਰ ਗੁਰੂ ਜੀ ਬਿਲਕੁਲ ਚੁਪ ਰਹੇ। ਜਦ ਇਸ ਤਰਾਂ ਢਾਈ ਪਹਿਰ ਬੀਤ ਗਏ ਤੇ ਰਾਜੇ ਦਾ ਮਨ ਨਾ ਡੋਲਿਆ ਤਾਂ ਗੁਰੂ ਜੀ ਨੇ ਕਿਹਾ, ਰਾਜਾ ਜੀ! ਰਾਜੀ ਹੋ, ਕਹੋ ਕੀ ਚਾਹੁੰਦੇ ਹੋ? ਰਾਜੇ ਨੇ ਕਿਹਾ, ਪਹਿਲਾਂ ਆਪਣਾ ਨਾਮ ਪਤਾ ਦਸੋ। ਗੁਰੂ ਜੀ ਨੇ ਸ਼ਬਦ ਉਚਾਰਿਆ—

ਮਾਰੂ ਮਹਲਾ ੧ ॥
ਗੁਸਾਈਂ ਤੇਰਾ ਨਾਮ ਕਉਨ ਕੈਸੇ ਜਾਤੀ ॥ ਜਬ ਘਟ ਭੀਤਰ
ਮਹਲਿ ਬੁਲਾਏ ਪੂਛੇ ਬਾਤ ਨਿਚੰਤੀ ॥੧॥ ਰਹਾਉ ॥

ਭਾਵ—ਸਾਡਾ ਨਾਮ ਤੇ ਜਾਤ ਕੀ ਹੈ, ਕਿੰਤੂ ਕੁਝ ਨਹੀਂ। ਰਾਜੇ ਨੇ ਕਿਹਾ ਸੀਂ ਜੋਗੀ ਹੋ ? ਗੁਰੂ ਜੀ ਨੇ ਕਿਹਾ—

ਜੋਗੀ ਜੁਗਤ ਨਾਮ ਨਿਰਮਾਇਲ ਤਾਕੈਂ ਨਾਮ ਨ ਰਾਤੀ ॥
ਪ੍ਰੀਤਮ ਨਾਮ ਸਦਾ ਸਤਸੰਗੇ ਜਨਮ ਮਰਨ ਗਤਿ ਬੀਤੀ ॥੧॥

ਭਾਵ—ਜੋਗੀ ਤਾਂ ਓਹ ਹਨ ਜਿਨ੍ਹਾਂ ਦਾ ਮਨ ਨਾਮ ਨਾਲ ਜੁੜਿਆ ਹੈ ਤੇ ਨਮ ਮਰਨ ਤੋਂ ਰਹਿਤ ਹੋਏ ਹਨ। ਰਾਜੇ ਨੇ ਕਿਹਾ, ਤੁਹਾਡੀ ਜਾਤੀ ਬ੍ਰਾਹਮਣ । ਗੁਰੂ ਜੀ ਨੇ ਕਿਹਾ—

ਬ੍ਰਾਹਮਣ ਸੋ ਜੋ ਬ੍ਰਹਮ ਬਚਾਰੈ ਪੂਜੈ ਹਰਿ ਗੁਣ ਪਾਤੀ ॥
ਏਕੋ ਨਾਮ ਏਕ ਨਾਰਾਇਣ ਸਰਬ ਮੈ ਏਕੋ ਜੋਤੀ ॥੨॥

ਭਾਵ—ਜੋ ਬ੍ਰਹਮ ਵਿਚਾਰੇ ਓਹੋ ਹੀ ਬ੍ਰਾਹਮਣ ਹੁੰਦਾ ਹੈ ਅਰਥਾਤ ਉਸ ਆਤਮਾ ਨੂੰ ਸਭ ਥਾਂ ਵਯਾਪਕ ਜਾਣਦਾ ਹੋਵੇ। ਰਾਜੇ ਨੇ ਕਿਹਾ, ਕੀ ਆਪ ਖਤ੍ਰੀ ? ਗੁਰੂ ਜੀ ਨੇ ਕਿਹਾ—

ਅਹਿ ਘਟ ਛਾਬਾ ਜਿਹਵਾ ਡੰਡੀ ਤੋਲਉ ਨਾਮ ਅਜਾਚੀ ॥
ਸਿਰ ਸਾਹਾ ਪਾਤਿਸਾਹਿਬ ਏਕੋ ਵਣਜਾਰੇ ਬਹੁ ਭਾਤੀ ॥ ੩ ॥

ਭਾਵ—ਅਸੀਂ ਨਾਮ ਤੋਲਣ ਵਾਲੇ ਉਸ ਸ਼ਾਹਾਨ ਸ਼ਾਹ ਅਕਾਲ ਪੁਰਖ ਵਣਜਾਰੇ ਹਾਂ। ਰਾਜੇ ਨੂੰ ਕੁਝ ਪਤਾ ਨਾ ਲਗਾ ਤਾਂ ਫੇਰ ਕਹਿਣ ਲਗਾ, ਤੁਸੀਂ ਰਖ ਹੋ ? ਗੁਰੂ ਜੀ ਨੇ ਕਿਹਾ—

ਧਰ ਪਰ ਗਗਨ ਗਗਨ ਪਰ ਗੋਰਖ ਤਾਂਕਾ ਅਗਮ ਗੁਰੂ ਪੁਨ ਬਾਸੀ ॥
ਅਤਰ ਬਾਹਰ ਏਕੋ ਜਾਨੈ ਨਾਨਕ ਭਇਆ ਉਦਾਸੀ ॥੪॥

ਭਾਵ—ਉਚੇ ਤੋਂ ਉਚਾ ਜੋ ਅਕਾਲ ਪੁਰਖ ਹੈ ਉਸ ਨੂੰ ਅੰਤਰ ਬਾਹਰ ਸਭ ਯਾਪਕ ਜਾਣ ਕੇ ਅਸੀਂ ਉਦਾਸ ਰਹਿੰਦੇ ਹਾਂ। ਰਾਜੇ ਨੇ ਜਦ ਨਾਨਕ ਨਾਮ ਣਿਆ ਤਾਂ ਦ੍ਰਿੜ ਨਿਸਚਾ ਹੋ ਗਿਆ ਕਿ ਇਹ ਤਾਂ ਗੁਰੂ ਨਾਨਕ ਜੀ ਹੀ ਆ ਗਏ । ਪਰੇਮ ਵਿਚ ਗੁਟ ਹੋ ਕੇ ਕਹਿਣ ਲਗਾ, ਮੇਰੇ ਧੰਨ ਭਾਗ ਹਨ ਜੋ ਦਰਸ਼ਨ ਤਾ ਹੈ,ਮੇਰੇ ਮਨ ਦੀ ਤੁਸੀਂ ਸਭ ਕੁਝ ਜਾਣਦੇ ਹੋ। ਇਸ ਪ੍ਰਕਾਰ ਕਹਿਕੇ ਪ੍ਰਕਰਮਾ

ਲੈ ਚਰਨ ਕਮਲਾਂ ਪਰ ਮਥਾ ਟੇਕ ਕੇ ਕਿਹਾ, ਮੇਰੇ ਘਰ ਪ੍ਰਵੇਸ਼ ਕਰਕੇ ਪਵਿੱਤ੍ਰ ਕਰੋ। ਗੁਰੂ ਜੀ ਕਿਹਾ, ਪਹਿਲਾਂ ਧਰਮਸਾਲਾ ਬਣਾਓ ਫੇਰ ਆਵਾਂਗੇ। ਤਦ ਰਾਜਾ ਨੇ ਓਸੇ ਵਕਤ ਧਰਮਸਾਲਾ ਬਣੌਣੀ ਅਰੰਭ ਦਿਤੀ।

ਰਾਜਾ ਸ਼ਿਵਨਾਭ ਨੂੰ ਉਪਦੇਸ਼

ਬਾਲਾ ਜੀ ਕਹਿਣ ਲਗੇ, ਹੇ ਸਤਿਗੁਰੂ ਜੀ ! ਸ਼ਿਵਨਾਭ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਬੜੀ ਸੁੰਦਰ ਧਰਮਸਾਲਾ ਬਣਾਈ, ਬਹੁਤ ਸੁੰਦਰ ਦਰਵਾਜੇ ਬਣਵਾਕੇ ਉਤੇ ਚਿਤ੍ਰਕਾਰੀ ਕਰਵਾਈ, ਨਾਨਾ ਪ੍ਰਕਾਰ ਦੇ ਬਸਤ੍ਰ ਵਿਛਾਏ, ਸਾਰੇ ਅੰਦਰ ਗੁਲਾਬ ਦਾ ਛਿੜਕਾ ਕੀਤਾ। ਉਸ ਵਿਚ ਇਕ ਬੜਾ ਅਦਭੁਤ ਪਲੰਘ ਡਾਹਯਾ, ਉਪਰ ਅਨੂਪਮ ਵਿਛੌਣੇ ਵਿੱਛਾਏ। ਇਸ ਪ੍ਰਕਾਰ ਦੀ ਰਚਨਾ ਰਚ ਕੇ ਜਦ ਰਾਜਾ ਗੁਰੂ ਜੀ ਪਾਸ ਗਿਆ ਤਾਂ ਅਗੋਂ ਗੁਰੂ ਜੀ ਨਜ਼ਰ ਨਾ ਆਏ। ਰਾਜਾ ਵਿਆਕੁਲ ਹੋ ਜੰਗਲ ਬੇਲੇ ਢੂੰਡਦਾ ਫਿਰੇ, ਦੌੜ ਦੌੜ ਕੇ ਦਰਖਤਾਂ, ਪਹਾੜਾਂ, ਸਰੋਵਰਾਂ ਕੋਲੋਂ ਪੁਛੇ ਕਿ ਤੁਸਾਂ ਕਿਤੇ ਸਤਿਗੁਰੂ ਜੀ ਦੇਖੇ ਹਨ।

ਆਖਰ ਜਦ ਕੁਝ ਪਤਾ ਨਾ ਲਗਾ ਤਾਂ ਇਹ ਵਿਚਾਰਦਾ ਹੋਇਆ ਕਿ ਹਾਏ ! ਮੇਰੀ ਕਿਸਮਤ ਹੀ ਐਸੀ ਖੋਟੀ ਹੈ ਜਿਸਨੂੰ ਇਹੋ ਜਹੇ ਪੂਰੇ ਸਤਿਗੁਰਾਂ ਦੇ ਦਰਸ਼ਨ ਨਹੀਂ ਹੋ ਸਕਦੇ, ਭੁੰਞੇ ਡਿਗ ਪਿਆ ਤੇ ਬੇਸੁਧ ਹੋ ਗਿਆ। ਨੌਕਰ ਨੇ ਜਦ ਹੋਸ਼ ਵਿਚ ਆਂਦਾ ਤਾਂ ਅਗੋਂ ਸਤਿਗੁਰੂ ਜੀ ਨੂੰ ਬੈਠੇ ਹੋਏ ਦੇਖ ਕੇ ਪ੍ਰਸੰਨ ਹੋ ਚਰਨਾਂ ਤੇ ਢੈਹ ਪਿਆ ਅਤੇ ਬੇਨਤੀ ਕਰਨ ਲਗਾ, ਮਹਾਰਾਜ ! ਮੈਂ ਆਪ ਜੀ ਦੀ ਆਗਿਆ ਅਨੁਸਾਰ ਧਰਮਸਾਲਾ ਬਣਾ ਲਈ ਹੈ, ਸੋ ਹੁਣ ਚੱਲ ਕੇ ਸੇਵਕ ਦਾ ਨਗਰ ਪਵਿਤਰ ਕਰੋ। ਗੁਰੂ ਜੀ ਇਹ ਬੇਨਤੀ ਸੁਣਕੇ ਰਾਜੇ ਨਾਲ ਤੁਰ ਪਏ। ਰਾਜੇ ਨੇ ਪਲੰਘ ਪਰ ਬਿਠਾਇਆ ਤੇ ਆਪ ਚਰਨ ਕਮਲਾਂ ਪਾਸ ਦੋ ਹਥ ਜੋੜ ਕੇ ਬੈਠ ਗਿਆ ਤੇ ਬੇਨਤੀ ਕਰਨ ਲਗਾ ਕਿ ਮਹਾਰਾਜ ਮੈਨੂੰ ਉਪਦੇਸ਼ ਕਰੋ ਜਿਸ ਤੇ ਜਗਤ ਦੇ ਕੁਲ ਕਲੇਸ਼ ਦੂਰ ਹੋਣ। ਗੁਰੂ ਜੀ ਕਿਹਾ, ਮਨ ਨੂੰ ਵਸ ਕਰਨ ਨਾਲ ਦੁਖ ਕਲੇਸ਼ ਦੂਰ ਹੁੰਦੇ ਹਨ। ਸੋ ਮਨ ਰੋਕਨ ਦੇ ਦੋ ਰਸਤੇ ਹਨ, ਜੇਹੜਾ ਸੁਖਾਲਾ

ਲਗੇ ਕਰੋ। ਰਾਜੇ ਨੇ ਕਿਹਾ ਕ੍ਰਿਪਾ ਕਰਕੇ ਦੋਨੋਂ ਹੀ ਸੁਣਾਓ। ਗੁਰੂ ਜੀ ਕਿਹਾ ਇਕ ਕਸ਼ਟ ਯੋਗ ਹੈ, ਇਕ ਭਗਤ ਯੋਗ ਹੈ। ਜੇਹੜਾ ਕਸ਼ਟ ਯੋਗ ਹੈ ਉਸ ਦੇ ਅੱਠ ਅੰਗ ਹਨ—੧. ਯਮ, ੨. ਨੇਮ, ੩. ਇਕਾਂਤ, ੪. ਆਸਨ, ੫. ਪ੍ਰਾਣਾਯਾਮ, ੬. ਧਯਾਨ, ੭. ਧਾਰਨਾ, ੮. ਸਮਾਧ। ਯਮ ਏਹ ੧੦ ਪ੍ਰਕਾਰ ਦਾ ਹੈ।

੧. ਅਹਿੰਸਾ ਮਨ ਬਚ, ਕਾਇਆਂ ਕਰਕੇ ਤਿੰਨ ਪ੍ਰਕਾਰ ਦਾ ਹੈ।

(ੳ) ਬਗਾਨੇ ਦਾ ਬੁਰਾ ਚਿਤਵਨਾ ਮਨ ਦੀ ਹਿੰਸਾ ਹੈ। (ਅ) ਫਿੱਕਾ ਬੋਲ ਕੇ ਦੁਖ ਦੇਣਾ ਬਚਨ ਦੀ ਹਿੰਸਾ ਹੈ। (ੲ) ਜੀਵਾਂ ਨੂੰ ਮਾਰਨਾ ਕਾਇਆਂ ਦੀ ਹਿੰਸਾ ਹੈ। ਤਿੰਨਾਂ ਦਾ ਤਿਆਗ ਅਹਿੰਸਾ ਹੈ।

੨. ਸਚ ਬੋਲਣਾ।

੩. ਚੋਰੀ ਤਨ ਦੀ ਤੇ ਮਨ ਦੀ ਦੋ ਪ੍ਰਕਾਰ ਦੀ ਹੈ।

(ੳ) ਤਨ ਦੀ ਚੋਰੀ ਕਿਸੇ ਦੀ ਚੀਜ ਚੁਰਾ ਲੈਣੀ। (ਅ) ਮਨ ਦੀ ਚੋਰੀ ਪਾਪ ਕਰਕੇ ਛੁਪਾ ਲੈਣਾ। ਇਨਾਂ ਦੋਹਾਂ ਦਾ ਤਿਆਗ ਕਰੋ।

੪. ਬ੍ਰਹਮ ਚਰਯ ਭਾਵ ਅੱਠ ਪ੍ਰਕਾਰ ਦੇ ਕਾਮ ਤੋਂ ਬਚਣਾ—

(ੳ) ਇਸਤਰੀ ਦੀਆਂ ਗਲਾਂ ਕਰਨੀਆਂ, (ਅ) ਸੁਣ ਕੇ ਮਨ ਵਿਚ ਧਾਰਨੀਆਂ, (ੲ) ਇਕਾਂਤ ਬੈਠਣਾਂ (ਸ) ਅੰਗ ਸਪਰਸ਼ਨਾ (ਹ) ਪਿਆਰ ਨਾਲ ਦੇਖਣਾ, (ਕ) ਪਿਆਰ ਕਰਨਾ, (ਖ) ਮਨ ਵਿਚ ਚਿਤਵਨਾ (ਗ) ਭੋਗ ਕਰਨਾ।

੫. ਧੀਰਜ—ਦੁਖ, ਸੁਖ, ਹਾਣ, ਲਾਭ ਵਿਚ ਧੀਰਜ ਰਖਣਾ।

੬, ਖਿਮਾਂ—ਕੋਈ ਭਲਾ ਕਹੇ ਕੋਈ ਬੁਰਾ ਕਹੇ ਕਿਸੇ ਤੇ ਕ੍ਰੋਧ ਨਾ ਕਰਨਾ।

੭. ਦਯਾ—ਦੁਖੀਆਂ ਪਰ ਦਯਾ ਕਰਨੀ।

੮. ਕੋਮਲ ਹਿਰਦਾ—ਸਭਨਾਂ ਨੂੰ ਮਿਠੇ ਬਚਨ ਕਹਿਣੇ।

੯. ਮਰਯਾਦਾ—ਅਹਾਰ ਰੁਚੀ ਅਨੁਸਾਰ ਭੁਖ ਰਖ ਕੇ ਖਾਣਾ।

੧੦. ਪਵਿਤ੍ਰਤਾ—ਜਲ, ਮਿਟੀ ਨਾਲ ਇਸ਼ਨਾਨ ਕਰਨਾ।

੧. ਨੇਮ—ਇਸੇ ਤਰ੍ਹਾਂ ਨੇਮ ਭੀ ਦਸ ਪ੍ਰਕਾਰ ਦੇ ਹਨ।

੨. ਤਪ—ਤਮੋ ਰਜੋ ਸਤੋ ਤਿੰਨ ਪ੍ਰਕਾਰ ਦਾ ਹੈ।

(ੳ) ਭੁਖੇ ਰਹਿਣਾ, ਅਗਨੀ ਤਪਾਉਣੀ, ਜਲਧਾਰਾ ਕਰਨੀ ਏਹ ਤਾਮਸੀ

ਤਪ ਹੈ। (ਅ) ਕੁਕਰਮਾਂ ਵਲੋਂ ਇੰਦ੍ਰੀਆਂ ਰੋਕ ਕੇ ਸੁਕਰਮਾਂ ਵਲ ਲੌਣੀਆ, ਏ
ਰਾਜਸੀ ਤਪ ਹੈ। (ੲ) ਬ੍ਰਿਤੀ ਟਿਕਾਉਣੀ, ਦੋ ਪ੍ਰਕਾਰ ਦੀ ਹੈ।

੨. ਸੰਤੋਖ ਦੋ ਪ੍ਰਕਾਰ ਦਾ ਹੈ । (ੳ) ਜੋ ਚੀਜ਼ ਹਥ ਨ ਆਵੇ ਤੇ ਮੂੰ
ਸੰਤੋਖੀ ਕਹਿਣਾ ਇਸ ਨਾਲ ਹਿਰਦਾ ਸ਼ਾਂਤ ਨਹੀਂ ਹੁੰਦਾ। (ਅ) ਜੋ ਕੁਝ ਪ੍ਰਾਪ
ਹੋਵੇ ਉਸ ਵਿਚ ਸੰਤੋਖ ਰਖਣਾ (ਯਥਾ–ਲਾਭ ਤਥਾ ਸੰਤੋਖ) ।

੩. ਰਜਾ–ਵਾਹਿਗੁਰੂ ਦੀ ਰਜਾ ਪਰ ਰਾਜੀ ਰਹਿਣਾ ਤੇ ਗੁਰ ਬਚਨ
ਪਰ ਸ਼ਰਧਾ ਰਖਣੀ।

੪. ਦਾਨ–ਤਮੋ, ਰਜੋ, ਸਤੋ ਤਿੰਨ ਪ੍ਰਕਾਰ ਦਾ ਹੈ। (ੳ) ਕਲਹ ਕ੍ਰੋਧ
ਕਰਕੇ ਦੇਣਾ ਤਾਮਸੀ ਹੈ। (ਅ) ਜਸ ਲਈ ਦੇਣਾ ਰਾਜਸੀ ਹੈ। (ੲ) ਨਿੰਮਰਤ
ਸਹਿਤ ਦੇਣਾ ਸਾਂਤਕੀ ਹੈ।

੫. ਪੂਜਾ–ਮਨ ਕਰਕੇ ਕਰਨੀ।

੬. ਅਨੁਸਾਰੀ–ਗੁਰ ਸ਼ਬਦ ਅਨੁਸਾਰ ਵਰਤੋਂ ਤੇ ਉਨ੍ਹਾਂ ਨੂੰ ਹੀ ਪੜ੍ਹਨ
ਸੁਣਨਾ ਅਰ ਵਿਚਾਰਨਾ।

੭. ਸਿਧਾਂਤ–ਆਪਣੇ ਗੁਰ ਸਿਧਾਂਤ ਤੋਂ ਉਲਟਿਆਂ ਦੀ ਗਲ ਹੀ ਨ
ਸੁਣਨੀ।

੮. ਬ੍ਰਿਤੀ–ਸ਼ਾਂਤ ਸੁਭਾ ਮਿੱਠਾ ਬੋਲਣਾ ਨਜੂੰਣਾ।

੯. ਮੋਨ–ਪਾਠ ਕਰਦਿਆਂ ਕਿਸੇ ਨਾਲ ਕੋਈ ਗਲ ਨਾ ਕਰਨੀ।

੧੦. ਹੋਮ–ਲੋੜਵੰਦ ਸਿੱਖਾਂ ਨੂੰ ਪ੍ਰਸ਼ਾਦ ਛਕੌਣਾ।

੩. ਇਕਾਂਤ–ਇਕਾਂਤ ਵਿਚ ਰਹਿਣਾ, ਜਿੱਥੇ ਕਿਸੇ ਦੀ ਅਵਾਜ਼ ਵ
ਸੁਣਾਈ ਨ ਦੇਵੇ।

੪. ਆਸਨ–ਦੋ ਪ੍ਰਕਾਰ ਦੇ ਹਨ, ੧. ਸਿਧ ਆਸਨ, ੨. ਪਦਮਾਸਨ
(ੳ) ਸਿੱਧ ਆਸਨ ਥੋੜੀ ਜੇਹੀ ਮਿਟੀ ਪੁਟਣੀ ਉਪਰ ਘਾਹ ਪੌਣਾ, ਉਤੇ ਕਪੜ
ਵਿਛੌਣਾ, ਖੱਬੇ ਪੈਰ ਨਾਲ ਗੁਦਾ ਦਬੌਣੀ, ਸੱਜਾ ਪੈਰੀ ਇੰਦ੍ਰੀ ਪਰ ਧਰਨਾ, ਧਯਾ
ਨਾਸਕਾ ਦੀ ਕੂੰਮਲੀ ਵਿਚ ਰਖਣਾ। (ਅ) ਪਦਮਾਸਨ ਸੱਜੇ ਪਟ ਉਤੇ ਖੱਬਾ ਪੈ
ਰਖਣਾ, ਖਬੇ ਪਟ ਤੇ ਸਜਾ ਪੈਰ ਰਖਣਾ ਦੋਨੋਂ ਬਾਹਵਾਂ ਪਿਛੇ ਨੂੰ ਕਰਕੇ ਦੋਹਾਂ ਪੈਰ

ਦੇ ਅੰਗੂਠੇ ਫੜਨੇ ਧਿਆਨ ਜ਼ਮੀਨ ਵਿਚ ਜਾਂ ਨੱਕ ਦੀ ਕੂਮਲੀ ਵਿਚ ਰਖਣਾ।

੫. ਪ੍ਰਾਣਾਯਾਮ ਕੁੰਭਕ, ਰੇਚਕ ਪੂਰ ਕਕਰਨਾ (ੳ) ਕੁੰਭਕ ਮਨ ਦੀ ਸੁਰਤੀ ਟਕਾ ਕੇ ਸੱਜੀ ਸੁਰ ਤੋਂ ਪ੍ਰਾਣ ਚੜ੍ਹਾ ਕੇ ਅੰਦਰ ਠਹਿਰੌਣੇ (ਅ) ਰੇਚਕ ਖੱਬੀ ਸੁਰ ਵਲੋਂ ਸਹਿਜੇ ਸਹਿਜੇ ਉਤਾਰਨਾ (ੲ) ਪੂਰਕ ਖੱਬੀ ਸੁਰ ਵਲੋਂ ਸਜੀ ਸੁਰ ਵੱਲ ਤੇ ਸੱਜੀ ਸੁਰ ਵਲੋਂ ਖੱਬੀ ਸੁਰ ਵਲ ਚੜ੍ਹੌਣਾ, ਉਤਾਰਣਾ ਇਸ ਤਰ੍ਹਾਂ ਕਰਨ ਨਾਲ ਤ੍ਰਿਕੁਟੀ ਦਾ ਰਸਤਾ ਖੁਲ ਜਾਂਦਾ ਹੈ ਤੇ ਪ੍ਰਾਣ ਦਸਮ ਦੁਆਰ ਵਿਚ ਠਹਿਰ ਜਾਂਦੇ ਹਨ, ਜਿਥੇ ਪਰਮ ਜੋਤ ਦਾ ਦਰਸ਼ਨ ਹੁੰਦਾ ਹੈ।

੬. ਧਿਆਨ ਪਰਮ ਜੋਤ ਵਲ ਲਗੌਣਾ ਏਹ ਦੋ ਪ੍ਰਕਾਰ ਦਾ ਹੈ।

(ੳ) ਬਾਹਰ ਮੁਖ ਮੂਰਤੀ ਵਿਚ ਧਿਆਨ ਲੌਣਾ, (ਅ) ਅੰਤਰ ਮੁਖ ਸ਼ਬਦ ਵਿਚ ਮਨ ਨੂੰ ਜੋੜ ਕੇ ਪ੍ਰਿਥਵੀ ਵਲ ਜਾਂ ਨੱਕ ਦੀ ਕੂੰਮਲੀ ਵਲ ਅਥਵਾ ਨਾਭੀ ਜਾਂ ਦਸਮੇਂ ਦਵਾਰ ਵਲ ਧਯਾਨ ਕਰਨਾ।

੭. ਧਾਰਨਾ ਧਯਾਨ ਜੋ ਸੰਕਲਪ ਵਿਕਲਪ ਮਨ ਵਿਚਉਠਣ ਉਹਨਾਂ ਨੂੰ ਘੜੀ ਮੁੜੀ ਹਟਾਈ ਜਾਣਾ ਤੇ ਧਿਆਨ ਜੋਤ ਵਲ ਲਾਈ ਰਖਣਾ।

੮. ਸਮਾਧ ਜਦੋਂ ਮਨ ਇਸਥਿਤ ਹੋ ਜਾਵੇ, ਏਹ ਭੀ ਦੋ ਪ੍ਰਕਾਰ ਦੀ ਹੈ।

(ੳ) ਸਰਵਿਕਲਪ—ਧਯਾਤਾ ਧਯਾਨ ਧੇਯ, ਵਖੋ ਵਖ ਜਾਨਣਾ।

(ਅ) ਨਿਰਵਿ ਕਲਪ—ਸਾਰੇ ਆਪਣਾ ਰੂਪ ਬ੍ਰਹਮ ਸਮਝਣਾ।

ਭਗਤ ਯੋਗ ਇਸ ਦੇ ਭੀ ਅੱਠ ਅੰਗ ਹਨ।

੧. ਯਮ—ਮਨ ਨੂੰ ਨੀਵਾਂ ਰਖਣਾ ਅਰਥਾਤ ਗੁਣ ਵਾਲੇ ਹੋ ਕੇ ਭੀ ਨਿਰਮਾਣ ਰਹਿਣਾ।

੨. ਨੇਮ—ਸਤਸੰਗਤ ਕਰਨੀ ਕਥਾ ਕੀਰਤਨ ਸੁਨਣਾ ਸੁਨੌਣਾ।

੩. ਇਕਾਂਤ—ਸਾਰਿਆਂ ਵਿਚ ਪ੍ਰਮਾਤਮਾ ਨੂੰ ਪੂਰਣ ਜਾਨਣਾ।

੪. ਆਸਨ—ਚਿਤ ਬ੍ਰਿਤੀ ਨਾਮ ਵਲ ਜੋੜਨੀ।

੫. ਪ੍ਰਾਣਾਯਾਮ (ੳ) ਪੂਰਕ—ਗੁਰਸ਼ਬਦ ਸੁਣਕੇ ਆਪਣੇ ਵਿਚ ਖਿਚਣੇ (ਅ) ਕੁੰਭਕ—ਸੁਣ ਸਮਝਕੇ ਰਿਦੇ ਵਿਚ ਧਾਰਨੇ (ੲ) ਰੇਚਕ—ਗੁਰਬਚਨਾਂ ਅਨੁਸਾਰ ਬੁਰਿਆਈਆਂ ਨੂੰ ਤਿਆਗਨਾ।

੬. ਧਯਾਨ—ਗੁਰਬਾਣੀ ਪੜਨੀ ਸੁਣਨੀ ਤੇ ਅਰਥਾਂ ਵਿਚ ਧਿਆਨ ਰਖਨਾ

੭, ਧਾਰਨਾ—ਮਨ ਨੂੰ ਸੰਕਲਪਾਂ ਤੋਂ ਰੋਕ ਕੇ ਧਿਆਨ ਨੂੰ ਜੋੜੀ ਰਖਣਾ

੮. ਸਮਾਧ—ਇਸ ਪ੍ਰਕਾਰ ਜਦ ਮਨ ਸੰਕਲਪਾਂ ਵਿਕਲਪਾਂ ਤੋਂ ਰਹਿਤ ਹੋ ਘੜੀ ਦੋ ਘੜੀ ਟਿਕ ਜਾਵੇ। ਸੋ ਹੇ ਰਾਜਾ ! ਏਹ ਭਗਤ ਯੋਗ ਸੁਖਾਲਾ ਰਸਤਾ ਹੈ ਤੇ ਕਸ਼ਟ ਯੋਗ ਔਖਾ ਹੈ, ਪਰ ਜੇਹੜਾ ਤੈਨੂੰ ਚੰਗਾ ਲਗੇ ਸੋ ਕਰ ॥ ੪੮ ॥

ਬਾਲਾ ਜੀ ਕਹਿਣ ਲਗੇ ਹੇ ਸਤਿਗੁਰੋ ਏਹ ਦੋਨੋਂ ਪ੍ਰਕਾਰ ਦੇ ਯੋਗ ਸੁਣ ਕੇ ਰਾਜਾ ਕਹਿਣ ਲਗਾ ਮਹਾਰਾਜ ਜੀ ਆਪ ਏਥੇ ਕੁਝ ਦਿਨ ਠਹਿਰੋ ਅਰ ਦੋਨੋਂ ਪ੍ਰਕਾਰ ਦੇ ਯੋਗ ਸਿਖਾਓ। ਗੁਰੂ ਜੀ ਉਸ ਦਾ ਪ੍ਰੇਮ ਦੇਖ ਕੇ ਪਾਹੁਲ ਦੇ ਸਿਖ ਬਣਾਇਆ ਤੇ ਧਰਮਸਾਲਾ ਵਿਚ ਰਹਿਕੇ ਸਾਰੇ ਦੇਸ ਨੂੰ ਰਾਜੇ ਦਾ ਚੇਲਾ ਬਣਾਯਾ। ਅਰ ਰਾਜੇ ਨੂੰ ਯੋਗ ਮਾਰਗ ਸਿਖਾਉਣ ਲਈ ਪ੍ਰਾਣ ਸੰਗਲੀ ਗ੍ਰੰਥ ਰਚਿਆ।ਓਹ ਪੋਥੀ ਰਾਜੇ ਨੂੰ ਸੌਂਪ ਕੇ ਕਿਹਾ ਕਿ ਜਦੋਂ ਕੋਈ ਸਾਡਾ ਸਿਖ ਲੈਣ ਲਈ ਆਵੇਗਾ ਤਾਂ ਦੇ ਦੇਣੀ। ਕੁਝ ਦਿਨ ਗੁਰੂ ਜੀ ਓਥੇ ਰਹੇ ਤੇ ਸਤਿਨਾਮ ਦਾ ਪ੍ਰਚਾਰ ਕੀਤਾ। ਧਰਮਸਾਲਾ ਵਿਚ ਲੰਗਰ ਚਲਾਯਾ ਜਿਥੇ ਰਸੋਈ ਵਿਚ ਇੱਕੀ ਮਣ ਲੂਣ ਪੈਂਦਾ ਹੈ ਉਪਰੰਤ ਰਾਜੇ ਨੂੰ ਮੰਜੀ ਬਖਸ਼ ਕੇ ਉਸ ਦੇਸ ਦੀ ਸਿਖੀ ਸਪੁਰਦ ਕੀਤੀ ਅਰ ਹਰ ਪਰਕਾਰ ਦੀ ਧਰੀਜ ਦੇ ਕੇ ਆਪ ਚਲਣ ਦੀ ਤਿਆਰੀ ਕੀਤੀ।

ੴ ਸਤਿਗੁਰ ਪ੍ਰਸਾਦਿ ॥

ਅਥ ਪ੍ਰਾਨ ਸੰਗਲੀ ਲਿਖਯਤੇ ॥

ਓਅੰਕਾਰ ਨਿਰਮਲ ਸਤਿ ਬਾਣਿ। ਤਾਂ ਤੇ ਹੋਈ ਸਗਲੀ ਖਾਣਿ। ਖਾਣਿ ਖਾਣਿ ਮਹਿ ਬਹੁ ਬਿਸਥਾਰਾ। ਆਪੇ ਜਾਨੈ ਸਿਰਜਨਹਾਰਾ। ਸਿਰਜਨਹਾਰੇ ਕੇ ਕੇਤੇ ਭੇਖ। ਭੇਖ ਭੇਖ ਮਹਿ ਰਹੈ ਅਲੇਖ ॥੧॥ ਏਕਹਿ ਨਾਮੁ ਜਪਹੁ ਮਨ ਮਾਲਾ। ਨਾਨਕ ਸਿਮਰਹੁ ਗੁਰ ਗੋਪਾਲਾ ॥ ਰਹਾਉ ॥ ਓਅੰਕਾਰਿ ਹੋਆ ਪਰਗਾਸ। ਸਾਜੇ ਧਰਤੀ ਧਉਲ ਅਕਾਸ। ਸਾਜੇ ਮੇਰ ਮੰਦਰ ਕਵਿਲਾਸ। ਸਾਜੇ ਪਿੰਡ ਧਰੇ ਵਿਚਿ

ਸਾਸ। ਸਾਜਿਆ ਕਾਲੁ ਨ ਛੋਡੈ ਪਾਸ। ਛੂਹੈ ਪਿੰਡੁ ਉਡਾਵੈ ਹਾਸ ॥ ੨ ॥
ਓਅੰਕਾਰਿ ਹੋਆ ਚਾ ਨਾਇਲ। ਤਦਹੁ ਤੀਨੇ ਦੇਵ ਉਪਾਇਲ। ਮਹਾਂ ਦੇਉ ਕੀਤਾ
ਭੰਡਾਰੀ। ਬ੍ਰਹਮਾ ਚਾਰਿ ਬੇਦ ਬੀਚਾਰੀ। ਬਿਸ਼ਨ ਹਢਾਓਨੁ ਦਸ ਅਉਤਾਰੀ।
ਆਪਿ ਨਿਰਾਲਮੁ ਕਰੇ ਤਮਾਸਾ। ਜਿਉ ਜਿਉ ਹੁਕਮੁ ਤਿਵੈ ਪਰਗਾਸਾ ॥ ੩ ॥
ਓਅੰਕਾਰ ਚਉਰਾਸੀਹ ਅੰਗ। ਅੰਗ ਅੰਗ ਮਹਿ ਬਹੁਤੇ ਰੰਗ। ਰੰਗ ਰੰਗ ਮਹਿ
ਬਹੁਤੇ ਰੂਪ। ਰੂਪ ਰੂਪ ਮਹਿ ਚਤੁਰ ਸਰੂਪ। ਜੰਮੈ ਮਰੈ ਨ ਬਿਨਸੈ ਸੋਇ। ਐਸੇ
ਨਾਇ ਲੀਐ ਸੁਖੁ ਹੋਇ ॥ ੪ ॥ ਓਅੰਕਾਰ ਬੀਰਜ ਸੰਸਾਰੈ। ਓਅੰਕਾਰ ਗੁਰਮੁਖਿ
ਚਤਾਰੈ। ਓਅੰਕਾਰਿ ਸਿਰਜੈ ਅਰੁ ਮਾਰੈ। ਓਅੰਕਾਰਿ ਲਾਗੀ ਸਭ ਕਾਰੈ। ਓਹੁ
ਦੇਖੇ ਏਨਾ ਨਦਰਿ ਨ ਆਵੈ। ਕੋ ਵਿਰਲਾ ਗੁਰਮੁਖਿ ਸੋਝੀ ਪਾਵੈ ॥ ੫ ॥
ਓਅੰਕਾਰਿ ਖਾਣੀ ਅਰੁ ਬਾਣੀ। ਕਿਨਹੀ ਵਿਰਲੈ ਗੁਰਮੁਖਿ ਜਾਣੀ। ਜਿਸ ਵਿਚ
ਕੀਤੇ ਬਹੁਤੇ ਭੇਦ। ਤਾਂਤੇ ਸ਼ਾਸਤ੍ਰ ਸਿਮ੍ਰਿਤ ਬੇਦ। ਦੂਜੇ ਅੰਗਿ ਕਿਆ ਪਸਾਰਾ।
ਏਕੋ ਤਾਰੈ ਤਾਰਣ ਹਾਰਾ ॥ ੬ ॥ ਓਅੰਕਾਰਿ ਬਹੁਤਾ ਬਿਸਥਾਰੁ। ਤਾਂਤੇ ਅੰਤੁ ਨ
ਪਾਰਾਵਾਰੁ। ਕਿਆ ਕਹੀਐ ਕਿਛੁ ਕਹਣ ਨ ਆਵੈ। ਦੇਖੈ ਆਪਿ ਨ ਆਪੁ
ਦਿਖਾਵੈ। ਤਾਂਕੈ ਸਦ ਬਲਿਹਾਰੀ ਜਾਉ। ਜਗ ਜੀਵਨ ਹੈ ਨਿਰਮਲ ਨਾਂਉ ॥੭॥
ਓਅੰਕਾਰ ਪਾਨੀ ਅਰੁ ਪਵਨ। ਸੂਰਜ ਚੰਦ ਧਰੇ ਮਹਿ ਭਵਨ। ਤਾਰੇ ਬਹੁਤੇ ਕਈ
ਕਰੋੜਿ। ਗਣੇ ਤੇ ਅੰਤੁ ਨ ਆਵੈ ਓੜਿ। ਜਿਨਿ ਕੀਤਾ ਏਤਾ ਪਸਾਰਾ। ਤਿਸ ਕੈ
ਨਾਇ ਤਰੈ ਸੰਸਾਰਾ ॥ ੮ ॥ ਓਅੰਕਾਰ ਸੁਨੀਐ ਚਿਤ ਧਾਰ। ਤਾਂਕਉ ਜੰਮਣ
ਮਰਣ ਨ ਕਾਰ। ਜਪਹੁ ਜਾਪ ਗੁਰ ਕੈ ਉਪਦੇਸਿ। ਕਰਤਾ ਅਗਮ ਅਲੇਖੀ ਭੇਸਿ।
ਤ ਮਹਰਮ ਖਾਸੇ ਦਰਬਾਰੀ। ਹਿਰਦੈ ਇਕ ਅਨੇਕ ਬਿਸਾਰੀ ॥ ੯ ॥ ਓਅੰਕਾਰਿ
ਪੂਜਾ ਅਰੁ ਮਾਨ। ਓਅੰਕਾਰਿ ਜਪਿ ਸੰਜਮ ਧਿਆਨ। ਓਅੰਕਾਰ ਤਪ ਤੀਰਥ ਦਾਨ।
ਓਅੰਕਾਰਿ ਗੁਰੂ ਅਰ ਚੇਲਾ। ਓਅੰਕਾਰਿ ਰਹਰਾਸੀ ਮੇਲਾ ॥ ੧੦ ॥ ਓਅੰਕਾਰਿ
ਥਿਤੀ ਅਰ ਵਾਰ। ਓਅੰਕਾਰਿ ਪਲ ਚਸੇ ਬੀਚਾਰ। ਪਹਰ ਮਹੂਰਤ ਬਰਸ ਅਰੁ ਮਾਹ।
ਓਅੰਕਾਰ ਤੇ ਬਾਹਰਿ ਨਾਹ। ਓਅੰਕਾਰਿ ਨਿਰੰਤਰਿ ਬਾਨੀ। ਜਿਨਿ ਜਾਨੀ ਤਿਨਿ
ਗੁਰਮੁਖਿ ਜਾਨੀ ॥ ੧੧ ॥ ਓਅੰਕਾਰਿ ਸੰਜੋਗ ਬਿਜੋਗ। ਓਅੰਕਾਰਿ ਜੁਗਤੀ ਅਰੁ
ਜੋਗ। ਓਅੰਕਾਰ ਹੋਏ ਸਭਿ ਸੁਆਦ। ਓਅੰਕਾਰਿ ਹੋਏ ਬਾਦ ਬਿਬਾਦ। ਓਅੰਕਾਰ

ਸੁਨਹੁ ਚਿਤੁ ਲਾਇ । ਕਿਨੈ ਵਿਰਲੈ ਗੁਰਮੁਖਿ ਸੋਝੀ ਪਾਈ ॥ ੧੨॥ ਓਅੰਕਾਰ ਹੋਏ ਪੁੰਨ ਅਰ ਪਾਪ । ਓਅੰਕਾਰਿ ਹੋਏ ਵਰ ਅਰੁ ਸਰਾਪ। ਨਰਕ ਸੁਰਗ ਦੋਊ ਥਾਪੇ ਥਾਨ। ਗੁਰਮੁਖਿ ਧਿਆਵਹਿ ਮਾਰਗ ਜਾਨ । ਜਾ ਕੈ ਅੰਤਰਿ ਗੁਰਮਤਿ ਆਈ । ਤਾਕਉ ਅੰਚ ਨ ਲਾਗੈ ਕਾਈ ॥ ੧੩ ॥ ਓਅੰਕਾਰਿ ਕੀਨੀ ਇਕ ਦਾਤਿ। ਤਿਸ ਤੇ ਹੋਈ ਦਿਨੁ ਅਰੁ ਰਾਤਿ । ਬਾਜੀਗਰੁ ਇਹੁ ਖੇਲ ਪਸਾਰਾ। ਧੰਧੈ ਲਾਇ ਦੀਆ ਸੰਸਾਰਾ। ਕਾਮੁ ਕ੍ਰੋਧੁ ਲਾਲਚੁ ਅਰੁ ਮੋਹੁ । ਜਾਲ ਪਸਾਰਿਆ ਸਗਲਾ ਧ੍ਰੋਹ। ਇਤ ਜਾਲੀ ਫਾਥਾ ਸੰਸਾਰ। ਕੋ ਵਿਰਲਾ ਗੁਰਮੁਖਿ ਉਤਰਹੁ ਪਾਰ ॥ ੧੪ ॥ ਪਿਤਾ ਰੂਪ ਸਬਦ ਕਉ ਜਾਨਉ। ਰਹੈ ਕਹਾਂ ਅਸਥਾਨ ਵਖਾਨਉ। ਕਉਨ ਰੂਪ ਕੇਤਕ ਪਸਾਰਾ। ਕੇਤਕੁ ਹਲੁਕਾ ਕੇਤਕੁ ਭਾਰਾ । ਸੁਨਿ ਸੁਨਿ ਸਬਦਿ ਰਹੈ ਲਿਵ ਲਾਇ। ਸੂਖਮ ਮਹਿ ਅਸਥੂਲ ਸਮਾਇ॥੧੫॥ ਅਰਧੈ ਊਰਧੈ ਦੁਇ ਥਮੈ ਪਵਨਾ। ਗੁਰਮੁਖਿ ਮੇਟੈ ਆਵਾ ਗਵਨਾ । ਗਗਨਿ ਸਿਖਰਿ ਸਿਵ ਕਾ ਅਸਥਾਨ। ਜੁਗਤਿ ਸਹਜਿ ਮਿਲਾਵੈ ਭਾਨੁ। ਭਉਰਾ ਗੁਫਾ ਮਹਿ ਡੇਰਾ ਕਰੈ। ਗੁਰ ਪਰਸਾਦੀ ਜੀਵਤੁ ਮਰੈ ॥ ੧੬ ॥ ਸਤ ਵਾਰ ਚਉਦਹ ਥਿਤੀ ਸੋਧੈ। ਗਿਆਨੁ ਮਹਾ ਰਸੁ ਮਨੁ ਪਰਬੋਧੈ। ਲਾਗੀ ਲਾਗਿ ਰਹੈ ਦਿਨੁ ਰਾਤਿ। ਨਿਰਮਲ ਸਰਿ ਨਾਵੈ ਨਿਭਰਾਤਿ। ਤਨ ਕਉ ਛਾਡਿ ਨ ਬਾਹਰਿ ਜਾਇ। ਕਹੁ ਨਾਨਕ ਗੁਰ ਸਬਦਿ ਸਮਾਇ ॥ ੧੭॥ ਰਾਚੈ ਸਬਦਿ ਸੁ ਸਬਦੈ ਜੋਹ । ਗੁਰਮੁਖਿ ਤਾ ਕਉ ਮਿਲੈ ਸਨੇਹ। ਦੁਰਮਤਿ ਦੁਬਿਧਾ ਦੋਊ ਨਿਵਾਰੈ। ਗਿਆਨਿ ਖੜਗਿ ਲੈ ਪੰਚਾ ਮਾਰੈ। ਰਸਿ ਰਸਿ ਸੰਚੈ ਬ੍ਰਹਮ ਕਿਆਰੀ।ਨਾਨਕ ਇਹ ਬਿਧਿ ਲਾਗੈ ਤਾਰੀ ॥ ੧੮ ॥ ਪਰਮ ਸੁੰਨ ਪ੍ਰਗਾਸੁ ਦੁਆਰੁ। ਗੁਰਮੁਖਿ ਚੇਤਿ ਅਗਿਆਨ ਵੀਚਾਰੁ। ਚਾਰਿ ਕਲਾ ਲੇ ਖੇਲੈ ਕੋਇ। ਇਸ ਬਿਧਿ ਤਾਕਉ ਭਰਮੁ ਨ ਹੋਇ । ਅਜਪਾ ਜਾਪ ਜਪੀਐ ਮਨ ਮਾਹਿ। ਤਾਕੈ ਦਰਸਨਿ ਬਹੁ ਦੁਖ ਜਾਹਿ ॥੧੯॥ ਪੰਚ ਚਾਰਿ ਲੇ ਤੀਨਿ ਸਮਾਵੈ। ਕਾਹੇ ਕਉ ਘਰ ਛਾਇ ਸਿਧਾਵੈ। ਅਟਲ ਅਡੋਲਿ ਰਹੈ ਰੰਗਿ ਰਾਤਾ। ਅਗਮ ਨਿਗਮ ਕੀਆ ਜਾਣੈ ਬਾਤਾ। ਜਗੁ ਫੂਟੈ ਖੇਲੈ ਨਹੀ ਸਾਰ। ਇਹ ਬਿਧਿ ਜਨਮੁ ਨ ਆਵੈ ਹਾਰਿ ॥ ੨੦ ॥ ਨਾਭ ਕਵਲੁ ਸੋਧੈ ਤਾ ਗਤਿ ਪਾਵੈ।ਮੂਲ ਕਵਲੁ ਸੋਧੈ ਬਨਿ ਆਵੈ। ਹੀਰੈ ਹੀਰਾ ਬੇਧੈ ਰੂਪਿ। ਤਬ ਮਾਨਸ ਨਹੀ ਆਪ

ਸਰੂਪ। ਬੰਧਨ ਕਾਟਿ ਭਏ ਨਿਰਬੰਧਿ । ਗੁਰਮੁਖਿ ਚੀਨੀ ਬਿਖਮੀ ਸੰਧਿ ॥੨੧॥
ਉਲਟਾ ਨੀਰੁ ਚੜੈ ਕਉਲਾਸਿ। ਤਬ ਬਾਰਹ ਸੋਲਹ ਏਕੈ ਰਾਸਿ। ਭਉਰ ਭਵੰਤੇ
ਬਹੁ ਦੁਖੁ ਪਾਇਆ। ਗੁਰਮੁਖਿ ਹੋਇ ਸਹਜਿ ਘਰਿ ਆਇਆ। ਦੇਖੈ ਬੰਦਰਿ ਥਾਨਿ
ਬੀਚਾਰਿ। ਰੰਗ ਮਹਲਾ ਰਾਤਾ ਰੰਗ ਤਾਰਿ ॥ ੨੨ ॥ ਗੰਗ ਮਿਲੀ ਸਰ ਸਾਗਰ
ਮਾਹੀ। ਜੋ ਜੋ ਜਾਹਿ ਸੁ ਨਿਕਸਹਿ ਨਾਹੀ। ਨੀਰ ਨੀਰ ਥੋ ਕੋ ਨਿਰਵਾਰੈ। ਗਗਨ
ਮਗਨ ਬਿਸਮਾਦੁ ਬੀਚਾਰੇ। ਕੀਆ ਬਸੇਰਾ ਗਿਆਨਿ ਘਰਿ ਵਾਕੈ। ਜੋ ਮਾਰੈ
ਪਾਲਿ ਪੰਚਿ ਝਕਿਨ ਝਾਕੈ ॥ ੨੩ ॥ ਲਿਵ ਕਾਰਨਿ ਕਰੇ ਇਹ ਕਾਰਨਿ। ਲਿਵ
ਲਾਗੀ ਤਉ ਸਗਲ ਬਿਸਾਰਨਿ। ਜਿਵ ਕਰਿ ਨਾਰਿ ਖਸਮ ਸਿਉ ਮਾਨੀ। ਦਾਈ
ਬੀਚ ਭਈ ਹੈਰਾਨੀ। ਜੇ ਅਬ ਨਾਰਿ ਖਸਮ ਕਉ ਪਾਵੈ। ਤਉ ਅਵਗਣੁ ਮੇਟਿ
ਲਗਾਵੈ ਪਾਂਵੈ ॥ ੨੪ ॥ ਨੀਰੁ ਧਰਨਿ ਵਾੜੀ ਆਕਾਸਿ। ਕੋ ਵਿਰਲਾ ਸੰਚੇ ਗੁਰ
ਪ੍ਰਗਾਸਿ। ਮੂਲਿ ਸੰਚਿ ਹੋਇ ਮਨ ਪਰਬੋਧੈ। ਮੂਲ ਸੰਚਿ ਹੋਇ ਮਨੁ ਪਰ ਸੋਧੈ।
ਅੰਦਰ ਜਲ ਮਹਿ ਕਉਲ ਨ ਤੁਲਿਆ। ਗੁਰਮੁਖਿ ਭਉਰ ਰੂਪ ਹੋਇ ਮਿਲਿਆ
॥ ੨੫ ॥ ਧੂਰਮਾ ਖਲ ਧਾਵੈ ਵੀਚਾਰਿ ਪਾਵੈ। ਕੋਇਲੇ ਕਲਾ ਪਛਾਣਿ ਜਲਾਵੈ।
ਗੁਰਮੁਖਿ ਇਉ ਮਨੂਆ ਸਮਝਾਵੈ। ਸਬਦ ਸੁਰਤਿ ਮਹਿ ਰਹੈ ਅਡੋਲੁ। ਨਾਨਕ
ਕਾ ਪੂਰਾਂ ਬੋਲ ॥ ੨੬ ॥ ਆਸਨ ਚਉਰਾਸੀ ਦਸ ਪਵਨੁ। ਦੁਆਦਸ ਉਲਟੈ
ਤੀ ਭਵਨੁ। ਖਟ ਚਕ੍ਰ ਖਟ ਅਸਥਾਨ। ਜੋ ਜਾਨੈ ਤੇਊ ਪਰਧਾਨ । ਤਾਕੇ ਊਪਰਿ
ਕ ਨਾਗਨਿ ਬਸੈ। ਨਾਨਕ ਗੁਰ ਸਬਦਿ ਓਹੁ ਨਸੈ ॥ ੨੭ ॥ ਮੇਰ ਡੰਡ ਕੀ
ਬਿਖਮੀ ਬਾਟ। ਗੁਰ ਬਿਨੁ ਕਉਨ ਬਤਾਵੇ ਬਾਟ। ਇਹ ਘਾਟੀ ਜੋ ਉਤਰੈ ਕੋਇ।
ਤਉ ਜਨਮੁ ਮਰਨੁ ਨਹੀ ਹੋਇ। ਸਭ ਗੀਤੀ ਜੀਤਿਉ ਸੰਸਾਰ। ਨਾਨਕ ਪਾਵਹੁ
ਦਸਮ ਦੁਆਰਾ ॥੨੮॥ ਅੰਭੇ ਮਹਿ ਬੈਸੰਤਰੁ ਜਾਲੈ। ਸੁਝੈ ਭਵਨੁ ਸਗਲ ਉਜਾਲੈ॥
ਤ੍ਰਿਗੁਣ ਤਿਆਗਿ ਰਹੈ ਬਿਸਮਾਦੁ। ਸਬਦਿ ਅਨਾਹਦੁ ਸੁਰਤਿ ਸਮਾਧਿ। ਸੁਖਮਨਿ
ਨਾਲਿ ਕਰੈ ਜੋ ਡੇਰਾ। ਤਾਕਉ ਭਉਜਲਿ ਬਹੁੜਿ ਨ ਫੇਰਾ ॥੨੯॥ ਕਵਨ ਖੰਡ
ਪੂਛੈ ਘਟ ਖੰਡ। ਕਵਨ ਖੰਡ ਕਾਂਇਆ ਕੀ ਜਿੰਦੁ। ਕਵਨ ਖੰਡ ਸਬਦ ਕਾ ਵਾਸੁ।
ਕਵਨ ਖੰਡ ਹੋਵੈ ਪਰਗਾਸੁ। ਕਵਨ ਖੰਡ ਮਹਿ ਕਾਲ ਬਸੇਰਾ। ਸਤਿਗੁਰੂ ਮਿਲੈ
ਕਰੇ ਨਿਬੇਰਾ ॥ ੩੦ ॥ ਕਵਨ ਖੰਡ ਰੂਪ ਕਾ ਥਾਨੁ। ਕਵਨ ਖੰਡ ਤਪੈ ਨਿਤ

ਭਾਨੁ। ਕਵਨ ਖੰਡ ਕਾਲੁ ਫਿਰਿ ਆਵੈ। ਕਵਨ ਖੰਡ ਕਾਲੀ ਗਤਿ ਪਾਵੈ। ਕਵਨ ਖੰਡ ਬੋਲੇ ਸੋ ਹੋਇ। ਨਾਨਕ ਗੁਰਮੁਖਿ ਚਾਨਣ ਲੋਇ ॥ ੩੧ ॥ ਕਵਨ ਖੰਡ ਸਮਤ ਬੁਧਿ ਆਵੈ। ਕਵਨ ਖੰਡ ਮਨ ਕਉ ਮਨੁ ਖਾਵੈ। ਕਵਨ ਖੰਡ ਤਜਿ ਰਹੈ ਇਕੇਲਾ। ਕਵਨ ਖੰਡ ਸਿਵ ਸਕਤੀ ਮੇਲਾ। ਕਵਨ ਖੰਡ ਤਨ ਕੀ ਸੁਧਿ ਜਾਇ। ਸਤਿਗੁਰ ਸਬਦੀ ਰਹੈ ਸਮਾਇ ॥੩੨॥ ਕਵਨ ਖੰਡ ਰਾਤਾ ਰੀਗੇ ਰਾਮਿ। ਕਵਨ ਖੰਡ ਹੋਇ ਕਵਲ ਬਿਗਾਸੁ। ਕਵਨ ਖੰਡ ਭਉਰਾ ਠਹਰਾਇ। ਕਵਨ ਖੰਡ ਘਰੁ ਛਾਡਿ ਨ ਜਾਇ। ਕਵਨ ਖੰਡ ਰਹੈ ਸਦਾ ਆਨੰਦੁ। ਕਵਨ ਖੰਡ ਤਹਾ ਪਰਮਾਨੰਦ ॥੩੩॥ ਜਬ ਗਿਆਨੀ ਗਿਆਨੁ ਸੰਪੂਰਨੁ ਪਾਵੈ। ਤਬ ਇਹ ਧਿਆਨ ਕਹੋ ਕਹਾ ਲਾਵੈ। ਸਰਬ ਨਿਰੰਤਰਿ ਬ੍ਰਹਮੁ ਸਮਾਨਾ। ਜਹ ਜਹ ਜਾਇ ਤਹਾ ਹੈਰਾਨਾ। ਸੁਰਗ ਸੁਬਾਸਿ ਰਹਿਓ ਲਪਟਾਇ। ਨਾਨਕ ਗੁਰ ਬਿਨੁ ਸੁਰਤਿ ਨ ਪਾਇ ॥ ੩੪ ॥ ਅਚਰਜੁ ਏਕੁ ਤਮਾਸਾ ਆਵੈ। ਜਲੁ ਛਾਡਿਐ ਮੀਨਾ ਬਿਗਸਾਵੈ। ਜਿਹ ਜਲ ਕਾਰਣਿ ਫਿਰਹੁ ਉਦਾਸਾ। ਸੋ ਜਲੁ ਛੋਡਿ ਨਿਰੰਤਰਿ ਵਾਸਾ। ਸਰਬ ਤੇ ਸੁਨਤੇ ਜੀਤੇ ਗੁਰ ਗਿਆਨੁ। ਨਾਨਕਿ ਪਾਇਆ ਪਦੁ ਨਿਰਬਾਨੁ ॥੩੫॥ ਸੁੰਨਿ ਨਿਰੰਤਰ ਸਹਜਿ ਸਮਾਧਿ। ਤਿਹ ਘਰਿ ਜਾਇਤਾ ਮਿਟੈ ਉਪਾਧਿ। ਤ੍ਰੈ ਗੁਣ ਤਿਆਗਿ ਰਹੈ ਅਤੀਤੁ। ਸਤਿਗੁਰ ਸਬਦਿ ਭਈ ਪਰਤੀਤਿ। ਨਿਰਮਲਿ ਨੀਰਿ ਕੀਆ ਇਸਨਾਨੁ ॥ ਨਾਨਕ ਗੁਰਮੁਖਿ ਪਾਇਆ ਦਾਨੁ ॥ ੩੬ ॥ ਸਗਲ ਖੰਡ ਮਹਿ ਰਹੈ ਅਖੰਡੁ। ਸੁਰਗੁ ਪਇਆਲਿ ਅਰੁ ਬ੍ਰਹਮੰਡੁ।ਕਰਿ ਕ੍ਰਿਪਾ ਖੂਲੈ ਦਰਵਾਜਾ। ਮਹਰਮੁ ਭਇਆ ਅਨਾਹਦਿ ਵਾਜਾ। ਮਗਨ ਭਏ ਤਿਹ ਸਰਮਾਈ।ਜੋ ਜੋ ਜਾਹਿ ਸੁ ਨਿਕਸਹਿ ਨਾਹੀ ॥ ੩੭ ॥ ਮੀਨਿ ਕਿਆ ਗਗਨੋ ਸਰ ਵਾਸੁ। ਤਹਾਂ ਪਾਪ ਪੁੰਨ ਸਗਲੇ ਨਾਸ। ਗੁਰ ਪ੍ਰਸਾਦਿ ਪਦਾਰਥ ਪਾਇਆ। ਤਾਂ ਤੇ ਸਹਜ ਪਲਟੀ ਕਾਇਆ। ਅਹਿਨਿਸਿ ਸਦਾ ਰਹੀਐ ਰੰਗਿ ਰਾਤੇ। ਕਿਨਹੂ ਵਿਰਲੈ ਗੁਰਮੁਖਿ ਜਾਤੇ॥੩੮॥ ਕਵਨ ਖੰਡ ਆਨਿ ਮਿਟੈ ਪਿਆਸ। ਕਵਨ ਖੰਡ ਮਹਿ ਛੁਟਕੇ ਆਸ।ਕਵਨ ਖੰਡ ਲਾਗੈ ਨਹੀ ਬਾਨੁ। ਕਵਨ ਖੰਡ ਤਹ ਪਦੁ ਨਿਰਬਾਨੁ। ਸਗਲ ਖੰਡ ਮਹਿ ਦ੍ਰਿਸਟ ਪਸਾਰੀ। ਤਾਂ ਕਉ ਭੇਟ ਬਨੈ ਜੋਹਾਰੀ।੩੯। ਸਬਦ ਸੁਨੇ ਕਾ ਕਿਆ ਉਪਕਾਰੁ। ਗਿਆਨੀ ਧਿਆਨੀ ਕਹੁ ਬੀਚਾਰੁ। ਸੁਨੀਐ ਸਬਦੁ ਨ ਦੀਸੈ ਸੋਇ। ਬਿਨੁ ਦੇਖੇ ਕਿਆ ਪਰਚਾ ਹੋਇ।

ਸੁੰਨਿ ਸੁੰਨਿ ਸਬਦੁ ਕਹੈ ਸੰਸਾਰਾ। ਨਾਨਕ ਵਿਰਲਾ ਕੋ ਦੇਖਣਹਾਰਾ ॥ ੪੦ ॥

ਜਬ ਸੂਖਮੁ ਅਸਥੂਲੈ ਖਾਇ। ਗੁਰ ਸ਼ਬਦੀ ਪਦੁ ਪਿੰਡੁ ਸਮਾਇ। ਗਗਨ ਸਰੋਵਰ ਕਵਲ ਬਿਗਾਸਿ। ਭਉਰਾ ਉਰਝਿ ਰਹਿਓ ਤਿਹਵਾਸਿ। ਮਨੂਐ ਬੂਜੀ ਉਲਟੀ ਰੀਤ। ਨਾਨਕ ਗੁਰਮੁਖਿ ਸਦਾ ਅਜੀਤ ॥ ੪੧ ॥ ਕਿਹ ਕਾਰਨਿ ਮਨੁ ਸਬਦਿ ਲਗਾਵਹਿ। ਲਾਗੇ ਸਬਦਿ ਕਵਨ ਗਤਿ ਪਾਵਹਿ। ਸੁਨਿ ਸੁਨਿ ਗਿਆਨੁ ਕਹੀਐ ਜਗਿ ਮਾਹੀ। ਜੋ ਦੇਖੈ ਸੋ ਆਖੈ ਨਾਹੀ। ਗੁੰਗੇ ਕੀ ਗਤਿ ਗੁੰਗਾ ਜਾਨੈ। ਗੁੰਗਾ ਭਇਆ ਤ ਕਾਹ ਬਖਾਨੈ ॥੪੨॥ ਲਿਵਲਾਗੀ ਤਹ ਥਾਨਿ ਸੁਹਾਵੈ। ਲਿਵ ਲਾਗੀ ਤਨ ਕੀ ਸੁਧਿ ਜਾਵੈ । ਊਚੇ ਖੰਡਿ ਮਹਿਲੁ ਘਰੁ ਪਾਇਆ। ਗੁਰਮੁਖਿ ਗਿਆਨਿ ਤਿਆਗੀ ਮਾਇਆ। ਬੈਰੀ ਉਲਟਿ ਭਏ ਸਭ ਮੀਤ। ਨਾਨਕ ਵਸਿਆ ਕੇਵਲ ਚੀਤ॥੪੩ ॥ ਪੰਚਿ ਪੰਚੀਸ ਅਰੁ ਪੰਚਾਸਿ। ਇਕ ਕਉ ਜੀਤਿ ਕਰੈ ਮਨੁ ਰਾਸਿ। ਵਰਨੁ ਨਾਥੁ ਨਾਥੋ ਮਨ ਮਾਨਾ। ਉਲਟੀ ਕਲਾ ਤਬ ਆਪੁ ਪਛਾਨਾ। ਤਹ ਗਤਿ ਅਵਗਤਿ ਦੋਊ ਹੈਰਾਨੀ। ਜੋ ਦੇਖਹਿ ਸੋ ਕਹਹਿ ਨਿਸਾਨੀ ॥ ੪੪ ॥ ਤਹ ਦੂਖ ਭੂਖ ਬਹੁ ਮੋਹ ਪਿਆਸਾ। ਕਾਮੁ ਕ੍ਰੋਧੁ ਲਾਲਚ ਅਰੁ ਆਸਾ। ਉਸਤਤਿ ਨਿੰਦਿਆ ਲੋਕਾ ਚਾਰਿ। ਏਤੇ ਠਾਕੇ ਤਿਹ ਦਰਬਾਰਿ। ਇਹ ਠਾਕੈ ਜੇ ਜੀਤੈ ਕੋਇ। ਤਾ ਕਉ ਮਿਲਤੇ ਬਿਲਮ ਨ ਹੋਇ ॥ ੪੫ ॥ ਮਾਸ ਬਿਹੂਨੀ ਮਿਰਗੈ ਖਾਵੈ। ਗੁਰਮੁਖਿ ਚਕਮਕ ਠਨਕਾ ਲਾਵੈ।ਬ੍ਰਹਮ ਅਗਨਿ ਜਾਰੈ ਗੁਰ ਗਿਆਨਿ।ਨਿਰਮਲ ਨੀਰਿ ਕਰੈ ਇਸਨਾਨ। ਸਿਵ ਸਕਤੀ ਕੀ ਚੀਨੈ ਸੰਧਿ। ਤਉ ਬੰਧਨ ਕਾਟਿ ਭਏ ਨਿਰਬੰਧ ॥੪੬॥ ਨਿਰਗੁਨ ਸਰਗੁਨਿ ਕਹਾ ਬਖਾਨਹੁ। ਗੁਰਮੁਖਿ ਅਪਨਾ ਆਪੁ ਪਛਾਨਹੁ। ਜੌ ਤੁਮ ਜਾਤਾ ਅਪੁਨਾ ਆਪੁ। ਤਉ ਲਾਗਿ ਨ ਲਾਗੈ ਪੁੰਨ ਨ ਪਾਪੁ। ਅੰਭ ਮਹਿ ਜੋ ਅੰਭੁ ਸਮਾਨਾ । ਤਾਕਾ ਆਵਾਗਉਨ ਮਿਟਾਨਾ ॥ ੪੭ ॥ ਤਹ ਦਿਨਸੁ ਨ ਰੈਨਿ ਨ ਚੰਦੁ ਨ ਸੂਰ।ਤਹ ਸਰਬਕਲਾ ਆਪੇ ਭਰਪੂਰਿ।ਜੀਵਤ ਠਉਰ ਨ ਕਬਹੂ ਪਾਵੈ। ਜੋ ਜੋ ਮਰੈ ਸੋਊ ਘਰਿ ਆਵੈ। ਕਹੁ ਨਾਨਕ ਘਰ ਕੀ ਨੀਸਾਨੀ ਚਿੰਤਾ ਫਿਕਰੁ ਨ ਆਵਨ ਜਾਨੀ॥ ੪੮ ॥ ਪੰਚਿ ਚੋਰ ਪੰਚਾ ਪੰਚਿ ਸੂਤ । ਜੋ ਰਾਖੈ ਸੋਈ ਅਵਧੂਤ। ਗੁਰਮੁਖਿ ਜਾਗਿ ਗਿਆਨ ਵੀਚਾਰ। ਇਹ ਬਿਧਿ ਚੋਰੁ ਨਾ ਮੁਸੈ ਭੰਡਾਰੁ। ਛਾਇਆ ਤਰਵਰ ਮਾਹਿ ਸਮਾਵੈ। ਤਿਹ ਘਿਓੜਜਾਇ ਤਬ ਹੂੜਿ

ਨਾ ਆਵੈ ॥ ੪੯ ॥ ਨਖਿ ਸਿਖ ਭਤੈ ਨ ਡੋਲੈ ਚੰਚਲ । ਪਛਮ ਸੂਰ ਚੜੈ ਤਬ ਨਿਹਚਲ । ਅਹ ਤਾਗਾ ਖਿੰਥਾ ਨਿਸ ਤਾ ਪਹਿਰੈ । ਗੁਰ ਪ੍ਰਸਾਦੀ ਅਜਰ ਜਰੈ । ਚੰਦ ਸੂਰਜ ਦੁਇ ਟਲੀ ਲਾਂਵੈ । ਇਹ ਬਿਧਿ ਖਿੰਥਾ ਖਿਸਨਿ ਨ ਪਾਵੈ ॥ ੫੦ ॥

ਚੰਚਲ ਥੀਰਿ ਕਰਹੁ ਜੋਗੀ ਸਰਿ । ਗੁਰ ਸਬਦੀ ਮਨ ਰਾਖਹੁ ਭੀਤਰਿ । ਜੁਗਤਿ ਸਹਜਿ ਲੇਹੁ ਅਹਾਰੁ। ਮਨੁ ਜੀਤੈ ਜੀਤਾ ਸੰਸਾਰੁ । ਜਬ ਲਗਿ ਚੰਦੁ ਭਵਨ ਆਵੈ ਨਹੀਂ ਭਾਨਿ । ਤਬ ਲਗਿ ਕਹੁ ਨਾਨਕ ਕੈਸੇ ਕਲਿਆਨਿ ॥ ੫੧ ॥ ਸਿਵ ਸਕਤੀ ਏਕੈ ਘਰਿ ਵਾਸੁ । ਤਬ ਮੇਟੈ ਬਹੁ ਮੋਹ ਪਿਆਸੁ। ਅੰਮ੍ਰਿਤ ਨੀਰ ਭਰੇ ਨਿਤ ਗਾਗਰਿ । ਇਉ ਕਰਿ ਗੰਗ ਮਿਲੈ ਸਰ ਸਾਗਰਿ । ਸਰਪ ਭਰੇ ਦਾਦਰਿ ਘਰਿ ਨੀਰੁ । ਨਾਨਕ ਤਨ ਮਹਿ ਮਨੁ ਅਸਥੀਰੁ ॥ ੫੨ ॥ ਤਨੁ ਸਾਗਰੁ ਮਨੁ ਬੋਹਿਥੁ ਭਾਰੀ । ਪਉਨ ਰਥ ਕਰੇ ਅਸਵਾਰੀ। ਜੋ ਕਰਿ ਰਹਿ ਅਬੁ ਤੈ ਭਾਵੈ । ਗੁਰਸਬਦੀ ਧੁਰ ਲੰਗਰੁ ਪਾਵੈ । ਗੁਰ ਬਿਨੁ ਰਾਹੁ ਬਤਾਵੈ ਕਉਨ । ਬੋਹਥ ਕਿਉ ਪਹੁਚੈ ਬਿਨੁ ਪਵਨੁ ॥ ੫੩ ॥ ਤੀਨਿ ਧਾਰਿ ਏਕੈ ਘਰਿ ਮੇਲਾ । ਗੁਰ ਸੇਵਾ ਕਰਿ ਨ੍ਹਾਵੈ ਚੇਲਾ । ਇਹ ਨਾਏ ਕਾ ਕਿਆ ਉਪਕਾਰੁ। ਪਰਲੋ ਪਾਪ ਕੋਟ ਇਕਬਾਰ । ਊਚੈ ਘਰਿ ਪਾਵੈ ਘਰ ਵਾਸੁ ॥ ਤਬ ਪਾਪ ਪੁੰਨ ਸਗਲੇ ਕਾ ਨਾਸੁ ॥੫੪॥ ਕਵਲ ਏਕ ਜਾਕੇ ਦਲ ਬਤੀਸ। ਗਗਨਿ ਸਰੋਵਹਿ ਇਹ ਬਖਸੀਸ। ਗੁਰਮੁਖਿ ਭਵਰਿ ਰੂਪਿ ਹੋਇ ਪਾਵੈ । ਊਹਾ ਸੁਬਾਸੁ ਉਰਝੈ ਠਹਰਾਵੈ । ਅਹਨਿਸਿ ਮਗਨਿ ਸਦਾ ਬਿਸਮਾਦਿ । ਨਾਨਕ ਗੁਰ ਮਿਲਿ ਮਿਟੈ ਉਪਾਧਿ ॥ ੫੫ ॥ ਦਰ ਕਉ ਜਾਨੈ ਜੋ ਦਰਵੇਸਿ । ਪੰਚਾਂ ਜੀਤੇ ਗੁਰ ਉਪਦੇਸਿ । ਨਗਰੀ ਬੈਠਿ ਹਕੂਮਤਿ ਕਰੈ । ਗੁਰ ਪਰਸਾਦੀ ਜੀਵਤੁ ਮਰੈ । ਇਹ ਬਿਧਿ ਮਾਰੇ ਮਨ ਕੇ ਮਾਨਿ । ਕਹੁ ਨਾਨਕ ਦਰਗਹ ਪਰਵਾਨ ॥ ੫੬ ॥ ਜੋਗੀ ਜੋਗਿ ਲੀਐ ਨਿਤ ਖੇਲੈ । ਸ਼ਿਵ ਸ਼ਕਤੀ ਏਕੈ ਘਰਿ ਮੇਲੈ । ਚੰਡ ਘੰਡ ਅੰਮ੍ਰਿਤਸਰੁ ਨੀਰਿ । ਉਲਟੈ ਮਾਰਗਿ ਮਨਿ ਅਸਥੀਰ । ਦੁਰਮਤਿ ਦੂਰਿ ਪਲਟੀ ਕਾਂਇਆ । ਜੋਗੀ ਜੋਗਿ ਲੀਐ ਘਰਿ ਆਇਆ ॥ ੫੭ ॥ ਸੰਨਿਆਸੀ ਸੋ ਜੋ ਸੁੰਨ ਕਾ ਬੇਤਾ । ਗਗਨ ਮੰਡਲ ਮਹਿ ਰਾਖੈ ਚੇਤਾ । ਅਹਨਿਸਿ ਤਾਰੀ ਕਬਹੂ ਨ ਖੁਲੇ । ਕਨਕ ਕਾਮਨੀ ਦੇਖਿ ਨ ਭੂਲੈ । ਅਬ ਸਾਚੈ ਖੰਡਿ ਬਸੇਰਾ ਪਾਵੈ । ਮਹਰਮੁ ਮਹਲਿ ਨ ਕੋ ਅਟਕਾਵੈ ॥ ੫੮ ॥ ਜੰਗਮ ਜੋਗੁ ਕਰੇ ਮਨੁ ਮਾਰੇ । ਗੁਰਮੁਖਿ

ਗਿਆਨੁ ਨ ਕਬਹੂ ਹਾਰੈ। ਸਗਲ ਬਿਖਿਆ ਅੰਮ੍ਰਿਤੁ ਕਰਿ ਪੀਵੈ। ਗੁਰਪ੍ਰਸਾਦਿ ਜੁਗੋ ਜੁਗੁ ਜਾਵੈ। ਕਰਮੁ ਭੁਯੰਗਮੁ ਹਿਰਦੈ ਧਾਰੈ। ਆਪਿ ਤਰੈ ਲੇ ਬਹੁਤੇ ਤਾਰੈ॥ ੫੯॥ ਬਿਸਨ ਪ੍ਰੀਤਿ ਨਿਤ ਹਿਰਦੈ ਧਾਰੈ। ਕੁੰਚਰ ਚੀਟੀ ਏਕ ਬੀਚਾਰੈ। ਅਨਾਹਦ ਧੁਨਿ ਰਾਖੈ ਮਨਿ ਨੀਤਾ। ਦੂਸਰ ਭਾਉ ਨ ਆਨੈ ਚੀਤਾ। ਚੰਚਲ ਮਿਰਗ ਬੰਧੈ ਗੁਰ ਗਿਆਨ। ਬੈਸਨਉ ਬਿਸਨੁ ਜਾਨੈ ਪਰਵਾਨੁ॥ ੬੦॥

ਸੋ ਬ੍ਰਹਮ ਬੀਚਾਰੀ ਜੋ ਚੀਨੈ ਬ੍ਰਹਮ। ਗੁਰ ਸਾਖੀ ਸੁਨਿ ਮੇਟੈ ਭਰਮ। ਸਪਤ ਧਿਆਨ ਧਰੈ ਮਨਿ ਮਾਰਿ। ਤਬ ਲਾਗੀ ਧੁਨ ਸਬਦ ਮਝਾਰਿ। ਕਾਟਿ ਕਰਮ ਹੋਵੈ ਨਿਰਕਰਮਾ। ਆਵਾਗਉਣ ਮਿਟੈ ਗੁਰ ਧਰਮਾ॥੬੧॥ ਸੋਈ ਸ਼ੇਖੁ ਜੋ ਸੋਧੈ ਕਾਇਆ। ਗੁਰਮਤਿ ਪਾਇ ਤਿਆਗੀ ਮਾਇਆ। ਦੂਖ ਸੂਖ ਕਰਿ ਪੀਵੈ ਪਾਨੀ। ਚਉਥੇ ਘਰ ਮਹਿ ਆਵਾਦਾਨੀ। ਪਉਨੁ ਸੂਤੁ ਮਨੁ ਮਨੀਆ ਕਰੈ। ਜਪਿ ਜਪਿ ਨਾਮ ਸਰੋਵਰਿ ਤਰੈ॥ ੬੨॥ ਕਾਜੀ ਸੋ ਜਾਕਾ ਕਵਲੁ ਵਿਗਾਸ। ਗਿਆਨੁ ਸੰਪੂਰਨਿ ਹੈ ਤ੍ਰਿਪਤਾਸਿ। ਰੋਜੇ ਸਦਾ ਰਜ਼ਾਇ ਪਛਾਨੈ। ਚੰਦ ਸੂਰਜ ਏਕੈ ਘਰ ਆਨੈ। ਪੰਜਾ ਮਾਰੇ ਪੰਜਿ ਨਿਵਾਜੇ। ਤਾਕੈ ਘਰਿ ਅਨਹਦ ਧੁਨਿ ਬਾਜੇ॥੬੩॥ ਮੁਲਾਂ ਮਨ ਕੀ ਮੇਟੈ ਚਾਲਾ। ਚੰਚਲ ਬੰਧਿ ਕਰੈ ਪੈ ਮਾਲਾ। ਅਹਿਨਿਸਿ ਰਾਂਗਾ ਬਾਂਗ ਸੁਨਾਵੈ। ਸੁੰਨਿ ਮਸੀਤਿ ਜਾਇ ਸਰਿ ਨਾਵੈ। ਤਹ ਏਕਾ ਕਰਣੀ ਦੂਜਾ ਨਾਹੀ ਭਾਉ। ਨਾ ਕੋ ਸੇਵਕੁ ਨਾ ਕੋ ਰਾਉ॥ ੬੪॥ ਮੋਨੀ ਮਨ ਕੋ ਮਰਦਨ ਮਾਨਿ। ਤ੍ਰਿਕੁਟੀ ਘਾਟਿ ਕਰੈ ਇਸਨਾਨੁ। ਬ੍ਰਹਮੁ ਅਗਨਿ ਜਾਰੈ ਮਨੁ ਜੀਤਿ। ਕਾਂਇਆ ਸਮਧੈ ਬਿਸਨ ਪਰੀਤਿ। ਜੰਮਣ ਮਰਣ ਮਿਟੇ ਦੁਇ ਅੰਗਾ। ਨਾਨਕ ਨੀਰ ਨੀਰ ਕੈ ਸੰਗਾ॥ ੬੫॥ ਰਾਗੁ ਦੇਖੁ ਰਹਿਤਾ ਬੈਰਾਗੀ। ਅਹਨਿਸਿ ਸੁਰਤਿ ਸਦਾ ਲਿਵ ਲਾਗੀ। ਪਲਟੇ ਪਵਨਾ ਨਿਪਜੈ ਕਾਂਇਆ। ਮਨ ਕਉ ਜੀਤਿ ਸਹਜਿ ਘਰਿ ਆਇਆ। ਸਸੇ ਸਿੰਘ ਕੀਆ ਘਰਿ ਵਾਸੁ। ਤਬ ਐਸੇ ਸਰਵਰ ਮਾਹਿ ਨਿਵਾਸੁ॥ ੬੬॥ ਪੂਰਬ ਤਿਆਗਿ ਪਛਮ ਕਉ ਕਰੈ ਗਉਨ। ਉਲਟੈ ਪਵਨਾ ਸਸੇ ਘਰ ਭਵਨ। ਨਉ ਸੈ ਨਾੜੀ ਸੋਲਾਂ ਸੈ ਸੰਧੀ। ਪਉਨਾ ਖੇਲੈ ਤਹਾ ਨਿਰਬੰਧੀ। ਉਲਟੀ ਗੰਗ ਸਮੁੰਦਰ ਮਿਲਾਵੈ। ਵਹੈ ਅਕਾਰਿ ਫਿਰਿ ਬੀਚ ਸਮਾਵੈ॥ ੬੭॥ ਕਿਸੁ ਬਿਧਿ ਤਨ ਮਹਿ ਮਨੁ ਠਹਰਾਇ। ਸਤਿਗੁਰ ਮਾਰਗੁ ਦੀਆ ਬਤਾਇ। ਚੰਦ

ਸੂਰਜ ਘਰਿ ਏਕਤ ਆਨੈ । ਪੂਰਬ ਤਿਆਗਿ ਪਛਮ ਕਉ ਤਾਨੈ । ਮੋਹਿ ਤੋਹਿ ਸਭ ਤਰਿਓ ਸਾਗਰ । ਸੁਭਰ ਨੀਰਿ ਨ ਫੂਟੈ ਗਾਗਰਿ ॥ ੬੮॥ ਉਲਟੈ ਬਾਨੁ ਗਗਨ ਕਉ ਸਾਧੈ। ਪੰਚਿਚੋਰ ਗੁਰ ਸ਼ਬਦੈ ਬਾਂਧੈ। ਸੁੰਨਿ ਕੋਠੜੀ ਬਜਰ ਕਪਾਟ । ਇਨ ਕਉ ਜਾਨੈ ਅਉਘਟ ਘਾਟਿ । ਗੁਰਮੁਖਿ ਗਿਆਨਿ ਲਪੇਟੇ ਬੁਧਿ । ਮਨੁ ਲਪਟੈ ਨਿਰਬਾਣੀ ਸੁਧਿ ॥ ੬੯ ॥ ਅਉਹਠਿ ਪਟਣਿ ਤਾਂ ਕੇ ਦਸ ਦੁਆਰਿ । ਦਸਵੇਂ ਭੀਤਰਿ ਖੇਲੁ ਅਪਾਰਿ । ਤਾਂ ਦਰ ਕੇ ਬਹੁਤੇ ਦਰਵਾਨ । ਨਿਗੁਰੇ ਮੂਲਿ ਨ ਪਾਵਹਿ ਜਾਨਿ । ਜਾਂ ਕੇ ਮਨ ਗੁਰ ਕਾ ਉਪਦੇਸੁ । ਤਾਂ ਕਉ ਠਾਕ ਨਹੀ ਉਹੁ ਵੇਸ ॥੭੦॥ ਪਦਮ ਆਸਨ ਕਰਿ ਬੈਠਹੁ ਮੀਤਾ । ਅਜਪਾ ਜਾਪੁ ਜਪਹੁ ਨਿਤ ਨੀਤਾ । ਬ੍ਰਹਮ ਅਗਨਿ ਜਾਰਹੁ ਗੁਰ ਗਿਆਨਿ । ਤੀਨਿ ਲੋਕ ਮਹਿ ਤਾਕੀ ਮਾਨਿ । ਇੰਦ੍ਰ ਚੰਦ੍ ਸੂਰਜ ਸਰੂਪ ਧਿਆਵਹਿ । ਤਾਂ ਕਾ ਦਰਸਨ ਦੇਖਿ ਸੁਖ ਪਾਵਹਿ ॥ ੭੧ ॥ ਪੂਰਕ ਘਟ ਮਹਿ ਰਾਖਹੁ ਪੂਰਿ । ਚੰਚਲ ਮਿਰਗਾ ਖੇਲੈ ਦੂਰਿ । ਰਕਤੁ ਰੇਤੁ ਮੂਲ ਸੋਖੈ ਤੀਨਿ । ਗੁਰ ਮਿਲਿ ਸਬਦਿ ਰਾਤਾ ਮਨੁ ਲੀਨ । ਥਿਰੁ ਬਾਵਰ ਘਰੁ ਚਉਥਾ ਪਾਇਆ । ਨਿਰਮਲ ਜੋਤਿ ਨਿਰਮਲੀ ਕਾਇਆ ॥ ੭੨ ॥ ਕੁੰਭਕੁ ਕੁੰਭ ਸੰਪੂਰਨੁ ਭਰੇ । ਤਬ ਜਾਇ ਤ੍ਰਿਬੇਣੀ ਮਜਨੁ ਕਰੇ । ਮਨ ਤੇ ਬਿਸਰੈ ਦੂਜਾ ਅੰਗ । ਇਉ ਆਪਿ ਆਪੁਨੈ ਆਪੇ ਸੰਗਿ।ਬਿਨੁ ਜਿਹਬਾ ਗੁਨ ਅਪਨੇ ਗਾਵੈ।ਆਪਿ ਕਹੈ ਆਪੇ ਸਮਝਾਵੈ ॥ ੭੩ ॥ ਕਰਮੁ ਭੁਇਅੰਗਮੁ ਕਰੇ ਬਿਨਾਸਨੁ । ਗੁਰ ਪ੍ਰਸਾਦਿ ਪਛਾਨੈ ਆਸਨੁ । ਅਗਨਿ ਜਲੈ ਪਕੈ ਨਿਜ ਸਾਰਿ । ਡੋਰੀ ਲਾਗੀ ਗਗਨਿ ਮਝਾਰਿ ਤਹ ਅਕਲ ਅਰੂਪ ਰੂਪ ਸਰਬੰਗੀ । ਰਾਮ ਨਾਮ ਦੇਹੀ ਸਭ ਰੰਗੀ ॥ ੪੦ ॥ ਰੰਚਕੁ ਰੰਚ ਜਾਕਉ ਲਿਵ ਲਾਗੀ । ਮਾਇਆ ਸੰਗਿ ਰਹੈ ਬੈਰਾਗੀ । ਜਿਉ ਕਰਿ ਕਵਲੁ ਸਰੋਵਰ ਮਾਹੀ । ਬੀਚਿ ਰਹੈ ਡੂਬੈ ਫੁਨਿ ਨਾਹੀ । ਬਿਖਿਆ ਮਹਿ ਨਿਰਮਲ ਹੋਇ ਜੀਵੈ । ਗੁਰ ਪ੍ਰਸਾਦੀ ਅੰਮ੍ਰਿਤੁ ਪੀਵੈ ॥ ੭੫ ॥ ਪੰਜਿ ਤਰਣਿ ਮਲਹਿ ਸਰਿ ਸਾਗਰਿ । ਇਉ ਕਰਿ ਨਾਰਿ ਸਮਾਵੈ ਗਾਗਰਿ । ਪੰਜ ਏਕੁ ਹੋਇ ਏਕੁ ਸਮਾਵੈ । ਨਰਕ ਸੁਰਗ ਸਗਲੇ ਬਿਸਰਾਵੈ । ਜਿਉ ਤਰੰਗ ਜਲ ਅੰਗਿ ਸਮਾਨਾ । ਤਾਂ ਕਾ ਆਵਾ ਗਉਨੁ ਮਿਟਾਨਾ ॥੭੬॥ ਮਨ ਕਾ ਜੀਉ ਜਾਇ ਨਿਤ ਛੀਜੈ । ਕਿਉ ਕਰਿ ਝੂਠੀ ਬਾਤ ਨ ਰੀਝੈ । ਜਬ ਇਹੁ ਜੀਉ ਰਹੈ ਘਟਿ ਮਾਹੀ । ਤਬ ਮਨ ਤਨ ਕਉ

ਛੋਡਿ ਨ ਜਾਹੀ। ਨਾ ਗੁਰੁ ਮਿਲੈ ਨਾ ਮਾਰਗੁ ਪਾਵੈ। ਬਿਨੁ ਮਾਰਗ ਕਿਉ ਨਗਰਿ ਸਿਧਾਵੈ॥ ੭੭॥ ਤਨ ਕਾ ਜੀਉ ਰਹੈ ਮਨ ਮਾਹੀ। ਮਨ ਕਾ ਜੀਉ ਰਹੈ ਕਹਿ ਠਾਈ। ਜੋ ਇਹੁ ਜੁਗਤਿ ਜੀਅ ਕੀ ਜਾਨੈ। ਸੋ ਨਰ ਆਪਨਾ ਆਪੁ ਪਛਾਨੈ। ਆਪੁ ਪਛਾਨਿ ਬੰਧਨ ਸਭ ਕਾਟੈ। ਨਾਨਕ ਵਿਰਲਾ ਲਾਗੈ ਘਾਟੈ॥੭੫॥ਆਪਸ ਕਉ ਊਚਾ ਕਰਿ ਜਾਨੈ। ਸੋ ਨਰੁ ਅਪਨਾ ਆਪੁ ਪਛਾਨੈ। ਜਿਨਿ ਪਾਇਆ ਗੁਰ ਕਾ ਉਪਦੇਸ। ਉਤਮ ਨੀਚ ਨਹੀਂ ਉਹੁ ਦੇਸਿ। ਗਿਆਨੁ ਭਾਨ ਰਿਦੈ ਪਰਗਾਸਾ। ਤਾਕੇ ਅੰਧ ਕਰੁ ਸਭੁ ਨਾਸਾ॥ ੭੯॥ ਦੇਖਹਿ ਬਿਰਛ ਫੂਲ ਫਲੁ ਪਾਵੈ। ਆਪਸ ਕਉ ਨੀਚਾ ਵਿਖਲਾਵੈ। ਸੁਰ ਤੇ ਗਿਆਨੀ ਇਹ ਸੰਸਾਰਿ। ਤਰਵਰ ਰੰਗ ਰਹੈ ਮਨ ਮਾਰਿ। ਜਿਨ ਅੰਦਰਿ ਗੁਰਮਤਿ ਨਹੀ ਆਈ। ਮੇਰੁ ਕਹਾਵਹਿ ਨਾਹੀ ਰਾਈ॥੮੦॥ ਜੇਕਰਿ ਗਾਗਰ ਕੂਪ ਮਾਹਿ ਘਾਲੀ। ਬਿਨ ਨੀਚੀ ਭਰੀਐ ਨਹੀ ਖਾਲੀ। ਸਮਝਿ ਬੂਝਿ ਗੁਰ ਕੇ ਪਗਿ ਲਾਗੀ। ਪਲ ਮਹਿ ਭਰੀਐ ਬਿਲਮ ਨ ਲਾਗੀ। ਰਿਦੈ ਕਾ ਸੁਧੁ ਕਹਾ ਸਿਰੁ ਨਿਵਾਵੈ। ਜੋ ਮਨ ਸਾਧਾਰੈ ਸੋਈ ਫਲੁ ਪਾਵੈ॥੮੧॥ ਗੁਰਸੁਖਿ ਗਿਆਨੁ ਪਰਾਪਤਿ ਹੂਆ। ਸਬਦੁ ਬੀਚਾਰਿ ਜੀਵਤ ਫਿਰ ਮੂਆ। ਅੰਤਰਿ ਬਾਹਰਿ ਏਕੈ ਰੰਗਿ। ਤਬ ਹਰਿ ਡੋਲੇ ਜਨ ਕੇ ਅੰਗਿ। ਪ੍ਰਗਟੁ ਜੋਤਿ ਨਿਰਮਲ ਨਿਰਬਾਣੀ।ਗਗਨਿ ਸਰੋਵਰਿ ਸੁਰਤਿ ਸਮਾਣੀ॥੮੨॥ਗੁਰ ਦਰਿਆਉ ਰਤਨੀ ਭਰਪੂਰਿ। ਨੇੜੇ ਰਹੈ ਨ ਜਾਨਹੁ ਦੂਰਿ। ਸਰਬ ਕਲਾ ਜਾਣੈ ਜਾਣੋਈ। ਤਾਂਤੇ ਛਪੀ ਨਹੀ ਬਿਧਿ ਕੋਈ। ਜਿਹ ਘਰਿ ਜੋਤਿ ਕੀਆ ਪਰਗਾਸਾ। ਜੰਮਣ ਮਰਣ ਕੀ ਚੂਕੀ ਆਸਾ॥ ੮੩॥ ਮਨ ਕੀ ਚੰਚਲ ਚਾਲਿ ਮਿਟਾਵੈ। ਅਪੁਨਾ ਜਨਮੁ ਅਸਰੁ ਜਿ ਲਾਵੈ। ਇੰਦ੍ਰ ਚੰਦ੍ਰ ਦੁਇ ਸਵ ਸੁਰ ਸਾਰੇ। ਮਨੁ ਬਸਿ ਕੀਆ ਮੁਕਤਿ ਸਿਧਾਰੇ। ਸਤਿਗੁਰ ਸੇਵ ਲੀਆ ਉਪਦੇਸ।ਤੁਰਤ ਸਿਧਾਵੈ ਹਰਿ ਕੈ ਦੇਸਿ॥ ੮੪॥ ਗੂੰਗੇ ਭਏ ਜਿਨਹੁ ਰਸੁ ਚਾਖਿਆ। ਪਾਇਆ ਸੁਆਦ ਨਾ ਜਾਈ ਭਾਖਿਆ। ਲਿਵਲਾਗੀ ਮਨੂਆ ਅਲਸਾਨਾ। ਸਰਬ ਨਿਰੰਤਰਿ ਬ੍ਰਹਮ ਸਮਾਨਾ। ਨਾਦੁ ਅਨਾਹਦੁ ਅਹਨਿਸਿ ਰਾਤੇ। ਪੀਆ ਮਹਾ ਰਸੁ ਸਹਜੇ ਮਾਤੇ॥੮੫॥ਸਮਰਥ ਸਦਾ ਅਡੋਲੁ ਅਥਾਹੁ। ਗੁਰ ਮਿਲਿ ਮਨੂਆ ਬੇਪਰਵਾਹੁ। ਗਇਆ ਬਿਲਾਇ ਇਹ ਦੂਸਰ ਭਾਉ। ਸਭਨੀ ਮਹਲੀ ਏਕੋ ਰਾਉ। ਵਹ ਦਾਤੇ ਕੋ ਸੁਰਤਿ ਏਕੈ

ਅੰਗਿ। ਜਿਉ ਜਲ ਤੇ ਜਲ ਉਮਕਿ ਤਰੰਗ ॥ ੮੬ ॥ ਭਉ ਭਾਗਾ ਨਿਰਭਉ ਘਰਿ ਆਇਆ। ਤਬ ਇਹੁ ਚਰਨ ਪਖਾਲੈ ਮਾਇਆ॥ਹੋਇ ਅਧੀਨੁ ਸੇਵਕ ਦਰਿ ਠਾਢੀ। ਜਾ ਕੈ ਚਰਨ ਕਵਲ ਰੁਚੁ ਬਾਢੀ । ਦ੍ਰਿਸਟ ਮਾਹਿ ਸਾਰਾ ਜਗੁ ਦੇਖੈ। ਨਾਨਕ ਆਪਿ ਅਲੇਖੀ ਅਵਰੁ ਸਭੁ ਲੇਖੈ॥ ੮੭ ॥ ੧ ॥

੧ ਓ ਸਤਿਗੁਰ ਪ੍ਰਸਾਦਿ ॥

ਰਾਗੁ ਰਾਮਕਲੀ ਮਹਲਾ ੧ ॥ ਨਉ ਨਾੜੀ ਦਸ ਦੁਆਰ॥ਚਾਰਿ ਜੁਗਤੀ ਨਉ ਨਾੜੀ ਕਾ ਧਿਆਉ ਚਲਿਆ ਸਰੀਰ ਕਾ ਬੰਧੇਜੁ॥ ੧ ॥ ਨਉ ਨਾੜੀ ਕੀ ਜੋ ਮਿਤਿ ਜਾਨੈ। ਬਿਚਰਿ ਬਿਚਰਿ ਓਹੁ ਆਖਿ ਵਖਾਨੈ॥ਠਉਰ ਠਉਰ ਕੀ ਨਾੜਿ ਬਤਾਵੈ। ਜਾ ਕਉ ਅਗੰਮ ਦ੍ਰਿਸਟਿ ਹੋਇ ਆਵੈ। ਪ੍ਰਾਨ ਪਿੰਡ ਕਾ ਕਰੈ ਬੀਚਾਰੁ ਤਾ ਕਉ ਸਦਾ ਸਦਾ ਨਮਸਕਾਰੁ ॥ ਨਾੜਿ ਨਾੜਿ ਕਾ ਡੇਰਾ ਕਉਨੁ । ਕਉਨੁ ਨਾੜਿ ਜਿਤੁ ਬਸਤਾ ਪਉਨੁ। ਨਉ ਨਾੜੀ ਕਾ ਕਿਆ ਕਿਆ ਨਾਉ। ਨਾਨਕ ਜੋ ਕਹਿ ਦੇਵੈ ਤਿਸਕੈ ਬਲਿ ਜਾਉ ॥ ੧ ॥ ਬੰਕ ਨਾੜਿ ਪਹਲਿ ਕਾ ਨਾਉ। ਬੰਕ ਨਾੜਿ ਰਨਕਿ ਗੁਨ ਗਾਉ । ਬੰਕ ਨਾੜਿ ਬੋਲਤ ਸੁਖ ਜੀਉ । ਬੰਕ ਨਾੜਿ ਦ੍ਰਿੜੀਐ ਕਰਣੀਉ। ਰਸਕਿ ਰਸਕਿ ਜਬ ਹਰਿ ਗੁਣ ਗਾਵੈ। ਬੰਕ ਨਾੜਿ ਮਹਿ ਗਾਏ ਰੀਝਾਵੈ। ਕਰ ਕਿਰਪਾ ਪ੍ਰਭ ਅਗਮੁ ਦਿਖਾਵੈ । ਨਾਨਕ ਪਹਿਲੀ ਨਾੜਿ ਬੰਕ ਨਾਵੈ ॥੨॥ ਦੂਜੀ ਨਾੜਿ ਸ਼ਹਰਗ ਕਰ ਧਰੀ॥ਜਾਮਹਿ ਸਾਸਿ ਬਿਰਾਜਤਹਰੀ॥ ਸ਼ਹਰਗ ਮਹਿ ਬਸੈ ਜਬ ਸਾਹੁ। ਸ਼ਹਰਗ ਚਲੈ ਪਉਨ ਕਾ ਰਾਹੁ। ਪਉਨ ਮਾਰਗ ਸ਼ਹਰਗ ਹੈ ਭਾਈ॥ਫਿਰਿ ਘਰਿ ਆਇ ਤਹੀਂ ਠਹਰਾਈ। ਬੋਲਨ ਹਾਰੁ ਸ਼ਹਰਗ ਮਹਿ ਸਮਾਵੈ। ਨਾਨਕ ਦੂਜੀ ਨਾੜਿ ਬਤਾਵੈ ॥ ੩ ॥ ਉਹਜ ਨਾੜਿ ਪਾਨੀ ਕੀ ਜਾਇ ॥ ਬਿਨੁ ਪਾਨੀ ਪੀਤੇ ਕੁਮਲਾਇ। ਹਰਿਆ ਹੋਵੈ ਤਬ ਪੀਵੈ ਪਾਨੀ॥ ਬਿਨੁ ਨੀਰ ਪੀਤੇ ਨਾੜਿ ਕੁਮਲਾਨੀ। ਸਰਸਾ ਰਹੈ ਪਾਨੀ ਕੈ ਸੰਗਿ। ਬਿਨੁ ਪਾਨੀ ਸੋਖੈ ਨਿਭਰੰਗ ॥ ਜਬ ਸੂਕੈ ਤਬ ਹੀ ਤਿਖ ਲਾਗੈ॥ਤਬ ਇਹੁ ਮਨੁ ਪਉਨ ਪੀਵਨ ਕਉ ਭਾਗੈ। ਪੀਤਿ ਨਾੜਿ ਮਹਿ ਆਤਸ਼ਿ ਭਾਈ॥ ਤਉ ਨਾਨਕ ਤੀਜੀ ਨਾੜਿ ਬਤਾਈ॥

੪ ॥ ਹਹੂ ਨਾੜਿ ਊਖਮ ਕਾ ਥਾਨਾ। ਤਬ ਹੋਇ ਸੰਪੂਰਨੁ ਜਬ ਮਨੁ ਸੀਤਲਾਨਾ। ਬਿਨੁ ਅਹਾਰ ਹਹੂ ਨਹੀ ਧ੍ਰਾਪੈ।ਹਹੂ ਨਾੜਿਕੀ ਤਬ ਗਤਿ ਜਾਪੈ।ਹਹੂ ਨਾਰਿ ਵਿਚਿ ਰਖੀ ਭੰਡਾਰ। ਏਕ ਸਉ ਗਿਆਰਹ ਤਾਕੇ ਡਾਰ। ਡਾਰ ਡਾਰ ਮਹਿ ਸਭ ਰਸ ਜਾਈ। ਤਬ ਅਹਾਰੁ ਹਹੂ ਮਹਿ ਪਾਈ। ਚਉਥੀ ਨਾੜਿ ਹਹੂ ਕੀ ਕੀਨੀ। ਨਾਨਕ ਕਿਨਹੂ ਬਿਰਲੈ ਚੀਨੀ॥ ੫ ॥ ਇੰਦਰੀ ਨਾਇ ਸੰਗਿ ਸਤਿ ਬਨਾਏ। ਨਖ ਸਿਖ ਕਾ ਰਸੁ ਇੰਦ੍ਰੀ ਜਾਏ। ਇੰਦ੍ਰੀ ਕੀ ਜੜ੍ਹ ਮਸਤਕਿ ਭਲੀ। ਜਬ ਇੰਦ੍ਰੀ ਚਲੈ ਜੋਤਿ ਮਿਟ ਜਾਈ। ਇੰਦ੍ਰੀ ਬਾਂਧਿ ਰਤਨ ੲਸਿ ਕਰਿਆ । ਸੋਈ ਰਤਨੁ ਲੈ ਮਾਥੈ ਧਰਿਆ। ਇੰਦ੍ਰੀ ਕੀ ਨਾੜਿ ਸੋਈ ਜਨੁ ਜਾਨੈ। ਤਬ ਹੀ ਲਾਲੂ ਜੋਤਿ ਪਛਾਨੈ। ਪੰਜਵੀਂ ਨਾੜਿ ਇੰਦ੍ਰੀ ਕੀ ਕਰੀ। ਨਾਨਕ ਕਿਸੈ ਵਿਰਲੈ ਸੋਝੀ ਪਰੀ॥੬॥ ਗੁਹਲ ਨਾਰਿ ਪ੍ਰਾਨ ਸੁਖ ਸ਼ਾਂਤਿ। ਤਿਲੁ ਅਟਕੈ ਤਰਫੈ ਦਿਨੁ ਰਾਤਿ। ਜਬ ਅਟਕੈ ਤਬ ਕਿਆ ਸੁਖੁ ਹੋਵੀ। ਪੇਟ ਗਗਨ ਜੀਆ ਕਉ ਦੁਖੁ ਹੋਵੀ । ਗੁਹਲ ਨਾੜਿ ਕਾ ਅਟਕੈ ਰਾਹੁ। ਤਬ ਇਸ ਜੀਅ ਕਉ ਖਰੀ ਮਹਾਹੁ। ਗੁਹਲ ਨਾੜਿ ਜਬ ਸਹਜੀ ਚਾਲੈ। ਤਬ ਇਸ ਜੀਅ ਕਉ ਸਹਿਜ ਬਹਾਲੈ। ਛਠਵੀਂ ਨਾੜਿ ਗੁਹਲ ਕਰਿ ਸਾਜੀ। ਨਾਨਕ ਕੀਨੀ ਅਚਰਜ ਬਾਜੀ॥ ੭॥

ਬੇਨੀ ਨਾੜਿ ਮਹਿ ਤਨ ਕੀ ਪਰਖਾ। ਨਾੜੀ ਕਾ ਕੂਚੁ ਬੀਨੀ ਕਰਿ ਰਖਾ। ਨਾਟਕ ਮਹਿ ਜੀਅ ਕੀ ਸਭ ਜੋਤਿ। ਬੀਨੀ ਮਹਿ ਨਾਟਕਾ ਓਤਿ ਪੋਤਿ। ਨਾਟਕ ਚਲੈ ਤਬ ਹੀ ਜੀਉ ਸੁਖੀ। ਠਉੜ ਛੋਡੇ ਨਾਟਕ ਜੀਉ ਦੁਖੀ। ਬੇਨੀ ਅਰ ਨਾਟਕਾ ਜਾਵੈ। ਤਬ ਇਸ ਜੀਅ ਕਉ ਮਰਨਾ ਆਵੈ। ਬੇਨੀ ਨਾਟਕਾ . ਏਕ ਹੀ ਜਾਇ। ਨਾਨਕ ਸਪਤਮੀ ਨਾੜਿ ਬਤਾਇ॥੮॥ਅਸਟਮੀ ਨਾੜਿ ਕੋਈ ਜਨੁ ਜਾਨੈ। ਤਹਾ ਸਿਧਿ ਨਉ ਨਿਧਿ ਠਹਰਾਨੈ।ਉਵਾਹੂ ਕਰਮ ਸੋਧਿ ਉਹੁ ਪਾਵੈ। ਅਸਟਵੀ ਨਾੜਿਜੇ ਕੋਇ ਬਤਾਵੈ। ਅਸਟਵੀ ਨਾੜਿ ਰਾਖੀ ਵਿਚਿ ਤ੍ਰਿਕੁਟਾ। ਜਿਸੁ ਸੂਝੈ ਤਿਨ ਏਹੁ ਧਿਆਨੁ ਜੁਗਟਾ। ਅਸਟਵੀ ਨਾੜਿ ਰਖੀ ਹੈ ਗੁਹਜਾ। ਨਾਨਕ ਕੋਈ ਜਨੁ ਖੋਜੈ ਸ਼ੁਹਦਾ ॥੯॥ ਨਾਂਵੀ ਨਾੜਿ ਮਹਿ ਸਭ ਜੋਤਿ ਬਨਾਈ। ਕੋਊ ਬਿਰਲਾ ਖੋਜਿ ਲਹੈ ਜਨੁ ਭਾਈ। ਨਾਵੀ ਨਾੜਿ ਕਾ ਮਹਲੁ ਹੈ ਕੈਸਾ। ਜੋ ਚੀਨੈ ਸੋ ਉਸ ਹੀ ਜੈਸਾ। ਨਾਂਵੀ ਨਾਰਿ ਰਾਖੀ ਹੈ ਦੂਰੇ। ਖੋਜਿ ਲਹੈ ਸੋਈ ਜਨ ਪੂਰੇ। ਨਾਂਵੀ ਨਾੜਿ ਰਖੀ

ਅਸਮਾਨਾ। ਨਾਨਕ ਕੋਈ ਜਨੁ ਊਹਾ ਸਮਾਨਾ ॥ ੧੦ ॥ ਨਓ ਨਾਰੀ ਕਾ ਨਾਉ ਬਤਾਇਆ। ਜਿਨਿ ਕਹਿਆ ਤਿਸੁ ਆਪਿ ਦਿਖਾਇਆ। ਆਪਹੁ ਕੋਊ ਕਛੂ ਨ ਜਾਨੈ। ਜਿਨਿ ਡੀਠਾ ਸੋ ਆਖਿ ਬਖਾਨੈ। ਅਨ ਡੀਠਾ ਕਛੁ ਕਹਿਆ ਨ ਜਾਇ। ਜਿਨਿ ਸੂਝ ਪਰੀਤਿਨਿ ਸਖਾ ਸੁਨਾਇ। ਰੋਮ ਰੋਮ ਕੀ ਜਬ ਮਿਤਿ ਆਵੈ। ਨਾਨਕ ਹਰਿ ਪ੍ਰਭ ਸਾਚੇ ਭਾਵੈ ॥ ੧੧ ॥ ਆਗੈ ਦਸ ਦੁਆਰ ਚਲੇ ਦੁਆਰ ਦੁਆਰ ਕੀ ਰੀਤਿ। ਤਿਸੁ ਜਨ ਦੁਆਰੇ ਨਿਰਖ ਤੇ ਜਿਸੁ ਢਾਠੀ ਭਰਮ ਭੀਤਿ। ਦੁਆਰ ਦੁਆਰ ਕੀ ਮਿਤਿ ਕਹੀ ਦੁਆਰ ਦੁਆਰ ਕੀ ਰਹਿਤ। ਜਿਸ ਗੁਰੁ ਪੂਰਾ ਭੇਟੀਐ ਸੋਈ ਕਥਨੀ ਰਹਤਿ। ਕਹੈ ਬ੍ਰਿਤੰਤੁ ਦਸਵੈ ਦੁਆਰ ਕਾ ਮਨ ਮਥਿਕਾ ਤਤਿ ਅਘਾਇ। ਨਾਨਕ ਦਸਵੇ ਦੁਆਰ ਕੀ ਸੋਝੀ ਜਨੁ ਕਹੈ ਸੁਨਾਇ ॥ ੧੨ ॥ ਗੁਹਲ ਦੁਆਰ ਪ੍ਰਾਨ ਮਹਿ ਪ੍ਰਾਨ ਪਿੰਡ ਕਾ ਰਾਹੁ। ਬਾਈ ਬਹਨ ਜਬ ਨੀਕ ਸੈ ਪਿੰਡੋ ਸੁਖਤਾਹੁ। ਜੀਅ ਸਿਖੁ ਸਾਂਤਿ ਹੋਇ ਜਬ ਚੱਲੈ ਗਹਲ ਕੀ ਨਾਰਿ। ਜੇ ਇਕੁ ਕਨਕਾ ਅਕਟ ਜੇ ਰਹੈਦੇਇ ਦਰਤਾੜਿ। ਸਹਜਿ ਚਲਤ ਸੁਖ ਹੋਇ ਜੀਆ ਪ੍ਰਾਨ ਮੁਕਤਿ ਉਦਮਾਦ। ਨਾਨਕ ਗੁਹਲ ਦੁਆਰ ਕੀ ਕਥਾ ਬਿਖਮ ਬਿਸਮਾਦ॥੧੩॥ ਇੰਦ੍ਰੀ ਦੁਆਰ ਬਿੰਦ ਕਾ ਰਤਨ ਗਿੜਨ ਕਾ ਰਾਹੁ। ਜਿਸੁ ਖੁਲੈ ਤਿਸੁ ਹਿਰੈ ਜੋਤਿ ਬੰਧੈ ਰਤਨ ਮਹਾਹੁ। ਮਾਥੈ ਪ੍ਰਗਟੈ ਰਤਨ ਜੋਤਿ ਜੋ ਇੰਦ੍ਰੀ ਬੰਧਨ ਦੇਇ। ਗੁਰ ਕਾ ਸਬਦ ਬੀਚਾਰਿ ਜਨ ਰਤਨ ਬਿਹਾਝਹਿ ਸੇਇ। ਕਾਮੁ ਬੰਧਿ ਨਰਕਹੁ ਬੰਛੈ ਬਹੁ ਜੂਨੀ ਤੇ ਦੂਰਿ। ਨਾਨਕ ਰਤਨ ਅਮੋਲਕ ਜਿਨਿ ਲੀਆ ਪੰਚਿ ਭੂ ਆਤਮਾ ਚੂਰਿ॥੧੪॥ ਤ੍ਰਿਤੀਆ ਦੁਆਰ ਮੁਖੁ ਕੀਆ ਜਿਤੁ ਬੋਲਨੁ ਬਕਨ ਸੁਭਾਉ। ਸਬਦੁ ਕੁ ਸਬਦੁ ਬਕਤਾ ਰਹੈ ਬਕਤੇ ਕਾ ਦਰੀਆਉ। ਅੰਮ੍ਰਿਤ ਭੋਜਨ ਜਿਤ ਪਰੈ ਕਰਤਾ ਸੁਆਦ ਅਨੇਕ। ਨਿੰਦਾ ਉਸਤਤਿ ਬਕਤਾ ਰਹੈ ਅਹਨਿਸਿ ਗਣਤ ਅਨੇਕ। ਭਾਖਿਆ ਅਭਾਖਿਆ ਅਹਿਨਿਸਿ ਰਚੈ ਕਹੀਐ ਮੁਖ ਦੁਆਰਿ। ਨਾਨਕ ਤੀਜੇ ਦੁਆਰ ਕਾ ਸੁਨੀਐ ਇਹੁ ਬਿਸਥਾਰੁ ॥ ੧੫ ॥ ਦੁਇ ਦੁਆਰੇ ਕਰ ਨਾਸਕਾ ਮਹਾ ਮੁਸਕੁ ਰਸੁ ਲੀਨਾਖੁਸ਼ਬੂਈ ਰਸ ਥਾਪਨੈ ਬੁਰਾ ਭਲਾ ਬੁਧਿ ਦੀਨਾ। ਖੁਸ਼ ਖੁਸ਼ਬੋਈ ਸੀਘਿ ਕੈ ਸਿਮਰਤ ਸਿਰਜਨ ਹਾਰੁ।ਇਸ ਮਨ ਕਉ ਏਕੀ ਏਕੁ ਗੁਨੁ ਬੂਝਨ ਹੋਇ ਗਵਾਰ। ਸਭੁ ਰਸ ਲੀਨਾ ਨਾਸਕਾ ਸੀਘਨ ਕਉ ਸੁਖ ਬਾਸੁ। ਨਾਨਕ ਕੀਨੇ

ਦੁਇ ਦੁਆਰ ਲੈਨਿ ਸਾਸੁ ਅਹੁ ਬਾਸੁ ॥੧੬॥ ਦੁਇ ਦੁਆਰੇ ਨੇਤ੍ਰ ਕੀਏ ਨਿਰਖਨ ਕਉ ਉਤਪਤਿ।ਨਿਰਖਿ ਨਿਰਖਿ ਹੋਵਹਿ ਬਿਸਮਾ ਜਾਨਤ ਸਭ ਗਤਿ ਮਿਤਿ।ਅਠਿ ਸਠਿ ਤੀਰਥ ਪਗਿ ਭਵੈ ਸਾਧੁ ਨਿਰਖਨਿ ਜਾਇ। ਚਾਰਿ ਕੁੰਟ ਚਉਦਹ ਭਵਨ ਨਿਰਖ ਨਿਰਖ ਬਿਗਸਾਇ। ਉਤਪਤਿ ਪਰਲੋ ਨਿਰਖਨਿ ਨੇਤ੍ਰ ਕੀਏ ਪ੍ਰਭਿ ਆਪਿ। ਨਾਨਕ ਨਿਰਖੈ ਨੇਤ੍ਰ ਮਹਿ ਜਲ ਥਲ ਰਹਿਆ ਬਿਆਪਿ ॥ ੧੭॥ ਦੁਇ ਦੁਆਰੇ ਕਰਨ ਕੀਏ ਹਰਿ ਜਸੁ ਸੁਨਹਿ ਸਹਜਿ। ਗੀਤਾ ਅਰੁ ਭਾਗਵਤ ਕੀ ਕਥਾ ਸੁਨੀਜੈ ਰਜਿ। ਬੇਦ ਚਾਰਿ ਅਠਰਾਹ ਪੁਰਾਨ ਸੁਨੀਐ ਹਿਤੁ ਚਿਤੁ ਲਾਇ। ਸਬਦ ਕੁਸਬਦੁ ਸੁਣਨ ਕਉ ਦੁਇ ਦਰ ਕਰਨ ਕੀਨ। ਨਾਨਕ ਕਰਨੀ ਬ੍ਰਹਮੁ ਸੁਣਿ ਹੋਇ ਹੈ ਸੰਤ ਅਧੀਨ ॥ ੧੮॥ ਸਹਜਿ ਦਸਵੇ ਦੁਆਰ ਕੀ ਕਥਾ ਸੁਨੀਜੈ ਸੰਤ। ਤਹ ਪ੍ਰਗਾਸੁ ਅਤਿ ਘਨਾ ਤਹ ਸਸੀ ਸੂਰੁ ਅਨੰਤ। ਤਹਿ ਦੜਿ ਮਨੂਆ ਹੋਇ ਅਕਾਲੁ ਤਿਸੁ ਕਾਲੁ ਨ ਨਿਰਖਨਿ ਜਾਇ। ਗੁਰ ਕਿਰਪਾ ਉਸ ਦੁਆਰ ਮਹਿ ਮਨੂਆ ਸਹਜਿ ਸਮਾਇ। ਦਸਮ ਦੁਆਰ ਕੀ ਕਥਾ ਸੁਨੀਜੈ ਸੰਤ ਸੁਭਾਇ।ਨਾਨਕ ਜੀਵਤ ਹੀ ਮਰੈ ਜਬ ਦਸਵੈ ਦੁਆਰੈ ਜਾਇ॥੧੯॥ਨਉ ਦਰਵਾਜੇ ਪਰਗਟੇ ਦਸਵੈ ਗੁਹਜ ਅਸਥਾਨ। ਨਉ ਨਿਰਖਤ ਸਭਸ ਕਉ ਦਸਵੈ ਸੰਤ ਸਮਾਨ। ਸੰਤ ਭਗਤ ਉਹਾ ਰਚਿ ਰਹੈ ਜੋ ਨਉ ਤੇ ਊਪਰਿ ਹੋਤ।ਨਾਨਕ ਨਉ ਦਰ ਨਿਰਖਤੇ ਗੁਹਜੀ ਨਿਰਮਲ ਜੋਤਿ॥੨੦॥ ਮਹਾਂ ਅਗਮੁ ਗੜ੍ਹ ਕੀਆ ਬਨਾਇ। ਵਿਚਿ ਅਠਸਠ ਹਾਟ ਕੀਏ ਜਨਾਇ। ਨਉ ਨਾੜੀ ਕਾ ਜੜਤ ਬਨਾਇਆ। ਦਸਵੈ ਦੁਆਰ ਕੈ ਬੀਚਿ ਸਮਾਇਆ।ਸੁਰ ਖਬੀ ਰਸੁ ਪੀਤ ਬਿਚਿ ਕੀਨਾ । ਕਾਂਇਆ ਗੜ ਕੀ ਬਿਖਮ ਹੈ ਚੀਨਾ । ਜੀਆ ਮਹਿ ਜੀਆ ਕੇਤੇ ਹਹਿ ਭਾਈ। ਗੁਹਜ ਜੀਆ ਕੀ ਖਬਰਿ ਨ ਪਾਈ। ਇਸ ਨਗਰੀ ਮਹਿ ਅਗਨਤ ਜੀਆ। ਅਵਰੁ ਗੁਹਜ ਏਕ ਪ੍ਰਗਟੀਆ। ਏਕ ਪਰਧਾਨ ਅਵਰੁ ਹਹਿ ਗੁਹਜੈ। ਜਿਨਿ ਗੜੁ ਚੀਨਿਆ ਤਿਸ ਹੀ ਸੂਜੈ । ਪ੍ਰਾਨ ਪਿੰਡੁ ਅਗਮੁ ਹੈ ਭਾਈ। ਨਾਨਕ ਕਿਆ ਕਹੀਐ ਕਿਛੁ ਕਹਿਆ ਨ ਜਾਈ॥ ੨੧ ॥ ਪ੍ਰਿਥਮੈ ਜੁਗਤਿ ਮਹਾ ਨਿਰਬਾਣ। ਨਹੀ ਪੀਵਣ ਨਹੀ ਤਹ ਖਾਣ। ਦੁਤੀਆ ਜੁਗਤਿ ਅਭੈ ਸੰਗਿ ਬਨੀ। ਨਾਮ ਪ੍ਰਸਾਦਿ ਪਿੰਡੁ ਨਹਿ ਛਨੀ। ਤੀਜੀ ਜੁਗਤਿ ਜਤਨ ਕਰਿ ਧਾਰੀ। ਬਾਲ ਬ੍ਰਿਧ ਸਮਦ੍ਰਿਸਟਿ ਉਚਾਰੀ। ਚਉਥੀ ਜੁਗਤਿ ਦਇਆ ਮਨਿ ਆਈ। ਚਹੁ ਜੁਗਤੀ ਕੀ

ਤਬ ਮਿਤਿ ਪਾਈ। ਕਾਂਇਆ ਨਗਰੀ ਕਾ ਮਾਰਗੁ ਜਿਨ ਪਾਇਆ। ਚਹੁ ਜੁਗਤੀ ਕਾ ਨਾਮ ਬਤਾਇਆ। ਅਗਮੁ ਨਗਰੀ ਬਿਖਮੁ ਦਰੀਆਉ। ਨਾਨਕ ਹਡ ਚੰਮ ਕਾ ਕੀਆ ਬਨਾਉ ॥ ੨੨ ॥

ਪਹਿਲੀ ਮਾਹਿ ਨਿਰਮਲੁ ਨੀਰੁ। ਦੂਜੀ ਮਹਿ ਲੈ ਕੀਆ ਖੰਬੀਰੁ। ਤੀਜੀ ਮਹਿ ਲੇ ਥਾਨ ਥਨੇਲਾ। ਚਉਥੀ ਮਹਿ ਸਚ ਦੀਏ ਬੋਲਾ। ਪੰਜਵੀਂ ਮੇਲੈ ਫੀਟ ਫੁਟੀ। ਛਟਵੀਂ ਮਹਿ ਇਹੁ ਦੇਹੁ ਪਲਟੀ। ਸਪਤਵੀਂ ਮਹਿ ਅਠਸਠਿ ਰਾਖੇ ਨਾਂਵੀ ਮਹਿ ਲੇਨ. ਉਦਰ ਭਾਖੇਨਉ ਨਾੜੀ ਬਹਤਰਿ ਕੋਠੜੀਆਂ ਨਉ ਖੰਡ ਚਾਰਿ ਕੁੰਡ। ਚਉਦਹ ਪੁਰੀਆ ਇਕੀਸ ਬ੍ਰਹਮੰਡ ਧਰਤੀ ਆਕਾਸੁ। ਬੰਧਨ ਸਭ ਜੀ ਕਾ ਪਿੰਡ ਬ੍ਰਹਮੰਡ ਧਰਤੀ ਆਕਾਸ। ਮਿਰਤ ਮੰਡਲ ਪ੍ਰਗਟੇ ਲੇ ਸਾਸ। ਦਸਵੇ ਮਹਿ ਕੀਆ ਪ੍ਰਗਾਸੁ। ਬਿਸਮੁ ਭਇਆ ਦੇਖਿ ਨਾਨਕ ਦਾਸ॥ ੨੩ ॥ ਮਾਨਸ ਦੇਹੁ ਕਰਿ ਕੀਆ ਖੰਡੁ। ਨਉ ਨਾੜੀ ਬਹਤਰਿ ਬੰਧੁ। ਜੈਸੇ ਦੂਧ ਮਹਿ ਜਾਵਨੁ ਦੀਜੈ ਰਕਤੁ ਬਿੰਦੁ ਗੁਰ ਸਬਦਿਆ ਲੀਜੈ। ਪਹਿਲੀ ਮਹਿ ਨਿਰਮਲੁ ਨੀਰ। ਦੂਜੀ ਮਹਿ ਉਤਪਨਿ ਮਥੀਥੁ। ਤੀਜੀ ਮਹਿ ਰਕਤੁ ਕਾ ਗੇਲਾ। ਚਉਥੀ ਮਹਿ ਜੋਤਿ ਬਟੋਲਾ ਪੰਜਵੀਂ ਮਹਿ ਸਗਲ ਸਰੀਰਾ ਛਠਵੀਂ ਮਹਿ ਸੰਪੂਰਨ ਮਥੀਰਾ। ਸਪਤਮੀ ਮਹਿ ਧਾਤੁ ਲੈ ਸੰਚਿਆ ਜੀਉ। ਅਸਟਵੀਂ ਮਹਿ ਨਖ ਸਿਖ ਸਾਜਿਰੀਉ। ਅੰਗੁਲਪਿੰਗੁਲ ਨਕ ਸਧ ਮੁਖਿ ਨਾਕ। ਨਾਂਵੀ ਮਹਿ ਹੋਵੈ ਤਨੁ ਪਾਕੁ। ਦਸਵੀਂ ਮਹਿ ਜੋ ਹੋਆ ਮੁਕਤਾ। ਨਾਨਕ ਊਂਧ ਕਵਲ ਮਹਿ ਹਰਿ ਹਰਿ ਜਪਤਾ॥੨੪॥ਇੰਗੁਲਾ ਪਿੰਗੁਲਾ ਸੁਖਮਨਾ ਨਉ ਦੁਆਰੇ। ਚਾਰਿ ਚਉਦਹ ਇਕੀਸ ਭੰਡਾਰੇ। ਦਸਵੈ ਮਾਸਿ ਦਸ ਦੁਆਰਿ ਮੁਕਤਾ। ਉਰਧਿ ਮੁਖਿ ਆਵਤੁ ਉਰਧਿ ਮੁਖਿ ਜਾਤਾ। ਨੇਤ੍ਰ ਰਸਨਾ ਕਰ ਕੀਏ ਪਾਉ। ਕਰਿਬੇ ਬਚਨ ਹਰਿ ਭਗਤਿ ਕਮਾਉ। ਜਬ ਲਗ ਭਗਤਿ ਕਰੈ ਤਬ ਛੂਟੈ। ਨਹੀ ਗਰਭ ਅਗਨਿ ਮਹਿ ਕਾਚੈ ਫੂਟੈ। ਜਬ ਪਾਕੇ ਤਬ ਭਗਤਿ ਕਮਾਵੈ। ਨਹੀ ਫੂਟਿ ਜਾਇ ਕਾਚੀ ਹੀ ਆਵੈ। ਦਸਵੇ ਮਾਸ ਆਇ ਬਹੁਤ ਡੀਠਾ। ਨਾਨਕ ਹਰਿ ਬਿਸਾਰਿਆ ਬਨੁ ਲਾਗਾ ਮੀਠਾ ॥ ੨੫॥ ਤ੍ਰੈ ਸੈ ਸਾਠਿ ਕਰੀ ਹਡਵਾਰੀ। ਅਨੀਲ ਸੰਖ ਕਰੀ ਰੂਮਾਰੀ। ਸਭਾ ਘੜਾ ਰਤਨ ਕਾ ਕੀਆ। ਇਹੁ ਠਾਕੁਰ ਦੇਹੁ ਧਰੀਆ। ਏਕ ਹਾਥ ਮਹਿ ਸਭ ਪਰਕਾਰਾ। ਜੋ ਚੀਨੈ ਸੋ ਪਾਵੈ ਪਾਰਾ। ਹਾਥ

ਊਪਰਿ ਰਸਨਾ ਨਾਮੁ ਸਮਾਲੇ। ਦੁਇ ਦਰਵਾਨ ਜਬ ਤਾਲੀ ਖੋਲਹਿ। ਤਉ ਬੈਨੀ ਅਪੁਨੇ ਰਸਿ ਰਸਿ ਬੋਲਹਿ। ਰਕਤ ਬਿੰਦੁ ਕਾ ਦੇਹੁ ਉਪਾਇਆ। ਨਾਨਕ ਅਚਰਜੁ ਰੂਪੁ ਦਿਖਾਇਆ ॥ ੨੬ ॥ ਕਰਿ ਕਲਬੂਤ ਵਿਚਿ ਜੀਉ ਸਮਾਇਆ । ਕਉਲ ਬਚਨ ਦੇ ਭੀਤਰਿ ਆਇਆ। ਅੰਤਰੁ ਦੇਖਿ ਖਰਾ ਲੋਭਾਨਾ। ਕਉਲੁ ਦੇਨ ਕਉ ਪਛੋਤਾਨਾ। ਅਬ ਪਛੁਤਾਨੇ ਕਿਆ ਹੋਤਾ ਮੀਤਾ। ਜਬ ਹਰਿ ਸਿਉ ਬੋਲ ਬਚਨੁ ਹੈ ਕੀਤਾ। ਦੇਖਿ ਅੰਧੇਰੁ ਬਹੁਤੁ ਓਹੁ ਡਰਿਆ । ਤਬ ਹਰਿ ਸਿਉ ਬੋਲੁ ਬਚਨੁ ਹੈ ਕਰਿਆ॥ਇਸ ਨਗਰੀ ਮਹਿ ਹਾਟ ਬਜਾਰਾ॥ ਊਹਾਂ ਮਨ ਜਾਇ ਕੀਆ ਪਸਾਰਾ॥ ਛੋਡ ਪਸਾਰ ਮੀਤ ਉਠ ਚਾਲੁ। ਅਪੁਨਾ ਬੋਲੁ ਬਚਨੁ ਸਮਾਲੁ। ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ। ਨਾਨਕ ਪ੍ਰਭ ਸਿਉ ਬਚਨੁ ਨ ਹਾਰਿਆ ॥੨੭॥ਅਠਾਰਹ ਕੂੰਕਰ ਕਰਿ ਪਿੰਜਰੁ ਕਰਿਆ। ਦੁਇ ਲਟੂ ਲੇ ਊਪਰਿ ਧਰਿਆ॥ ਸੂਤ ਚਉਕਾਠਿ ਧਰੀ ਦੋਇ ਗੁਵਾਜਾ । ਹਿਕਮਤ ਸਾਜਿ ਕੀਆ ਦਰਵਾਜਾ । ਦਰਵਾਜੇ ਸਿਪਰਿ ਕਰੀ ਦੁਇ ਬਾਰੀ । ਇਨ ਮਹਿ ਕੇਤੇ ਮਰਦ ਕੇਤੀਆ ਹਹਿ ਨਾਰੀ। ਏਕ ਨਾਰਿ ਬਤੀਸ ਹਹਿ ਮਰਦਾ। ਓਨਿ ਨਾਰਿ ਸਿਉ ਭੇਦ ਨ ਪਰਦਾ। ਉਨ ਕੀ ਰਖਵਾਰੀ ਹੋਈ ਉਹ ਨਾਰਿ। ਜਬ ਓਹੁ ਭਾਗਹਿ ਉਹੁ ਦੇਇ ਬਿਗਾਰਿ। ਉਨ ਨਾਰਿ ਬਿਗਰੈ ਭਾਗਹਿ ਦੋਇ ਬੈਰੀ। ਨਾਨਕ ਦੁਹ ਅਵਰ ਮਰਦਾ ਕਉ ਹੋਇ ਖੁਆਰੀ॥ ੨੮॥ ਦਰਵਾਜੇ ਕੀ ਤਾਲੀ ਦੋਇ। ਦੁਹੁ ਬਾਰੀ ਊਪਰਿ ਦੁਇ ਰਤਨ ਪਰੋਇ। ਉਨ ਰਤਨਾ ਕੀ ਜੋਤਿ ਸਭ ਰਚਨਾ ਦੀਸੈ। ਗੁਹਜ ਜੋਤਿ ਨਹੀ ਪ੍ਰਗਟ ਕੀਸੈ। ਦੁਇ ਸ੍ਰਵਨ ਕੀਏ ਹਰਿ ਕਥਾ ਸੁਨਨ ਕਉ।ਨੇਤ੍ਰ ਕੀਏ ਦਰਸਨੁ ਪੇਖਨ ਕਉ। ਨਾਸਕਾ ਕੀਆ ਮੁਸਕੁ ਲੇਨ ਕਉ। ਮਨੁ ਕੀਆ ਹਰਿ ਭਗਤਿ ਦੇਨ ਕਉ। ਮਸਤਕੁ ਕੀਆ ਸਾਧ ਨਿਵਨ ਕਉ। ਪਿੰਜਰੁ ਕੀਆ ਸਭ ਰਸੁ ਪੀਵਨ ਕਉ । ਪ੍ਰਾਨ ਪਿੰਡ ਕਾ ਕੀਆ ਮਥੰਤੁ। ਨਾਨਕ ਕੋਟ ਮਧੇ ਕੋ ਬੂਝੈ ਸੰਤੁ ॥੨੯॥ ਧੁਨ ਕੇ ਬੀਚ ਧਰੀ ਸਭ ਧਰਨਾ। ਹੀਏ ਬੀਚ ਰਖਿਆ ਹੈ ਫੁਰਨਾ । ਗਾਂਠੀ ਊਪਰਿ ਗਾਂਠੀ ਧਰੀ। ਹੋਇ ਨਿਰੰਭ ਪ੍ਰਭ ਮਿਹਨਤ ਕਰੀ। ਗਲ ਵਿਚਿ ਅਗਤ ਨਾੜਿ ਬਨਾਈ। ਅਪੁਨੈ ਅਪੁਨੈ ਠਉਰ ਰਖਾਈ। ਨਉ ਸੈ ਨਾੜਿ ਪਿੰਜਰ ਕੀ ਕਰੀ। ਕੋਟ ਮਧੇ ਕਿਸੇ ਸੋਝੀ ਪਰੀ। ਜਿਸੁ ਕਿਰਪਾ ਕਿਸੁ ਹੀ ਕਿਛੁ ਜਾਨਾ। ਨਾਨਕ ਪ੍ਰਾਨ ਨਗਰ ਦੇਖਿ

ਰਹਿਆ ਹੈ ਰਾਨਾ ॥ ੩੦ ॥

ਦਰਵਾਜੇ ਕੇ ਦੁਇ ਬੁਰਜ ਸਵਾਰੇ। ਹਿਕਮਤਿ ਕਰ ਉਸਤਾਦਿ ਸਵਾਰੇ। ਕਰਿ ਹਿਕਮਤਿ ਇਹ ਕਲਾ ਬਨਾਈ। ਡਓਲੇ ਤਲੈ ਲੇ ਧਰੀ ਕਲਾਈ। ਨਾਟ ਕੇ ਬੇਨੀ ਕੋਹਨ ਸਵਾਰੀ॥ਅਨੰਤ ਕੂਚ ਕੀਆ ਹਹਿ ਨਾਰੀ॥ ਨਉ ਨਾਰੀ ਕਾ ਕੋਈ ਮਤੁ ਜਾਨੈ। ਭੁਜਾ ਭੁਜਾ ਸਭ ਕੋਇ ਬਖਾਨੈ। ਪੰਚ ਨਾਮ ਭੁਜਾ ਕੇ ਕੀਨੇ॥ਜੜਾਉਕੀਆ ਚਉਦਹ ਦੂਨੇ। ਚਉਦਹ ਦੂਨੇ ਗੰਠੀ ਪਾਈ॥ ਦੁਇ ਮਰਦ ਦਸ ਨਾਰਿ ਉਪਾਈ ਅਠਤੀ ਪਉੜੀ ਕਾ ਕੀਆ ਬਨਾਉ। ਦਸ ਨਾਰਿ ਮਰਦ ਕਾ ਏਕੋ ਨਾਉ॥ ਆਪਿ ਜੀਵਤੁ ਮੁਖੁ ਜਾਕਾ ਮੂਆ। ਏਹੁ ਅਚਰਜੁ ਖੇਲੁ ਪ੍ਰਭ ਤੁਮਤੇ ਹੂਆ। ਬਹੁਤੁ ਬਿਸਥਾਰ ਕਹੀਅਤ ਹੈ ਏਕੋ। ਨਾਨਕ ਦੇਖਹੁ ਏਹੁ ਬਿਬੇਕੇ ॥ ੩੧ ॥ ਦੋਇ ਚਸਮ ਪਾਨੀ ਕੇ ਕਰੇ। ਪਾਨੀ ਸਾਥਿ ਸੰਪੂਰਨੁ ਭਰੇ। ਪਾਨੀ ਕੀ ਮਟਕੀ ਕਰਿ ਧਰੀ॥ਜੈਸੇ ਸੀਸੀ ਪਾਨੀ ਭਰੀ॥ ਸੀਸੀ ਕਉ ਜਬ ਠਨਕਾ ਆਵੈ॥ ਤਬ ਪਾਨੀ ਬੀਚਉ ਬਿਨਸਿ ਸਮਾਵੈ। ਪਾਨੀ ਬੀਚ ਲੇ ਜੋਤਿ ਬਨਾਈ। ਕੁਦਰਤਿ ਕਰਿ ਵਿਚਿ ਧੀਗੀ ਪਾਈ। ਧੀਗੀ ਬੀਚਿ ਜੋਤਿ ਸਭ ਧਰੀ। ਚਸ਼ਮ ਬੀਚ ਪ੍ਰਭ ਕੁਦਰਤ ਕਰੀ। ਰੰਗ ਰੰਗ ਕੇ ਦਸਤੇ ਪਾਏ। ਸਿਆਹ ਸੁਪੇਦ ਰੰਗ ਸੁਰਖਾਏ। ਭਉਹਾ ਸੇਲੀ ਸੂਤਿ ਬਨਾਈ। ਨਾਨਕ ਪਾਨੀ ਕੀ ਕਲਾ ਜਨਾਈ ॥੩੨॥ ਕਹਹਿ ਕਾਨ ਕੀ ਕਿਆ ਮਿਰਜਾਦਾ। ਕੋਪਰ ਪੁਟਪੁਟੀ ਤੂ ਅੰਦਾਜਾ। ਤੀਨੋ ਕਾ ਏਕੋ ਈ ਬਾਸਾ॥ ਪ੍ਰਭ ਅਬਿਨਾਸੀ ਕੀਆ ਤਮਾਸਾ। ਕਿਆ ਕਹੀਐ ਕਿਛੁ ਅੰਤ ਨ ਪਾਇਆ। ਅਚਰਜ ਕਰਿ ਪ੍ਰਭ ਰਚਨ ਰਚਾਇਆ। ਗਲ ਤੇ ਊਪਰਿ ਏਹੁ ਪਸਾਰਾ। ਆਖਿ ਨਾਕੁ ਮੁਖੁ ਕਾਨ ਸਵਾਰਾ। ਠੋਡੀ ਕੀਨੀ ਹੜਬ ਬਨਾਈ। ਨਾਨਕ ਕਿਆ ਕਥੀਐ ਕਛੁ ਕਥਿਆ ਨਾ ਜਾਈ॥ ੩੩॥ਕੋਪਰ ਕੀਆ ਦੇਹੀ ਕਾ ਛਤੁ। ਅਵਰ ਹਾਡ ਚਾਮ ਰਤੁ ਪਿਤੁ॥ਕੋਪਰ ਊਪਰਿ ਅਗਨਤ ਬਿਆਲ। ਕਵਨ ਖਾਨ ਕਵਨ ਕਹੀਅਹ ਸਾਲ॥ ਸਾਲੁ ਅਢਾਈ ਵਾਲ ਕਹਾਵਹਿ॥ ਉਨ ਬਾਲਹਿ ਕੋਈ ਬਿਰਲੇ ਪਾਵਹਿ॥ਜਬ ਓਇ ਭੀਗਹਿ ਤਬ ਹੋਵਹਿ ਪਾਕ। ਜਬ ਓਇ ਕੋਰੇ ਤਬ ਸਦਾ ਨਪਾਕ। ਹਿੰਦੂ ਮੁਸਲਮਾਨ ਨ ਜ਼ਾਨੈ। ਓਇ ਲੈ ਰਾਖੇ ਗੁਹਜੈ ਥਾਨੈ। ਅਗਨਤ ਬਿਆਲ ਕੋਪਰੀ ਕੇ ਭਾਈ। ਨਾਨਕ ਇਹ ਮਿਹਨਤਿ ਆਪਿ ਉਪਾਈ ॥੩੪॥ ਨਾਸਕਾ ਕਛ ਇੰਦ੍ਰੀ ਕੇ ਮੂਆ। ਹਰਾਮ ਓਇ

ਵਿਚਿ ਸਗਲੇ ਲੂਆ। ਅਉਰ ਲੂਆ ਸਗਲੇ ਹਹਿ ਲੇਖੈ। ਉਨ ਲੂਅਨ ਕੋਈ ਵਿਰਲਾ ਦੇਖੈ। ਤੀਨ ਬਾਲ ਸਦਾਹੀ ਭਰਮ। ਬਾਲ ਅਢਾਈ ਸਦਾ ਅਕਰਮ। ਲਵ ਲੂਵਕ ਕਾ ਕਰੈ ਬੀਚਾਰੁ। ਓਆ ਕਉ ਸਦਾ ਸਦਾ ਨਮਸਕਾਰ। ਰੋਮ ਰੋਮ ਕੀ ਆਖਿ ਸੁਨਾਵੈ। ਨਾਨਕ ਓਆ ਕਾ ਦਾਸੁ ਕਹਾਵੈ॥ ੩੫॥ ਨਾਭ ਤਲੈ ਨਲ ਕੀਆ ਬਨਾਇ। ਤਿਨ ਮਹਿ ਕਾਮ ਰਹਿਆ ਘਰ ਛਾਇ। ਕਾਮ ਦੁਆਰ ਇੰਦ੍ਰੀ ਹੈ ਕੀਨੀ। ਉਨਿ ਬੂੰਦ ਬੰਦ ਕੀ ਰਸ ਹਰਿ ਲੀਨੀ। ਇੰਦ੍ਰੀ ਜੀਤੈ ਸੋ ਸਾਧੂ ਕਹਾਵੈ॥ ਇੰਦ੍ਰੀ ਜੀਤੇ ਸੋ ਪਰਮਪਦੁ ਪਾਵੈ। ਕਾਮ ਪਦਾਰਥ ਇੰਦ੍ਰੀ ਮਹਿ ਧਰਿਆ। ਜਿਨਿ ਚੀਨਿਆ ਤਿਸ ਕਉ ਹਥਿ ਚੜਿਆ। ਜਿਨਿ ਖੋਲਿਆ ਤਿਨਿ ਰਤਨੁ ਗਵਾਇਆ। ਨਾਨਕ ਇੰਦ੍ਰੀ ਸੁਵਾਦ ਜੋਨਿ ਭਰਮਾਇਆ॥ ੩੬॥ ਗੋਡੇ ਤਲੇ ਸਥਲ ਹੈ ਕੀਨੀ। ਗੋਡੇ ਉਪਰਿ ਚਪਨਕ ਦੀਨੀ। ਚਪਨਕ ਤਲੈ ਆਖਿ ਦੋਇ ਕਰੀ। ਨਾਰੀ ਸੂਤਿ ਮਿਹਨਤਿ ਕਰਿ ਧਰੀ। ਸਥਲ ਕੇ ਲੇ ਤਲੈ ਬਨਾਈ। ਦੁਹ ਨਾਰੀ ਕੀ ਨੀਉ ਬੰਧਾਈ। ਦੁਇ ਨਾਰੀ ਸਥਲ ਤੇ ਤਲੈ। ਤਿਨਿ ਪ੍ਰਸਾਦਿ ਪ੍ਰਾਨੀ ਸੁਖਿ ਚਲੈ। ਸਥਲ ਤਲੈ ਪਿਲਾਲੇ ਦੀਨੀ। ਨਾਨਕ ਐਸੀ ਪੁਤਲੀ ਕੀਨੀ॥ ੩੭॥ ਪਲਕਾ ਕਹਿ ਬੀਚਾਰ ਸੁਨਾਵੈ। ਬੰਦ ਬੰਦ ਕੀ ਖਬਰਿ ਬਤਾਵੈ। ਏਕ ਨਾਲੀ ਦੁਇ ਗਿਟੇ ਕਰੇ। ਨਾਰੀ ਕੈ ਕੂਚ ਤਲੈ ਲੇ ਧਰੇ। ਪਗ ਕੈ ਤਲੈ ਤਲੀ ਹੈ ਕੀਨੀ। ਤਲੀ ਹੈ ਵਾਟਿ ਚਲਨ ਕਉ ਦੀਨੀ। ਪਗ ਕੈ ਆਗੈ ਅੰਗੁਲਿ ਸਵਾਰੀ। ਬਾਰਹ ਮਰਦ ਅਠ ਹੈ ਨਾਰੀ। ਦੁਹ ਮਰਦਾ ਕੇ ਮਰਦ ਹਹਿ ਦੋਇ। ਕੋਈ ਬਤਾਵੈ ਬਿਰਲਾ ਓਇ। ਆਪਿ ਜੀਵਤ ਮੁਖ ਮੂਏ ਹਹਿ ਉਨਕੇ। ਨਾਨਕ ਕੋਈ ਨਾਉ ਬਤਾਵੈ ਤਿਨ ਕੇ॥ ੩੮॥ ਬਿੰਦੁ ਬਿੰਦੁ ਸਭ ਕੋਈ ਕਹੈ। ਮਹਾਂ ਬਿੰਦੁ ਕੋਈ ਬਿਰਲਾ ਲਹੈ। ਮਹਾਂ ਬਿੰਦੁ ਮਹਿ ਲਾਲੁ ਬਨਾਇਆ। ਜਿਨਿ ਚੀਨਾ ਤਿਨਹੀ ਜਨਿ ਪਾਇਆ। ਤਤੁ ਬਿੰਦੁ ਕੀ ਕਿਉਂ ਮਿਤਿ ਆਵੈ। ਜਬ ਬੰਧੈ ਤਬ ਹੀ ਮਿਤਿ ਪਾਵੈ। ਬਿੰਦੁ ਭਰੋਸੇ ਇੰਦ੍ਰੀ ਕਸੀ। ਰਾਂਡੀ ਕੈ ਡਰਿ ਬਨ ਮਹਿ ਬਸੀ। ਨੇਤ੍ਰ ਨ ਸੋਵਹਿ ਬਿੰਦੁ ਗਿਰਨ ਤੇ। ਮਨੁ ਬਾਂਧੈ ਚਉਕੁੰਟ ਫਿਰਨ ਤੇ। ਦਹਦਿਸ ਧਾਵਤੁ ਇਹੁ ਮਨੁ ਬਾਧਾ। ਨਾਨਕ ਮਹਾਂ ਰਤਨੁ ਬਿੰਦੁ ਤੇ ਲਾਧਾ॥ ੩੯॥ ਬਾਂਧੀ ਬਿੰਦੁ ਰਤਨੁ ਜਬ ਪਾਇਆ। ਬਿੰਦੁ ਬਾਂਧੀ ਜਬ ਮਨੁ ਠਹਰਾਇਆ। ਬਿੰਦੁ ਬਾਧੀ ਜਬ ਜੋਤਿ ਪ੍ਰਗਾਸੀ। ਬਿੰਦ ਬਾਧੀ

ਜਬ ਮਿਲਿਆ ਅਬਿਨਾਸੀ। ਬਿੰਦ ਬਾਧੀ ਤਬ ਪਿੰਡ ਥਿਰੁ ਪਾਇਆ । ਬਿੰਦੁ ਬਾਧੀ ਜਬ ਅਮਰੁ ਠਹਰਾਇਆ। ਬਿੰਦੂ ਬਾਧੀ ਜਬ ਆਪਿ ਆਪ ਜਾਨਾ। ਬਿੰਦੂ ਬਾਧੀ ਜਬ ਤਤੁ ਪ੍ਰਗਟਾਨਾ। ਬਿੰਦ ਬਾਧੀ ਜਬ ਬ੍ਰਹਮ ਕਉ ਰਲਿਆ । ਨਾਨਕ ਬਿੰਦੁ ਬਾਧੀ ਫਿਰਿ ਗਰਭ ਨ ਗਲਿਆ ॥ ੪੦ ॥ ਬਿੰਦੂ ਬਾਧੀ ਤਬ ਰਹਤ ਸਭ ਜਾਨੀ। ਬਿੰਦੁ ਬਾਧੀ ਤਬਿ ਜੋਤਿ ਪ੍ਰਗਟਾਨੀ। ਬਿੰਦੁ ਬਾਧੀ ਤਬ ਬਿਖਮ ਗੜ੍ਹ ਸਾਧਾ। ਬਿੰਦ ਬਾਧੀ ਤਬ ਅਭੈ ਪਦੁ ਲਾਧਾ।ਬਿੰਦੁ ਬਾਧੀ ਤਬ ਉਪਮਾ ਤਿਆਗੀ। ਬਿੰਦੂ ਬਾਧੀ ਤਬ ਅਗਮ ਧੁਨਿ ਲਾਗੀ । ਬਿੰਦੂ ਬਾਧੀ ਤਬ ਜੋਗ ਮਿਤਿ ਪਾਈ। ਬਿੰਦੁ ਬਾਧੀ ਤਬ ਸਿਵ ਜੁਗਤਿ ਆਈ। ਬਿੰਦੂ ਬਾਧੀ ਤੇ ਖਿਮਾ ਮਨਿ ਆਵੈ। ਬਿੰਦੁ ਬਾਧੀ ਤੇ ਰਤਨ ਮਿਤਿ ਪਾਵੈ । ਬਿੰਦੂ ਬਾਧੀ ਤਬ ਕਾਇਆ ਬੀਚਾਰੀ । ਨਾਨਕ ਕੋਟ ਮਧੇ ਕੋਈ ਰਤਨ ਬਿਉਹਾਰੀ॥੪੧॥ ਰਤਨ ਕੀ ਸਾਰ ਕੋਈ ਅਉਰੁ ਨਾ ਜਾਨੈ। ਰਤਨ ਕੀ ਜੋਤਿ ਕੋਈ ਜਉਹਰੀ ਪਛਾਨੈ । ਰਤਨ ਜੋਤਿ ਕਉ ਕੋਈ ਜਉਹਰੀ ਪਾਵੈ। ਰਤਨ ਕੀ ਜੋਤਿ ਮਿਤਿ ਆਖਿ ਸੁਨਾਵੈ। ਰਤਨਾ ਕਾ ਪਾਰਖੂ ਰਤਨ ਕਉ ਪਾਵੈ । ਬਿਨ ਜਉਹਰੀ ਨ ਪਰਖਿਆ ਜਾਵੈ । ਰਤਨ ਕੈ ਪਾਰਖੂ ਰਤਨੁ ਮਨਿ ਜਰਿਆ। ਰਤਨਾ ਕੈ ਪਾਰਖੂ ਰਤਨੁ ਹਥਿ ਚੜਿਆ । ਰਤਨ ਕੈ ਪਾਰਖੂ ਰਤਨੁ ਮੋਲਿ ਲੀਆ । ਨਾਨਕ ਰਤਨਾ ਕੈ ਪਾਰਖੂ ਰਤਨੁ ਬਸਿ ਕੀਆ ॥ ੪੨ ॥ ਜਬ ਰਤਨੁ ਹਥਿ ਚੜਿਆ ਤਬ ਜੋਤਿ ਪਸਾਰੀ । ਜਬ ਰਤਨ ਹਥਿ ਚੜਿਆ ਤਬ ਲਾਗੀ ਧੁਨ ਤਾਰੀ । ਜਬ ਰਤਨੁ ਹਥਿ ਚੜਿਆ ਤਬ ਸੁੰਨਿ ਸਮਾਇਆ। ਜਬ ਰਤਨੁ ਹਥਿ ਚੜਿਆ ਤਬ ਅਗਮੁ ਦ੍ਰਿਸਟਾਇਆ। ਜਬ ਰਤਨੁ ਹਥਿ ਚੜਿਆ ਤਬ ਬਿਮਲ ਜੁਗਤਿ ਪਾਈ । ਜਬ ਰਤਨੁ ਹਥਿ ਚੜਿਆ ਤਬ ਭਈ ਸੀਤਲਾਈ। ਜਬ ਰਤਨੁ ਹਥਿ ਚੜਿਆ ਤਬ ਸਭ ਮਿਤਿ ਜਾਨੀ। ਜਬ ਰਤਨੁ ਹਥਿ ਚੜਿਆ ਤਬ ਭਏ ਮਨੁ ਧਿਆਨੀ॥ ਸੁੰਨਿ ਸਮਾਧਿ ਕਾ ਪਾਇਆ ਜਿਨ ਰੂਪੁ। ਨਾਨਕ ਤਿਸ ਹਥਿ ਚੜਿਆ ਰਤਨੁ ਅਨੂਪੁ ॥੪੩॥ਜਿਨਿ ਬਿੰਦੁ ਖੋਈ ਤਿਨਿ ਰਤਨੁ ਗਵਾਇਆ । ਜਿਨਿ ਬਿੰਦੁ ਖੋਈ ਸੋ ਗਰਭ ਮਹਿ ਆਇਆ। ਜਿਨਿ ਬਿੰਦੁ ਖੋਈ ਸੋ ਫਿਰੈ ਉਦਾਸੀ॥ ਜਿਨਿ ਬਿੰਦੁ ਖੋਈ ਸੋ ਪਰੈ ਜਮ ਫਾਸੀ॥ਜਿਨਿ ਬਿੰਦੁ ਖੋਈ ਤਿਸੁ ਪਿੰਡ ਭਰ ਪਾਈ। ਜਿਸੁ ਬਿੰਦੁ ਖੋਈ ਤਿਸੁ ਕਾਲ

ਸੰਤਾਈ। ਜਿਨਿ ਬਿੰਦੁ ਖ਼ੋਈ ਤਿਨਿ ਸਭ ਕਿਛੁ ਗਵਾਇਆ। ਜਿਨਿ ਬਿੰਦੁ ਖੋਈ ਤਿਨਿ ਮਹਾਂ ਦੁਖੁ ਪਾਇਆ। ਜਿਨਿ ਬਿੰਦੁ ਖੋਈ ਤਿਸ ਕਉ ਖਰੀ ਭਾਰੀ। ਜਿਨਿ ਬਿੰਦੁ ਖੋਈ ਤਿਸੁ ਕਰੈ ਜਮੁ ਖੁਆਰੀ। ਜਿਨਿ ਬਿੰਦੁ ਖੋਈ ਤਿਸੁ ਅੰਤਿ ਦੁਖੁ ਹੋਸੀ। ਨਾਨਕ ਜਿਨਿ ਬਿੰਦੁ ਖੋਈ ਸੋ ਅੰਤ ਕਉ ਰੋਸੀ ॥ ੪੪ ॥ ਜਿਨਿ ਬਿੰਦੁ ਖੋਈ ਸੋ ਜਨਮ ਫਿਰਿ ਆਵੈ। ਜਿਨਿ ਬਿੰਦੁ ਖੋਈ ਸੋ ਸਦਾ ਦੁਖੁ ਪਾਵੈ। ਜਿਨਿ ਬਿੰਦੁ ਖੋਈ ਤਿਸੁ ਨਰਕੁ ਘਰੁ ਬਾਂਧਾ। ਜਿਨਿ ਬਿੰਦੁ ਖੋਈ ਤਿਨਿ ਮਹਾ ਦੁਖੁ ਲਾਧਾ। ਜਿਨੁ ਬਿੰਦੁ ਖੋਈ ਸੋ ਗਰਭ ਮਹਿ ਗਲੈ। ਜਿਨਿ ਬਿੰਦੁ ਖੋਈ ਸੋ ਅਗਨਿ ਜਿਉ ਜਲੈ। ਬਿੰਦੁ ਖੋਈ ਕਾ ਏਹੀ ਬੀਚਾਰੁ। ਨਾਨਕ ਬਿੰਦੁ ਖੋਈ ਫਿਰਿ ਫਿਰਿ ਅਵਤਾਰੁ ॥ ੪੫ ॥ ਜਿਨ ਬਿੰਦੁ ਨਹੀ ਸਾਧੀ ਪਰ ਤ੍ਰਿਆ ਜੋਹਹਿ। ਜਿਨਿ ਬਿੰਦੁ ਨਹੀ ਸਾਧੀ ਸੇ ਅੰਤਿ ਬਹਿ ਰੋਵਹਿ। ਜਿਨਿ ਬਿੰਦੁ ਨਹੀ ਸਾਧੀ ਸੇ ਧਰਮਿ ਨ ਧਾਵਹਿ। ਜਿਨਿ ਬਿੰਦੁ ਨਹੀ ਸਾਧੀ ਸੇ ਅੰਤਿ ਪਛੋਤਾਵਹਿ। ਜਿਨਿ ਬਿੰਦੁ ਨਹੀ ਸਾਧੀ ਸੇ ਸੁਆਨ ਜਿਉ ਜੂਠੇ। ਜਿਨਿ ਬਿੰਦੁ ਨਹੀ ਸਾਧੀ ਸੇ ਪਾਵਕ ਮਝ ਲੂਠੈ। ਜਿਨਿ ਬਿੰਦੁ ਨਹੀ ਸਾਧੀ ਸੇ ਫਿਰਹਿ ਮੂੰਹ ਕਾਲੇ। ਬਿੰਦੁ ਕੈ ਸਾਦਿ ਜੀਆ ਨਰਕ ਮਹਿ ਘਾਲੇ। ਬਿੰਦੁ ਕੈ ਸਾਦਿ ਹੋਇ ਰਹਿਆ ਦਿਵਾਨਾ। ਨਾਨਕ ਬਿੰਦੁ ਖੋਇ ਕੈ ਪਛੋਤਾਨਾ ॥ ੪੬ ॥ ਬਿੰਦੁ ਚੀਨੇ ਕਾ ਕੈਸਾ ਸੁਆਦ। ਬਿੰਦੁ ਚੀਨੇ ਪੇਖੈ ਬਿਸਮਾਦੁ। ਬਿੰਦੁ ਚੀਨੇ ਕੇ ਲਖਣ ਕਉਣੁ। ਬਿੰਦੁ ਚੀਨੇ ਸੂਝੈ ਸਭ ਭਵਣੁ। ਬਿੰਦੁ ਚੀਨੈ ਕਾ ਕਿਆ ਪਰਕਾਰੁ। ਬਿੰਦੁ ਚੀਨੈ ਤਰੈ ਸੰਸਾਰੁ। ਬਿੰਦੁ ਚੀਨੈ ਤਿਸੁ ਸਭੁ ਆਸਾਨੁ। ਬਿੰਦੁ ਚੀਨੈ ਸੋ ਰਹੈ ਨਿਰਬਾਨ। ਬਿੰਦੁ ਚੀਨੈ ਤਿਸੁ ਸਭ ਮਿਤਿ ਆਵੈ। ਬਿੰਦੁ ਚੀਨੈ ਤਿਸੁ ਰਤਨੁ ਪ੍ਰਗਟਾਵੈ। ਰਤਨੁ ਰਾਖਿਆ ਬਿੰਦੁ ਕੈ ਸਾਥਿ। ਨਾਨਕ ਜਿਨਿ ਬਿੰਦੁ ਚੀਨਿਆ ਤਿਸਿ ਚੜਿਆ ਹਾਥਿ ॥ ੪੭ ॥ ਬਿੰਦੁ ਕੀ ਇਹ ਮਿਤਿ ਸੁਨਹੁ ਰੇ ਭਾਈ। ਜਿਨਿ ਬਿੰਦ ਚੀਨਿਆ ਤਿਨ ਰਤਨ ਮਿਤਿ ਪਾਈ। ਬਿੰਦ ਕੀ ਜੋਤਿ ਮਾਥੇ ਮਹਿ ਆਵੈ। ਮਾਥੈ ਮਾਂਹਿ ਕ੍ਰਮਕ ਅਗਮਿ ਦਿਖਾਵੈ। ਅਚਰਜ ਕਉ ਚੀਨੈ ਅਚਰਜ ਜਬ ਹੋਇ। ਤਤ ਕਉ ਚੀਨੈ ਤਤ ਦਰਸੀ ਹੋਇ। ਬ੍ਰਹਮ ਕਉ ਚੀਨੈ ਬ੍ਰਹਮ ਹੀ ਹੋਇ। ਜੋਗ ਕਉ ਚੀਨੈ ਏਹੁ ਜੋਗੀ ਹੋਇ। ਬਿਸਨ ਕਉ ਚੀਨੈ ਬੈਸਨੋ ਹੋਇ। ਤਪ ਕਉ ਚੀਨੈ ਸੋ ਤਪਾ ਹੋਇ। ਏਤੇ ਤੱਤ ਕਉ ਜੇ ਕੋਈ ਬੂਝੈ। ਨਾਨਕ ਉਵਾ ਕੇ ਚਰਨ ਲਗਿ

ਸੀਝੈ ॥ ੪੮ ॥ ਪੰਚਿ ਦੁਸਟ ਆਇ ਅੰਤਰਿ ਬੈਠੇ। ਇਸਹਿ ਭੁਲਾਹਿ ਚਲਹਿ ਹੋਇ ਐਠੇ। ਅਪੁਨੇ ਅਪੁਨੇ ਮਾਰਗ ਚਲਤੇ। ਇਸਹਿ ਭੁਲਾਇ ਬਿਮਾਰਗਿ ਘਲਤੇ। ਨਾਭ ਕਵਲ ਤੇ ਓਅੰਕਾਰ ਉਠਾਈਐ। ਰਸਨਾ ਰਸਿਕਿ ਰਸਿਕਿ ਗੁਣ ਗਾਈਐ। ਗੁਨ ਗਾਵੈ ਕੈਸੇ ਫਲ ਪਾਵੈ। ਪੰਚਿ ਬਿਦਾਰੈ ਏਕ ਘਰਿ ਆਵੈ। ਅਮਰੁ ਏਕ ਕਾ ਨਗਰੁ ਫਿਰਾਇਆ। ਨਾਮ ਪ੍ਰਧਾਨ ਵਿਚ ਡੇਰਾ ਪਾਇਆ। ਹੋਇ ਏਕ ਦ੍ਰਿਸਟਿ ਸਭ ਹਾਟੈ। ਕਹੁ ਨਾਨਕ ਜਬ ਬ੍ਰਹਮ ਪਛਾਤੇ ॥ ੪੯ ॥ ਨਉ ਤਾਲੀ ਦੇ ਦਸਵਾਂ ਖੋਲਿਆ। ਤਬ ਇਸ ਗੜ ਮਹਿ ਏਕੋ ਟੋਲਿਆ। ਕਹਤ ਸੁਨਤ ਭਾਜਰਿ ਤਬ ਪਾਈ। ਤਬ ਆਗਿਆ ਸਚ ਸਬਦ ਕੀ ਆਈ। ਸਚੁ ਸਬਦੁ ਅੰਤਰਿ ਆਇ ਬਸਿਆ। ਸਭ ਦੁਸ਼ਟ ਲੋਕ ਨਗਰੀ ਤੇ ਨਸਿਆ। ਸਭ ਸਾਧ ਲੋਕ ਆਇ ਨਗਰਿ ਸਥਾਨੇ। ਨਾਨਕ ਪ੍ਰਭ ਕੈ ਨਾਮਿ ਸਮਾਨੇ ॥ ੫੦ ॥ ਨਾਭ ਉਪਜੈ ਹਿਰਦੇ ਮਹਿ ਆਵੈ। ਬੰਕ ਨਾਲ ਰਨਕਿ ਗੁਣ ਗਾਵੈ। ਨੇਤ੍ਰੀ ਧਿਆਨ ਤ੍ਰਿਕੁਟੀ ਮਹਿ ਪੇਖੈ। ਸਚੁ ਪਰਧਾਨੁ ਹੋਰੁ ਸਭੁ ਹੀ ਅਲੇਖੈ। ਸਚ ਸਿਉ ਕੋਈ ਵਿਰਲਾ ਜਨੁ ਰਾਚੈ। ਸੋਈ ਸੋਭਾ ਪਾਵੈ ਦਰਿ ਸਾਚੈ। ਸਾਚੁ ਸਬਦੁ ਜੇਕੋ ਬੀਚਾਰੈ। ਨਾਨਕ ਸੋਈ ਸਗਲ ਕਉ ਤਾਰੈ ॥ ੫੧ ॥ ਆਬ ਆਤਸ਼ਿ ਕਰਿ ਬੁਤੁ ਬਨਾਇਆ। ਪਉਨੁ ਬਚਨੁ ਦੇ ਭੀਤਰਿ ਪਾਇਆ। ਅੰਤਰੁ ਦੇਖਿ ਬਹੁਤ ਲਪਟਾਨਾ। ਬਾਹੁਰ ਦੇਖਨ ਕਉ ਪਛੋਤਾਨਾ। ਬਾਹਰ ਬਰਨ ਦੇਇ ਭੀਤਰਿ ਬਰਿਆ। ਸਰਪ ਕਉਲੁ ਨਿਕਮਨ ਕਾ ਕਰਿਆ। ਹਾਟ ਪਟਣ ਦੇਖਿ ਰਹਿਆ ਹੈਰਾਨੁ। ਨਾਨਕ ਏਹੁ ਗੜੁ ਝੂਠਾ ਨਿਦਾਨਿ ॥ ੫੨ ॥ ਓਆਹੂ ਠਾਕਰੁ ਮਹਿ ਸਭਿ ਕਿਛੁ ਆਨਿਆ। ਅਠਸਠ ਤੀਰਥ ਮਾਹਿ ਸਮਾਨਿਆ। ਭਾਰ ਅਠਾਰਹ ਭੀਤਰਿ ਧਾਰੇ। ਸਪਤ ਦੀਪ ਨਉ ਖੰਡ ਮਝਾਰੇ। ਚਉਦਹ ਭਾਰ ਕਰਿ ਕਲਾ ਬਨਾਈ। ਵਿਚਿ ਆਠ ਲਾਖ ਕੀ ਪਾਲ ਬੰਧਾਈ। ਛਿਅ ਦਰਸਨ ਕੀ ਮਾਲਾ ਪੋਈ। ਨਾਨਕ ਚੀਨੈ ਵਿਰਲਾ ਕੋਈ ॥ ੫੩ ॥ ਉਤਰ ਦਖਨ ਅੰਤਰਿ ਰਾਖੈ। ਪੂਰਬ ਪਛਮ ਬਿਸਮਹਿ ਭਾਖੈ। ਸਪਤ ਸਮੁੰਦ ਬੀਚਿ ਦਰੀਆਉ। ਵਿਚਿ ਚਲੈ ਜਹਾਜੁ ਪ੍ਰੇਮ ਕੀ ਵਾਉ। ਓ ਜਾਇ ਨਿਰੰਜਨ ਕੈ ਘਾਟਿ ਉਤਾਰੇ। ਕਰਿ ਵਾਪਾਰੁ ਸਾਹੁ ਘਰਿ ਆਏ। ਨਾਨਕ ਹਰਿ ਪ੍ਰਭ ਲੀਏ ਮਿਲਾਏ ॥ ੫੪ ॥ ਇਸ ਦੇਹੀ ਮਹਿ ਰੋਮ ਉਪਾਇਆ। ਰੋਮ ਰੋਮ ਕੀ ਸੋਝੀ

ਾਇਆ। ਨਉ ਦਰਵਾਜੇ ਕਹੀਅਨਿ ਭਾਈ। ਦਸਵੇ ਦੁਆਰ ਟਿਕਨ ਦੀ ਦਾਈ। ਬ ਪੁਟਪੀ ਕਬ ਫੁਰਨੈ ਆਵੈ। ਕਬ ਨਾਭ ਕਵਲ ਮਹਿ ਜਾਹਿ ਸਮਾਵੈ । ਕਬ ਨਿਰੰਕਾਰ ਕਾ ਮਹਲੁ ਪਛਾਣੈ। ਕਹੁ ਨਾਨਕ ਸੋਈ ਮਿਤ ਜਾਨੈ॥ ੫੫ ॥

ਫਟਕ ਧਾਤੁ ਕੇ ਨੇਤ੍ਰ ਬਨਾਏ। ਅਚਰਜੁ ਦੀਸੈ ਕਿਛੁ ਕਹਿਆ ਨ ਜਾਏ॥ ਹਤਰਿ ਕਰਿ ਮੂਰਖੁ ਬਨਾਇਆ॥ਦਸ ਧਾਰਨ ਕਾ ਰਕਤੁ ਬੰਧਾਇਆ॥ਅਗਨਤ ਾਲ ਬਿਚਿ ਸਹੀ ਅਢਾਈ। ਕੋਈ ਏਹ ਬਿਧਿ ਬੀਚਾਰਿ ਦੇਇ ਰੇ ਭਾਈ। ਬੀਸ ਾਗੀ ਬੀਸ ਹੈ ਮਰਦਾ। ਨਾਨਕ ਉਨ ਕਉ ਭੇਦ ਨ ਪਰਦਾ ॥ ੫੬ ॥ ਜਿਹਬਾ ਚਰਤੀ ਹਰਿ ਹਰਿ ਨਾਮੁ। ਨੇਤ੍ਰੀ ਲਾਗੈ ਸ਼ਹਜਿ ਧਿਆਨੁ। ਸ੍ਰਵਨੀ ਸੁਨੀਐ ਹਰਿ ਜਸੁ ਗੀਤਾ। ਹਿਰਦੈ ਅਘਾਇ ਜਬ ਹਰਿ ਰਸੁ ਪੀਤਾ। ਅਧਰ ਵਾਹ ਵਾਹ ਕਰਤੇ ਰੰਗੁ। ਮਸਤਕੁ ਨਿਵੈ ਦੇਖਿ ਸਭ ਸੰਗੁ॥ਕਰ ਸੇਵਾ ਕਰਨਿ ਸੁਨਿ ਹਰਿ ਜਸੁ ਬਾਨੀ॥ ਸਭ ਦੇਹੁ ਪਵਿਤੁ ਸੰਤ ਸੰਗਿ ਸਮਾਨੀ । ਪ੍ਰਾਨ ਪਿੰਡ ਕਾ ਏਹੀ ਉਧਾਰ। ਨਾਨਕ ਜੋ ਜਾਨੈ ਸੋ ਪਾਵੈ ਪਾਰੁ ॥ ੫੭ ॥ ਪੀਤੇ ਕਉ ਮਾਰੈ ਸੋਈ ਜਨੁ ਪੂਰਾ। ਇੰਦ੍ਰੀ ਕਉ ਜੀਤੈ ਸੋਈ ਜਨੁ ਸੂਰਾ। ਦ੍ਰਿਸਟਿ ਕਉ ਠਾਕਿ ਮਨ ਕਉ ਸਮਝਾਵੈ। ਕਾਮ ਕਉ ਸਾਧਿ ਜਾਇ ਮਹਿਲ ਸਮਾਵੈ। ਦੁਬਧਾ ਕਉ ਤਿਆਗਿ ਭਰਮ ਕਉ ਜਾਲੈ। ਕੂੜ ਹਿਰੇ ਸਚੁ ਬੰਧੈ ਪਾਲੈ। ਇਹ ਜੁਗਤੀ ਪ੍ਰਭ ਪਾਈਐ ਮੀਤਾ॥ ਨਾਨਕ ਹਰਿ ਜਸੁ ਸੁਨੀਐ ਨੀਤਾ ॥੫੮॥ ਪ੍ਰਾਨ ਪਿੰਡ ਕਾ ਕੀਆ ਬੰਧੇਜੁ। ਆਬ ਆਤਸ਼ਿ ਮਹਿ ਰਖਿਆ ਤੇਜੁ। ਖਾਕ ਪਉਨੁ ਲੇ ਕਹਿ ਗਲ ਕੀਨੀ । ਇਸ ਮਹਲ ਕੀ ਮਿਹਨਿਤ ਚੀਨੀ। ਇਸੁ ਮਹਲ ਮਹਿ ਪੰਚ ਬਸਾਏ। ਉਨ ਅਪਨੇ ਅਪਨੇ ਰਾਹ ਚਲਾਏ। ਸਚਿ ਆਇ ਅਬ ਕੀਆ ਨਿਆਉ । ਤਉ ਨਾਨਕ ਬਸਿਆ ਸੁਖੀ ਗਿਰਾਉ ॥੫੯॥ ਅਨਾਦਿ ਅਨਾਹਦ ਪੁਰਖ ਕੀ ਲੀਲਾ ਵਿਰਲੈ ਕਿਨੈ ਬੀਚਾਰੀ॥ ਆਦਿ ਤਪੀਸਰੁ ਬਿਰਖ ਕਹਾਵੈ ਧੂਪ ਸਹੈ ਸਿਰਿ ਭਾਰੀ॥ ਕਹੁ ਨਾਨਕ ਪੰਚ ਸਾਧੂ ਕਲਿ ਮਹਿ ਵਿਰਲੈ ਕਿਨੈ ਵੀਚਾਰੀ ॥੬੦॥ ਪੰਚਿ ਦੁਸ਼ਟ ਜਬ ਤੇ ਕੜਿ ਬਾਧੇ। ਜਬ ਅਪਨੇ ਸਤਿਗੁਰੂ ਅਰਾਧੇ। ਗੁਰ ਪ੍ਰਸਾਦਿ ਨਗਰੀ ਬੂਠੀ। ਹਉਮੈ ਦੁਰਮਤਿ ਤਿਆਗੀ ਝੂਠੀ। ਪੰਚ ਦੁਸ਼ਟ ਕੋ ਦੀਆ ਨਿਕਾਲ॥ਤਉ ਨਾਨਕ ਬਸਿਆ ਨਗਰ ਸੁਖਾਲਾ ॥੬੧॥ ਕਾਮ ਕ੍ਰੋਧ ਕਾਂਇਆ ਕਉ ਗਾਰੇ। ਨਿੰਦਾ ਉਸਤਤਿ ਲੈ ਨਰਕਿ

ਉਤਾਰੇ। ਨਾ ਨਿੰਦੇ ਨਾ ਉਸਤਤਿ ਧਰੈ। ਆਠ ਪਹਰ ਹਰਿ ਸਿਮਰਨੁ ਕਰੈ। ਆਠ ਪਹਰ ਹਰਿ ਸਿਉ ਲਿਵ ਲਾਗੀ। ਨਾਨਕ ਕਹੈ ਸੋਈ ਵਡਭਾਗੀ ॥ ੬੨ ॥ ਤੇਰਹ ਤੀਨ ਨਉ ਛਿਅ ਇਸੁ ਮਾਹੀ । ਪੰਦ੍ਰਹ ਸਤ ਅਠਾਰਾਂ ਆਹੀ । ਤੀਨਿ ਚਾਰਿ ਚਉਸਠਿ ਬਹਤਰਿ। ਬਾਰਹ ਚਉਦਹ ਬੀਸ ਨਿਰੰਤਰਿ। ਪ੍ਰਾਨ ਨਗਰ ਮਹਿ ਸਭ ਬਿਧਿ ਸਾਜੀ। ਕਾਉਨੁ ਰਾਜਾ ਕਉਨੁ ਮਹਤਾ ਕਾਜੀ । ਨਾਮੁ ਰਾਜਾ ਸਚੁ ਕਾਜੀ ਥੀਆ। ਨਾਨਕ ਤਹਾਂ ਧਰਮੁ ਤਪਾਵਸੁ ਕੀਆ ॥ ੬੩ ॥ ਪੰਚਿ ਤਤ ਕੀ ਮੜੀ ਉਸਾਰੀ। ਪੰਚ ਮਰਦ ਪੰਚਿ ਦੂਨੀ ਨਾਰੀ। ਅਠਸਠ ਹਾਟ ਇਸੇ ਗੜ ਮਾਹੀ। ਵਿਚਿ ਪੰਚਿ ਮੁਹਾਕੇ ਲੁਟਿ ਲੈ ਜਾਹੀ । ਗੜ ਕੇ ਰਾਖਣਹਾਰ ਬਹਾਲੇ। ਤਿਨਿ ਚਉਕੀ ਦੀਨੀ ਨਾਮੁ ਸਮਾਲੇ। ਆਠ ਪਹਰ ਜਪਿ ਪਹਰਾ ਦੀਆ। ਨਾਨਕ ਪੰਚ ਚੋਰ ਪਕੜ ਬੰਧਿ ਲੀਆ ॥ ੬੪ ॥ ਤ੍ਰਿਕੁਟੀ ਸੰਗਮਿ ਜੋ ਮਨੁ ਮੇਲੈ । ਦੀਪ ਤ੍ਰੈ ਜਾਲਿ ਧਰੇ ਬਿਨੁ ਤੇਲੈ। ਜਬ ਦਸਵੇ ਦੁਆਰਿ ਇਕੇਲਾ ਖੇਲੈ।ਇਨ ਬਿਧਿ ਪਵਨ ਪਵਨ ਕਉ ਮੇਲੇ। ਬੇਨੀ ਕੈ ਧਿਆਨ ਜੋ ਰਹੈ ਸਮਾਇ।ਤਬ ਇਸੁ ਗੜ ਕੀ ਸੋਝੀ ਪਾਇ। ਆਤਮ ਚੀਨ ਪਰਤਾਮੇ ਗਇਆ। ਤਉ ਨਾਨਕ ਸਲਲ ਸਲਲ ਏਕੋ ਭਇਆ ॥ ੬੫ ॥ ਗਿਆਨ ਖੜਗ ਲੇ ਮਨ ਸਿਉ ਲਰੈ।ਤਉ ਢਾਹਿ ਭਰਮੁ ਪਟ ਭੀਤਰਿ ਬਰੈ। ਭੀਤਰ ਜਾਤੇ ਕੋਈ ਨ ਠਾਕੈ। ਹਰਿ ਕੇ ਚਰਨ ਬਸੇ ਮਨਿ ਜਾਕੈ। ਸੋਈ ਸੰਤੁ ਜਿਨਿ ਭਰਮੁ ਗੜੁ ਜੀਤਾ। ਘਰੁ ਬਾਹਰੁ ਤਿਨਿ ਅਪੁਨਾ ਕੀਤਾ। ਅੰਤਰਿ ਬਾਹਰਿ ਮਹਰਮੁ ਹੋਇਆ। ਨਾਨਕ ਗੁਰ ਕਿਰਪਾ ਤੇ ਏਹੁ ਗੜੁ ਗੋਇਆ ॥੬੬॥ ਮਨੂਆ ਜੀਤਾ ਨਿਰਮਲ ਗੀਤਿ । ਇੰਦ੍ਰੀ ਜੀਤੀ ਸਤਿਗੁਰ ਪਰਤੀਤ । ਜਿਹਬਾ ਜੀਤੀ ਹਰਿ ਗੁਨਿ ਗਾਵੇ। ਨੇਤ੍ਰ ਜੀਤੇ ਭਰਮਤਾ ਠਹਰਾਵੈ । ਬਕਤਾ ਜੀਤੈ ਤਬ ਸੁਖਮਨਿ ਗਹੀ। ਜੀਭ ਜੀਤੇ ਜਬ ਹੋਵੈ ਪਦੁ ਸਹੀ । ਮਨੁ ਤਨੁ ਜੀਤਾ ਜੀਤਾ ਬ੍ਰਹਮੰਡੁ । ਪੰਚਿ ਦੁਸਟ ਕੀਤੇ ਖੰਡ ਖੰਡ । ਰਾਜੇ ਮਹਤੇ ਗੜ੍ਹ ਕੇ ਸਭ ਜੀਤੇ। ਨਾਨਕ ਸਤਿਗੁਰ ਕੀ ਪਰਤੀਤੇ ॥ ੬੭ ॥

ਮੁਖ ਦੀਆ ਹਰਿਨਾਮੁ ਜਪਨ ਕਉ। ਹੋਠ ਦੀਏ ਵਾਹ ਵਾਹ ਕਰਨ ਕਉ। ਦੰਤ ਦੀਏ ਮੁਖ ਕਵਲ ਬਿਗਾਸਨ ਕਉ। ਰਸਨਾ ਕੀਨੀ ਰਾਮੁ ਰਾਮੁ ਰਸਨ ਕਉ। ਕੰਠ ਦੀਆ ਮੁਖਿ ਗਿਰਾਸਨੁ ਕਉ। ਬੰਕ ਨਾਲੁ ਸਰ ਸਹਜਿ ਸਮਾਇ । ਨਾਨਕ

ਪੇਟੁ ਦੀਆ ਨਾਰੀ ਕੀ ਜਾਇ ॥੬੮॥ ਢਾਹਿ ਭੀਤ ਕੀਆ ਮੈਦਾਨ। ਊਹਾ ਜਾਇ ਰਚਿਆ ਚਉਗਾਨ। ਏਹੁ ਮਨੁ ਮਾਰਿ ਗੋਇ ਲਏ ਪਿੰਡਾ। ਏਕਾ ਪੰਚਿ ਸਿਉ ਖੇਡੈ ਖੰਡਾ। ਏਕਾ ਜੀਤਾ ਪੰਚ ਹਾਰੇ ਭਾਈ। ਜਬ ਚਉਗਾਨਹੁ ਗਾਈ ਦਾਈ। ਪੰਚ ਹਾਰੇ ਏਕੁ ਹੀ ਜੀਤਾ। ਜਉ ਨਾਨਕ ਢਾਈ ਭਰਮ ਕੀ ਭੀਤਾ ॥ ੬੯ ॥ ਭੀਤਿ ਢਾਇ ਕੈ ਮਹਰਮੁ ਹੋਆ। ਭੇਦ ਭਰਮ ਕਾ.ਡੇਰਾ ਖੋਇਆ। ਦੂਹੁ ਬਾਰੀ ਕੇ ਤਖਤੇ ਖੋਲੈ। ਭੇਦ ਗਇਆ ਬਿਨਸੇ ਸਭ ਓਲੇ। ਮਹਰਮ ਕਉ ਕੋਈ ਠਾਕ ਨ ਪਾਵੈ। ਮਹਰਮ ਮਹਿਲ ਕੁਮਹਿਲ ਹੀ ਧਾਵੈ। ਮਹਰਮੁ ਅਪਨੈ ਨਿਕਟਿ ਬਤਾਇਆ। ਨਾਨਕ ਮਹਰਮਿ ਭਰਮਿ ਜਲਾਇਆ ॥ ੭੦ ॥ ਜਿਸੁ ਬਿਖਮ ਕੋਠੜੀ ਜੰਦੇ ਮਾਰੇ। ਬਿਨੁ ਬੀਜੀ ਕਉ ਖੁਲਹਿ ਤਾਲੇ। ਬਡੀ ਬਡੀ ਆਖੀ ਕਿਛੁ ਸੂਝੇ ਨਾਹੀ। ਰਾਹੁ ਛਾਡਿ ਅਉਝੜ ਕਿਉ ਪਾਹੀ। ਜਿਨ ਕਉ ਸਤਿਗੁਰੁ ਆਖੀ ਦੇਈ। ਦਗੜੁ ਰਾਹੁ ਫਿਰਹ ਜਨ ਸੇਈ। ਰਾਹੁ ਥਿਰਹਿ ਤਿਨ ਆਖੀ ਦੀਸੈ। ਨਾਨਕ ਜਾਇ ਮਿਲਹਿ ਜਗਿਦੀਸੈ ॥ ੭੧ ॥ ਸੂਰੁ ਚਾਂਦਨਾ ਤਿਸ ਪ੍ਰਗਟਾਵੈ। ਜਾ ਕਉ ਹਰਿ ਪ੍ਰਭੁ ਆਪਿ ਦਿਖਾਵੈ। ਤੀਨ ਚਲੈ ਚਹੁ ਊਪਰਿ ਚਰੈ। ਤਬ ਜਗਨ ਨਾਥ ਸਿਉ ਬਾਤਾ ਕਰੈ। ਭੀਤਿ ਢਾਹਿ ਸਭ ਕੀਆ ਮੈਦਾਨਾ। ਤਉ ਇਸ ਗੜ ਮਹਿ ਜਾਇ ਸਮਾਨਾ। ਨਾਨਕ ਨਿਰਮਲ ਭਗਤ ਕਮਾਵੈ। ਜਿਸ ਸੂਰੁ ਚਾਂਦਨਾ ਨਦਰੀ ਆਵੈ ॥ ੭੨ ॥ ਜੋ ਪਵਨ ਪਾਨੀ ਕੀ ਜਾਨੈ ਜਾਤਿ। ਆਤਿਸ ਪਉਨ ਕੀ ਸਮਝੈ ਭਰਾਂਤ। ਰੂਖ ਬਿਰਖ ਕੀ ਜਾਤ ਬਤਾਵੈ। ਜਿਸੁ ਅੰਤਰਿ ਰਾਖੈ ਸੋ ਬਾਹਰਿ ਜਾਵੈ। ਐਸਾ ਬੇਤਾ ਕੋ ਸੰਸਾਰਿ। ਇਨ ਜਾਤੀ ਕਉ ਦੇਇ ਬੀਚਾਰਿ। ਕਉਨੁ ਸੂਦ ਕਉਨੁ ਬ੍ਰਹਮੁ ਕਹਾਵੈ। ਤਉ ਨਾਨਕ ਬਿਚਰਿ ਬਿਚਰਿ ਇਨ ਖਾਵੈ ॥ ੭੩ ॥ ਗੁਰ ਕਉ ਖਾਇ ਸੋ ਪਾਪੀ ਹੋਇ। ਪਿਤਾ ਕਉ ਖਾਇ ਮਰਿ ਜਨਮੇ ਸੋਇ। ਮਾਤਾ ਤੇ ਉਪਜੇ ਤਿਸ ਕਉ ਖਾਇਫਿਰਿ ਫਿਰਿ ਚਉਰਾਸੀ ਮਹਿ ਪਾਇ। ਅਨਾਦਿ ਪਾਨੀ ਤਜਿ ਲਾਗਹਿ ਦੂਧਿ। ਤਿਨ ਕੈ ਅੰਤਰਿ ਭਈ ਕਬੁਧਿ। ਜਿਸ ਕਾ ਦੂਧੁ ਪੀਵਹਿ ਤਿਸ ਮੁਈ ਨ ਸਵਾਰਹਿ। ਨਾਨਕ ਫਿਰਿ ਸਉਪਹਿ ਚਮਿਆਰਹਿ ॥ ੭੪ ॥ ਦੂਧੁ ਪੀ ਕੈ ਦੇਹਿ ਚਮਿਆਰਾ। ਜੋ ਦੇਹਿ ਕਹੀਐ ਹਤਿਆਰਾ। ਦੂਧੁ ਪੀਕੇ ਕਰਹਿ ਹਰਾਮੁ। ਓਹ ਮੁਈ ਫਿਰਿ ਮਾਂਗਹਿ ਦਾਮੁ। ਚਾਮੁ ਗੋਇ ਲਇ ਪਾਇ ਚਢਾਵਹਿ। ਤਉ ਪਾਪੀ

ਓਇ ਦੋਜਕਿ ਜਾਵਹਿ) ਨਾਨਕ ਮੂੜ ਨ ਕਰਹਿ ਬੀਚਾਰ। ਇਨ ਕਰਮੀ ਡੂਬਾ ਸੰਸਾਰ ॥ ੭੫ ॥ ਸੋਈ ਉਬਰੇ ਹੋਵੇ ਬ੍ਰਹਮ ਗਿਆਨੀ। ਜਿਨਿ ਮਨ ਮਹਿ ਕਾਈ ਭ੍ਰਾਂਤਿ ਨ ਆਨੀ॥ ਮਾਉ ਧੀ ਨਾਰਿ ਸਉ ਝਰੈ। ਸੋ ਬ੍ਰਹਮ ਗਿਆਨੀ ਕਿਸ ਤੇ ਡਰੈ। ਆਨਾਦਿ ਪਾਨੀ ਕਾ ਕਰੈ ਬੀਚਾਰੁ। ਬ੍ਰਹਮ ਗਿਆਨੀ ਦਾ ਗਿਆਨ ਅਹਾਰ। ਬ੍ਰਹਮ ਗਿਆਨੁ ਕਰਿ ਦੇਖਿ ਧਿਆਨੁ। ਤਉ ਨਾਨਕ ਪ੍ਰਭ ਸਉ ਜਾਇ ਸਮਾਨੁ ॥ ੭੬ ॥ ਭ੍ਰਾਂਤਿ ਗਨੈ ਸੋ ਅਨਾਦਿ ਨ ਖਾਵੈ। ਭ੍ਰਾਂਤਿ ਗਨੈ ਜਲ ਨਿਕਟਿ ਨ ਆਵੈ। ਭ੍ਰਾਂਤਿ ਗਨੇ ਸੋ ਲਵੈ ਨ ਵਾਉ। ਭ੍ਰਾਂਤਿ ਗਨੈ ਦੁਹਿ ਪੀਵੈ ਨ ਮਾਂਉ। ਭ੍ਰਾਂਤਿ ਗਨੈ ਬਨੁ ਫਲੁ ਨਹਿ ਖਾਇ ॥ ਭ੍ਰਾਂਤਿ ਗਨੈ ਤੀਰਥਿ ਨਹਿ ਨਾਇ। ਭ੍ਰਾਂਤਿ ਗਨੈ ਕਹੂ ਨਿਕਟਿ ਨ ਆਵੈ। ਨਾਨਕ ਸੋ ਦਰਿ ਜਾਇ ਸਮਾਵੈ ॥ ੭੭ ॥ ਭ੍ਰਾਂਤਿ ਨ ਗਨੈ ਅਨਾਦਿ ਕਉ ਖਾਈ। ਭ੍ਰਾਂਤਿ ਗਨੈ ਨਹਿ ਮਿਲੀਐ ਭਾਈ। ਤੁਟੈ ਭਰਾਂਤਿ ਦਰਿ ਠਾਕੈ ਨ ਕੋਇ। ਸਮਦ੍ਰਿਸਟੀ ਹੋਇ ਪ੍ਰਭ ਕਉ ਪਾਵੈ। ਜਾ ਕਉ ਭ੍ਰਮੁ ਭੇਦ ਨਹੀਂ ਆਵੈ। ਭ੍ਰਮ ਭੀਤਿ ਢਾਹਿ ਇਸ ਮਨ ਕਉ ਧੋਵੈ। ਤਉ ਨਾਨਕ ਦਰ ਕੀ ਲਾਇਕ ਹੋਵੈ ॥ ੭੮ ॥ ਹੋਇ ਪਵਿਤੁ ਜਬ ਇੰਦ੍ਰੀ ਬਾਧੇ। ਰਸ ਕਸ ਤਿਆਗਿ ਅੰਤਰ ਕਉ ਸਾਧੈ। ਡੋਲਨਿ ਚਿਤੁ ਨ ਦੇਈ ਕਾਹੂ। ਪ੍ਰੇਮ ਭਗਤਿ ਰਸੁ ਪਾਵੈ ਤਾਹੂ। ਨੀਂਦ ਨਿਵਾਵੈ ਤਾਰੀ ਲਾਵੈ। ਜਬ ਮੂਲੁ ਗਿਆਨ ਕਾ ਦ੍ਰਿਸਟੀ ਆਵੈ। ਬ੍ਰਹਮ ਗਿਆਨ ਜਬ ਆਵੈ ਦ੍ਰਿਸਟਿ। ਨਾਨਕ ਤਾ ਕਉ ਪੂਜੈ ਸ੍ਰਿਸਟਿ ॥ ੭੯ ॥

ਬ੍ਰਹਮ ਗਿਆਨ ਜਬ ਅੰਤਰਿ ਆਇਆ। ਉਹੁ ਜੈਸਾ ਜਲ ਮਹਿ ਬਿੰਬੁ ਸਮਾਇਆ। ਹੋਇ ਰੇਨ ਧਰਨੀ ਗਲਿ ਗਇਆ। ਜੀਵਤ ਮੂਆ ਫਿਰਿ ਜੂਨਿ ਨ ਪਇਆ। ਅਟਲ ਪਿੰਡ ਫਿਰਿ ਧਰਨਿ ਨ ਪਾਈ। ਜਬ ਐਸੀ ਬ੍ਰਹਮ ਦ੍ਰਿਸਟਿ ਹੋਇ ਆਈ। ਭਰਮ ਨ ਆਨੇ ਏਕਾ ਗਹੀ। ਤਉ ਨਾਨਕ ਬ੍ਰਹਮ ਗਿਆਨੀ ਸਹੀ ॥ ੮੦ ॥ ਉਹ ਮਨੁ ਕੈਸਾ ਜੋ ਪ੍ਰਭ ਕਉ ਪਾਵੈ। ਜਬ ਇਹੁ ਮਰੇ ਉਤ ਜਾਇ ਸਮਾਵੈ। ਉਤ ਸਮਾਇ ਤਉ ਪ੍ਰਭ ਕਉ ਮਿਲੈ। ਉਤ ਮਨੁ ਮਿਲਤ ਸਭ ਦੁਬਿਧਾ ਜਲੈ। ਦੁਬਿਧਾ ਜਾਇ ਤਉ ਉਹ ਮਨ ਆਵੈ। ਏਕਹਿ ਰਾਤਾ ਕਤਹਿ ਨ ਧਾਵੈ। ਇਸ ਮਨ ਤੇ ਸਭੁ ਭਰਮੁ ਜਲਾਵੈ। ਤਉ ਨਾਨਕ ਉਤ ਮਨਿ ਜਾਇ ਸਮਾਵੈ ॥ ੮੧॥ ਉਹੁ ਕੈਸੇ ਚਰਨ ਜਿਤੁ ਪ੍ਰਭ ਦਰਿ ਜਾਉ। ਉਹੁ ਕਉਨ ਸਬਦੁ ਜਿਤੁ ਕਤਹੁ

ਨ ਧਾਉ। ਉਹ ਸਚੁ ਸਬਦੁ ਜਿਤੁ ਕਤਹੁ ਨ ਧਾਈਐ। ਸਾਧ ਚਰਨ ਗਹਿ ਪ੍ਰਭ ਦਰਿ ਜਾਈਐ। ਅਪਨੇ ਪਗ ਛਾਡਿ ਸਾਧ ਪਗ ਲਾਗੈ। ਸਬਦ ਪ੍ਰੀਤਿ ਮਨੁ ਸੋਇਆ ਜਾਗੈ। ਗੁਰ ਕੇ ਸਬਦਿ ਹਰਿ ਚਰਨ ਪਛਾਨੈ। ਤਉ ਨਾਨਕ ਪ੍ਰਭ ਜਨ ਏਕ ਸਮਾਨੈ॥੯੨॥ ਉਹ ਮਨੁ ਕੈਸਾ ਜੋ ਕਥੈ ਅਕਥੁ। ਉਹ ਮਨੁ ਕੈਸਾ ਜੋ ਉਲਟੈ ਤਥ। ਉਹ ਮਨ ਕੈਸਾ ਜੋ ਅਗਮ ਕੋ ਧਾਵੈ। ਉਹ ਮਨੁ ਕੈਸਾ ਜੋ ਪਰਮ ਤਤੁ ਪਾਵੈ। ਉਹ ਮਨ ਕੈਸਾ ਜੋ ਪਰਮ ਪਦ ਲਹੈ। ਉਹੁ ਮਨੁ ਕੈਸਾ ਜਿ ਉਨ ਮਨਿ ਹੋਇ ਰਹੈ। ਉਨ ਮਨ ਕੀ ਜੋ ਕਥਾ ਸੁਨਾਵੈ। ਤਉ ਨਾਨਕ ਉਵਾ ਕੇ ਚਰਨ ਧਿਆਵੈ ॥ ੯੩ ॥ ਗਿਆਨੀ ਮਨੂਆ ਕਥੈ ਅਕਥ। ਪਰਮ ਹੰਸ ਹੋਇ ਲਹੈ ਚੁਣ ਤੁਥੁ। ਪ੍ਰੇਮ ਕੀ ਡੋਰੀ ਸੁਨ ਲਾਵੈ ਧਿਆਨ। ਉਨਮਨ ਹੋਇ ਅਗਮ ਕਉ ਪਾਵੈ। ਇਹ ਜੁਗਤੀ ਉਨਮਨ ਕੀ ਰਹਾਵੈ। ਜੀਵਤ ਮਰੈ ਸੋ ਪਰਮ ਤਤੁ ਪਾਵੈ। ਜਬ ਪਰਮ ਤਤੁ ਲਹੈ ਇਉ ਪਾਏ। ਨਾਨਕ ਬਿਨੁ ਗੁਰੁ ਭਰਮ ਭੁਲਾਏ ॥ ੯੪ ॥ ਇਹੁ ਮਨੁ ਭਰਮਤਾ ਕਿਉ ਥਿਰਿ ਰਹਤਾ। ਕਿਉ ਖਿਮਾ ਕਰੇ ਇਹੁ ਕਹਤਾ ਬਕਤਾ। ਬਕਨ ਕਹਨ ਤੇ ਏਹੁ ਠਹਰਾਇ। ਬਿਨੁ ਗੁਰ ਦੀਖਿਆ ਮਨ ਭਰਮਿ ਭੁਲਾਇ। ਬਿਨ ਗੁਰ ਡੂਬੈ ਕਤਹੂ ਨ ਤਰੈ। ਬਿਨੁ ਗੁਰ ਜਮਕੰਕਰ ਬਸਿ ਪਰੈ। ਗੁਰ ਬਿਨੁ ਥਾਇ ਨ ਪਾਇ ਆਧੀ। ਨਾਨਕ ਗੁਰ ਬਿਨ ਉਜਰੈ ਰਾਧੀ॥ ੯੫ ॥ ਗੁਰ ਬਿਨ ਲਖ ਚਉਰਾਸੀ ਭਰਮੈ। ਗੁਰ ਬਿਨ ਮਰਿ ਮਰਿ ਫਿਰ ਫਿਰ ਜਨਮੈ। ਗੁਰ ਬਿਨੁ ਪਾਵਹਿ ਬਹੁਤ ਸਜਾਈ। ਗੁਰ ਬਿਨ ਮੁਸਕਲ ਇਸ ਜੀਅ ਤਾਈ। ਗੁਰ ਬਿਨ ਬਾਧਾ ਕੋਇ ਨ ਛੁਡਾਵੈ। ਗੁਰ ਬਿਨੁ ਜਠਰ ਅਗਨਿ ਜਲ ਜਾਵੈ। ਗੁਰ ਬਿਨੁ ਰੇ ਮਨ ਕਬਹਿ ਨ ਛੂਟਹਿ। ਨਾਨਕ ਗੁਰ ਬਿਨੁ ਕਾਚੇ ਹੀ ਫੂਟਹਿ ॥੯੬॥ ਗੁਰ ਕੇ ਅੰਗਿ ਮਨ ਕਉ ਸੁਖੁ ਹੋਇ। ਗੁਰ ਕੇ ਅੰਗ ਨ ਪਹੂਚੇ ਕੋਇ। ਗੁਰ ਕੇ ਅੰਗ ਜਮੁ ਕੰਕਰ ਡਰੈ। ਗੁਰ ਕੇ ਅੰਗ ਜਨੁ ਭਉਜਲੁ ਤਰੈ। ਗੁਰ ਕੇ ਅੰਗਿ ਰਹੀ ਚਉਰਾਸੀ। ਗੁਰ ਕੇ ਅੰਗਿ ਭਏ ਅਬਿਨਾਸੀ। ਗੁਰ ਕੈ ਅੰਗਿ ਕਰਹਿ ਸਭ ਸੇਵਾ। ਗੁਰ ਕੇ ਅੰਗਿ ਭਏ ਜਨ ਦੇਵਾ। ਗੁਰ ਕੇ ਅੰਗਿ ਕਾਰਿ ਤਰੀਜੈ। ਨਾਨਕ ਗੁਰ ਕਿਰਪਾ ਤੇ ਨਾਮੁ ਜਪੀਜੈ॥ ੯੭ ॥ ਗੁਰ ਕਿਰਪਾ ਤੇ ਮਨੁ ਬਸਿ ਆਵੈ। ਗੁਰ ਕਿਰਪਾ ਤੇ ਭ੍ਰਮਤਾ ਠਹਰਾਵੈ। ਗੁਰ ਕਿਰਪਾ ਤੇ ਗੁਹਜ ਮਤਿ ਜਾਨੀ। ਗੁਰ ਕਿਰਪਾ ਤੇ ਭਇਆ

ਸੁਨੁ ਧਿਆਨੀ । ਗੁਰ ਕਿਰਪਾ ਤੇ ਬਿਮਲ ਮਤਿ ਪਾਈ । ਗੁਰ ਕਿਰਪਾ ਤੇ ਭਈ ਸੀਤਲਾਈ । ਗੁਰ ਕਿਰਪਾ ਤੇ ਹਉਮੈ ਸਭ ਗਈ । ਨਾਨਕ ਗੁਰ ਕਿਰਪਾ ਤੇ ਮਤਿ ਊਤਮ ਭਈ ॥੮੮॥ ਗੁਰ ਕਿਰਪਾ ਤੇ ਸਾਧੂ ਨਾਮ ਪਰਿਆ । ਗੁਰ ਕਿਰਪਾ ਤੇ ਅਜਰੁ ਜਰਿਆ । ਗੁਰ ਕਿਰਪਾ ਤੇ ਅਨਹਦੁ ਸਮਾਇਆ । ਗੁਰ ਕਿਰਪਾ ਤੇ ਨਿਰਬਾਨੁ ਪਦ ਪਾਇਆ । ਗੁਰ ਕਿਰਪਾ ਤੇ ਸਮਦ੍ਰਿਸਟੀ ਹੋਇਆ । ਗੁਰ ਕਿਰਪਾ ਤੇ ਭਰਮੁ ਸਭੁ ਖੋਇਆ । ਗੁਰ ਕਿਰਪਾ ਤੇ ਮੇਰੀ ਤੇਰੀ ਸਭ ਗਈ । ਨਾਨਕ ਗੁਰ ਕਿਰਪਾ ਤੇ ਅਭੈ ਮਤਿ ਲਈ ॥ ੮੯ ॥ ਅਗਮ ਨਿਗਮ ਸਭ ਇਸ ਮਨ ਮਾਹਿ । ਗੁਰ ਕਿਰਪਾ ਤੇ ਕੀਮਤਿ ਪਾਹਿ । ਸੂਖਮ ਅਸਥੂਲ ਇਸੁ ਮਾਹਿ ਸਮਾਇਆ॥ ਗੁਰ ਕਿਰਪਾ ਤੇ ਨਾਮੁ ਦ੍ਰਿਸਟਾਇਆ । ਨਰਕ ਸੁਰਗ ਹੈ ਇਸ ਕੈ ਅੰਤਰਿ । ਕੋਈ ਜਨੁ ਖੋਜੈ ਗੁਰਕੇ ਮੰਤਰ । ਸੋਈ ਪਿੰਡੀ ਸੋਈ ਬ੍ਰਹਮੰਡੀ॥ ਜੋ ਕੁਛ ਖੰਡੀ ਸੋਈ ਬ੍ਰਹਮੰਡੀ॥ ਸਭ ਕਿਛੁ ਕੀਆ ਇਸ ਹੀ ਮਾਹੀ ॥ ਨਾਨਕ ਮੂੜ ਸੂਝ ਕਿਛੂ ਨਾਹੀ ॥ ੯੦ ॥

ਕਉਨ ਠਉਰ ਜਿਤੁ ਮਨੂਆ ਬਸੈ । ਅਹਿਨਿਸਿ ਕਵਲ ਮਾਹਿ ਬਿਗਸੈ । ਬਿਗਸਿ ਬਿਗਸਿ ਜਬ ਮਾਨੈ ਰਲੀਆ॥ ਬਿਗਸਿ ਰਹਿਆ ਭਵਰ ਜਿਉ ਕਲੀਆ॥ ਡਗ ਮਗ ਕਰੈ ਭਉਰ ਕੀ ਨਿਆਈ । ਉਸ ਕਰਨਹਾਰ ਪ੍ਰਭ ਕਲਾ ਬਨਾਈ । ਕਰਿ ਅਚਰਜ ਪਿੰਡ ਪਰਗਾਸਿਆ । ਨਾਨਕ ਤਾ ਮਹਿ ਮਨੂਆ ਬਾਸਿਆ ॥੯੧॥ ਇਸ ਮਨ ਕਉ ਸਭ ਰੰਗ ਬਨਾਇ । ਪ੍ਰਿਥਮੇ ਦੂਧੁ ਪੀਆ ਮਨਿ ਚਾਇ । ਚਾਰ ਮਾਸ ਦੂਧੁ ਮੁਖ ਪੀਆ । ਅਬ ਅੰਦੇਸੁ ਅਵਰ ਨਹੀ ਕੀਆ । ਜਬ ਮਾਗੈ ਤਬ ਦੂਧੋ ਹੀ ਮਾਗੈ । ਹੋਇ ਬਾਲ ਬ੍ਰਹਮ ਮਤਿ ਲਾਗੈ । ਤਬ ਸਮਦ੍ਰਿਸਟੀ ਤਬ ਹੋਇ ਇਆਨਾ । ਭਈ ਬੁਧਿ ਤਬ ਭਰਮ ਭੁਲਾਨਾ । ਚਾਰ ਮਾਸ ਰਹਿਆ ਬਿਸਮਾਦਿ । ਨਾਨਕ ਇਹੁ ਮਨੁ ਲਾਗਾ ਅਨ ਸੁਆਦਿ ॥੯੨॥ ਦੂਜੈ ਮਹਲਿ ਹਉ ਮੇਰਾ ਕਰੈ । ਅਹਿਨਿਸਿ ਹਉਮੈ ਖਪਿ ਖਪਿ ਮਰੈ । ਮੈ ਮਤਿਵੰਤੁ ਮੈ ਹੀ ਅਤਿ ਅਗਿਆਨੀ । ਮੈ ਬੇਤਾ ਮੈ ਹੀ ਅਤਿ ਧਿਆਨੀ॥ ਮੈ ਚਤਰੁ ਸਿਆਨਾ ਮੈ ਹੀ ਅਤਿ ਸੂਰਾ॥ ਪੂਰਨੁ ਸਰ ਨ ਕਬਹੂ ਊਰਾ । ਆਪਸ ਊਪਰ ਕਰਤ ਗੁਮਾਨਾ । ਨਾਨਕ ਦੂਜੇ ਮਹਲਿ ਇਤੁ ਕਰ ਮਿਲਾਨਾ ॥ ੯੩ ॥ ਤੀਜੈ ਮਹਲਿ ਕੁਟੰਬ ਸਿਉ ਰਾਤਾ । ਅਹਿਨਿਸਿ ਮਾਇਆ ਕਉ ਬਿਲਲਾਤਾ । ਮਾਇਆ ਕੇ ਸੰਗਿ ਰਹਤ ਬਿਸਾਰੀ

ਮਾਇਆ ਲਪਟਿ ਰਹਿਆ ਜੂਆਰੀ । ਸੁਤਿ ਬਨਤਾ ਕੇ ਮੋਹਿ ਲੁਭਾਇਆ । ਆਠ ਪਹਰ ਮਹਿ ਚਿਤ ਨ ਆਇਆ । ਕਰਤ ਉਪਾਉ ਕੁਟੰਬ ਕੇ ਕਾਰਨਿ । ਕਰ ਅਖੇਡ ਲਾਗਾ ਏਹੁ ਹਾਰਨਿ । ਤੀਜੈ ਮਹਲਿ ਅਨ ਖੇਡ ਭੁਲਾਇਆ । ਨਾਨਕ ਰਹਿਆ ਹਾਰਿ ਜਬ ਚਿਤ ਨ ਆਇਆ ॥ ੯੪ ॥ ਚਉਥੇ ਮਹਲਿ ਨਿਕਟਿ ਭਇਆ ਮਰਨਾ । ਕੰਪੈ ਦੇਹੁ ਰਹੁ ਹਾਰਿ ਚਰਨਾ । ਘਸਿ ਮਿਸ ਨੇਤ੍ਰ ਨ ਕਿਸੈ ਪਛਾਨੈ । ਬੋਲਤ ਖਾਮੁ ਸਰਮ ਨਹੀ ਆਨੈ । ਜਬ ਬੋਲੈ ਤਬ ਸੁਆਦ ਨ ਕੋਈ । ਚਉਥੈ ਮਹਲਿ ਐਸੀ ਮਤਿ ਹੋਈ । ਸੁਤ ਬਨਿਤਾ ਸਭ ਕੋ ਸੰਗਾਵੈ । ਮੀਤ ਕੁਟੰਬ ਕੋਈ ਨਿਕਟਿ ਨ ਆਵੈ । ਕਹੁ ਨਾਨਕ ਜਬ ਮਨੁ ਬਿਰਧਾਨਾ । ਜਬ ਚਉਥੇ ਮਹਲਿ ਮਹਿ ਜਾਇ ਸਮਾਨਾ ॥੯੫॥ ਚਉਥੇ ਮਹਲਿ ਕੀ ਕਥਾ ਸੁਨਾਈ । ਹਿਤ ਚਿਤ ਲਾਇ ਸੁਨਹੁ ਜਨ ਭਾਈ । ਚਹੁ ਮਹਿਲਾ ਮਹਿ ਏਹੁ ਵਰਤਾਰਾ । ਕੋਟਿ ਮਧੇ ਕੋ ਇਸ ਤੇ ਨਿਆਰਾ । ਇਨ ਤੇ ਨਿਆਰਾ ਆਪਿ ਅਜੋਨੀ । ਸਭ ਉਸ ਮਾਹਿ ਜਿਉ ਦੋਊ ਪਾਨੀ । ਉਨ ਤੇ ਨਿਆਰਾ ਦੀਸੈ ਨ ਕੋਇ । ਸਭ ਰਚਨਾ ਉਨਹੀ ਮਹਿ ਹੋਇ । ਚਾਰਿ ਮਹਲਿ ਮਹਿ ਏਹੋ ਵਰਤੰਤੁ । ਨਾਨਕ ਬੂਝੈ ਕੋਈ ਅਨਭੈ ਸੰਤੁ ॥੯੬॥ ਬਾਰੀਆਂ ਚਲੀਆਂ ॥ ਚਹੁ ਬਾਰੀ ਕੀ ਕਥਾ ਸੁਨੀਜੈ । ਜਿਸੁ ਮਨਿ ਬਸੈ ਸੋਈ ਜਨੁ ਭੀਜੈ । ਕਉਨ ਕਉਨ ਬਾਰੀ ਕੇ ਨਾਉ । ਬਾਰੀ ਬਾਰੀ ਕੀ ਠਉਰ ਬਤਾਉ । ਚਹੁ ਬਾਰੀ ਕੇ ਤਖਤੇ ਮਾਰੈ । ਜਿਸ ਕਉ ਕਿਰਪਾ ਤਿਸਹਿ ਉਘਾਰੈ । ਚਹੁ ਬਾਰੀ ਮਹਿ ਹਰਿ ਜਸੁ ਗਾਇਆ । ਅਨਭੈ ਨਾਮੁ ਦਾਨੁ ਜਨ ਪਾਇਆ । ਚਾਰਿ ਮਹਲਿ ਬਾਰੀ ਸਭ ਜਾਨੀ । ਨਾਨਕ ਕੋਟ ਮੰਧੇ ਕੋਈ ਜਨੁ ਗਿਆਨੀ ॥ ੯੭ ॥ ਪ੍ਰਿਥਮੇ ਸੁਰਤਿ ਕੀ ਖੁਲੀ ਬਾਰੀ । ਕਰਿ ਕਿਰਪਾ ਗੁਰਿ ਸਹਜਿ ਉਘਾਰੀ । ਸੁਰਤਿ ਗਹੀ ਆਤਮਾ ਤਬ ਭੀਨਾ । ਸੁਰਤਿ ਗਹੀ ਜਬ ਮੰਦਰੁ ਚੀਨਾ । ਸੁਰਤਿ ਗਹੀ ਜਬ ਜਾਨਿਆ ਏਕੁ । ਸੁਰਤਿ ਗਹੀ ਜਬ ਸਤਿਗੁਰੁ ਜਾਨਾ । ਸੁਰਤਿ ਗਹੀ ਜਬ ਧਰਿਆ ਧਿਆਨਾ । ਬੂਡਤ ਨਰਕਿ ਸਭੈ ਬਿਧਿ ਪਾਈ । ਤਬ ਸੁਰਤਿ ਬਾਰੀ ਖੁਲ੍ਹਾਈ । ਸੁਰਤਿ ਬਾਰੀ ਕੇ ਤਖਤੇ ਖੋਲ੍ਹੇ । ਤਬ ਨਾਨਕ ਬਿਨਸੇ ਸਗਲੇ ਓਹਲੇ ॥੯੮॥ ਦੂਜੀ ਬਾਰੀ ਰਹਤ ਹੈ ਕੀਨੀ । ਹਰਿ ਪਦਿ ਰਤਾ ਕਰਿ ਮਤਿ ਹੀਨੀ । ਪਦਿ ਕਹਿਆ ਸੋਈ ਦ੍ਰਿੜਿ ਕੀਆ । ਮਨ ਤੇ ਤਿਆਗੀ ਛਿਹ ਮਤਿ ਬੀਆ । ਪਦਿ ਕਹਿਆ ਸੋਈ

ਮਨਿ ਦ੍ਰਿੜਿਆ। ਜਬ ਰਹੈ ਅਡੋਲ ਨਹੀ ਕਬ ਥਿੜਿਆ॥ਫਿਰਨ ਘਿਰਨ ਤੈ ਤਬ ਮਨੁ ਪਹਰਾਨਾ । ਨਾਨਕ ਰਹਤ ਕਾ ਕਪਟੁ ਖੁਲਾਨਾ ॥੯੯॥ ਤੀਜੀ ਬਾਰੀ ਦ੍ਰਿੜਤਾ ਜਾਨੀ । ਹਿਤੁ ਚਿਤੁ ਲਾਇ ਦ੍ਰਿੜਹਿ ਜਨ ਗਿਆਨੀ। ਦ੍ਰਿੜਤਾ ਦ੍ਰਿੜੀ ਸੁਰਤਿ ਮਤਿ ਹੋਈ। ਦ੍ਰਿੜਤਾ ਕੇ ਐਸੇ ਗੁਨ ਭਾਈ।ਦ੍ਰਿੜਤਾ ਗਹੀ ਜਬ ਸਭ ਮਤ ਪਾਈ। ਦ੍ਰਿੜਤਾ ਤੇ ਨਾਮੁ ਦ੍ਰਿੜ ਪਾਏ । ਨਾਨਕ ਦ੍ਰਿੜਤਾ ਤੇ ਮਹਿਲ ਬੁਲਾਏ ॥ ੧੦੦॥ ਤਬ ਭਈ ਭਰਾਂਤਿ ਨਿਧਰਾ ਬਾਰੀ । ਨਿਰਾਧਾਰ ਜਬ ਮਾਰੀ ਤਾਰੀ । ਨਿਰਾਧਾਰ ਹੋਇ ਰਹੈ ਨਿਰਰਾ । ਨਿਰਾਧਾਰ ਕਾ ਤਾਕ ਉਤਾਰਾ॥ ਅਧਰ ਨਿਧਰ ਕੀ ਤਬ ਮਿਤ ਪਾਈ।ਜਬ ਨਿਧਰ ਬਾਰੀ ਜਨ ਖੋਲਾਈ। ਖੋਲ ਬਾਰੀ ਜਬ ਅੰਤਰਿ ਆਇਆ॥ ਤਉ ਨਾਨਕ ਅਧਾਰੁ ਹੋਇ ਨਬਰਾਇਆ ॥੧੦੧॥ ਜਬ ਤੇ ਚਾਰਿ ਬਾਰੀ ਜਨ ਡੀਠੀ। ਤਬਿ ਅਨ ਭੈ ਬਾਰੀ ਲਾਗੀ ਮੀਠੀ। ਚਹੁ ਬਾਰੀ ਕਾ ਮਰਮੁ ਜਬ ਪਾਇਆ। ਤਬ ਜਨ ਕਉ ਸਭ ਕਿਛੁ ਦ੍ਰਿਸਟਿ ਆਇਆ। ਜਬ ਜਾਇ ਹਰਿ ਜਨੁ ਮਹਿਲ ਸਮਾਨਾ॥ਤਬ ਪ੍ਰੇਮ ਭਗਤਿ ਮਿਲਿਆ ਖਜਾਨਾ। ਮੁਕਤਿ ਬੈਕੁੰਠ ਕਾ ਮਿਲਿਆ ਸਿਰਿ ਪਾਉ । ਨਾਨਕ ਚਹੁ ਬਾਰੀ ਕਾ ਇਹੀ ਗੁਨਾਉ ॥੧੦੨॥੨॥ ਧਿਆਉ ਨਾੜੀ ਕਾ ਸੰਪੂਰਣ ਹੋਇਆ। ਸਤਿਗੁਰ ਪ੍ਰਸਾਦਿ॥

ੴ ਸਤਿਗੁਰ ਪ੍ਰਸਾਦਿ॥ ਆਗੈ ਪੰਚ ਤਤ ਕਾ ਪੂਛਣਾ॥
ਸਪਤ ਦੀਪਾਂ ਕਾ। ਸਪਤ ਸਮੁੰਦ । ਸਪਤ ਪਰਬਤ।
ਨਉ ਖੰਡ ਚਉਦਹ ਭਵਨ ਕਾ । ਅਠਾਰਹ ਭਾਰ ਕਾ ਦੇਹੀ ਕਾ ਵਰਤੰਤ।

ਸਲੋਕ ॥ ਇਕੰਤਿ ਪੂਛਤਿ ਤੇਰਾ ਜਨੁ ਸੁਆਮੀ ਬ੍ਰਹਮ ਗਿਆਨ ਕੋ ਲਖਣਿ ਦੇਹੁ। ਖੰਡ ਬ੍ਰਹਮੰਡ ਕੇ ਉਤਪੰਨ ਕੀ ਕਥਾ ਸੁਨਾਵਹੁ ਮੋਕਉ ਏਹੁ । ਨਾ ਕਿਛੁ ਕਰਿ ਦੇਖਾਇਆ ਹਰਖ ਸੋਗ ਕਾ ਬਾਂਧਿਆ ਦੇਹੁ । ਕਰਿ ਮਿਹਨਤਿ ਕਲਬੂਤ ਸਵਾਰਿਆ ਮਸਤਕਿ ਕਰਿ ਧਰਿਆ ਕਰਨੇਹੁ । ਨਾਨਕ ਜਿਨ ਕਿਛ ਰਚਨ ਰਚਾਇਆ ਬਹੁ ਰੰਗੀ ਮੇ ਪ੍ਰੀਤਮ ਏਹੁ॥ ੧ ॥ ਪ੍ਰਿਥਮੈ ਆਪ ਕਾ ਕੀਆ ਤੇਜ।

ਬਾਇ ਮੱਧੇ ਰਖਿਆ ਬੰਧੇਜ। ਅਕਾਸੁ ਕਲਾ ਕਰਿ ਧਰਿਆ ਭਾਈ। ਜਬ ਪੰਚ ਤਤ ਕੀ ਕਲਾ ਬਨਾਈ। ਐਸਾ ਬ੍ਰਹਮ ਬੀਚਾਰੇ ਕੋਇ। ਜਾਕੈ ਅੰਤਰਿ ਭਰਮੁ ਨ ਹੋਇ। ਬ੍ਰਹਮ ਬ੍ਰਹਮ ਜਬ ਸਭ ਮਹਿ ਜਾਨਿਆ। ਜਿਨਿ ਪੰਚ ਤਤ ਕਾ ਮਰਮੁ ਪਛਾਨਿਆ। ਕਹੁ ਨਾਨਕ ਏਹੁ ਬ੍ਰਹਮ ਵੀਚਾਰਿ।ਜਿਸ ਮਨੁ ਵਸੈ ਸੋਈ ਜਨੁ ਸਾਰ ॥੨॥ ਪ੍ਰਿਥਮੈ ਆਪਿ ਤਿਖਾ ਕਰਿ ਤੇਜ। ਤ੍ਰਿਤੀਆ ਕੀਆ ਬਾਇ ਬੰਧੇਜ। ਅਕਾਸ ਚਤੁਰਥ ਤਤ ਬਨਾਇਆ। ਤਤ ਤਤ ਕਾ ਅਸਾਨ ਬਤਾਇਆ। ਆਪ ਤੇਜ ਪ੍ਰਿਥਮੇ ਬਾਇ ਆਕਾਸ। ਪੰਚ ਤਤ ਕਾ ਕੀਆ ਪ੍ਰਗਾਸ। ਪੰਚ ਤਤ ਮਨੁ ਕੇ ਮਥਿ ਕਹੇ। ਨਾਨਕ ਹੁਕਮੀ ਚਲਹਿ ਹੁਕਮੀ ਬਹਿ ਰਹੈ॥ ੩॥ ਅਵਗਤ ਤੇ ਉਤਪੰਨਿਆ ਆਕਾਸੁ। ਆਕਾਸ ਤੇ ਉਤਪੰਨਿ ਅੰਬਾਇ ਪ੍ਰਗਾਸ। ਬਾਇ ਤੇ ਉਤਪੰਨਿ ਅੰਤੇਜੁ। ਤੇਜ ਤੇ ਉਤਪੰਨਿ ਅੰਤੁਅੰ ਪ੍ਰਗਟੇਜੁ। ਚਹੁ ਤਤ ਕੀ ਉਤਪੰਨ ਕਹੀ। ਨਾਨਕ ਪ੍ਰਾਨ ਪਿੰਡ ਜਬ ਹੋਇਆ ਸਹੀ ॥ ੪॥ ਪੰਚਿ ਤਤ ਕੇ ਵਰਨ ਕੋਈ ਕਹੈ। ਉਵਾ ਕੇ ਚਰਨ ਨਾਨਕ ਜਨ ਗਹੈ। ਅਪੁ ਕਾ ਵਰਨ ਕਹੈ ਕੋ ਕੈਸਾ। ਜੋ ਚੀਨੈ ਸੋ ਉਸ ਹੀ ਜੈਸਾ। ਉਵਾ ਕਾ ਬਰਨ ਕਉਨ ਬਿਧਿ ਜਾਪੈ। ਅਕਾਸ ਕਾ ਵਰਨ ਕਿਤ ਸਬਦ ਪਛਾਪੈ। ਪੰਚ ਤਤ ਕੇ ਵਰਨ ਬਤਾਵੈ। ਨਾਨਕ ਉਵਾ ਕੇ ਚਰਨਿ ਧਿਆਵੈ॥੫॥ ਕੋਈ ਇਤ ਤਾਕੇ ਬਾਣੀ ਬਤਾਵੈ। ਕਉਨ ਬਾਣੀ ਤੇ ਕਉਣ ਪ੍ਰਗਟਾਵੈ। ਉਅੰ ਬਾਲੀ ਤੇ ਹੋਵੈ ਤੇਜੁ। ਤੇਜ ਬਾਲੀ ਤੇ ਹੂਆ ਅਕਾਸ। ਬਾਇ ਬਾਲੀ ਤੇ ਅਬਗਤਿ ਪ੍ਰਗਾਸ। ਪਿੰਡ ਬ੍ਰਹਮੰਡ ਕਾ ਕੀਆ ਬੀਚਾਰੁ। ਨਾਨਕ ਤਿਸੁ ਜਨ ਕਉ ਨਮਸਕਾਰੁ॥ ੬॥ ਪੰਚ ਤਤ ਕੇ ਰੰਗ ਜਬ ਥਾਪੇ। ਪਿੰਗੁਲਾ ਪ੍ਰਿਥਮੀ ਸੇਤਾ ਆਪੇ। ਰਤਾ ਤੇਜੁ ਨੀਲੀ ਹੈ ਬਾਇ। ਕਾਲਾ ਅਕਾਸ ਕਲ ਰਹਾਇ। ਪੰਚ ਤਤ ਕੇ ਰੰਗ ਬਤਾਏ। ਨਾਨਕ ਹਰਿ ਪ੍ਰਭ ਆਪ ਜਨਾਏ॥ ੭॥ ਪੰਚ ਤਤ ਕੇ ਸੁਆਦ ਹਰਿ ਕੈਸੇ। ਜਿਨਿ ਚਾਖੇ ਤਿਨਿ ਵਰਨੇ ਐਸੇ। ਮੀਠਾ ਪ੍ਰਿਥਮੀ ਮੂਲਹ ਆਪਿ। ਤੀਖਾ ਤੇਜੁ ਮਹਾ ਅਚਾਖੁ। ਮੀਠੀ ਬਾਇ ਕੜੂਆ ਅਕਾਸੁ। ਪੰਚ ਤਤ ਕਾ ਕੀਆ ਪ੍ਰਗਾਸੁ। ਅਪਨੇ ਅਪਨੇ ਸੁਆਦ ਬਤਾਏ। ਨਾਨਕ ਗੁਰ ਕਿਰਪਾ ਤੇ ਬੀਚਾਰ ਸੁਨਾਏ॥ ੮॥

ਪੰਚ ਤਤ ਕੇ ਘਰ ਕੋਈ ਕਹੈ। ਆਤਮ ਚੀਨਿ ਪਰਮਾਤਮ ਲਹੈ। ਪ੍ਰਿਥਮੀ ਕਾ ਘਰ ਕਲੇਜਾ ਕੀਆ। ਅਪਕਾ ਘਰੁ ਫੀਫ ਸੁ ਦੀਆ। ਤੇਜ ਕਾ ਘਰੁ ਕੀਆ

ਹੈ ਤਿਲੀ। ਬਾਇ ਨਾਭ ਮਹਿ ਸਹਜਿ ਮਿਲੀ। ਆਕਾਸ ਕਾ ਘਰ ਕੀਆ ਮੀਤਾ।
ਨਾਨਕ ਪੰਚ ਤਤ ਕਾ ਮਰਮੁ ਸਭੁ ਲੀਤਾ ॥ ੯ ॥ ਪੰਚ ਤਤ ਕੇ ਦੁਆਰ ਕਹੀਜੈ।
ਜਬ ਮੈਗਲੁ ਮਨੂਆ ਸਹਜ ਪਤੀਜੈ। ਪ੍ਰਿਥਮੈ ਦੁਆਰ ਕੀਆ ਮੁਖੁ ਮੀਤਾ॥ਅਪਕਾ
ਦੁਆਰਾ ਲੰਬ ਕਾ ਕੀਤਾ। ਤੇਜ ਕਾ ਦੁਆਰੁ ਕੀਆ ਹੈ ਛਹੂ। ਬਾਇ ਕਾ ਦੁਆਰ
ਨਾਸਕਾ ਰਸੂ। ਆਕਾਸੁ ਕਾ ਦੁਆਰ ਸ੍ਰਵਣ ਹਰਿ ਰਾਖੇ। ਨਾਨਕ ਗੁਰ ਕਿਰਪਾ
ਤੇ ਲਾਖੇ ॥ ੧੦ ॥ ਪੰਚ ਤਤ ਕੇ ਤਤ ਅਬ ਆਏ । ਕਰਿ ਕਿਰਪਾ ਸਤਿਗੁਰੂ
ਜਨਾਏ। ਪ੍ਰਿਥਮੈ ਤਤੁ ਧਰਿਆ ਹੈ ਪਿੰਡ। ਅਪ ਕਾ ਤਤ ਕੀਆ ਜਬ ਬਿੰਦੁ। ਤੇਜ
ਕਾ ਤਤੁ ਅਗਨਿ ਹੈ ਕਰੀ। ਬਾਇ ਕਾ ਤਤੁ ਪ੍ਰਾਨ ਦੇਹ ਧਰੀ। ਅਕਾਸ ਕਾ ਤਤੁ
ਲੋਹੂ ਹੈ ਕੀਨਾ। ਨਾਨਕ ਤਤੁ ਚੀਨ ਤਤੁ ਜਬ ਲੀਨਾ ॥੧੧॥ ਪੰਚ ਤਤ ਕੇ ਦੇਉ
ਕਹੈ ਜੇ ਕੋਈ। ਉਆ ਕਾ ਨਾਉ ਬਤਾਵੈ ਤਿਸਕੀ ਗਤਿ ਹੋਈ। ਪ੍ਰਿਥਮੈ ਕਾ ਦੇਵਤ
ਬ੍ਰਹਮਾ ਖਿਮਾ ਰੂਪੀ। ਅਕਾਸ ਕਾ ਦੇਵਤਾ ਚੰਦ੍ਰਮਾ ਸਤਿ ਰੂਪੀ। ਤੇਜ ਕਾ ਦੇਵਤ
ਸੂਰਜ ਤਪ ਰੂਪ । ਬਾਇ ਕਾ ਦੇਵਤਾ ਮਹਾ ਦੇਉ ਨਾਦ ਬਾਇ ਰੂਪੀ। ਅਪ ਕ
ਦੇਵਤਾ ਨਿਰੰਜਨ ਅਤੀਤ ਰੂਪੀ । ਏਤੇ ਤਤ ਕੀ ਏਤੀ ਜਾਨੀ। ਨਾਨਕ ਗੁਰਮੁਖਿ
ਮਥਿ ਸਹਜਿ ਬਖਾਨੀ ॥੧੨॥ ਪੰਚਿ ਤਤ ਕੇ ਪੰਚਿ ਸਗਨ ਰਾਖੇ। ਗੁਰ ਕਿਰਪ
ਤੇ ਕਿਨੈ ਵਿਰਲੈ ਲਾਖੇ। ਜਾਕਉ ਅਗਮੁ ਆਪੁ ਜਨਾਇਆ। ਅਗਮੁ ਨਿਗਮ
ਸਭੁ ਜਨਹਿ ਦਿਖਾਇਆ ॥ ੧੩ ॥ ਅਸਤੀ ਮਾਸੁ ਚਰਮ ਹੈ ਨਾਰੀ । ਲਖ
ਚਉਰਾਸੀ ਹੈ ਉਵਾ ਕੀ ਵਾਰੀ। ਸਗਲ ਪ੍ਰਿਥਮੀ ਪੰਚਿ ਤਤੁ ਤੇ ਕੀਨੀ। ਬ੍ਰਹਮ
ਗਿਆਨੀ ਧਿਆਨੁ ਧਰਿ ਚੀਨੀ। ਸਵਾ ਘੜੀ ਰਕਤੁ ਜਬ ਧਰੀ। ਨਉ ਸੈ
ਨਾੜਿ ਕੀ ਪੁਤਲੀ ਕਰੀ। ਸਪਤ ਦੀਪ ਨਉ ਖੰਡ ਵਿਚਿ ਧਾਰੈ। ਨਾਨਕ ਵਿਰਲੈ
ਕਿਨੈ ਵੀਚਾਰੈ ॥ ੧੪ ॥ ਅਪੁ ਕੇ ਗੁਣ ਕਹਹੁ ਹੇ ਸੁਆਮੀ। ਪੰਚਿ ਗੁਨਾ ਤੇ
ਨਿਆਰਾ ਹੈ ਸ੍ਰੀ ਜਾਮੀ । ਨਾਮੁ ਦਾਨੁ ਇਸਨਾਨੁ ਨ ਤਜੈ । ਇਤ ਸਰੰਜਾਮਿ
ਗੋਬਿੰਦ ਕਉ ਭਜੈ॥ ਬ੍ਰਹਮ ਗਿਆਨ ਭਖੈ ਦਿਨ ਰਾਤੀ। ਆਪੇ ਹੀ ਅਪੁਨੀ ਜੁਗਤਿ
ਪਛਾਤੀ॥ਆਪੇ ਹੀ ਅਪਨੇ ਕਰਮ ਸੁਨਾਏ। ਨਾਨਕ ਆਪੇ ਗੁਣ ਵੀਚਾਰਿ ਦਿਖਾਏ
॥ ੧੫ ॥ ਤੇਜ ਕੇ ਗੁਣ ਪੰਚ ਮਹਿ ਭਾਈ । ਖੁਧਿਆ ਨਿੰਦ੍ਰਤਿ ਤੇ ਅਸਥਾਈ।
ਆਲਸ ਕ੍ਰੋਧ ਆਇ ਬਸਹਿ ਸਰੀਰ॥ਤੇਜ ਕੇ ਗੁਨ ਹੈ ਪੰਚਿ ਸਬੀਰ॥ਤੇਜ ਸਬੀਰ

ਹੀ ਆਪ ਚਰੰਗ। ਪੰਚ ਕ੍ਰੋਧ ਬਸਹਿ ਇਸੁ ਸੰਗਿ। ਬ੍ਰਹਮ ਗਿਆਨ ਤੇ ਪੰਚਿ ਗੁਣ
ਸਾਧੇ। ਨਾਨਕ ਪੂਰੈ ਗੁਰੂ ਅਰਾਧੇ ॥੧੬॥ ਬਾਇ ਕੇ ਗੁਣ ਕਥੰਤ ਦੇਵਾ। ਕਉਨ
ਜੁਗਤਿ ਪਾਈਅਹਿ ਓਇ ਭੇਵਾ ॥੧੭॥ ਲਵਨ ਸਮੁੰਦਿ ਜਬ ਇਹੁ ਮਨੁ ਜਾਈ।
ਹੋਇ ਲੀਨ ਲੇ ਅਨਹਦ ਲਾਈ ॥ ੧੮ ॥ ਲਿਵ ਲਾਗੀ ਲੰਬਕ ਸਭ ਬੂਝੀ ।
ਲਵਣਿ ਸਮੁੰਦਿ ਜਾਇ ਲੀਲਾ ਸੂਝੀ ॥੧੯॥ ਲਾਲੁ ਲੀਆ ਲੇ ਲਾਲੀ ਜਾਨੀ।
ਗਾੜਿ ਮਿਟੀ ਅਨਗਤਿ ਹੈਰਾਨੀ ॥੨੦॥ ਅਨਗਤ ਕੀ ਗਤਿ ਹਰਿ ਜਨ ਪਾਈ।
ਨਾਨਕ ਇਸ ਗੜ ਮਹਿ ਬਿਅੰਤ ਸਮਾਈ ॥ ੨੧ ॥ ਇਖ ਸਮੁਦ ਮਨ ਕਉ ਲੇ
ਦੀਆ। ਇਖ ਸਮੁੰਦ ਇਸ ਗੜ ਮਹਿ ਕੀਆ ॥ ੨੨॥ ਅੰਮ੍ਰਿਤ ਰਸੁ ਦੀਆ ਹੈ
ਜਾ ਕਉ। ਇਖੁ ਨਾਮੁ ਰਖਿਆ ਹੈ ਤਾ ਕਉ ॥ ੨੩ ॥ ਭਇਆ ਅਸਾਨੁ ਅਉਖੁ
ਸਭ ਖੋਆ । ਆਖਿ ਵੇਖਿ ਕਾ ਮਹਾ ਰਸੁ ਹੋਆ ॥ ੨੪ ॥ ਕਹੁ ਨਾਨਕ ਪ੍ਰਭੁ
ਬੇਪਰਵਾਹੁ। ਇਸ ਤਨ ਕਾ ਏਕ ਪਾਤਸਾਹੁ ॥ ੨੫ ॥ ਸੂਰਾ ਸਮੁੰਦੁ ਕੀਆ ਮਨ
ਮਾਹਿ। ਅਗਮ ਸੁਰਤਿ ਗਹੀ ਉਹ ਰਾਹਿ। ਅਗਮ ਨਿਗਮ ਸਭ ਮਨ ਮਹਿ ਰਾਖੀ।
ਗੁਰ ਕਿਰਪਾ ਤੇ ਜਾਨੀ ਸਾਖੀ ॥ ੨੬ ॥ ਸੁਰਤਿ ਸਬਦੁ ਵਿਚਿ ਨਿਰਮਲ ਹੰਸੁ ।
ਊਹਾ ਜਾਇ ਪ੍ਰਗਟੀ ਨਿਰਮਲ ਅੰਸੁ। ਸੁਰਤਿ ਸਬਦੁ ਸਭ ਤਿਸੁ ਸਰ ਮਾਹਿ। ਇਹੁ
ਘਟੁ ਚੀਨਾ ਸਭ ਘਟ ਹੀ ਮਾਹਿ। ਸੁਰਾ ਸਬਦੁ ਵੇਖਿ ਮਨੁ ਭੀਨਾ। ਨਾਨਕ ਇਹੁ
ਘਟੁ ਸੋਧ ਪਤੀਨਾ ॥੨੭॥ ਸਰਪ ਘਿਰਤੁ ਸਮੁੰਦੁ ਚਤੁਰਥੁ ਕੀਆ। ਪ੍ਰਾਨ ਪੁਰਸੁ
ਕੀਰਤਨ ਮਹਿ ਦੀਆ । ਸਰਪ ਮਹਿ ਆਵੈ ਸਰਪ ਮਹਿ ਜਾਇ । ਇਹੁ ਮਨੁ
ਸਰਪਹਿ ਰਹੈ ਸਮਾਇ। ਸਰਪੁ ਨਿਕਸੈ ਤਬ ਦੀਪਕ ਬੂਝੈ। ਤਬ ਇੰਸੁ ਤਨ ਕਉ
ਕਛੂ ਨ ਸੂਝੈ । ਸਰਪ ਸਬਦਿ ਸਰਪ ਜਾਇ ਰਹਤਾ। ਤਬ ਤੇ ਰਹਿਆ ਬਕਤਾ
ਰਹਤਾ। ਕਹੁ ਨਾਨਕ ਏਹੁ ਅਗਮੁ ਬੀਚਾਰੁ। ਸਰਪ ਘਿਰਤੁ ਸਮੁੰਦੁ ਕਾ ਉਰਵਾਰੁ
ਨ ਪਾਰੁ ॥੨੮॥ ਦਸ ਸਮੁੰਦ ਕੀਆ ਹੈ ਅੰਤਰਿ। ਅੰਮ੍ਰਿਤੁ ਸੁਆਦੁ ਕੀਆ ਗੁਰ
ਮੰਤਰਿ। ਬਿਨ ਗੁਰ ਸੰਤ ਨ ਉਵਾ ਕਾ ਸੁਆਦ ਆਵੈ। ਗੁਰ ਕਿਰਪਾ ਤੇ ਪ੍ਰਗਟਿ
ਦਿਖਾਵੈ। ਦੁਧ ਕਉ ਤਪ ਲੇ ਦਹੀ ਜਮਾਵੈ। ਸੁਰਤ ਸਬਦਿ ਕਾ ਜਾਮਨ ਪਾਵੈ।
ਗਿਆਨ ਮਧਾਨਾ ਅਹਿਨਿਸ ਕਥੈ। ਦੁਧ ਸਮੁੰਦ ਕਉ ਸਹਜੀ ਮਥੈ। ਰੋਲ ਨਿਰੋਲ
ਤੁ ਮਥ ਲੀਆ। ਨਾਨਕ ਇਸ ਮਨ ਮਹਿ ਏਹੁ ਸਾਗਰ ਕੀਆ ॥ ੨੯ ॥ ਖੀਰ

ਸਮੁੰਦ ਕੀਆ ਇਆ ਮਾਹਿ। ਮਨ ਕੀਆ ਬਸੇਰਾ ਸਹਜੀ ਤਾ ਮਾਹਿ । ਤਾ ਮਹਿ
ਸਹਜਿ ਛਾਵਨੀ ਛਾਈ। ਖੀਰ ਸਮੁੰਦਿ ਖਰੀ ਮਿਤ ਪਾਈ। ਖੋਟਾ ਖੋਰ ਖਰਾ ਜਬ
ਭਇਆ। ਖੀਰ ਸਮੁੰਦ ਕਾ ਮਾਰਗ ਲਹਿਆ। ਸਭ ਤਨ ਮਾਰ ਖਾਕੁ ਹੋਇ ਰਹੈ
ਤਉ ਨਾਨਕ ਖੀਰ ਸਮੁੰਦ ਕਉ ਲਹੈ॥ ੩੦॥ ਜਲ ਸਮੁੰਦ ਮਹਿ ਸੀਤਲ ਰਹੈ
ਅੰਨ ਜਲ ਕਛੁ ਨਿਮਖ ਨ ਗਹੈ। ਸਦਾ ਸੀਤਲੁ ਜਲ ਮਾਹਿ ਸਮਾਨਾ। ਜਲ
ਤੇ ਨਿਕਸ ਜਲ ਕੀਆ ਪਿਆਨਾ। ਸੀਤਲ ਸਾਂਤਿ ਆਈ ਜਲ ਸਾਗਰਿ। ਤਬ
ਮਨ ਜਾਇ ਮਿਲਿਆ ਬੈਰਾਗਰਿ। ਅਗਮ ਤੇ ਅਗਮੁ ਅਗਮੁ ਕਉ ਧਾਇਆ
ਜਬ ਇਹੁ ਮਨੁ ਸੀਤਲ ਸਮੁੰਦ ਮਹਿ ਨਾਇਆ।ਸਪਤਿ ਸਮੁੰਦ ਕੀਏ ਜੀਅ ਮਾਹਿ
ਨਾਨਕ ਸਭਿ ਕਿਛੁ ਅੰਤਰ ਆਹੀ ॥੩੧॥ ਸਪਤ ਸਮੁੰਦ ਕੀ ਸਭ ਮਿਤ ਕਾਢੀ
ਤਨ ਚੀਨਿ ਸੁਰਤਿ ਤਨ ਬਾਢੀ। ਰੋਮ ਰੋਮ ਕਰ ਸਭੁ ਤਨ ਸੋਧਿਆ। ਇਹੁ ਮਨ
ਪੂਰੈ ਗੁਰ ਪਰਬੋਧਿਆ। ਪੂਰੇ ਗੁਰ ਬਿਨ ਸੁਧ ਨ ਹੋਈ। ਸਾਢੇ ਤ੍ਰੈ ਕਰ ਦੇ
ਬੁਲਾਈ। ਮਥ ਮਥ ਦੇਹ ਚੀਨ ਇਹ ਕੀਨੀ। ਨਾਨਕ ਗੁਰ ਕਿਰਪਾ ਤੇ ਇ
ਬਿਧ ਚੀਨੀ ॥ ੩੨॥ ਆਗੇ ਦੀਪ ਚਲੈ ਹੈ ਭਾਈ। ਜੋ ਚੀਨੈ ਤਿਨ ਇਹ ਮ
ਪਾਈ। ਜੰਬੂ ਦੀਪ ਜਬਿ ਮਨੁ ਠਹਰਾਇ। ਜੰਪੈ ਲਹਰ ਤਬਿ ਜੋਗੁ ਕਮਾਇ। ਦੀ
ਦੀਪ ਕੀ ਸਭ ਮਿਤ ਆਵੈ। ਜੰਪੈ ਲਹਰਿ ਤੇਜ ਮਿਟਿ ਜਾਵੈ । ਜੋ ਜਾਨੈ ਇ
ਸੁਰਤਿ ਨਿਰਾਰੀ। ਸੋਈ ਸੂਰੁ ਜਿਸ ਖੂਲੈ ਤਾਰੀ। ਜੰਬੂ ਦੀਪ ਗਇਆ ਜ
ਮਨੂਆ। ਪੰਚਿ ਜੀਤਿ ਗਏ ਸਭ ਅਨੂਆ। ਆਨ ਤਿਆਗਿ ਗਏ ਲਪਟਾਨਾ
ਨਾਨਕ ਬਿਹੁ ਮਨੁ ਜੰਬੂ ਦੀਪਿ ਸਮਾਨਾ॥ ੩੩ ॥ ਪਲਥ ਦੀਪ ਪਲਕੈ ਮ
ਜਾਇ। ਤਜੈ ਪਰਾਈ ਸਹਜਿ ਸੁਭਾਇ। ਸਹਜਿ ਸੁਭਾਟਿ ਨਿੰਦ ਸਭ ਤਜੈ। ਪਲ
ਪਲਕ ਹਰਿ ਸਹਜਿ ਭਜੈ। ਸਹਜਿ ਸਹਜਿ ਹਰਿ ਕੇ ਗੁਨ ਗਾਵੈ। ਪਲਥ ਦੀ
ਮਨੁ ਜਾਇ ਸਮਾਵੈ। ਪਲਕਿ ਪਲਕਿ ਮਨੁ ਹਰਿ ਸਿਉ ਜੋਰੈ। ਗਿਆਨ ਡੰਡ ਸ
ਭਾਂਡੇ ਫੋਰੈ। ਪਾਇਕਿ ਜਾਰੈ ਦੁਰਮਤਿ ਛਾਨਿ। ਇਹੁ ਘਰੁ ਜਾਰਿਆ ਤਬ ਜ
ਪਤੀਆਨਿ। ਭਇਆ ਨਿਰਾਰਾ ਜਬ ਛਪਰੀ ਜਾਰੀ। ਨਾਨਕ ਪਲਥ ਦੀਪ ਮ
ਤਾਰੀ ॥੩੪॥ ਸਲ ਮਿਲ ਦੀਪ ਸੋਲ ਮਨੁ ਕਰੈ। ਰਹੈ ਉਦਾਸ ਮਨੁ ਮਹਲਿ
ਧਰੈ। ਕਬਿ ਉਤਰਿ ਕਬਿ ਪਛਮ ਧਾਵੈ। ਸਲ ਮਿਲਿ ਦੀਪਿ ਮਨ ਜਾਇ ਸਮਾਵੈ

ਅਨੇਕ ਧਿਆਨ ਕਰੈ ਮਨ ਮਾਹੀ। ਤਬ ਮਨੁ ਸਲ ਮਿਲ ਜਾਇ ਸਮਾਈ। ਖੰਡ ਬ੍ਰਹਮੰਡ ਦੀਪ ਸਭਿ ਭਰਮੈ। ਆਵਤ ਜਾਨਤਿ ਕਿਤਹੂ ਬਲ ਮੈ। ਐਸਾ ਦੀਪ ਕੀਆ ਮਨ ਮਾਹਿ। ਜਿਤੁ ਮਨੁ ਜਾਹਿ ਅਹਨਿਸਿ ਭਰਮਾਹਿ। ਇਤੁ ਸੈ ਬਿਗੂਤਾ ਨਹ ਕਿਤੈ ਠਹਰਾਵੈ। ਨਾਨਕ ਤਬ ਮਨ ਸਲਮਿਲ ਜਾਇ ਸਮਾਵੈ ॥ ੩੫ ॥ ਕੁਸੂ ਦੀਪਿ ਜਬ ਇਹੁ ਮਨੁ ਜਾਇ। ਏਕ ਪ੍ਰਧਾਨ ਪੰਚਿ ਕੁਹਿ ਖਾਇ। ਏਕੁ ਅਮਰੁ ਫਿਰਾਵੈ ਨਗਰੀ। ਪਿਛਲ ਤਿਆਗੈ ਰਾਚੈ ਅਗਰੀ।ਆਗਲ ਡੋਬੈ ਪਾਛਲ ਤਰੈ। ਜਬ ਮਨ ਕੁਸੂ ਦੀਪ ਮਹਿ ਬਰੈ। ਇਹੁ ਮਨੁ ਆਇਆ ਪਦਵੀ ਨੀਚੀ। ਕੁਸੂ ਜਾਇ ਦ੍ਰਿਸਟਿ ਨ ਊਚੀ। ਊਚ ਨੀਚ ਤੇ ਰਹੈ ਨਿਆਰਾ। ਤਬ ਕੁਸੂ ਦੀਪ ਜਾਇ ਕੀਆ ਪਸਾਰਾ। ਕੁਸੂ ਦੀਪ ਮਨੁ ਸਹਜਿ ਸਮਾਵੈ। ਤਉ ਨਾਨਕ ਅਗਮ ਨਿਗਮ ਕਉ ਪਾਵੈ ॥ ੩੬ ॥

ਕੁਰੰਚ ਦੀਪ ਜਬ ਮਨੂਆ ਬਹੈ। ਰੰਚਕ ਹਰਿ ਜਸੁ ਅੰਤਰ ਗਹੇ। ਰੰਚਕ ਭਾਉ ਪ੍ਰੀਤ ਕਰਿ ਧਾਵੈ। ਕੋਟ ਜੋਜਨ ਜਮ ਨਿਕਟ ਨ ਆਵੈ। ਚਉਰਾਸੀ ਕਾ ਮਾਰਗ ਤੋਰੈ। ਜੇ ਰੰਚਕ ਪ੍ਰੀਤਿ ਨਾਮ ਸਿਉ ਜੋਰੈ। ਨਰਕ ਸੁਰਗ ਤੇ ਤਬ ਮਨੁ ਬਚੈ। ਜੇ ਰੰਚਕ ਪ੍ਰੀਤਿ ਨਾਮ ਸਿਉ ਰਚੈ। ਰਾਈ ਰੰਚਕ ਜਬ ਮਨਿ ਆਵੈ। ਤਬ ਇਸ ਮਨ ਕਉ ਦੂਖੁ ਨ ਸੰਤਾਵੈ। ਅਹਨਿਸ ਪਕੜੈ ਏਕੁ ਅਧਾਰ। ਨਾਨਕ ਤਬ ਕੁਰੰਚ ਦੀਪ ਕੀ ਪਕੜੈ ਲਿਆਰ ॥ ੩੭ ॥ ਸੰਕ ਦੀਪ ਕਉ ਜਬਿ ਮਨ ਜਾਨੈ। ਸਭ ਮਹਿ ਏਕੋ ਸਚ ਪਛਾਨੈ। ਏਕਸਿ ਨ ਧਾਵਤ ਸਭਿ ਏਕਾ। ਸੰਕ ਦੀਪ ਨਹੀ ਕਰੈ ਬਿਬੇਕਾ। ਏਕ ਪਉਨ ਏਕ ਹੀ ਮਾਟੀ। ਸਭਿ ਪੁਤਰੀ ਏਕਸ ਤਨਿ ਥਾਟੀ। ਥਾਟਨ ਹਾਰਾ ਏਕੋ ਸਾਈ। ਏਕ ਹੀ ਗੀਤ ਏਕ ਤੇ ਆਈ। ਸਭ ਮਹਿ ਏਕੋ ਏਕੁ ਪਛਾਨੈ। ਜਬ ਇਹੁ ਮਨੁ ਸੰਕ ਦੀਪ ਮਹਿ ਆਨੈ। ਸੰਕ ਦੀਪ ਜਾਇ ਸਕਤਿ ਗਵਾਈ। ਨਾਨਕ ਕਿਆ ਕਥੀਐ ਕਿਛੁ ਕੀਮ ਨ ਪਾਈ ॥੩੮॥ ਪੁਹਕਰਿ ਦੀਪ ਪੁਹ ਮਨੁ ਬੂਝੈ। ਡਾਲ ਪਤ੍ਰ ਫਲ ਅੰਤਰ ਸੂਝੈ।ਤਰਵਰ ਨਿਰਖਤ ਇਹੁ ਮਨ ਮਗਨਾਨਾ। ਮੂਲ ਫੂਲ ਫਲੁ ਅੰਤਰਿ ਜਾਨਾ। ਫਲ ਚਾਖਤ ਮਨੁ ਰਹਿਆ ਅਘਾਇ। ਤਬ ਪੁਹਪ ਦੀਪ ਕੀ ਸੋਝੀ ਪਾਇ। ਮਨ ਪੁਹਕਰ ਮਹਿ ਰਹਿਆ ਸਮਾਇ। ਨਾਨਕ ਤਾਕੇ ਬਲਿ ਬਲਿ ਜਾਇ ॥ ੩੯ ॥ ਸਪਤ ਦੀਪ ਮਨ ਮਾਹਿ ਜਨਾਏ।

ਬਿਅੰਤ ਧਨੀ ਮਿਤਿ ਨਿਮਖ ਨ ਪਾਏ। ਸਪਤ ਦੀਪ ਸਭ ਮਨ ਮਹਿ ਬਾਂਧੇ। ਗੁਰ ਪ੍ਰਸਾਦਿ ਕਿਨੈ ਵਿਰਲੈ ਲਾਧੇ। ਤਿਨ ਲਾਧੇ ਜਿਸ ਕਿਰਪਾ ਭਈ। ਸਪਤ ਦੀਪ ਕੀ ਤਬ ਮਿਤਿ ਪਈ। ਸਭ ਮਿਤਿ ਜਾਨੀ ਸਤਿਗੁਰੂ ਜਨਾਈ। ਨਾਨਕ ਅਗਮ ਪਿੰਡ ਕੀ ਤਬਿ ਮਿਤਿ ਪਾਈ ॥ ੪੦ ॥ ਦੀਪ ਦੀਪ ਕੀ ਸਭ ਮਿਤਿ ਜਾਨੀ। ਤਬ ਮਨ ਮਹਿ ਉਪਜਿ ਰਹੀ ਹੈਰਾਨੀ। ਹੋਇ ਹੈਰਾਨੁ ਰਹਿਆ ਘਟ ਦੇਖਿਆ। ਅਗਮੁ ਪਿੰਡੁ ਕਿਆ ਲਿਖੀਐ ਲੇਖਾ। ਇਸ ਦੇਹੀ ਕਾ ਕਿਆ ਵੀਚਾਰਉ। ਹਡ ਨਾਰਿ ਕਿਆ ਰੋਮ ਸਮਾਰਉ। ਨਉ ਦਰਵਾਜੇ ਦਸਵਾ ਦੁਆਰ। ਨਾਨਕ ਇਸ ਪ੍ਰਾਨ ਪਿੰਡ ਕਾ ਅਗਮੁ ਬੀਚਾਰ ॥ ੪੧ ॥ ਸਪਤ ਪਰਬਤ ਇਸ ਮਨੁ ਮਹਿ ਕੀਨੇ। ਮਹਾ ਬਿਖਮ ਮਹਿ ਜਾਹਿ ਨ ਚੀਨੇ। ਉਨਕੇ ਨਾਮ ਬਤਾਵੈ ਕੋਈ। ਤਿਨ ਕੀ ਧੂੜਿ ਮੁਕਤਿ ਗਤਿ ਹੋਈ। ਕਉਨ ਕਉਨ ਪਰਬਤ ਅਸ ਥਾਪੇ। ਨਾਨਕ ਗੁਰ ਕਿਰਪਾ ਤੇ ਜਾਪੇ ॥ ੪੨ ॥ ਪ੍ਰਿਥਮੇ ਪਰਬਤ ਹਿਮੰਚਲੁ ਧਰਿਆ। ਸਹੀ ਭਿ ਹੋਸੀ ਜਿਨਿ ਸਭੁ ਕਿਛੁ ਕਰਿਆ। ਹੋਵਨਹਾਰ ਹਿਕਮਤਿ ਇਹ ਕੀਨੀ। ਮਾਟੀ ਕੀ ਕਰ ਪੁਤ੍ਰੀ ਦੀਨੀ। ਤਿਸ ਮਹਿ ਅਗਮ ਬਸਤ ਬਨਾਈ। ਤਉ ਬਿਅੰਤ ਧਨੀ ਮਿਤਿ ਤਿਲੁ ਨਹੀ ਪਾਈ। ਤੇ ਘਟ ਮਹਿ ਪਰਬਤ ਸਹਜਿ ਬਨਾਈ। ਨਾਨਕ ਕੁਦਰਤ ਕਹੀ ਨ ਜਾਈ ॥੪੩॥ ਹੇਮ ਕੁੰਟ ਕੀਆ ਹੈ ਦੂਜਾ। ਘਟ ਬਿਅੰਤ ਮੁਖੁ ਕੀਆ ਕੂਜਾ। ਹੇਮ ਕੁੰਟ ਜਾਕਾ ਨਾਮ ਧਰਿਆ। ਦੂਜਾ ਪਰਬਤ ਘਟ ਮੈ ਕਰ ਧਰਿਆ। ਹੇਮ ਕੁੰਟ ਕੀ ਬਿਖੜੀ ਘਾਟੀ। ਨਿਰਾਲੰਬ ਹੋਇ ਹਰਿ ਪ੍ਰਭ ਬਾਟੀ। ਆਪਿ ਥਟੁ ਕੀਆ ਨਿਰੰਕਾਰ। ਇਸ ਪੁਤ੍ਰੀ ਕਾ ਬਡਾ ਬਿਸਥਾਰੁ। ਬਿਅੰਤ ਨਗਰੀ ਅਨੰਤ ਬਾਜਾਰਾ। ਨਾਨਕ ਧਨਿ ਨਗਰੀ ਜਿਤੁ ਹਰਿ ਰਹੈ ਨਿਰਾਰਾ ॥ ੪੪ ॥ ਨਿਖਧੁ ਪਰਬਤ ਕੀਆ ਇਸ ਮਾਹੀ। ਹੋਇ ਨਿਖਧੁ ਜਬ ਉਤੰ ਘਰਿ ਜਾਹੀ ॥ ਉਆ ਗੜਿ ਜਾਇ ਨਿਖਧੁ ਮਨੁ ਹੋਤਾ। ਹਾਥ ਪਛੋੜਿ ਗੁਰੂ ਬਿਨੁ ਉਹ ਰੋਤਾ। ਓਹਿ ਸਮੁੰਦਾ ਕੀ ਜਬਿ ਗਤਿ ਜਾਨੀ। ਤਬ ਮਨੁ ਹੋਇ ਰਹਿਆ ਹੈਰਾਨੀ। ਨਿਖਧ ਸਮਾਨਿ ਨਾਹੀ ਕਿਛੁ ਜਾਨੈ। ਨਾਨਕ ਬਿਨੁ ਗੁਰ ਕਿਉ ਸਮੁੰਦੁ ਪਛਾਨੈ ॥ ੪੫ ॥ ਸੁਮੇਰ ਪਰਬਤੁ ਜਿਸੁ ਮਨ ਮਹਿ ਰਾਖਾ। ਸੁਮਤਿ ਸੁਭਾਉ ਗੁਰਮਤਿ ਪਛਾਤਾ। ਸੀਤਲ ਮਤਿ ਸੁਮਤਿ ਮਨਿ ਆਈ। ਸਹਜਿ ਸੁਭਾਇ ਸੋਧਿ ਮਿਤਿ ਪਾਈ। ਸਨਕ ਸਨੰਦ ਸਿਉ ਮਨੁ ਮਾਨਿਆ। ਤਬ ਸੁਮੇਰ ਅੰਤਰਿ

ਮਹਿ ਜਾਨਿਆ। ਸੁਮੇਰ ਪਰਬਤੁ ਜਬ ਅੰਤਰਿ ਡੀਠਾ। ਨਾਨਕ ਹਰਿ ਕਾ ਕੀਆ ਮਨਿ ਲਾਗਾ ਮੀਠਾ॥ ੪੬॥

ਨੀਲ ਪਰਬਤੁ ਲੇ ਮਨ ਮਹਿ ਧਰਿਆ। ਬਿਨੁ ਗੁਰ ਮੰਤਿ ਕਿਸੈ ਹਥਿ ਨ ਚਰਿਆ। ਅਨਜਾਨਤ ਕੈਸੇ ਕੋ ਪੇਖੈ। ਨੀਲ ਜਾਇ ਮਨੁ ਹੋਆ ਅਲੇਖੈ। ਨੀਲੀ ਨਜਰਿ ਨ ਸਾਧੂ ਪਹਿਚਾਨੇ। ਨਰਕਿ ਜਾਇ ਨਹੀ ਮਨੁ ਸਚਿਆਨੋ। ਸਚ ਸਬਦਿ ਕੀ ਨਹੀ ਮਿਤਿ ਆਵੈ। ਤਬਿ ਨਾਨਕ ਇਹੁ ਮਨ ਨੀਲਿ ਸਮਾਵੈ॥੪੭॥ ਸੁਅੰਤਿ ਪਰਬਤਿ ਮਨੁ ਸਹਜਿ ਸਮਾਨਾ॥ਸੁਅੰਤਿ ਪਰਬਤ ਘਟ ਮਾਹਿ ਦਿਖਾਨਾ। ਸੁਅੰਤਿ ਨਿਖਤ੍ਰ ਸਹਜ ਸੁਖ ਮਿਲਿਆ। ਤਬ ਮਨ ਸੁਆਂਤੀ ਸਹਜਹਿਲਿਆ। ਹਿਲਿ ਮਿਲਿ ਸੁਆਂਤੀ ਮਾਹਿ ਸਮਾਨਾ। ਸੇਤ ਫਟਕ ਕਾ ਮਰਮੁ ਪਛਾਨਾ। ਤਬ ਮਨਿ ਸੁਆਂਤੀ ਛਾਵਨੀ ਛਾਈ। ਆਠ ਪਹਰ ਅਗਨਤ ਧੁਨਿ ਲਾਈ। ਸੁ ਅੰਤਰਿ ਪਰਬਤਿ ਇਹੁ ਮਨੁ ਆਇਆ। ਨਾਨਕ ਮਨ ਕਾ ਮਥਨੁ ਸਭੁ ਪਾਇਆ॥੪੮॥ ਸ੍ਰਿੰਗੀ ਪਰਬਤੁ ਟਿਸੁ ਮਨ ਮਹਿ ਕੀਨਾ। ਸ੍ਰੀ ਸਤਿ ਸਬਦੁ ਜਬਿ ਦੀਨਾ। ਸਤਿ ਸਤਿ ਜਬ ਮਨ ਮਹਿ ਆਇਆ। ਤਬ ਮਨ ਸ੍ਰਿੰਗੀ ਮਾਹਿ ਸਮਾਇਆ। ਸ੍ਰਿੰਗੀ ਗੋਪਾਲੁ ਮਨ ਮਾਹਿ ਜਬ ਜਾਨਾ। ਤਬ ਮਨੁ ਸ੍ਰਿੰਗੀ ਮਾਹਿ ਸਮਾਨਾ॥ਸਰਹਿ ਛੋਇ ਸਾਹ ਰਗ ਕਉ ਮਿਲੈ। ਜਾਇ ਨ ਬਿਰਥਾ ਸਫਲਿਓ ਫਲੈ। ਜਬ ਸ੍ਰਿੰਗੀ ਮਹਿ ਜਾਇ ਸਮਾਇਆ। ਨਾਨਕ ਅਸਥਿਰੁ ਤਬ ਫਿਰਨ ਮਿਟਾਇਆ॥ ੪੯॥ ਸਪਤ ਪਰਬਤ ਸਭ ਬਿਧਿ ਲਾਧੀ। ਏਕ ਪਛਾਨਾ ਦੁਰਮਤਿ ਬਾਧੀ। ਦੂਜਾ ਤਿਆਗਿ ਏਕੁ ਰੰਗੁ ਲਾਇਆ। ਮਰਨੁ ਪਛਾਤਾ ਮਰਮੁ ਸਭੁ ਪਾਇਆ। ਸਤਿ ਸਤਿ ਜਬ ਮਨ ਮਹਿ ਜਾਨਿਆਂ। ਸਪਤ ਪਰਬਤ ਕਾ ਮਰਮੁ ਪਛਾਨਿਆ। ਮਨੁ ਤਨੁ ਸੋਧਿਆ ਸਭ ਇਸ ਕੈ ਮਾਹਿ। ਨਾਨਕ ਗੁਰ ਕਿਰਪਾ ਤੇ ਨਦਰੀ ਆਹਿ। ਗੁਰ ਕਿਰਪਾ ਤੇ ਦੇਹੁ ਸਭ ਮਥਿਆ। ਨਾਨਕ ਐਸਾ ਅਚਰਜੁ ਕਥਿਆ॥ ੫੦॥ ਆਗੈ ਖੰਡ ਖੰਡ ਕਾ ਕੀਆ ਬਨਾਉ। ਇਸ ਦੇਹੀ ਮਹਿ ਬਿਅੰਤ ਸਮਾਉ। ਖੰਡ ਖੰਡ ਕੀ ਜੁਗਤਿ ਪਛਾਨੈ। ਸਗਲ ਖੰਡ ਕੀ ਆਖਿ ਬਖਾਨੈ। ਖੰਡ ਖੰਡ ਕੇ ਸੂਰ ਬਤਾਵੈ। ਤਾ ਕਉ ਅਗਮ ਦ੍ਰਿਸਟਿ ਹੋਇ ਆਵੈ। ਅਗਮ ਨਿਗਮ ਕੀ ਜੋਤਿ ਪ੍ਰਗਾਸੀ। ਤਾ ਕਉ ਮਿਲਿਆ ਗੁਰੁ ਅਬਿਨਾਸੀ। ਗੁਰ ਮਿਲੇ ਕਾ ਇਹੀ ਪ੍ਰਤਾਪੁ।

ਜਾ ਕਉ ਦ੍ਰਿਸਟਿ ਪਰੈ ਸਭੁ ਆਪੁ । ਆਪੁ ਚੀਨਿ ਸਭੁ ਦੇਹੁ ਬੀਚਾਰਿਆ । ਕਹੁ
ਨਾਨਕ ਗੁਰਿ ਅਨੁਗ੍ਰਹੁ ਧਾਰਿਆ ॥੫੧॥ ਪ੍ਰਿਥਮੇ ਖੰਡੁ ਇਲਾ ਪਰਬਤੁ ਕੀਆ ।
ਤਾ ਮਹਿ ਏਕੁ ਅਵਰੁ ਨਹੀ ਬੀਆ । ਏਕੁ ਹੀ ਆਪਿ ਅਵਰੁ ਨਹੀ ਦੂਜਾ । ਤਹਾ
ਪਾਪੁ ਪੁੰਨੁ ਨਹਿ ਵਰਤੁ ਨ ਪੂਜਾ । ਇਸ ਮਨ ਮਹਿ ਇਕ ਕਾਰੀ ਸਮਾਈ । ਨਉ
ਖੰਡ ਕੀ ਤਹਾ ਬਨਤ ਬਨਾਈ । ਇਲਾ ਪਰਬਤੁ ਖੰਤੁ ਕੀਆ ਹੈ ਪਹਿਲਾ । ਊਹ
ਜਾਹਿ ਮਨ ਹੋਵੈ ਅਹਿਲਾ । ਅਹਿਲ ਮਲੰਗੁ ਹੋਇ ਉਤ ਜਾਇ । ਪਉਣ ਅਹਾਰੀ
ਪੀਵੈ ਨ ਖਾਇ । ਖਾਨ ਪੀਅਨ ਤੇ ਰਹੈ ਨਿਰਾਰਾ । ਇਲਾ ਪਰਬਤੁ ਖੰਡ ਮਹਿ
ਕੀਆ ਪਸਾਰਾ । ਪ੍ਰਿਥਮੇ ਖੰਡਿ ਜਾਇ ਮਨੁ ਬਸਿਆ। ਕਹੁ ਨਾਨਕ ਮਨੁ ਸਹਿਜੇ
ਰਸਿਆ ॥ ੫੨ ॥ ਭੇਦਿ ਖੰਡਿ ਮਨੁ ਜਾਇ ਸਮਾਨਾ । ਭੇਦ ਭਰਮ ਕਾ ਘਰੁ
ਬਿਸਰਾਨਾ । ਭੇਦਾ ਭੇਦ ਕਾ ਭੇਦੁ ਪਛਾਨੈ । ਆਨ ਭੇਦ ਕਉ ਮਨੁ ਨਹੀ ਆਨੈ ।
ਭਾਦੂ ਮਨ ਕਉ ਭਉ ਦਿਖਲਾਵੈ । ਭੇਦੀ ਕਉ ਲੇ ਮਹਲਿ ਮਿਲਾਵੈ । ਮਹਲਿ
ਜਾਇ ਮਨਿ ਸਹਜੁ ਸਮਾਨਾ । ਜਬ ਤੇ ਹਰਿ ਪ੍ਰਭ ਮਨ ਮਾਹਿ ਜਾਨਾ । ਆਤਮੁ
ਚੀਨਿ ਪਰਾਤਮੁ ਡੀਠਾ । ਨਾਨਕ ਸਤਿਗੁਰ ਤੇ ਆਤਮੁ ਪੈਰੀਠਾ ॥ ੫੩ ॥ ਹਰਿ
ਵਰਖੁ ਖੰਡੁ ਮਨ ਮਹਿ ਬਨਾਇਆ। ਹਰਿ ਹਰਿ ਵਰਖਾ ਸਦਾ ਸੁਵਾਇਆ । ਭਉ
ਪਵਨੁ ਬਾਦਰੁ ਮਨੁ ਕੀਨਾ । ਸੁਰਤਿ ਬੂੰਦਾ ਗੁਰ ਗਿਆਨੁ ਮੁਖਿ ਦੀਨਾ । ਬਾਨੀ
ਕਿਰਪਾ ਬਰਖ ਤਹੀ ਭੀਜੈ। ਜੀਵਤੁ ਮਰੈ ਤਉ ਦੇਹੁ ਨ ਛੀਜੈ। ਦੇਹੁ ਨ ਛੀਜੈ
ਅਮਰੁ ਤਬ ਹੋਇ। ਸਬਦਿ ਸੁਹਾਗੈ ਇਹੁ ਮਨੁ ਕੋਇ । ਹਰਿ ਹਰਿ ਵਰਖਾ ਸਹਜੇ
ਲਾਈ । ਸਹਜਿ ਪਾਕੀ ਖਰੀ ਸਵਾਈ । ਜਬ ਮਨ ਗਾਹਿ ਲੇਹੁ ਖਲਵਾਰਾ। ਛੂਟੀ
ਠਾਕ ਮੁਏ ਸਿਕਦਾਰਾ। ਰਾਜੇ ਮਹਤੇ ਸਗਲ ਬਡਾਰਿਆ । ਨਾਨਕ ਹਰਿ ਵਰਖੁ
ਖੰਡ ਮਨ ਸਹਜਿ ਸਿਧਾਰਿਆ ॥ ੫੪ ॥ ਕੇਤਮਾਲ ਖੰਡ ਕੀਆ ਵਿਚਿ ਦੇਹੀ ।
ਨੇਹੁ ਨ ਲਾਵੈ ਆਨਿ ਅਨੇਹੀ । ਕਰਨ ਹਾਰ ਕਰਤੇ ਨਹੀ ਜਾਨੈ । ਦੂਜਾ ਭਾਉ
ਜਿਤ ਕਿਤ ਮਹਿ ਆਨੈ। ਏਕ ਨ ਬੂਝੈ ਦੂਜੈ ਰਾਤਾ । ਸੀਤੁ ਨ ਹੋਵੈ ਸਦ ਹੀ ਤਾਤਾ ।
ਕਿਉ ਕਉ ਆਇਆ ਕਰੀ ਕਮਾਈ । ਕਾਮ ਕਰੋਧ ਸਿਉ ਰਚਿ ਲਿਵ ਲਾਈ ।
ਤਬ ਮਨ ਕੀ ਸਭ ਗਈ ਕਮਾਈ । ਜਬ ਕੇਤਮਾਲ ਮਹਿ ਕਰੀ ਸਮਾਈ । ਬਿਨੁ
ਪ੍ਰਭ ਕਿਤ ਕਉ ਅਵਰ ਅਰਾਧਹੁ। ਨਾਨਕ ਕੇਤਮਾਲ ਜਪਿ ਛੂਟਹੁ ਉਪਾਧਹੁ ॥

੫੫॥ ਆਸਰ ਖੰਡ ਸਭ ਆਸ ਤਿਆਗਿ। ਆਸਾ ਮਨਸਾ ਤਜੀ ਬੈਰਾਗਿ ॥ ਆਸਾ ਨ ਕਰ ਕਾਹੂ ਕੀ ਮੀਤਾ । ਐਸੇ ਆਸਨਿ ਰਹਤ ਅਤੀਤਾ। ਆਸ ਅੰਦੇਸਾ ਤਮਕ ਬਿਡਾਰੀ। ਆਸਰ ਖੰਡ ਮਹਿ ਮਾਰੀ ਤਾਰੀ। ਕਰਮ ਤਿਆਗਿ ਭਏ ਨਿਹ-ਕਰਮਾ । ਆਸਰ ਖੰਡ ਜਾਇ ਬਹੁਰ ਨ ਭਰਮਾ । ਆਸਰ ਖੰਡ ਕੀ ਰਹਤ ਸੁਨੀਜੈ। ਨਾਨਕ ਤਬ ਮਨੁ ਮੰਦਰੁ ਕੀਜੈ॥ ੫੬ ॥

ਅਦੋਤ ਖੰਡ ਮਹਿ ਆਦਿ ਸਮਾਨਾ॥ਆਦਿ ਪੁਰਖੁ ਸੁੰਨਿ ਸਿਖਰਿ ਸਮਾਨਾ॥ ਨਿਰਮਲ ਸਿਖ ਸੁਨੀਜੈ ਸਾਧੂ। ਅਦੋਤ ਜਾਇ ਹਰਿ ਨਾਮੁ ਅਰਾਧੂ॥ ਨਾਮੁ ਅਰਾਧਿ ਇਹੁ ਹਟੁ ਬਿਲਰੋਹੁ॥ ਤਬ ਨਾਨਕ ਗੜ ਮਹਿ ਨਿਰੰਜਨ ਟੋਲਹੁ॥੫੭॥ਸਲੀਅਤਿ ਖੰਡਿ ਹਲਕ ਸਭ ਖੋਈ। ਸੀਤਲ ਦੇਹ ਸਾਧ ਕੀ ਹੋਈ। ਮਾਇਆ ਸਲਕ ਮਨਿ ਸਹਜਿ ਤਿਆਗੀ॥ ਅਨਦਿਨੁ ਸਲਕ ਨਾਮੈ ਸਿਉ ਲਾਗੀ॥ਸਲਕਤ ਸਲਕਤ ਹਰਿ ਪ੍ਰਭੁ ਜਾਨੈ । ਗੁਰ ਉਪਦੇਸੁ ਸਹਜੁ ਮਨੁ ਮਾਨੈ। ਸਲਕਤ ਸਲਕਤ ਸਲਿਲ ਸਮਾਨਾ। ਨਾਨਕ ਪ੍ਰਭ ਜਨ ਏਕ ਸਮਾਨਾ ॥ ੫੮॥ ਇਤ ਆਵਨ ਖੰਡ ਜਾਇ ਇਤ ਨਹੀ ਆਵੈ। ਉਤਰਿ ਅਵਘਟਿ ਸਰਵਰਿ ਨਾਵੈ । ਇਤ ਕੀ ਰਹਤ ਬਿਸਰੈ ਭਾਈ। ਏਤ ਆਵਨ ਖੰਡ ਕੀ ਸਭ ਮਿਤਿ ਆਈ। ਊਨਾ ਕਬਹੂ ਨ ਹੋਵੈ ਹਰਿ ਜਨੁ। ਏਤ ਆਵਨ ਖੰਡ ਬੇਧਿਆ ਜਾ ਕਾ ਮਨੁ। ਮਨ ਤਨ ਕੀ ਸਭ ਜੁਗਤਿ ਪਛਾਨੀ। ਨਾਨਕ ਖੰਡ ਖੰਡ ਕੀ ਸਖਾ ਬਖਾਨੀ ॥੫੯॥ ਪਲ ਪ੍ਰੀਤਿ ਖੰਡ ਹਲਕ ਨਹੀ ਲਾਗੈ। ਸੁੰਨਿ ਸਮਾਇ ਤਬ ਅਨ ਦਿਨੁ ਜਾਗੈ। ਪਲਕ ਪਲ ਧੁਨਿ ਧਿਆਨੁ ਲਗਾਵੈ। ਧੁਨਿ ਧਰਿ ਹਰਿ ਨਿਰਬਾਣਿ ਸਮਾਵੈ। ਅਠ ਰਿੱਵਸਾ ਸਰਿ ਪ੍ਰਗਟੈ ਨਾਵਾ ਗੁਹਜਾ। ਜਿਸੁ ਨਾਵਾ ਪ੍ਰਗਟੈ ਸੋ ਹੋਵੈ ਸੁਹਦਾ। ਨਾਵਾ ਖੰਡ ਪਲ ਪ੍ਰੀਤਿ ਸਾਜੈ । ਨਾਨਕ ਤਾ ਪੈ ਬ੍ਰਹਮ ਬਿਰਾਜੈ॥ ੬੦॥ ਨਉ ਖੰਡ ਕੀ ਸਖਾ ਸੁਨੀਜੈ। ਇਹੁ ਮਨੁ ਸੁਲਤਾਨੁ ਹਰਿ ਖੜਗਿ ਪਤੀਜੈ। ਰਾਰਾ ਖੋਲਿ ਮਮਾ ਬਖਤਰੁ ਕਰਿ। ਗਿਆਨਿ ਖੜਗਿ ਮਨ ਆਨਿਆ ਜਾ ਘਰਿ । ਪੰਚਿ ਬਿਦਾਰਿ ਪੰਚੀਸ ਮਾਰੀ। ਨਉ ਕਰਿ ਹਿਤੁ ਖਟਿ ਦੂਰਿ ਬਿਦਾਰੀ । ਖੰਡਿ ਬ੍ਰਹਮੰਡ ਨਿਰਖਿ ਮਨੁ ਮਾਨਿਆ। ਜਬ ਨਾਨਕ ਸਤਿਗੁਰ ਸਬਦ ਪਛਾਨਿਆ॥ ੬੧॥

ਖੰਡ ਨਿਬੜੇ ਆਗੈ ਭਉਣ ਚਲੇ ॥ ਪ੍ਰਿਥਮੇ ਭਉਣ ਦੀ ਕਥਾ ਸੁਨੀਜੈ।

ਬਕਨ ਕਹਨ ਤੇ ਖਿਮਾ ਗਹੀਜੈ। ਉਤਰਿ ਅਉਘਟਿ ਮਜਨੁ ਕਰੈ। ਅਨਹਦ ਧੁਨਿ ਮਹਿ ਸਬਦੁ ਉਚਰੈ। ਅਕਾਸ ਬਿਮਲ ਜਲੁ ਸਹਜਿ ਪੀਵੈ। ਹਰਿ ਰਸੁ ਸਤੁ ਪੀਵੈ ਸਹਜਿ ਮਨੁ ਥੀਵੈ। ਚਿਹਨ ਭਵਨ ਕੀ ਸਖਾ ਸੁਨਾਈ। ਨਾਨਕ ਭਵਨ ਦੀਪ ਕੀ ਤਬ ਮਿਤਿ ਪਾਈ ॥ ੬੨ ॥ ਦੁਤੀਆ ਭਵਨੁ ਬਿਚਿਹਨੁ ਸੁਨਾਇਆ । ਗਗਨ ਨਿਵਾਸੁ ਸਮਾਧਿ ਸਮਾਇਆ। ਪਾਰਸੁ ਪਰਸਿ ਪਰਮਿਤਿ ਜਬ ਜਾਨੀ। ਅਤਿ ਅਗਾਧਿ ਉਪਜੀ ਹੈਰਾਨੀ। ਸਤਿਗੁਰੁ ਪਰਚੈ ਤਾਮਸ ਜਾਲੀ। ਮੁਖੁ ਕਾਲਾ ਕਰਿ ਪ੍ਰਗਟੈ ਲਾਲੀ। ਬਿਚਿਹਨ ਭਵਨ ਕਾ ਇਹੁ ਬਰਤੰਤੁ। ਨਾਨਕ ਅੰਤੁ ਨ ਪਾਈਐ ਧਨੀ ਬਿਅੰਤੁ॥ ੬੩ ॥ ਅਧਰ ਭਵਨ ਧਰ ਧੁਰ ਨਹੀ ਆਵੈ। ਤਨ ਸਰਵਰ ਸਭ ਗੁਰਮਤਿ ਪਾਵੈ। ਆਹੂ ਘਰੁ ਚੀਨਿ ਅਗਨਿ ਬੁਝਾਵੈ।ਸਬਦ ਸੋਧਿ ਗੁਰ ਨਿਜ ਪਦੁ ਪਾਵੈ। ਚੀਟੀ ਰੀਤਿ ਨਿਜ ਮਹਿਲਿ ਸਮਾਵੈ। ਅਧਰ ਧਰਨ ਕਉ ਮਨਹਿ ਹਿਤਾਵੈ। ਅਧਰ ਧਰਨਿ ਕੀ ਸਭ ਬਿਧਿ ਪਾਈ। ਨਾਨਕ ਤਾਤੇ ਸਤਿਗੁਰੂ ਸਹਾਈ ॥੬੪॥ ਨਿਆਧਰ ਭਵਨ ਕਵਨ ਧਰਿ ਰਹਤਾ।ਬਕਨ ਕਹਨ ਤੇ ਦਸ ਕਰਿ ਬਹਤਾ। ਹੁਆ ਘਰ ਜਾਨਿ ਸੀਤਲ ਮਿਤਿ ਪਾਈ। ਸੇਵਾ ਸੁਰਤਿ ਬਭੂਤਿ ਚਰਾਈ।ਵਰਸਨਿ ਪਤਿ ਸਹਜ ਘਰੁ ਜਾਨਾ।ਨਿਰਮਲ ਸਬਦਿ ਜੋਗਿ ਲਪਟਾਨਾ। ਨਿਆਧਰ ਭਵਨ ਕੀ ਕਥਾ ਸੁਨੀਜੈ। ਨਾਨਕ ਤਾ ਮਨੁ ਗੁਰ ਕੀ ਸਖਾ ਪਤੀਜੈ ॥ ੬੫ ॥ ਨਿਜਲ ਭਵਨ ਮਹਿ ਜਲ ਨਿਧਿ ਪਾਈ। ਭ੍ਰਮਤਾ ਆਤਮਾ ਰਹੈ ਇਕ ਠਾਈ।ਕਿਰਪਾ ਕਰੈ ਸੋ ਹੋਵੈ ਠਰੂਗ। ਇਹ ਬਿਸਥਾਰ ਇਸੁ ਦੇਹ ਕਾ ਬਿਨ ਸਤਿਗੁਰ ਲਇਆ ਨ ਜਾਇ। ਨਾਨਕ ਜਾਕਉ ਗੁਰੂ ਮਿਲੈ ਸੋਈ ਜਨੁ ਲਹੈ ਹੁਭਾਇ ॥ ੯੮ ॥ ਬਾਰਹ ਚਉਦਹ ਇਸ ਮਹਿ ਹੈ ਨਾਉ ਛਿਆਉ ਖੀਸ ਚਾਰਿ । ਅਠ ਅਠਾਰਹ ਅਵਰ ਬਤੀਸਾ ਇਸ ਹੀ ਮਹਿ ਬਿਚਾਰ। ਬਾਰਹ ਚਾਰਿ ਪੰਦ੍ਰਹ ਦਸੇ ਇਕੀਹ ਚਉਰਾਸੀਹ ਸਭੇ ਇਸ ਮਹਿ ਧਰੈ ਪਰੋਇ। ਨਾਨਕ ਜਿਸ ਕਉ ਗੁਰੁ ਮਿਲੈ ਸੋ ਪਿੰਡੁ ਚੀਨਿ ਸੁਧ ਹੋਇ ॥੯੯॥ ਬਾਰਹ ਅਠ ਅਰੁ ਬੀਸਾ। ਸਤ ਪੰਦ੍ਰਹ ਨਉ ਮੋਹਿ ਕੀਨਾ। ਚਾਰਿ ਬੇਦ ਚਉਦਹ ਸ਼ਾਸਤ੍ਰ।ਸੰਧਿਆ ਅਰੁ ਗਾਇਤ੍ਰੀ ਕਰਮਾ ਦੂਨੇ ਤ੍ਰੈ ਰਸ ਬਾਨੇ ਦੋਇ ਭਵ ਦੂਗੁਨ ਕੀ ਰਾਸਿ। ਪਉਣੇ ਦੋਇ ਦੂਣੇ ਮਥੈ ਤਿਸ ਜਨੁ ਹੋਇ ਬਿਗਾਸੁ।ਸਭ ਕਛੁ ਸਾਢੇ ਤੀਨਿ ਮਹਿ ਬਿਰਲਾ ਲਹੈ ਬੀਚਾਰਿ।ਨਾਨਕ ਜਿਸੁ ਇਹ ਬਿਧਿ ਪਰੇਤਿਨਿ

ਚੀਨੇ ਦਸੇ ਦੁਆਰ ॥ ੯੦ ॥ ੩ ॥ ਪ੍ਰਾਨ ਸੰਗਲੀ ਧਿਆਉ ਪੂਰਨ ਹੋਆ।

ੴ ਸਤਿਗੁਰ ਪ੍ਰਸਾਦਿ ॥

ਲਿਖਤੰ ਪ੍ਰਾਨ ਸੰਗਲੀ ॥ ਸੁੰਨ ਮਹਲ ਕੀ ਕਥਾ। ਨਿਰੰਕਾਰ ਕਾ ਧਿਆਨ। ਗੁਹਜੀ ਬਾਣੀ ਬਾਬੇ ਕਾ ਬੋਲਨਾ । ਪ੍ਰਾਣ ਪਿੰਡ ਕਾ ਮਥੰਤੁ। ਸਮੁੰਦ ਕੇ ਪਾਰਿ ਹੋਈ। ਰਾਜੇ ਸ਼ਿਵ ਨਾਭ ਤਦਸੁ ਬਾਬਾ ਪਉਣ ਅਹਾਰੀ ਥਾ। ਧਿਆਉ ਪਹਿਲਾ ਆਸਾ ਕਾ॥ ਸਲੋਕੁ ॥ ਅਗਮ ਨਿਗਮ ਕੀ ਕਥਾ ਕੋ ਮੋਹਿ ਸੁਨਾਵੈ ਆਇ। ਜਿਨਿ ਕੀਆ ਪ੍ਰਗਾਸੁ ਸੁੰਨਿ ਤੇ ਨਾਨਕ ਰੰਗ ਬਨਾਇ॥੧॥ ਪਉੜੀ ॥ ਉਨ ਮਨਿ ਸੁਨਿ ਸੁਨਿ ਸਭ ਕਹੀਐ। ਉਨ ਮਨਿ ਹਰਖ ਸੋਗ ਨਹਿ ਕਹੀਐ।ਉਨ ਮਨਿ ਆਸ ਅੰਦੇਸਾ ਨ ਬਿਆਪਤਾ।ਉਨ ਮਨਿ ਵਰਨੁ ਚਿਹਨੁ ਨਹੀ ਜਾਪਤਾ।ਉਨ ਮਨਿ ਕਥਾ ਕੀਰਤਨੁ ਨਹੀ ਬਾਨੀ। ਉਨ ਮਨਿ ਰਹਤਾ ਸੁਨਿ ਧਿਆਨੀ। ਉਨ ਮਨਿ ਆਪਨਾ ਆਪ ਨ ਜਾਨਿਆ । ਨਾਨਕ ਉਨ ਮਨਿ ਸਿਉ ਮਨੁ ਮਾਨਿਆ॥ ੧ ॥ ਉਨ ਮਨਿ ਮਾਤ ਪਿਤਾ ਨਹੀ ਕੋਈ। ਉਨ ਮਨਿ ਸੁਰਤਿ ਸੁਧਿ ਨਹੀਂ ਲੋਈ। ਉਨ ਮਨਿ ਮਾਇਆ ਮਮਤਾ ਨ ਹੋਤੀ।ਉਨ ਮਨਿ ਸੁੰਨਿ ਨ ਦੇਹੁਰੀ ਹੋਤੀ। ਉਨ ਮਨਿ ਗਿਆਨ ਧਿਆਨ ਨ ਬੀਚਾਰੈ। ਉਨ ਮਨਿ ਮੁਕਤਿ ਬੈਕੁੰਠ ਨ ਤਾਰੈ। ਉਨ ਮਨਿ ਭਾਉ ਭਗਤਿ ਨਹੀ ਕਾਈ। ਨਾਨਕ ਉਨ ਮਨਿ ਸਿਉਂ ਬਨਿਆਈ ॥ ੨ ॥ ਉਨ ਮਨਿ ਸੁੰਨਿ ਨਾਰਾਇਣ ਰਹਤਾ।ਉਨ ਮਨਿ ਬਕਨ ਕਹਨ ਨਹੀ ਕਹਤਾ। ਉਨ ਮਨਿ ਆਪਨਾ ਆਪ ਨ ਜਾਨਾ।ਉਨ ਮਨਿ ਅਗਮ ਮਹਲਿ ਸਮਾਨਾ।ਉਨ ਮਨਿ ਹੋਤ ਨ ਮਨਸਾ ਮਾਈ। ਉਨ ਮਨਿ ਸਖਾ ਮੀਤ ਨਹਿ ਭਾਈ । ਉਨ ਮਨਿ ਏਕੋ ਏਕ ਇਕੇਲਾ। ਨਾਨਕ ਉਨ ਮਨਿ ਰਹੈ ਸੁਹੇਲਾ ॥ ੩ ॥ ਉਨ ਮਨਿ ਅਸਥਾਵਰ ਨਹੀ ਜੰਗਮ। ਉਨ ਮਨਿ ਛਾਇਆ ਮਹਿਲੁ ਬਿਹੰਗਮੁ । ਉਨ ਮਨਿ ਰਵ ਕੀ ਜੋਤਿ ਨ ਧਾਰੀ। ਉਨ ਮਨਿ ਕਿਰਨਿ ਨ ਸਸਹਿ ਸਵਾਰੀ। ਉਨ ਮਨਿ ਨਿਸ ਦਿਨੁ ਨਾ ਉਜੀਆਰਾ। ਉਨ ਮਨਿ ਏਕੁ ਨਹਿ ਕੀਆ ਪਸਾਰਾ। ਉਨ ਮਨਿ ਖਾਣੀ ਬਾਣੀ ਨਹੀ ਜਾਣੈ। ਨਾਨਕ ਉਨ ਮਨਿ ਰਹਤ ਨਿਰਬਾਣੈ ॥ ੪ ॥ ਉਨ ਮਨਿ ਪਉਣੁ ਪਾਣੀ ਨਹੀ ਕੀਨਾ । ਉਨ ਮਨਿ ਉਪਤਿ ਖਪਤਿ ਨ ਚੀਨਾ । ਉਨ ਮਨਿ ਖੰਡ ਪਤਾਲ ਨ

ਸਾਗਰ। ਉਨ ਮਨਿ ਨੀਰ ਨ ਮਛ ਬੈਰਾਗਰ । ਉਨਿ ਮਨ ਜੀਅ ਜੰਤ ਨਹਿ ਕੀਨੇ। ਉਨ ਮਨਿ ਅਪੁਨੇ ਆਪੁ ਨੋ ਚੀਨੇ। ਉਨ ਮਨਿ ਮੁਕਤਿ ਬੈਕੁੰਠ ਨ ਕੀਏ। ਨਾਨਕ ਉਨ ਮਨਿ ਮਹਲਿ ਸਮੀਏ ॥੫॥ ਉਨ ਮਨਿ ਬ੍ਰਹਮੁ ਨ ਬਿਸਨੁ ਮਹੇਸੁ। ਉਨ ਮਨਿ ਤ੍ਰੈ ਗੁਨ ਨਾਹਿ ਪ੍ਰਵੇਸੁ। ਉਨ ਮਨਿ ਜਾਤਿ ਜਨਮੁ ਨਹੀ ਕੋਈ। ਉਨ ਮਨਿ ਦੂਖੁ ਨ ਮਮਤਾ ਹੋਈ । ਉਨ ਮਨਿ ਜਤੀ ਸਤੀ ਨ ਬੀਚਾਰੀ। ਉਨ ਮਨਿ ਸੁੰਨਿ ਮਹਲਿ ਧੁਨਿ ਤਾਰੀ। ਉਨ ਮਨਿ ਘੁਰਮਿ ਤਾਰੀ ਲਾਗੀ। ਨਾਨਕ ਉਨ ਮਨਿ ਮਗਨ ਬੈਰਾਗੀ ॥ ੬॥ ਉਨ ਮਨਿ ਸਿਧ ਸਾਧਿਕ ਨਹੀਂ ਗਿਆਨੀ। ਉਨ ਮਨਿ ਜਤੀ ਸਤੀ ਨਹੀ ਧਿਆਨੀ। ਉਨ ਮਨਿ ਜੋਗੀ ਜੰਗਮ ਨਹੀਂ ਬੇਤਾ। ਉਨ ਮਨਿ ਏਕੁ ਇਕੇਲਾ ਹੋਤਾ। ਉਨ ਮਨਿ ਨਾਥੁ ਨ ਹੋਤਾ ਬੀਆ। ਉਨ ਮਨਿ ਏਕੁ ਇਕੇਲਾ ਬੀਆ। ਉਨ ਮਨਿ ਕਥਨੁ ਸੁਨਨੁ ਨਹੀ ਸਾਜੇ। ਨਾਨਕ ਉਨ ਮਨਿ ਸਹਜਿ ਬਿਰਾਜੇ॥ ੭ ॥

ਉਨ ਮਨਿ ਸੁਚਿ ਸੰਜਮ ਨਹਿ ਹੋਤੀ। ਚੰਦਨੁ ਤੁਲਸੀ ਮਾਲ ਨ ਪਰੋਤੀ। ਗਊ ਗੁਆਲੁ ਨ ਗੋਪੀ ਕਾਨਾ। ਉਨ ਮਨਿ ਬੰਸੁ ਨ ਨਾਦ ਬਜਾਨਾ। ਉਨ ਮਨਿ ਪਾਖੰਡੁ ਨ ਧੂਮੁ ਨ ਕੀਨਾ। ਉਨ ਮਨਿ ਏਕੰਕਾਰੁ ਅਲੀਨਾ। ਉਨ ਮਨਿ ਸਿਉ ਉਨ ਹੀ ਬਨਿਆਈ। ਨਾਨਕ ਉਨ ਮਨਿ ਗਤਿ ਲਖੀ ਨ ਜਾਈ॥ ੮॥ ਉਨ ਮਨਿ ਕੋਈ ਨ ਕਿਸੈ ਧਿਆਵੈ। ਉਨ ਮਨਿ ਜਿਨ ਸਿਰ ਧਰਨਿ ਸਮਾਵੈ। ਉਨ ਮਨਿ ਵਰਨੁ ਭੇਖੁ ਨ ਗਹੀਜੈ। ਉਨ ਮਨਿ ਕਹਨਿ ਕਥਨਿ ਨਹ ਭੀਜੈ। ਉਨ ਮਨਿ ਦੇਹੁਰਾ ਦੇਉ ਨ ਕੋਊ। ਉਨ ਮਨਿ ਹੋਮ ਜਗ ਨਹੀ ਪੂਜਾ । ਨਾਨਕ ਉਨ ਮਨਿ ਏਕੁ ਨ ਦੂਜਾ॥ ੯ ॥ ਉਨ ਮਨਿ ਸਾਸਤ੍ਰ ਬੇਦ ਨ ਕੀਨੇ। ਉਨ ਮਨਿ ਪੰਚ ਤਤ ਨਹੀ ਚੀਨੇ। ਉਨ ਮਨਿ ਨਉ ਬਾਰਹ ਨਹੀ ਸਾਧੇ। ਉਨ ਮਨਿ ਬਾਰਹ ਬੀਸ ਨ ਲਾਧੇ। ਉਨ ਮਨਿ ਦਸ ਅਰੁ ਅਠ ਨ ਕੀਏ। ਉਨ ਮਨਿ ਬੀਸ ਸਤ ਨ ਮਥੀਏ। ਉਨ ਮਨਿ ਚਉਦਹ ਚਾਰ ਨ ਮਾਨੇ। ਨਾਨਕ ਉਨ ਮਨਿ ਸਹਜਿ ਸਮਾਨੈ॥੧੦॥ ਉਨ ਮਨਿ ਜੋਗੁ ਨਹੀਂ ਬੈਰਾਗੁ। ਉਨ ਮਨਿ ਸੰਜਮੁ ਦ੍ਰਿੜਤ ਨ ਤਿਆਗੁ। ਉਨ ਮਨਿ ਸਬਦੁ ਕੁਸਬਦੁ ਨ ਕੋਈ॥ਉਨ ਮਨਿ ਉਸਨ ਸੀਤਲੁ ਨ ਹੋਈ। ਉਨ ਮਨਿ ਰਾਜ ਰੰਕ ਨ ਫਕੀਰਾ। ਉਨ ਮਨਿ ਮਹਤ ਨ ਰਾਜ ਬਜੀਰਾ। ਉਨ ਮਨਿ ਊਚ

ਨੀਚ ਨ ਕਹਾਵੈ। ਨਾਨਕ ਉਨ ਮਨਿ ਮਹਲਿ ਅਭੈ ਕਹਾਵੈ ॥ ੧੧ ॥ ਉਨ ਮਨਿ ਅਨਹਦ ਸਿਉ ਮਨੁ ਲਾਗਾ। ਉਨ ਮਨਿ ਸੂਖ ਮਨਿ ਸੋਵਨਿ ਨ ਜਾਗਾ। ਉਨ ਮਨਿ ਸੂਖਮ ਨਹੀਂ ਅਸਥੂਲਾ। ਉਨ ਮਨਿ ਡਾਲੁ ਸਖਾ ਨਹੀ ਫੂਲਾ। ਉਨ ਮਨਿ ਫੂਲ ਫਲੁ ਕਛੂਅ ਨ ਜਾਨਾ। ਉਨ ਮਨਿ ਦਸ ਅਠ ਨ ਪ੍ਰਗਟਾਨਾ। ਉਨ ਮਨਿ ਉਨਵੰਜਹ ਕਰੋੜੀ ਨ ਬਾਂਧੀ।ਨਾਨਕ ਉਨ ਮਨ ਰਾਤੇ ਕੁਛੁ ਸੁਧਿ ਨ ਲਾਧੀ ॥ ੧੨ ॥ ਉਨ ਮਨਿ ਸੋਲਹ ਕਰੋੜਿ ਨ ਕੀਨੇ। ਉਨ ਮਨਿ ਬਾਰਹ ਕਰੋੜਿ ਨ ਚੀਨੇ। ਉਨੰ ਮਨਿ ਨਉ ਕਰੋੜਿ ਨਹੀ ਸਾਜੀ। ਉਨ ਮਨਿ ਕਰੀ ਨ ਉਪਤਿ ਸਉ ਬਾਜੀ। ਉਨ ਮਨਿ ਆਠ ਲਖ ਨਹਿ ਕੀਨੇ।ਉਨ ਮਨਿ ਕੁੰਟ ਚਾਰਿ ਨਹਿ ਚੀਨੇ। ਉਨ ਮਨਿ ਪੂਰਬ ਪਛਮ ਨ ਕਰੇ। ਨਾਨਕ ਉਤਰ ਦਖਣ ਨਹਿ ਬਿਚਾਰੇ ॥੧੩॥ ਉਨ ਮਨਿ ਧਿਆਨੁ ਲਾਗੈ ਨਿਰੰਕਾਰ। ਤਬ ਅੰਡਜ ਜੇਰਜ ਨ ਕਿਛੁ ਪਸਾਰ। ਉਨ ਮਨਿ ਧਿਆਨੁ ਨ ਸੇਤਜ ਕੀਨੇ। ਉਨ ਮਨਿ ਧਿਆਨਿ ਨ ਉਤਭੁਜ ਚੀਨੇ। ਉਨ ਮਨਿ ਸਹਜਿ ਬਾਣਿ ਨ ਬੀਚਾਰੀ। ਉਨ ਮਨ ਸੰਜਮ ਖੁਲੀ ਨ ਤਾਰੀ। ਸੁਭਾਉ ਬਾਣਿ ਉਨ ਮਨਿ ਨਹਿ ਮਥੀ। ਨਾਨਕ ਅਤੀਤ ਬਾਣਿ ਉਨਿ ਮਨਿ ਨ ਲਖੀ ॥੧੪॥ ਉਨ ਮਨਿ ਅਗਮ ਨਿਗਮ ਨਹਿ ਧਾਰੇ। ਉਨ ਮਨਿ ਸਖਾ ਸਿਖਨ ਸਵਾਰੇ। ਉਨ ਮਨਿ ਸੰਜਮ ਸੀਲੁ ਨ ਹੋਤਾ।ਉਨ ਮਨਿ ਧਿਆਨਿ ਅਨਹਦ ਸ੍ਰੋਤਾ। ਉਨ ਮਨਿ ਅਨਹਦ ਬੀਨੈ ਰਾਤਾ। ਉਨ ਮਨਿ ਅਨਹਦੁ ਸਬਦੁ ਪਛਾਤਾ। ਉਨ ਮਨਿ ਧਿਆਨਿ ਰਾਤਾ ਨਿਰੰਕਾਰਾ। ਨਾਨਕ ਉਨ ਮਨਿ ਰਹਤਾ ਨਿਰਾਰਾ ॥੧੫॥ ਉਨ ਮਨਿ ਭਾਰੀ ਤੇਜੁ ਨ ਹੂਆ। ਉਨ ਮਨਿ ਏਕੰਕਾਰੁ ਨ ਦੂਆ। ਏਕ ਏਕੁ ਰਹਤ ਨਿਰਬਾਣੁ। ਸੁੰਨਿ ਮਹਲ ਕਾ ਇਹੀ ਧਿਆਨੁ। ਤਬ ਏਕੁ ਇਕੇਲਾ ਕੋਈ ਆਨਿ ਨ ਕਹਤਾ। ਉਨ ਮਨਿ ਧਿਆਨਿ ਨਿਰਾਲਮੁ ਰਹਤਾ। ਅਪਨੇ ਜੀਅ.ਕੀ ਆਪੇ ਜਾਨੈ। ਨਾਨਕ ਰਹਤਾ ਸੁੰਨਿ ਧਿਆਨੈ ॥ ੧੬ ॥ ਸੁੰਨਿ ਨਿਰੰਤਰਿ ਦੀਜੈ ਬੰਧੁ। ਉਡੈ ਨ ਹੰਸਾ ਪੜੈ ਨ ਕੰਧੁ। ਸੁੰਨਿ ਗੁਫਾ ਘਰਿ ਛਾਵਨ ਛਾਇਆ। ਪੜੇ ਨ ਦੇਹੁ ਜੋਨਿ ਨਹਿ ਆਇਆ। ਅਜਰਾਵਰੁ ਅਮਰਾ ਪੁਰ ਵਾਸਾ। ਸੁੰਨਿ ਗੁਫਾ ਮਹਿ ਭਇਆ ਨਵਾਸਾ।ਉਨ ਮਨਿ ਗੰਠਿ ਨ ਖੂਲੈ ਮਨ ਕੀ।ਨਾਨਕ ਉਨ ਮਨਿ ਸੁਰਤਿ ਨ ਤਨ ਕੀ॥ ੧੭॥ ਉਨ ਮਨਿ ਖੂਲਾ ਛੁਟਕੀ ਤਾਰੀ। ਉਨ

ਮਨਿ ਖੁਲਾ ਜੋਤਿ ਪਸਾਰੀ । ਉਨ ਮਨਿ ਖੋਲਿ ਧਾਰੀ ਜਬ ਧਰਨਾ । ਉਨ ਮਨਿ ਖੋਲਿ ਰਵਿ ਸਸਿ ਪ੍ਰਗਟਾਨੇ । ਉਨ ਮਨਿ ਖੋਲਿ ਤ੍ਰੈ ਕੀਏ ਸਮਾਨੇ । ਉਨ ਮਨਿ ਖੋਲਿ ਕੀਆ ਪਸਾਰਾ । ਨਾਨਕ ਏਕਸ ਤੇ ਬਿਸਥਾਰਾ ॥ ੧੮ ॥

ਉਨ ਮਨਿ ਖੂਲਾ ਨੇਤ੍ਰ ਉਘਾਰੇ । ਉਨ ਮਨਿ ਖੋਲੈ . ਸੰਜਮ ਪ੍ਰਭ ਸਾਰੇ । ਉਨ ਮਨਿ ਕੀ ਜਬ ਛੁਟਕੀ ਡੋਰੀ। ਤਬ ਚੀਨਾ ਦੇਹੁ ਮਥੀ ਸਭ ਖੋਰੀ। ਉਨ ਮਨਿ ਖੋਲ ਬਤਾਈ ਮਨਸਾ । ਤੁਮ ਦੇਖਤ ਮਨੁ ਬਿਗਾਸਿ ਸਰਸਾ । ਸੁਆਮੀ ਪੂਛਤ ਮਨਸਾ ਮਾਈ । ਕਿਛੁ ਕੀਜੈ ਆਲਮੁ ਮਨੁ ਨਾਨਕ ਬਿਗਸਾਈ ॥੧੯॥ ਆਪਹੁ ਕੀਨੀ ਮਨਸਾ ਮਾਈ । ਆਪਹੁ ਤ੍ਰੈ ਗੁਣ ਪੂਰਿ ਸਮਾਈ । ਆਪਹੁ ਪੰਚਿ ਤਤ ਲੇ ਕੀਆ । ਆਪਹੁ ਲੋਹੁ ਕਲਮ ਮਥਿ ਲੀਆ । ਆਪਹੁ ਖਟ ਛਿਅ ਚਾਰਿ ਉਪਾਏ। ਆਪਹੁ ਬੀਸ ਇਕੀਸ ਕਰਾਏ। ਆਪਹੁ ਸਭ ਕਿਛੁ ਕੀਆ ਬਣਾਇ।ਨਾਨਕ ਉਨ ਗਤਿ ਲਖੀ ਨ ਜਾਇ ॥੨੦॥ਓਅੰਕਾਰ ਉਤਪਤਿ ਪ੍ਰਭ ਕੀਨੀ।ਓਅੰਕਾਰ ਰਚਨਾ ਮਥਿ ਲੀਨੀ । ਓਅੰਕਾਰਿ ਪਸਾਰ ਪਸਾਰਿਆ । ਰਾਜਸੁ ਤਾਮਸੁ ਸਾਤਕੁ ਮਾਇਆ। ਬ੍ਰਹਮਾ ਬਿਸਨ ਮਹੇਸ ਉਪਾਏ । ਤਿਨਕੀ ਰਚਨਾ ਗਨੀ ਨ ਜਾਏ । ਅਨੇਕ ਭਾਤਿ ਜਲ ਥਲ ਮਹਿ ਜੀਆ । ਨਾਨਕ ਓਅੰਕਾਰ ਤੇ ਸਭ ਕਿਛੁ ਥੀਆ॥ ੨੧ ॥ ੪ ॥

ਸਤਿਗੁਰ ਪਰਸਾਦਿ ॥ ਰਾਗ ਗਉੜੀ ਪੂਰਬੀ॥ਧਿਆਉ ਪਰਮ ਤਤ ਕਾ ॥ ਸਲੋਕੁ ॥ ਜਬ ਮਨੁ ਤਨੁ ਪ੍ਰਾਨ ਨ ਕਛੁ ਕੀਆ ਅਕਾਰੁ । ਨਾਨਕ ਉਨ ਮਨਿ ਰਚਿ ਰਹਿਆ ਸੁਖ ਸਾਗਰ ਨਿਰੰਕਾਰਿ ॥ ਪਉੜੀ ॥ ਤਨ ਮਹਿ ਮਨੂਆ ਜੋ ਠਹਰਾਵੈ । ਜੰਮਣੁ ਮਰਣੁ ਭਿਸਤੁ ਅਰੁ ਦੋਜਕੁ ਤਾਕੇ ਨਿਕਟਿ ਨ ਆਵੈ । ਆਤਮੁ ਚੀਨਿ ਪਰਾਤਮੁ ਚੀਨੈ ਗਿਆਨਿ ਮਥਨੁ ਆਤਮਾ ਸਮਝਾਵੈ।ਨਾਨਕ ਇਹ ਬਿਧਿ ਘਟੁ ਮਟੁ ਸੋਧੈ ਤਬ ਹੀ ਪ੍ਰਮ ਤਤ ਕਉ ਪਾਵੈ ॥੧॥ ਜੈਸੇ ਬਿਨੁ ਪਗ ਪੰਧੈ ਚਲੈ ਉਡਿ ਅੰਡਾ । ਇਹਿ ਬਿਧਿ ਇਹੁ ਮਨੁ ਚੜੈ ਬ੍ਰਹਮੰਡ।ਗਵਨਿ ਬਿਹੰਗਮਿ ਕਬਹੂੰ ਨ ਜਾਸੀ । ਭੋਜਨ ਬਿਨਾ ਤ੍ਰਿਪਤਿ ਅਘਾਸੀ।ਜੈਸੇ ਮੰਦਰ ਪੈ ਸਿਰ ਵੈ ਵਰੁ ਨਾਰੀ। ਉਦਾਸ ਰੀਤਿ ਨਾਨਕ ਇਉ ਨਿਆਰੀ॥੨॥ ਤਹਾਂ ਪੂਜ ਜਹਾਂ ਬਿਮਨੁ ਦਿਵਾਲਾ। ਮਨੁ ਮਧਿ ਸੋਧਿ ਨਿਰੰਜਨੁ ਬਾਲਾ। ਤਜਿ ਆਤਮੁ ਪਰਾਤਮ ਪਖਾਨਿ।ਚੀਨਿ ਲਹੈ ਕੇਵਲ ਨਿਰਬਾਨਿ। ਅਹਿਨਿਸਿ ਰੀਤਿ ਜੋ ਜੋਗ ਕਮਾਵੈ।ਨਾਨਕ ਸੁੰਨ ਮਹਲ ਕਉ

ਸੁੰਨਿ ਲਗਾਵੈ ॥੩॥ ਸੁੰਨਿ ਮਹਲ ਮਹਿ ਜਾਇ ਸਮਾਵੈ। ਰਤਨੁ ਅਮੋਲਕ ਤਦਿ ਹੀ ਪਾਵੈ। ਜਹ ਕੇਵਲ ਨਿਰਬਾਣੁ ਬਸੇਰਾ। ਜੋਗ ਰਤਿ ਜਨੁ ਪਹੁਚੈ ਤੇਰਾ। ਹੋਇ ਅਨਭੈ ਜੋਗੀ ਭਉ ਸਭ ਡਾਰੈ। ਨਾਨਕ ਤਤੁ ਲਹੈ ਘਰੁ ਸੋਧਿ ਬੀਚਾਰੇ ॥ ੪ ॥ ਅਠਸਠਿ ਤੀਰਥ ਕਾਂਇਆ ਭੀਤਰ ਗੰਗਨ ਗੰਗਾ ਮੁਖੁ ਕਾਸੀ। ਗੁਰ ਕਿਰਪਾ ਨਿਰਬਾਨ ਰਹੈਗਾ ਖੋਜਿ ਲਹੈ ਸੋ ਉਦਾਸੀ। ਨਿਤਿ ਸੁਆਸੁ ਮੁਖਿ ਆਵਤੁ ਤਬ ਲਿਵ ਲਾਈ ਅਬਨਾਸੀ। ਪਦ ਪੰਕਜ ਮਹਿ ਪ੍ਰਾਨ ਰਚਉਗਾ ਮਨ ਤਨ ਮਾਹਿ ਸਮਾਸੀ। ਕਹੁ ਨਾਨਕ ਪਦਿ ਪਰਸਿ ਬਿਲੰਮੈ ਤਊ ਮਿਲੈ ਨਿਰੰਜਨ ਜਾਇ ॥੫॥ ਇਹ ਮਨੁ ਹੋਇ ਰਹੈ ਜਬ ਸਹੁਦਾ। ਅਨਦਿਨ ਜਪੈ ਸਦਾ ਪਦੁ ਗਹੁਜਾ। ਮੀਨ ਹੋਇ ਬਿਮਲ ਜਲੁ ਸੋਧੈ। ਸਤਿਗੁਰਿ ਗਿਆਨਿ ਆਤਮ ਪਰਬੋਧੈ। ਕਰਿ ਮਨੁ ਤਰਵਰੁ ਮਤੁ ਪਵਨਹਿ ਲੀਆ। ਨਾਨਕ ਇਹੁ ਮਨੁ ਢਾਹਿ ਪਰਮ ਪਦੁ ਲੀਆ ॥ ੬ ॥ ਅਚਲ ਸਮਾਨਿ ਦ੍ਰਿੜੇ ਇਸੁ ਮਨ ਕਉ। ਤਿਸੁ ਕਾਲੁ ਸੰਤਾਵੈ ਨਿਮਖ ਨ ਮਨ ਕਉ। ਚੰਦ ਸੂਰ ਕਾ ਜੋ ਮਤੁ ਲੇਈ। ਗੁਰ ਕਉ ਖਾਇ ਮਨੁ ਸਹਜਿ ਰਵੇਈ। ਜਿਸ ਤੇ ਉਪਜਿਆ ਫਿਰਿ ਤਿਸਹਿ ਸਮਾਵੈ। ਨਾਨਕ ਇਹ ਬਿਧ ਪਰਮ ਪਦੁ ਪਾਵੈ ॥੭॥ ਅਗਮ ਅਗਾਧਿ ਨਾਥ ਪ੍ਰਭੁ ਜਪਨੇ। ਮਹਲਿ ਅਮਹਲਿ ਮਿਲੈ ਪ੍ਰਭ ਅਪਨੇ। ਤਿਸੁ ਸੂਝਤੁ ਹੈ ਪਦੁ ਨਿਰਬਾਨਾ। ਜੋ ਛਾਡਿ ਆਪੁ ਹੋਇ ਰਹੈ ਹੈਰਾਨਾ। ਉਰਵਾਰ ਪਾਰ ਕੀ ਸਭ ਮਿਤਿ ਪਾਵੈ। ਨਾਨਕ ਇਹ ਬਿਧਿ ਪਰਮ ਪਦੁ ਪਾਵੈ ॥ ੮ ॥ ਜੈਸੇ ਮੀਨ ਜਲ ਤਜਿ ਬਿਗਸੈ ਐਸੇ ਇਹੁ ਮਨੁ ਰਹਤਾ। ਮਾਰਗੁ ਛਾਡਿ ਪੜੈ ਮਗਿ ਬਿਖੜੈ ਤਬ ਘਰੁ ਗੂਹਜਾ ਲਹਤਾ। ਗੁਹਜ ਮਹਲਿ ਮਹਿ ਮਨੁ ਮਗਨਾਨਾ ਤਬ ਉਲਟਿ ਕਵਲੁ ਬਿਗਸਾਵੈ। ਨਾਨਕ ਹੋਇ ਦਾਸਨੁ ਕੋ ਦਾਸਨ ਤਬ ਪਰਮ ਤਤ ਕਉ ਪਾਵੈ ॥ ੯ ॥ ਖਟ ਦਲਿ ਕਵਲ ਨਿਵਾਸਾ ਹੋਇ। ਚਹੁ ਕਉ ਫੇਰਿ ਮਿਲਾਵੈ ਸੋਇ। ਚਹੁ ਕੈ ਬੀਚਿ ਸਮਾਧੀ ਰਹੈ। ਤਿਸਤੇ ਕਾਲੁ ਤ੍ਰਿਭਕਿ ਡਰਿ ਰਹੈ। ਏਕ ਹੀ ਰਚੈ ਆਨਿ ਨਹਿ ਧਾਵੈ। ਨਾਨਕ ਪਰਮ ਤਤੁ ਤਬ ਪਾਵੈ ॥ ੧੦ ॥

ਅਸਟ ਕਵਲ ਦਲ ਭੀਤਰਿ ਬਸੈ। ਤਹਾ ਸਿਰੀ ਰੰਗੁ ਸਹਜੀ ਬਿਗਸੈ। ਸਤਿਗੁਰ ਮਿਲੈ ਗੁਹਜ ਘਰੁ ਪਾਈਐ। ਰਤਨੁ ਜਨਮੁ ਬਿਰਥਾ ਨ ਗਵਾਈਐ। ਗੁਰ ਪ੍ਰਸਾਦਿ ਅਗਮ ਘਰਿ ਜਾਵੈ। ਨਾਨਕ ਪਰਮ ਤਤੁ ਤਬ ਪਾਵੈ ॥ ੧੧ ॥

ਕਤਲ ਕੁਦਮੁ ਘਰਿ ਦਲ ਭੀਤਰ ਜਾਤਾ। ਦਸ ਅੰਗੁਲ ਕੈ ਬੀਚ ਸਮਾਤਾ। ਤਹ ਦੁਆਦਸ ਦਸ ਰਹੈ ਅਭੀਚੁ। ਇਸ ਮਨਿ ਜਨਮੁ ਨ ਆਵੈ ਮੀਚੁ। ਖੋਜਿ ਅਧਾਤਮੁ ਆਗਮਿ ਧਾਵੈ। ਨਾਨਕ ਪਰਮ ਤਤੁ ਤਬ ਪਾਵੈ ॥ ੧੨ ॥ ਬੰਕ ਨਾਰਿ ਕੈ ਅੰਤਰਿ ਜਾਇ। ਪਛਮ ਦਿਸ ਕੀ ਸਭ ਸੁਧਿ ਪਾਇ। ਨਿਝਰੁ ਝਰੈ ਜਲੁ ਪੀਵੈ ਅਘਾਇ। ਭਵਰੁ ਗੁਫਾ ਕੈ ਘਾਟਿ ਸਮਾਇ। ਹੋਇ ਮੁਕੰਦੁ ਕਵਲ ਲਪਟਾਨਾ। ਨਾਨਕ ਪਰਮ ਤਤੁ ਤਬ ਜਾਨਾ ॥ ੧੩ ॥ ਤ੍ਰਿਬੇਨੀ ਮਨ ਕਉ ਸਹਜਿ ਧਿਆਵੈ ਸੁਰਤਿ ਹਥਿ ਕਰ ਮਨੁ ਪਤੀਆਵੈ। ਬਹੁਰਿ ਨ ਫਿਰਿ ਫਿਰਿ ਮਾਰਗਿ ਧਾਵੈ। ਸਸਿਕਾਦਿਕ ਸੰਗਿ ਗੋਸਟਿ ਪਾਵੈ। ਤ੍ਰਿਬੇਣੀ ਛੁਟੇ ਸੁੰਨਿ ਸਮਾਵੈ। ਨਾਨਕ ਪਰਮ ਤਤੁ ਤਬ ਪਾਵੈ॥ ੧੪ ਗਗਨੁ ਗਰਜਿ ਮਗੁ ਜੋਰਿ ਅਨੰਤਾ। ਤਹਾ ਬਿਜਲੀ ਚਮਕਿ ਘਨੁ ਸਹਜਿ ਬਸੰਤਾ। ਤਹ ਭੀਜਤ ਸੰਤ ਅੰਮ੍ਰਿਤ ਕੀ ਬਾਣੀ। ਗਗਨ ਨਗਰ ਕੀ ਤਬ ਮਿਤਿ ਜਾਣੀ। ਗਗਨ ਗੰਭੀਰ ਨਗਰੁ ਦ੍ਰਿਸਟਾਇਆ। ਨਾਨਕ ਪਰਮ ਤਤੁ ਤਬ ਪਾਇਆ ॥ ੧੫ ॥ ਖੋੜਸਿ ਕਵਲ ਜਬ ਚੇਤਿ ਪਰਾਨੀ। ਮਿਲ ਗਏ ਸ੍ਰੀਧਰ ਨਿਗਮ ਪਛਾਨੀ। ਜਰਾ ਮਰਨੁ ਭਰਮੁ ਭਾਗਿ ਸਮਾਨਾ। ਜਿਉ ਜਲੁ ਜਲ ਕਉ ਜਾਇ ਸਮਾਨਾ। ਪੁਨਰਪਿ ਜਨਮਿ ਬਹੁਰਿ ਨਹੀ ਆਵੈ। ਨਾਨਕ ਪਰਮ ਤਤੁ ਤਬ ਪਾਵੈ ॥ ੧੬ ॥ ਸਹਜਿ ਆਧਿ ਤਬ ਮਨੁ ਜਾਈ। ਜਨਮੁ ਮਰਨ ਕੀ ਚੂਕੀ ਧਾਈ। ਜਰਾ ਰੋਗੁ ਸੁਫਨੈ ਨਹੀ ਆਵੈ। ਸਹਜਿ ਸੁਭਾਇ ਉਪਾਧਿ ਮਿਟਾਵੈ। ਉਪਜਿਆ ਪ੍ਰੇਮੁ ਤਬਹਿ ਪਛਾਤਾ। ਨਾਨਕ ਤਾ ਤੇ ਪਰਮਪਦੁ ਜਾਤਾ ॥ ੧੭ ॥ ਖੇਲੈ ਹੋਇ ਪ੍ਰਗਟ ਛਾਡੈ ਸੰਕਾ। ਝੂਝੈ ਸਨਮੁਖਿ ਕਾਟ ਕਲੰਕਾ। ਦਰਸਨੁ ਪਰਸੈ ਗੁਰ ਕੈ ਭਾਇ। ਬਖੇਡ ਖੇਡੈ ਭਰਮੁ ਸਭੁ ਜਾਇ। ਨਿਤਿ ਉਠਿ ਚਲੈ ਬਿਖਮ ਕੀ ਬਾਟ। ਤਬ ਨਾਨਕ ਤੋੜੈ ਅਵਘਟ ਘਾਟ ॥੧੮॥ ਅਵਰਨੁ ਵਰਹਿ ਨਹਿ ਕਰਮ ਕਉ ਧਾਵੈ। ਆਸਾਧਹਿ ਸਾਧਿ ਅਬਧ ਬਧਾਵੈ। ਗਗਨ ਤਾਲਾ ਗੁਰ ਕਿਰਪਾ ਤੋੜੈ। ਨਿਰਭਉ ਭਰੈ ਅਜਰ ਕਉ ਜੋੜੈ। ਹੋਇ ਬਹੈ ਬਿਰਧੀ ਤੇ ਬਾਲਾ। ਨਾਨਕ ਪਰਮ ਤਤ ਇਹ ਚਾਲਾ ॥ ੧੯ ॥ ਗਰਭਿ ਨ ਆਵੈ ਭਰਮ ਭਉ ਖਾਵੈ। ਚੀਟ ਹੋਇ ਸਾਗਰੁ ਸਮਾਵੈ। ਕਾਲ ਹੋਇ ਤਤ ਮਹਿ ਬੁਡਾਵੈ। ਨਉ ਖੰਡਜੀਤੈ ਪਾਤਸਾਹੁ ਕਹਾਵੈ। ਉਨ ਮਨ ਧਿਆਨ ਅਦਲ ਕਉ ਦਲੈ। ਨਾਨਕ ਪਰਮ ਤਤ ਜਬਿ ਰਲੈ

॥ ੨੦ ॥ ਲੰਬ ਕਾ ਉਲਟਿ ਛਿਦ੍ਰ ਤਲੈ ਧਰੈ ਨਹਿ ਸਬਦਿ ਹੋਇ ਗਲ ਤਾਨਾ। ਮਨ ਪਵਨ ਧਵਰ ਤਹਿ ਜੀਤੇ ਤਉ ਮਖਨਿ ਮਾਨਿ ਨ ਸਾਨਾ। ਅੰਤਰ ਗਹੀ ਸੁਰਤਿ ਮੁਕਤਾਲ ਹਿਤੁ ਕਰ ਮਿਲੇ ਗੁਸਾਈ । ਤ੍ਰਿਕੁਟੀ ਸੰਧਿ ਨਾਸਕਾ ਅਰੁ ਤਾਲ ਕੀ ਸੁਖਮਨ ਜਾਇ ਸਮਾਈ। ਇੰਗੁਲ ਪਿੰਗੁਲ ਪਛਮ ਧਾਵੈ ਰਵਿ ਸਸ ਅਸਤੁ ਵਿਹਾਣਾ। ਨਾਨਕ ਗੁਰ ਕਿਰਪਾ ਤੇ ਸਾਚ ਪਰਮ ਤਤੁ ਪਛਾਨਾ ॥੨੧॥ ਸਰਵਰ ਸੁੰਨਿ ਬਨੇ ਸਹੰਸ ਦਲ ਭਵਰ ਗੁਫਾ ਮਗਨਾਨੇ। ਅਤਿ ਚਿਤ੍ਰ ਸਾਲ ਬਨੀ ਮਹਲੀ ਵਰ ਜਹ ਤਹਾ ਸਮਾਨੇ।ਲਿਸਿ ਮਿਸਿ ਨਾਮਨੀ ਰਿਮ ਝਿਮ ਬਰਸੈ ਹਸਿ ਪ੍ਰਭ ਮਿਲੈ ਨਿਰਾਰਾ। ਕਹੁ ਨਾਨਕ ਜਬ ਤਤੁ ਬੀਚਾਰਿਆ ਤਬ ਪ੍ਰਗਟਿਆ ਭਾਨੁ ਨਿਰਾਰਾ ॥੨੨॥ ਹਰਿ ਅਗਮ ਅਗੋਚਰ ਅਗਮ ਅਪਰੰਪਰ ਪਰੈ ਤੇ ਪਰੈ ਅਨੰਤਾ। ਸਰਬ ਬਿਸਮਾਹਿ ਤਾਕੀ ਲੀਲਾ ਰਵਿ ਰਹਿਆ ਭਗਵੰਤਾ । ਸਭ ਤੇ ਨਿਕਟਿ ਸਭਹੂ ਤੇ ਦੂਰ ਸਦਾ ਅਲਿਪਤੁ ਰਹੈ । ਜਹ ਪਦੁ ਨਿਰਬਾਣੁ ਬਸੈ ਤਹਾ ਆਪੇ ਨਾਨਕ ਕੋ ਬਿਰਲਾ ਖੋਜਿ ਲਹੈ ॥ ੨੩ ॥ ਜਾ ਕੀ ਚੇਰੀ ਮੁਕਤਿ ਸੁਰਗੁ ਅਗਵਾਨੀ ਐਸਾ ਆਪੁ ਜਪੀਜੈ। ਜਾਕੀ ਮਾਇਆ ਦਾਸੀ ਨਵ ਨਿਧਿ ਸੇਵਾ ਕਰੀ ਰਿਧਿ ਸਿਧਿ ਚਰਨ ਲਗੀਜੈ। ਕਹੁ ਨਾਨਕ ਅਮਰਾ ਪਦਿ ਰਾਚੈ ਚਉਥੈ ਪਦਿ ਸਹਜਿ ਪਤੀਜੈ ॥੨੪॥ ਏਕ ਘਰਿ ਚੰਦ ਸੂਰਜ ਕਉ ਆਨੈ ਅਰਧਿ ਉਰਧਿ ਮਿਤਿ ਪਾਵੈ। ਤਸਕਰ ਕੀ ਗਤਿ ਖੋਵੈ ਸਹਜੀ ਅੰਤਰ ਬ੍ਰਹਮੁ ਟਿਕਾਵੈ। ਜਨੁ ਨਿਕਸੀ ਮਾਇਆ ਪਛੁਤਾਨੀ ਤਬ ਨਾਨਕ ਸੁੰਨਿ ਸਮਾਵੈ ॥੨੫॥

ਦੀਪਕੁ ਜਾਰਿ ਧਰੈ ਬਿਨੁ ਤੇਲੈ ਭਉਰੁ ਦੇਖਿ ਲਪਟਾਨੇ। ਇਹ ਘਟ ਭੀਤਰ ਜੋਤਿ ਪ੍ਰਗਾਸੀ ਦੇਖਿ ਲੋਇ ਉਰਝਾਨੇ। ਨਾਨਕ ਜੋਤਿ ਰਲੀ ਸੰਗਿ ਜੋਤਹਿ ਤਬ ਬ੍ਰਹਮ ਰੂਪ ਪ੍ਰਗਟਾਨੇ ॥ ੨੬ ॥ ਨਉ ਦਰ ਮੁੰਦਿ ਕਾਂਇਆ ਸਮ ਰਾਖੈ ਦਸਵੈ ਸਸ ਘਰਿ ਸਹਜਿ ਬਸੈ। ਕੋਟ ਜਨਮ ਅਘ ਸਭ ਕਾਟੈ ਸੁਖਮਨ ਮੰਦਰਿ ਸਹਜਿ ਰਸੈ। ਕਨਿਕ ਮੰਦਰ ਰਤਨ ਕੀ ਸਹਜਾ ਨਾਨਕ ਕਵਲ ਪ੍ਰਗਾਸਿ ਹਸੈ ॥ ੨੭ ॥ ਮਨੂਆ ਅਨ ਤਨ ਜਾਨ ਨ ਦੇਈ । ਬੀਜੁ ਮੰਤੁ ਚੀਨਿ ਮਿਤਿ ਲੇਈ। ਸਭਿ ਇੰਦ੍ਰੀ ਕਉ ਖੋਜਿ ਬੀਚਾਰੈ। ਤਸਕਰ ਪੰਚ ਸਬਦਿ ਸੰਘਾਰੈ। ਸਹਸਾ ਜਾਲਿ ਕਰੈ ਸਭ ਛੇਈ। ਨਾਨਕ ਤਬ ਅਨਭੈ ਮਤਿ ਹੋਈ ॥ ੨੮ ॥ ਸਿਵ ਸੰਤ ਸਰੋਵਰ ਸੰਤ

ਸਖਾਨੇ। ਫਿਰਨ ਤੁਰਨ ਕੇ ਗਵਨ ਮਿਟਾਨੇ। ਆਵਨੁ ਜਾਨੁ ਬਹੁਰਿ ਨ ਹੋਈ। ਸਿਵ ਸੰਤ ਸਰੋਵਰ ਨਾਵੈ ਕੋਈ। ਸਿਵ ਬਿਰੰਚ ਤਿਸੁ ਦਰਸਨੁ ਆਛਹਿ। ਨਾਨਕ ਇਹ ਗਤਿ ਬਿਰਲੇ ਬਾਛਹਿ॥ ੨੯॥ ਬ੍ਰਹਮੇ ਬਿਸਨ ਮਹਾ ਦੇਉ ਗੋਰਖ ਹਾਰੇ ਖੋਜਤ ਬਾਟਾ। ਸੰਤਨ ਬਾਂਸਾ ਕੀਆ ਹੈ ਨਿਜ ਘਰਿ ਬਜਰਕ ਖੁਲੇ ਕਪਾਟਾ। ਨਉ ਦਰਿ ਮਾਰਿ ਅਨਾਹਦ ਰਰਿਆ ਲਖ ਚਉਰਾਸੀ ਕਾਟਾ। ਨਾਨਕ ਹਰਿ ਜਨੁ ਹਰਿ ਮਿਲਾਇਆ ਏਕੁ ਜਿਉ ਨੀਮ ਕੁ ਮਿਲਿ ਆਟਾ॥ ੩੦॥ ਉਹੁ ਸਰਸੁਖ ਨਿਧਿ ਅਤਿ ਬਿਲਾਸੁ ਹੈ।ਅਨਤ ਥਾਨ ਸਭ ਠਉਰ ਜੋ ਜਨੁ ਜਾਇ ਰਹੈ। ਤਹ ਸਿਵ ਹੋਇ ਜਿਉ ਅਲੀਅਲ ਪਰ ਭਉਰ। ਭਏ ਬਿਦੇਹ ਮਤਿ ਗਤਿ ਬਦਲਾਨੀ ਭਈ ਜਾਤਿ ਕੁਲ ਅਉਰ। ਨਾਨਕ ਜਿਨ ਕਉ ਗੁਰ ਦਿਖਾਈ ਪਾਰਬ੍ਰਹਮ ਕੀ ਠਉਰ॥੩੧॥ ਜਨਿ ਅੰਤਰਿ ਜਾਇ ਨਿਰੰਤਰੁ ਦੇਖਿਆ ਅਤਿ ਬਿਲਾਸੁ ਨਿਰੰਕਾਰ। ਜਾਕੇ ਏਕ ਰੋਮ ਤੇ ਉਪਜੇ ਸੁਰ ਸਿਧ ਦਸ ਉਤਾਰ। ਹਰਿ ਨਿਰਖਤ ਬੁਧਿ ਚੀਤੁ ਮਗਨਾਨਾ ਨਿਰਲੰਬ ਗਲਤਾਨ। ਨਾਨਕ ਦੇਹੁ ਤਜੈ ਜਿਉ ਕੂਜੈ ਮਨੁ ਨਿਰਬਾਨਿ ਸਮਾਨ ॥ ੩੨॥ ਹਰਖੁ ਦੇਖਿ ਮਨੁ ਨਾਹਿ ਬਿਗਸਾਨਾ ਸੋਗਿ ਨਹੀ ਕੁਰਮਾਵੈ।ਸੰਪੈ ਦੇਖਿ ਨ ਕਉਲ ਬਿਗਾਸੇ ਬਿਪਤਿ ਨਹੀ ਮੁਰਝਾਵੈ। ਜਿਉ ਸੰਪੈ ਤਿਉ ਬਿਪਤਿ ਪਛਾਨੈ ਬੇਗਮਿ ਮਹਲਿ ਲਡਾਵੈ। ਕਹੁ ਨਾਨਕ ਜੋ ਪਰਮਪਦਿ ਰਾਤਾ ਇਹ ਬਿਧਿ ਨਿਕਟਿ ਨ ਆਵੈ॥੩੩॥ਜਪ ਤਪ ਸੰਗਿ ਨਹੀ ਜਨੁ ਰਾਤਾ ਸਤੁ ਸੀਲੁ ਨ ਕਮਾਵੈ। ਤਦਿ ਅਨਹਦ ਰਾਤਾ ਭਇਆ ਬੈਰਾਗੀ ਉਸਤਤਿ ਨਿੰਦ ਨ ਭਾਵੈ।ਅਨਡੀਠੇ ਸਉਸਹਿਜ ਪਤੀਆਨਾ ਤਬ ਤੇ ਭਇਆ ਬਿਦਾਵੈ।ਕਹੁ ਨਾਨਕ ਜਬ ਪਰਮਪਦਿ ਰਾਤਾ ਐਸੇ ਅਭੈ ਪਦੁ ਪਾਵੈ॥ ੩੪॥ ਆਤਮਾ ਛਾਡਿ ਪਰਆਤਮੈ ਰਾਤਾ ਭਇਆ ਬਿਦੇਹੁ ਨਿਰਾਰਾ। ਭਉ ਕਉ ਤਿਆਗਿ ਅਭੈ ਪਦਿ ਰਾਤਾ ਅਗਮਿ ਮਹਲਿ ਪਸਾਰਾ। ਅਗਮ ਨਿਗਮ ਮਹਿ ਸਹਿਜ ਸਮਾਨਾ ਮਿਤਿ ਕੀ ਮਤਿ ਨਹੀ ਜਾਨੀ। ਕਹੁ ਨਾਨਕ ਜਬ ਦੇਹੁ ਬੀਚਾਰਿਆ ਤਬ ਉਪਜਿ ਰਹੀ ਹੈਰਾਨੀ॥ ੩੫॥ ੪॥

ਧਿਆਉ ਸੰਪੂਰਨੁ ਹੋਆ॥

ੴ ਸਤਿਗੁਰ ਪ੍ਰਸਾਦਿ ॥

ਪ੍ਰਾਨ ਪਿੰਡ ਕੀ ਮਿਹਨਤਿ। ਕਲਬੂਤ ਕੀ ਮਿਹਨਤਿ ਸੁੰਨ ਹੋਈ। ਪ੍ਰਾਨ ਪਿੰਡ ਕੀ ਉਤਪਤਿ॥ਸਲੋਕੁ॥ਵਰਨੁ ਚਿਹਨੁ ਨਹੀ ਬੂਝੀਐ ਤੀਨਿ ਗੁਣਾਂ ਤੇ ਦੂਰਿ। ਨਾਨਕ ਕਿਨਿ ਬਿਧਿ ਪਾਈਐ ਸਰਬ ਰਹਿਆ ਭਰਪੂਰਿ ॥ ਪਉੜੀ॥ ਸੁੰਨਿ ਸੁੰਨਿ ਕਹੈ ਸਭ ਕੋਇ। ਸੁੰਨਿ ਧਿਆਨਿ ਬੈਠਾ ਪ੍ਰਭੁ ਸੋਇ। ਸੁੰਨਿ ਧਿਆਨਿ ਜਬ ਰਹੈ ਇਕੇਲਾ। ਊਹਾਂ ਕਉਨ ਗੁਰੂ ਕਉਨ ਕਹੀਐ ਚੇਲਾ॥ਆਪਿ ਗੁਰੂ ਆਪੇ ਹੀ ਚੇਲਾ। ਸਭ ਧੁੰਧੂ ਕਾਰ ਪ੍ਰਭੁ ਰਹੈ ਇਕੇਲਾ॥ਤੂ ਏਕੰਕਾਰ ਏਕੋ ਨਿਰਬਾਣੁ। ਦੇਖਿ ਕੁਦਰਤਿ ਨਾਨਕ ਰਹਿਆ ਹੈਰਾਣੁ॥ ੧ ॥ ਨਾ ਤਦਿ ਧਰਤੀ ਨਾ ਆਕਾਸ। ਨਾ ਤਦਿ ਚੰਦ ਸੂਰਜ ਪਰਗਾਸ। ਨਾ ਤਦਿ ਦਿਵਸੁ ਨ ਕੀਨੀ ਰਾਤਿ। ਨਾ ਤਦਿ ਬ੍ਰਹਮੁ ਨ ਕੀਨੀ ਜਾਤਿ। ਨਾ ਤਦਿ ਸਿਵ ਸਕਤੀ ਕਿਛੁ ਦੂਜਾ। ਨਾ ਤਦਿ ਪਾਪੁ ਪੁੰਨੁ ਨਹੀ ਪੂਜਾ। ਏਕੰਕਾਰ ਇਕੇਲਾ ਰਹਤਾ॥ ਨਾਨਕ ਤਬਹੁ ਨ ਕੋਈ ਸੁਨਤਾ ਨ ਕੋਈ ਬਕਤਾ॥੨॥ ਆਪੀ ਕੁਦਰਤਿ ਦੇਖਿ ਰਹਿਆ ਹੈਰਾਨ।ਤਦਹੁ ਖਾਤਾ ਕਿ ਰਹਤਾ ਨਿਰਬਾਨੁ। ਤਦਹੁ ਕਿਛੁ ਪੀਤਾ ਕਿ ਰਹਤਾ ਤਿਹਾਇਆ॥ ਤੂੰ ਆਪੇ ਹੀ ਉਪਜਿਆ ਕਿ ਕਿਨਹਿ ਉਪਾਇਆ। ਤਬ ਕਿਉ ਕਰਿ ਬੈਠਾ ਕਿਉ ਕਰਿ ਸੋਤਾ॥ਜਬ ਧਰਨਿ ਅਕਾਸੁ ਕੁਛੁ ਨਹੀ ਹੋਤਾ। ਤਦ ਨਉ ਖੰਡ ਕੀਏ ਨ ਕੀਆ ਪਸਾਰਾ। ਨਾਨਕ ਹਰਿ ਪ੍ਰਭੁ ਰਹੈ ਨਿਰਾਰਾ ॥ ੩ ॥ ਓਅੰਕਾਰ ਨ ਪਰੰ ਧਿਆਨੰ ਓਅੰਕਾਰ ਨ ਪਰੰ ਸਿਵਹ। ਓਅੰਕਾਰ ਨ ਪਰੰ ਪੂਜਾ ਓਅੰਕਾਰ ਨ ਪਰੰ ਦੇਵਹ। ਓਅੰਕਾਰ ਨ ਪਰੰ ਮੰਤ੍ਰਹ ਓਅੰਕਾਰ ਨ ਪਰੰ ਜਪਹ। ਓਅੰਕਾਰ ਨ ਪਰੰ ਨਾਦੰ ਓਅੰਕਾਰ ਨ ਪਰੰ ਤਪਹ। ਓਅੰਕਾਰ ਨ ਪਰੰ ਭੋਗੰ ਓਅੰਕਾਰ ਨ ਪਰੰ ਸੁਖਹ। ਓਅੰਕਾਰ ਨ ਪਰੰ ਅਸੰਧੰ ਓਅੰਕਾਰ ਨ ਪਰੰ ਦੁਖਹ। ਜਸ ਲੁਭਧੰ ਓਅੰਕਾਰੰ ਤਸੁ ਕਿਰਪਾ ਗੁਰ ਮੰਤਵਹ। ਨਾਨਕ ਓਅੰਕਾਰ ਪਰੈ ਅਪਰੰਪਰੁ ਓਅੰਕਾਰ ਤੇ ਸਰਬ ਮਾਇਆ ॥ ੪ ॥ ਚਤਰ ਜੋਗੀ ਚਤਰ ਰੂਪੰ ਚਤਰ ਸਮਾਧੀ ਚਾਰਿ ਪਦਹ। ਚਤਰ ਅਸਥਾਪਨੰ ਚਤਰ ਅਸਥਾਨੰ ਸਰਬ ਮਧੇ ਸਿਵ ਸਿਵਹ। ਚਾਰਿ ਸਮਾਧੀ ਚਾਰਿ ਪਦਿ ਚਾਰਿ ਜੋਗ ਚਾਰਿ ਰੂਪ। ਚਾਰਿ ਥਾਨ ਚਾਰਿ ਥਾਪਨ ਸਭਹੂ ਮਹਿ ਏਕੁ ਅਰੂਪੁ ॥ ੫ ॥ ਚਹੁ

ਸਮਾਧੀ ਕੀ ਤਬ ਮਿਤਿ ਪਾਵੈ। ਰਕਤ ਬਿੰਦੁ ਤੇ ਕਿਉ ਕਰਿ ਪਾਕਾ॥ ਕੋਈ ਮਹਲੁ ਬਤਾਵੈ ਉਆ ਕਾ। ਚਾਰਿ ਸਮਾਨੀ ਬੀਚਿ ਸਮਾਨਾ। ਨਾਨਕ ਚਤਰ ਸਮਾਧੀ ਰਹਿਆ ਹੈਰਾਨਾ ॥੬॥ ਸੁੰਨ ਮੰਡਲ ਤੇ ਕੀਆ ਪ੍ਰਗਾਸੁ॥ ਨਉ ਖੰਡ ਕਰਿਕੈ ਕੀਆ ਅਕਾਸੁ। ਅਠ ਖੰਡ ਕਰਿ ਰਚਨੁ ਰਚਾਇਆ। ਨਾਵਾ ਖੰਡੁ ਸਰੀਰ ਬਨਾਇਆ। ਰਵਿ ਸਸ ਅਠਵੀਂ ਜੋਤਿ ਸਵਾਰੀ। ਨਾਵੀਂ ਜੋਤਿ ਪ੍ਰਭਿ ਰਖੀ ਨਿਰਾਰੀ। ਨਾਵੀ ਜੋਤਿ ਮਹਿ ਬ੍ਰਹਮੁ ਸਮਾਨਾ। ਨਾਨਕ ਡਿਠਾ ਲਾਇ ਧਿਆਨਾ ॥ ੭ ॥ ਪਹਿਲਾ ਧਰਤੀ ਕਿ ਪਹਿਲਾ ਆਕਾਸੁ। ਪਹਿਲਾ ਪੁਹਪ ਕਿ ਪਹਿਲਾ ਬਾਸੁ॥ਪਹਿਲਾ ਰਾਤਿ ਕਿ ਪਹਿਲਾ ਦਿਨੁ॥ ਪਹਿਲਾ ਪਾਪੁ ਕਿ ਪਹਿਲਾ ਪੁੰਨੁ॥ਪਹਿਲਾ ਚੰਦੁ ਕਿ ਪਹਿਲਾ ਸੂਰੁ। ਪਹਿਲਾ ਸਚੁ ਕਿ ਪਹਿਲਾ ਕੂੜੁ ॥੫॥ ਪਹਿਲਾ ਮਾਈ ਕਿ ਪਹਿਲਾ ਬਾਪ ਪਹਿਲਾ ਧਰਮੁ ਕਿ ਪਹਿਲਾ ਪਾਪੁ। ਪਹਿਲਾ ਗੁਰੂ ਕਿ ਪਹਿਲਾ ਸਿਖੁ। ਕਹਿ ਦੇਵੈ ਕੋਈ ਏਹੁ ਬਿਬੇਕ। ਇਹੁ ਬਿਬੇਕ ਜੇ ਕੋ ਕਹਿ ਦੇਵੈ। ਉਆ ਕੇ ਚਰਨ ਨਾਨਕ ਜਨੁ ਸੇਵੈ॥ ੮ ॥ ਪਹਿਲਾ ਧਰਤੀ ਤਾ ਪੀਛੈ ਅਕਾਸੁ। ਪਹਿਲਾ ਪੁਹਪ ਤਾ ਪੀਛੈ ਬਾਸੁ। ਪਹਿਲੇ ਪਾਪੁ ਤਾ ਪੀਛੈ ਪੁੰਨੁ। ਪਹਿਲਾ ਰਾਤ ਤਾ ਪੀਛੈ ਦਿਨੁ। ਪਹਿਲਾ ਚੰਦ ਤਾ ਪੀਛੈ ਸੂਰੁ। ਪਹਿਲਾ ਸਾਚੁ ਤਾ ਪੀਛੈ ਕੂਰੁ। ਪਹਿਲਾ ਮਾਇ ਤਾ ਪੀਛੈ ਬਾਪੁ। ਪਹਿਲਾ ਧਰਮੁ ਤ ਪੀਛੈ ਪਾਪੁ। ਪਹਿਲਾ ਗੁਰੂ ਤ ਪੀਛੈ ਸਿਖੁ। ਨਾਨਕ ਦਾਸੁ ਇਹੁ ਕਹੈ ਬਿਬੇਕ ॥੯॥ ਨਹੀ ਕੁਛ ਡਾਲੀ ਨਹੀ ਕਛੁ ਮੂਲੁ॥ ਨਾਹੀ ਸੂਖਮੁ ਨਹੀ ਅਸਥੂਲ। ਆਛਾ ਲੋਹੂ ਆਸਾ ਮਾਸੁ। ਆਛਾ ਸਰਵਰੁ ਆਛਾ ਹੰਸੁ॥ਆਛੀ ਭੂਮਿ ਕਰਹਿ ਮੰਤਾ। ਆਛਾ ਬੀਜੁ ਪੜਹਿ ਤਿਹ ਖੇਤਾ॥ਅਗਨਿ ਪੜੈ ਅਗਨੀ ਹੀ ਹੋਇ। ਮਾਟੀ ਪੜੇ ਮਾਟੀ ਹੀ ਹੋਇ। ਜੈਸਾ ਬੀਜੈ ਤੈਸਾ ਹੋਇ। ਕੁਸਹਜਿ ਪਰੈ ਨ ਜਨਮੈ ਸੋਇ। ਤਿਸੁ ਭੂਮ ਮਹਿ ਦੇਹੁ ਬਿੰਦੁ ਸਾਮੁ॥ਤਿਸੁ ਬਿੰਦ ਕਉ ਹਾਡੁ ਨ ਚਾਮ ਕਹਿ ਦੀਆ ਇਸ ਕਉ ਬਿਸਰਾਮੁ। ਕਾਂਇਆ ਗੜ ਮਹਿ ਰਹਿਆ ਦਸ ਮਾਸ। ਅਗਨਿ ਪੁਜਾਰੀ ਪਵਨਿ ਨਿਵਾਸ। ਮਾਤਾ ਕੀ ਰਕਤੁ ਪਿਤਾ ਕੀ ਬਿੰਦ। ਮਨਸਾ ਦੇਹੁ ਰਖਿਆ ਮਨਿ ਮੰਦੁ। ਨਾਨਕ ਅਚਰਜ ਆਖਿ ਬਖਾਨੈ। ਅਚਰਜ ਦੇਖਿ ਰਹਿਆ ਹੈਰਾਨੈ ॥ ੧੦ ॥ ਤਬ ਏਕੰਕਾਰ ਇਕੇਲਾ ਹੋਤਾ। ਸਾਸੁ ਮਾਸੁ ਤਬ ਕਛੁ ਨ ਹੋਤਾ। ਦੇਹੁਰੀ ਹੋਤੀ ਨ ਹੋਤੇ ਪ੍ਰਾਨਾ। ਇਹੁ ਬੋਲਨਹਾਰਾ ਕਹਾ ਸਮਾਨਾ।

ਬੋਲਨਹਾਰੁ ਪਵਨ ਕੀ ਨਿਆਈ। ਨਿਸ ਦਿਨੁ ਵਹੈ ਕਛੁ ਸੂਝ ਨ ਪਾਈ॥ ਕਿਆ ਦੇਖਉ ਕਿਆ ਕਰੌ ਬੀਚਾਰਾ। ਨਾਨਕ ਸਾਹਿਬ ਅਗਮ ਅਪਾਰਾ॥ ੧੧॥

ਜਬ ਤੂ ਏਕੰਕਾਰ ਇਕੇਲਾ। ਜਬ ਕੀਆ ਪ੍ਰਗਾਸ ਕਵਨੁ ਓਹੁ ਵੇਲਾ। ਕਵਨ ਬਾਪੁ ਕਵਨ ਮਹਤਾਰੀ। ਤੇਰਾ ਕਵਨੁ ਨਾਮ ਕਿਆ ਜਾਤਿ ਤੁਮਾਰੀ। ਸੁੰਨ ਮੰਡਲ ਤੇ ਕੀਆ ਉਜੀਆਰਾ। ਆਪੁ ਛਪਾਇ ਕੀਆ ਪਸਾਰਾ। ਕੀਆ ਪਸਾਰਾ ਹੋਇ ਅਨਤ ਤਰੰਗਾ। ਨਾਨਕ ਲਖੇ ਨ ਜਾਹੀ ਰੰਗਾ॥ ੧੨॥ ਜਬ ਪ੍ਰਭੁ ਮਨਸਾ ਮਨ ਮਹਿ ਧਰਤਾ। ਤਬ ਬੋਲ ਬਚਨ ਮਨਸਾ ਸਿਉ ਕਰਤਾ। ਬਚਨੁ ਦੇਤ ਹਥਿ ਛਾ ਕੁ ਪਰਿਆ। ਤੀਨਿ ਮੂਰਤਿ ਕਾ ਅਸਰ ਮੁਕਰਿਆ॥ ਮਨਸਾ ਮਾਈ ਕਿਆਸਿ ਭੂਤਾ। ਇਕ ਸੰਸਾਰੀ ਇਕ ਅਵਧੂਤਾ। ਇਕੁ ਲਾਇ ਬਹੈ ਦੀਬਾਨੁ ਦੁਆਰੇ। ਨਾਨਕ ਆਪੇ ਭੰਨਿ ਸਵਾਰੇ॥ ੧੩॥ ਬ੍ਰਹਮੇ ਕਉ ਪ੍ਰਭਿ ਆਗਿਆ ਕੀਨੀ॥ ਅਬ ਖਾਕ ਆਤਸਿ ਲੇ ਗਾਡੀ। ਪਵਨ ਰਲਾਇ ਮਨਸਾ ਮਹਿ ਆਡੀ। ਲੋਹ ਕਲਮ ਲੇ ਸਾਜਨ ਕੀਨੀ। ਕਰਿ ਗਹਿ ਕਲ ਬ੍ਰਹਮੇ ਕਉ ਦੀਨੀ॥ ਘੜਿ ਘੜਿ ਭਾਂਡੇ ਬ੍ਰਹਮਾ ਸਾਜੇ। ਕਲਾ ਬਨਾਇ ਵਿਚ ਪਉਨ ਬਿਰਾਜੇ। ਬ੍ਰਹਮੈ ਕੀਨਾ ਏਹੁ ਪਸਾਰਾ॥ ਜਬ ਆਗਿਆ ਕੀਨੀ ਪ੍ਰਭ ਨਿਰੰਕਾਰਾ। ਤੁਮਰੀ ਆਗਿਆ ਤੇ ਏਹ ਰਚਨਾ ਹੋਈ। ਤਬ ਆਬ ਖਾਕ ਆਤਿਸ ਲੇ ਗੋਈ। ਅਪਨੇ ਸੂਤ ਸਭ ਆਪੇ ਪਰੋਈ। ਨਾਨਕ ਕਰਨੈ ਹਾਰੁ ਨ ਕੋਈ॥ ੧੪॥ ਪ੍ਰਿਥਮੈ ਤਉ ਸਮਾਧ ਸੁਨਾਈ। ਜਠਰ ਅਗਨਿ ਕੀ ਆਵੀ ਚੜਾਈ। ਤਾਇ ਤਾਇ ਤਨੁ ਤਬਹਿ ਪਕਾਇਆ। ਜਬ ਪਾਕਾ ਤਬ ਠਨਕਿ ਸੁਨਾਇਆ। ਆਵੀ ਤੇ ਜਬ ਨਿਕਸੈ ਸਾਰਾ। ਤਬਹਿ ਖਸਮ ਲੇ ਹਟਿ ਉਤਾਰਾ। ਅਚਰਜ ਬਸਤ ਬੀਚਾਰ ਲੇ ਪਾਈ। ਨਾਨਕ ਪ੍ਰਿਥਮੈ ਤਉ ਸਮਾਧਿ ਸੁਨਾਈ॥੧੫॥ ਦੁਤੀਆ ਅਪਰ ਅਪਾਲ ਸਮਾਧਿ ਵਿਚਿ ਰਾਖੀ। ਪਰਮ ਤਤ ਧਰਿਆ ਵਿਚਿ ਸਾਖੀ। ਪਉਨ ਪਰਾਤਾ ਪ੍ਰਾਨ ਕੈ ਮਾਹਿ॥ ਪਉਨ ਮਾਰਗ ਹਰਿ ਲਖੇ ਨ ਜਾਇ। ਪ੍ਰੇਮ ਸਮਾਧਿ ਕੀ ਜੋ ਮਿਤਿ ਜਾਨੈ। ਪਰੇਮ ਤਤ ਕਉ ਤਬਹਿ ਪਛਾਨੈ। ਪਰੈ ਤੇ ਪਰੈ ਪਰਮਿਤਿ ਜਬ ਆਵੈ॥ ਤਉ ਨਾਨਕ ਪ੍ਰੇਮ ਸਮਾਧਿ ਸੁਨਾਵੈ ॥ ੧੬॥ ਤ੍ਰਿਤੀਆ ਅਪਰ ਅਪਾਰ ਸਮਾਧਿ। ਆਪੁ ਚੀਨਿ ਆਪ ਤੇ ਲਾਧਾ॥ਅਪਰ ਅਪਾਰ ਅਪਰੰਪਰ ਪਧਾਰੇ। ਅਪੁਨੇ ਆਪੁ ਆਪਿ ਸਵਾਰੇ। ਅਪੁਨੇ ਆਪੁ ਆਪੇ

ਪਤੀਆਰੁ।ਆਪੇ ਭੰਨ ਸਵਾਰਣ ਹਾਰੁ।ਅਪਰ ਅਪਾਰ ਸਮਾਧਿ ਸੁਨਾਈ। ਨਾਨ
ਪ੍ਰਾਨ ਨਗਰੀ ਕੀ ਤਬ ਮਿਤਿ ਪਾਈ ॥ ੧੭ ॥ ਚਤੁਰਥ ਮਹਾ ਸਮਾਧਿ ਜ
ਕੀਨੀ। ਬਿਅੰਤ ਧਨੀ ਮਿਤਿ ਕਿਨਹੀ ਨ ਲੀਨੀ। ਮਹਿਮਾ ਊਚੀ ਮੁਖਿ ਕਹੀ
ਜਾਇ। ਮਹਾ ਸਮਾਧਿ ਮਹਿ ਰਹਿਆ ਸਮਾਇ। ਏਕੁ ਘਾਟਿ ਦਰੀਆਉ ਹਜਾਰੁ
ਦਸ ਦੁਆਰੇ ਅਠਸਠਿ ਕੀਆ ਬਜਾਰ । ਨਉ ਨਾੜੀ ਬਹਤਰਿ ਕੋਠੜੀਆ
ਨਾਨਕ ਚਹੁ ਸਮਾਧੀ ਕੀ ਤਬ ਮਿਤਿ ਪੜੀਆ ॥ ੧੮ ॥ ਪਿਰਥਮੇ ਸਮਾਧਿ
ਕਵਨ ਨੀਸਾਨਾ। ਭਿੰਨ ਭਿੰਨ ਕਰਿ ਪ੍ਰਗਟਿ ਦਿਖਾਨਾ । ਦਾਤਾ ਭੁਗਤਾ ਨ
ਦੂਖੁ ਦਿਖਾਵੈ। ਅਤਿ ਉਦਾਰ ਨਿਹਚਉ ਨਹਿ ਧਾਵੈ । ਨਿਸਬਾਸੁਰਿ ਉ
ਨਿਹਚਉ ਕਰੈ। ਸਬਦ ਸਿਧਿ ਏਕ ਕੀ ਫੁਰੈ। ਬਾਲ ਬਿਵਸਥਾ ਬੇਗਮੁ ਰਹੈ
ਨਾਨਕ ਪ੍ਰਿਥਮੇ ਸਮਾਧਿ ਬ੍ਰਹਮੁ ਹੋਇ ਰਹੈ ॥ ੧੯ ॥ ਦੂਤੀਆ ਸਮਾਧਿ ਕੇ ਲਖ
ਕਉਣੁ। ਖਿਮਾ ਸਾਂਤਿ ਸੁਖ ਸੋਭਾ ਸਵਣੁ। ਦਇਆ ਧਰਮੁ ਧੀਰਜੁ ਸੰਤੋਖੁ।
ਤੋਟਾ ਪੁੰਨ ਬਿਘਨੁ ਨ ਦੇਖੁ। ਗਿਆਨ ਧਿਆਨ ਮਹਿ ਰਹੈ ਚੇਤੰਨ। ਲਿਵ ਜਾ
ਮਹਿ ਰਹੈ ਅਨਦਿਨੁ। ਸਮਦ੍ਰਿਸਟੀ ਅਤਿ ਧੀਰਜ ਮੰਤੁ। ਘਸੈ ਨਿਰੰਤਰਿ ਮੂ
ਮਹਿ ਮੰਤੁ। ਅਸਟਿ ਦਿਸਾ ਮਹਿ ਚਰਨ ਲਪਟਾਨੇ । ਨਾਨਕ ਦੂਤੀਆ ਸਮਾ
ਬਖਾਨੇ ॥ ੨੦ ॥ ਤ੍ਰਿਤੀਆ ਸਮਾਧਿ ਕਾ ਇਹੀ ਬੀਚਾਰੁ । ਮਹਾ ਬਿਅੰਤੁ ਅ
ਹੀ ਬਿਸਥਾਰੁ। ਅਤਿ ਅਉਧੂਤੁ ਮਹਾ ਅਲੇਖੁ। ਤਿਸੁ ਜਾਤੀ ਨ ਪਤੀ ਵਰਨੁ
ਭੇਖੁ। ਮਾਇਆ ਨ ਛਾਇਆ ਦ੍ਰਿਸਟੀ ਨ ਆਵੈ। ਜਿਸੁ ਕ੍ਰੋਧ ਕਰਿ ਦੇਖੈ ਤਿ
ਤ੍ਰਿਣ ਜਿਉ ਜਲਾਵੈ।ਬਸੈ ਦਰਿਆਵੀ ਮੜੀ ਮਸਾਣੀ।ਅਤਿ ਬਿਸੁਧੁ ਬੋਲੈ ਬਿਕ
ਬਾਣੀ। ਨਾਸਕਾ ਤਾਲਕਾ ਤ੍ਰਿਕੁਟੀ ਧਿਆਨੀ। ਲੰਕਾ ਉਲਟਿ ਪੀਵੈ ਗਗ
ਬਾਨੀ। ਸੁੰਨਿ ਨਿਰੰਤਰਿ ਜਾਇ ਨਾਦ ਬਜਾਵੈ । ਨਉ ਸੈ ਨਾੜਿ ਬਹਤ
ਕੋਠੜੀਆ ਇਕ ਪਲ ਮਹਿ ਫਿਰਿ ਆਵੈ। ਰੋਮ ਰੋਮ ਖੰਡ ਖੰਡ ਕਰਿ ਕਾਇਅ
ਬੀਚਾਰੈ। ਰਾਜੁ ਕਰੈ ਖਟ ਚਕ੍ਰ ਅਰੁ ਖੋੜਿ ਸਿਧਾਰੈ । ਆਦਿ ਮਧਿ ਅੰਤਿ ਬੂ
ਬੰਧਾਨੁ। ਨਾਨਕ ਤ੍ਰਿਤੀਆ ਸਮਾਧਿ ਬਖਾਨੁ ॥ ੨੧ ॥ ਚਤੁਰ ਸਮਾਧਿ ਬਸਿਅ
ਆਪਿ ਆਪੰ। ਤਿਸੁ ਜਾਤਿ ਨ ਵਰਨੰ ਮਾਈ ਨ ਬਾਪੰ । ਅਤਿ ਨਿਰਲੰਬ ਅ
ਨਿਰਬਕਾਰੀ।ਮਹਾ ਨਿਰੰਸਾਰੀ।ਮਹਾ ਨਿਰੰਧਾਰੀ।ਪਉਣੈ ਨ ਸੋਖੰ।ਅਗਨੀ ਨ ਜਰਾਇ

ਪਾਨੀ ਨ ਬੂਡੈ ਗਹਿਆ ਨ ਜਾਇਚੰਦ ਅਨੰਦ ਰੂਪ ਅਨੂਪ ਸਰੂਪੰ ਨਿਤਿ ਅਸੋਧਿ ਕਰਿ ਸਤਿ ਸਤਿ ਧੂਪੰ। ਪਾਰਬ੍ਰਹਮੁ ਜੋਤੀ ਇਤ ਊਤੰ। ਸਰਬ ਗੁਨੀਆ ਸਬਦੁ ਅਤੀਤੰ। ਮਹਾ ਅਕਾਸੀ ਸਰਬ ਨਿਵਾਸੀ ਸਗਲ ਰੂਪ ਜਾਸੀ। ਨਾਨਕ ਪਾਰ ਬ੍ਰਹਮ ਜੋਤਿ ਜਾਇ ਆਣਿ ਕੈ ਪਰਗਾਸੀ ॥ ੨੨ ॥ ਜਹ ਗੁਰ ਮਨੰ ਪ੍ਰੇਮੰ ਰੂਪ ਨ ਨਾਮੰ। ਅਹਨਿਸਿ ਜਾਗੈ ਤ੍ਰਿਕੁਟੀ ਧਿਆਨੰ। ਭੀ ਪਾਰਬ੍ਰਹਮ ਜੋਤਿ ਜਾਇ ਆਣ ਕੈ ਬਿਸਰਾਮੰ ॥ ੨੩ ॥ ਜਬ ਜੋਤਿ ਜਾਗੈ ਤਬ ਹੋਇ ਪਸਾਰਾ। ਜਬ ਜੋਤ ਸੁਖਿ ਸਵੈ ਤਬ ਹੋਇ ਅੰਧਾਰਾ। ਜਬ ਜੋਤਿ ਜਾਗੈ ਹੋਇ ਬਿਸਥਾਰ। ਭੀ ਪਾਰਬ੍ਰਹਮ ਜੋਤਿ ਉਰਵਾਰ ਨ ਪਾਰੁ। ਪ੍ਰੇਮ ਦੇਉ ਪ੍ਰੇਮ ਆਤਮੰ ਪਰਮਿਤਿ ਪਰ ਅਸਥਾਪਨੰ । ਚਤੁਰੁ ਸਮਾਧੀ ਜੋ ਬਸੈ ਨਾਨਕ ਤੇ ਲਖਣ ਪਰਵਾਣੰ ॥ ੨੪ ॥ ਆਪਿ ਉਪਾਇ ਮਨਸਾ ਮਹਿ ਧਰੀ । ਖਿਆਲੁ ਖਲੂਲ ਕਰਿ ਖਲਕ ਸਵਾਰੀ। ਸਾਢੇ ਉਣਵੰਜਹ ਕਰੋੜਿ ਖਾਕੁ। ਮਨ ਮਹਿ ਸੋਧਿ ਦ੍ਰਿਸਟ ਕਰਿ ਪਾਕੁ। ਬਹਤਰਿ ਕਰੋੜੀ ਪਉਣੁ ਉਪਾਇਆ। ਸੋਲਹ ਕਰੋੜੀ ਜਲ ਬਿੰਬੁ ਪ੍ਰਗਟਾਇਆ। ਨਉ ਕਰੋੜੀ ਆਤਿਸਿ ਹੈ ਕੀਨੀ। ਨਾਨਕ ਕੋਟਿ ਮਧੇ ਕਿਨੈ ਵਿਰਲੈ ਚੀਨੀ ॥ ੨੫ ॥ ਨਾ ਕਿਛੁ ਤੇ ਕੁਛੁ ਕਰਿ ਦਿਖਾਇਆ। ਰਕਤੁ ਬਿੰਦੁ ਕਾ ਦੇਹੁ ਉਪਾਇਆ। ਊਰਧ ਕਵਲ ਮਹਿ ਸਿਮਰਨ ਆਧਾਰੁ । ਹਰਿ ਸਿਉ ਰਾਤਾ ਭਗਤ ਅਚਾਰੁ। ਇਹ ਕਲਿ ਆਇ ਕਿਛੁ ਅਵਰੁ ਦਿਖਾਇਆ। ਹਰਿ ਬਿਸਾਰਿ ਗਇਆ ਤਬ ਲਾਗੀ ਮਾਇਆ। ਬਹਤਰਿ ਘਰ ਏਕੁ ਪਰਧਾਨੁ। ਨਾਨਕ ਲਾਗੈ ਸਹਜਿ ਧਿਆਨੁ ॥ ੨੬ ॥ ਲੇ ਮਾਟੀ ਗੋਇ ਬੁਤੁ ਕਮਾਇਆ। ਆਬ ਖਾਕ ਆਤਸਿ ਗੋਵਾਇਆ। ਬੁਤੁ ਕੀਆ ਕਲਬੂਤੁ ਉਸਾਰਿ। ਹਾਥੁ ਨਾਕੁ ਮੁਖੁ ਕੀਆ ਸਵਾਰਿ। ਹੋਠ ਬਤੀਸੀ ਨਾਸਕ ਕਾਨ। ਤ੍ਰਿਕੁਟੀ ਬੀਚਿ ਰਖਿਆ ਮੈਦਾਨੁ। ਭਉਹਾਂ ਸੇਲੀ ਮਸਤਕੁ ਕੀਆ । ਨਾਨਕ ਕਰਨੈ ਹਾਰੁ ਨ ਬੀਆ ॥ ੨੭ ॥ ਨੇਤ੍ਰ ਕੀਏ ਬਿਚਿ ਰੰਗ ਬਨਾਇ । ਅਚਰਜ ਭਾਂਤ ਕੇ ਦਿਸਤੇ ਪਾਇ। ਸਿਆਹ ਸੁਪੇਦੀ ਰੰਗੁ ਸੁਰਖਾਈ। ਗਿਰਦ ਕਟੋਰੀ ਆਖਿ ਬਨਾਈ। ਧੀਗੀ ਬੀਚਿ ਦ੍ਰਿਸਟਿ ਸਭ ਰਾਖੀ । ਰਸਨਾ ਕਰੀ ਜਪਨ ਕਉ ਸਾਖੀ। ਘਟ ਤੇ ਤਲੈ ਬੰਕ ਨਾਲ ਬਨਾਈ। ਘਟ ਕੇ ਤਲੈ ਕਛੁ ਸੁਆਦੁ ਨ ਪਾਈ। ਏਹੁ ਬਿਸਥਾਰੁ ਗਲੇ ਤੇ ਊਪਰਿ। ਨਾਨਕ ਸੋ ਸੋਧੈ ਤਿਸੁ ਜੋਤਿ ਅਨੂਪਰਿ ॥ ੨੮ ॥

ਦੋਇ ਭੁਜਾ ਦੋਇ ਕਰ ਦਸ ਨਾਰੀ ਨਾਲੇ। ਨਾਰਿ ਮਰਦੁ ਕਰ ਏ
ਬਹਾਲੇ। ਨਾਰਿ ਮਰਦ ਕਉ ਲੀਕ ਲਗਾਈ । ਬੇਨੀ ਊਪਰਿ ਧਰੀ ਕਲਾਈ
ਊਪਰਿ ਡਉਲ ਗਾਂਠਾ ਮੇਰੁ। ਗਾਂਠੀ ਤਲੈ ਬਿਅੰਤੁ ਅੰਧੇਰ। ਮਿਟੈ ਅੰਧੇ
ਦੀਪਕੁ ਜਬ ਜਾਲੇ । ਨਾਨਕ ਗਿਆਨੁ ਬੀਚਾਰਿ ਹਰਿ ਨਾਮੁ ਸਮਾਲੇ ॥ ੨੯
ਘਟ ਤੇ ਤਲੈ ਬਹਤਰਿ ਨਾਰੀ । ਬਿਚਿ ਸੁਖਮਨ ਇੜਾ ਪਿੰਗੁਲਾ ਭਾਰੀ। ਜਿ
ਸੁਖਮਨ ਹੋਵੈ ਪਰਗਾਸੁ। ਇੜਾ ਪਿੰਗੁਲਾ ਸਦਾ ਨਿਵਾਸੁ। ਨਾਭ ਕਵਲ ਤੇ
ਊਪਰਿ ਹਾਟ । ਤਿਨ ਕਉ ਅਠਸਠਿ ਦੀਏ ਕਪਾਟ । ਪੇਟੁ ਭੰਡਾਰੁ ਕੀਆ
ਅਸਗਾਹੁ। ਨਾਨਕ ਗੁਹਲ ਨਾੜਿ ਪ੍ਰਾਨ ਸੁਖ ਰਾਹੁ ॥ ੩੦ ॥ ਨਾਭ ਤਲੈ ਇੰਦ੍ਰੀ
ਕਾ ਬਾਸਾ। ਤਿਸਕੈ ਭੀਤਰਿ ਕਾਮੁ ਮਵਾਸਾ। ਇੰਦ੍ਰੀ ਤਲੈ ਨਲਾ ਕਾ ਡੇਰਾ
ਅਚਰਜੁ ਖੇਲੁ ਡੀਠਾ ਪ੍ਰਭ ਤੇਰਾ। ਸਥਲ ਗੋਡੇ ਪਿਲਾ ਅਰ ਪੈਰਾ। ਦਸ ਨਾਰੀ
ਮਰਦ ਕਾ ਏਕੁ ਬਸੇਰਾ । ਕਰਿ ਕਲਬੂਤੁ ਕੁਸਤ ਮੁਖਿ ਧਰਿਆ। ਨਾਨਕ ਰਕਤ
ਬਿੰਦ ਤੇ ਅਚਰਜੁ ਕਰਿਆ ॥ ੩੧ ॥ ਕਈ ਜੁਗ ਕਲਬੂਤੁ ਸਵਾਰਿਆ। ਭੰਨਿ
ਭੰਨਿ ਢਾਹਿ ਸਾਜਿ ਸਵਾਰਿਆ । ਜੀਉ ਪਾਏ ਅੰਤਰਿ ਬੈਠਲਾਇਆ। ਭੀਤਰਿ
ਬਰਤਾ ਬਹੁ ਡਰੁ ਪਾਇਆ । ਪਿਰ ਸਉ ਬਚਨੁ ਕੀਆ ਫਿਰਿ ਆਵਨੁ। ਤਉ
ਇਸੁ ਗੜ ਕੇ ਬੀਚੇ ਸਮਾਵਨ। ਅੰਤਰਿ ਜਾਇ ਬਹੁਤੁ ਲੋਭਾਨਾ। ਨਾਨਕ ਕਉਲੁ
ਦੇਨ ਕਉ ਪਛੋਤਾਨਾ ॥ ੩੨ ॥

ਇਸੁ ਘਟ ਭੀਤਰਿ ਅਠਸਠਿ ਹਾਟ। ਬਿਨੁ ਬੀਜੀ ਕਿਉ ਖੁਲਹਿ ਕਪਾਟ
ਕਹੁ ਕੁੰਜੀ ਜਿਤੁ ਖੂਲਹਿ ਤਾਲੇ। ਓਹੁ ਕਉਨੁ ਪੁਰਖੁ ਜੋ ਵਸਤ ਸਮਾਲੇ। ਅਠਸਠਿ
ਹਾਟ ਕਾ ਕੀਆ ਨਿਬੇਰਾ। ਸੋਈ ਆਦਿ ਅੰਤਿ ਜਨੁ ਤੇਰਾ। ਸਤਿਗੁਰ ਮਿਲਹਿ ਤ
ਖੁਲਹਿ ਕਪਾਟ। ਤਉ ਨਾਨਕ ਪ੍ਰਗਟਿ ਹੋਵਹਿ ਹਾਟ ॥ ੩੩ ॥ ਅਠਸਠਿ ਹਾਟ
ਕਾ ਕਿਆ ਕਿਆ ਨਾਉ। ਉਹ ਕਉਨ ਹਾਟ ਜਿਤੁ ਰਹੈ ਹਿਆਉ। ਹੀਐ ਕਾ ਹਾ
ਕੋਈ ਜਨੁ ਜਾਨੈ । ਜਾਨਉ ਦ੍ਰਿਸਟ ਪੂਰਨ ਭਗਵਾਨੈ। ਹੀਆ ਸੋਧਿ ਹੋਇ ਰ
ਹੈਰਾਨ। ਸੋ ਅਠਸਠਿ ਹਾਟ ਕੀ ਦੇਖਿ ਪਤੀਆਨ। ਅਸਸਠਿ ਹਾਟ ਕੀ ਜਿਸ
ਮਿਤਿ ਆਈ। ਨਾਨਕ ਜਿਸ ਕਉ ਆਪਿ ਦਿਖਾਈ ॥ ੩੪ ॥ ੨ ॥

ਰਾਗੁ ਸੂਹੀ ਕਾ ਧਿਆਉ ॥ ਰਾਮੁ ਨਾਮੁ ਜਪਿ ਮੂੜੇ ਅੰਧਾ। ਭੂਮਿ ਭੂਮਿ

ਜੋਨਿ ਭੇਖ ਬਹੁ ਕੀਨੇ ਰਾਮ ਭਗਤ ਛੂਟਹਿ ਸਭ ਫੰਧਾ ॥ ਰਹਾਉ ॥ ਪਰ ਘਰਿ ਜਾਇ ਨ ਘਰਿ ਬਸੈ ਸਦਾ ਚਾਮ ਲੋਭ ਕੀ ਤਾਤਿ।ਨਿਸਦਿਨ ਮਾਇਆ ਪਰ ਧਨੁ ਹਿਰੈ ਪਰ ਘਰੁ ਚਿਤਵੈ ਰਾਤਿ ॥ ਲਾਜ ਨਹੀ ਕੁਲ ਲੋਕ ਕੀ ਭਉ ਨਹੀ ਮਨਿ ਅਪਮਾਨੁ ॥ ਸਤਿਗੁਰੁ ਸਾਧੂ ਨ ਰਸਿ ਮਿਲੈ ਭੂਮਿ ਮੂਠਾ ਗਰਬਿ ਗੁਮਾਨੁ । ਪਾਨ ਫੂਲ ਰਸੁ ਮਾਸੁ ਭੋਗੈ ਭੋਗ ਅਨੀਤਿ। ਘਰਿ ਮੰਦਰਿ ਮਹਲੀ ਬਸੈ ਜਰੁ ਜਰੂਆ ਨਹੀ ਚੀਤਿ ॥ ੧ ॥ ਸੇਜ ਸੁਖਾਲੀ ਸੁਖੀ ਸਵੈ ਕਾਮਨਿ ਸਿਉ ਪ੍ਰੀਤਿ ਲਗਾਇ। ਦੂਤ ਭਾਇ ਹਰਿ ਬੀਸਰੈ ਸਹੈ ਜਮ ਡੰਡੁ ਸਜਾਇ। ਗਾਫਲੁ ਭੂਲਾ ਦੁਰਮਤੀ ਹਾਵੈ ਗਾਵਹਿ ਗਾਉ। ਜੋਬਨ ਮਾਤਾ ਮੋਹਿ ਸੁਖਿ ਸਵੈ ਹਿਰਦੈ ਨਾਹੀ ਹਰਿ ਨਾਉ। ਹਰਿ ਭਗਤਿ ਹੇਤਿ ਨਹੀ ਪਾਇਓ ਨਹੀ ਸਾਧੂ ਗੁਰ ਸੰਗੁ।ਨਾਨਕ ਸਚੇ ਨਾਮ ਬਿਨ ਮਨੁ ਤਨੁ ਮੈਲਾ ਭੰਗੁ ॥ ੨ ॥ ਦੂਬ ਸਨੇਹੀ ਭੂਪ ਜਿਉ ਬਿਨੁ ਦੁਖ ਸੁਖਹਿ ਨ ਰਾਮੁ। ਜਮ ਪੁਰਿ ਬਾਧੋ ਜਾਇਸੀ ਸਹਹਿ ਜਮ ਡੰਡੁ ਸਹਾਮੁ।ਮੂੜੇ ਭੂਮਿ ਨ ਛੂਟੀਐ ਬਿਨੁ ਸਤਿਗੁਰ ਕੀ ਟੇਕ। ਸਾਧ ਸੰਗਤਿ ਮਨੁ ਥਿਰੁ ਰਹੈ ਸਤਿਗੁਰ ਸਬਦੁ ਬਿਬੇਕ। ਉਝੜਿ ਭੂਲਾ ਮਾਰੀਐ ਕਿਰਤੁ ਪਇਆ ਸਿਰਿ ਕਾਲੁ ॥ ਨਾਨਕ ਸਰਿਨ ਆਪਾਰ ਕੀ ਗੁਰਿ ਕੀਏ ਸਬਦਿ ਨਿਹਾਲੁ ॥ ੩ ॥ ਗੁਰਿ ਗਿਆਨੁ ਧਿਆਨੁ ਮਨਿ ਬੀਸਰੈ ਕਨਿਕ ਕਾਮਨੀ ਹੇਤਿ ॥ ਅਸੁ ਗਜ ਦੇਖੇ ਬਹੁ ਘਨੇ ਮਾਇਕ ਕਰਤ ਅਨੇਕ। ਸੁਇਨਾ ਰੁਪਾ ਦਰਬ ਬਹੁ ਆਨਿ ਕਰਤਿ ਅਨੀਤ। ਜਿਉ ਮਾਖੀ ਮੀਠੈ ਪਚਿ ਖਪਹਿ ਮੀਨੈ ਤਨਿ ਝੂਠੀ ਰੀਤਿ। ਕੂਕਰੁ ਰਸੀਆ ਜਿਉ ਗਲੇ ਨਿਕਸੈ ਫਾਟੀ ਭੀਤਿ। ਸੇਜ ਸੁਖਾਲੀ ਮੋਹਿਓ ਅਰ ਕਾਮਨਿ ਹੇਤਿ ਪਿਆਰਿ। ਇਨਿ ਬਿਧਿ ਸੋ ਪ੍ਰਭੁ ਬੀਸਰੈ ਜਗਿ ਖੇਲੈ ਜੂਐ ਹਾਰਿ॥੪॥ਗੜ ਮੰਡਪ ਬਹੁ ਸੋਹਿਨੇ ਊਚੇ ਗਹਨ ਗਹੀਰ। ਦਲ ਲਸਕਰ ਤਿਸੁ ਅਗਲੇ ਬਹੁ ਦੀਸਹਿ ਭਾਈ ਬੀਰ। ਪੁਤ੍ਰ ਘਨੇ ਪੋਤ੍ਰੇ ਬਹੁਤ ਅਰੁ ਦੀਸਹਿ ਸਪਰਵਾਰ। ਤਿਤੁ ਪੰਥਿ ਨ ਸਾਥੀ ਸਖਾ ਕੋ ਅੰਤਿ ਕਾਲਿ ਸਹੁ ਮਾਰ। ਜਿਉ ਦੀਪਕੁ ਮੰਦਰ ਮਹਿ ਸਭ ਚਾਂਦਨੁ ਮੰਦਰ ਮਾਹਿ । ਲੋ ਪਉਨੁ ਝਕੋਲੈ ਉਡਰੈ ਅੰਧਕੁ ਘਟ ਤਾਹਿ ॥ ੫ ॥ ਮੇਰੀ ਮੇਰੀ ਸਭ ਕੋ ਕਹੈ ਕਿਛੁ ਲਦਿ ਨ ਚਲਿਓ ਕੋਇ। ਇਨਿ ਮਾਇਆ ਜਗੁ ਮੋਹਿਆ ਆਇ ਜਾਇ ਦੁਖੁ ਰੋਇ। ਮਿਰਤਿ ਮੰਡਲਿ ਗ੍ਰਿਹ ਮੰਦਰ ਤਨੁ ਧਨੁ ਦੇਖਿ ਭੁਲਾਇ। ਕੋ ਬਿਰਲਾ ਘਰੁ ਚੀਨੈ

ਨਾਨਕ ਗੁਰਮਤਿ ਸਹਜਿ ਸਮਾਇ। ਹਉ ਹਉ ਕਰਤਾ ਆਇਆ ਮੈ ਮੈ ਕਰਤ
ਜਾਇ। ਰਾਮ ਨਾਮੁ ਧਨੁ ਬੀਸਰੈ ਉਰਝਿ ਮੂਆ ਪਛੋਤਾਇ ॥ ੬ ॥ ਉਹੁ ਅਪ
ਪਸੂ ਅਗਿਆਨ ਮਤਿ ਹਰਿ ਭਗਤਿ ਨਹੀ ਅਚਾਰੁ। ਤੈਸੋ ਜੈਸੀ ਕਾਮਨੀ ਸੇਵ
ਭਗਤਿ ਬਿਨੁ ਛਾਰੁ। ਪੁਰਖ ਨਾਰ ਬਿਮੁਖ ਖਪੇ ਜੋ ਕੂੜੁ ਬੋਲਿ ਮਲੁ ਖਾਤਿ। ਜਿ
ਸਤਿਗੁਰੁ ਪੁਰਖ ਨ ਸੇਵਿਓ ਸੇ ਜਾਹਿ ਰਸਾਤਲ ਅੰਤਿ । ਬਿਖੁ ਖਾਵਹਿ ਬਿਖੁ
ਓਢਨੋ ਬਿਖ ਪੀਵਹਿ ਮੀਠਾ ਮਾਇ। ਹੁਕਮੁ ਭਇਆ ਸਭ ਛੋਡਨੋ ਅੰਤਿ ਕਾਲਿ
ਪਛੁਤਾਇ ॥ ੭ ॥ ਜਮ ਦਰਿ ਬਧਾ ਮਾਰੀਐ ਮਨਿ ਕਸੁਧੁ ਸਿਰਿ ਮਾਰਿ। ਰੌਰਵ
ਨਰਕ ਪਚਾਈਅਹਿ ਮੁਕਤਿ ਨਹੀ ਕੂੜਿਆਰ। ਤਿਨਿ ਝੂਠੈ ਝੂਠੀ ਮਤਿ ਹੈ ਕੂੜੁ
ਬੋਲਿ ਪਚਿ ਜਾਇ। ਸਤਿਗੁਰ ਕੀ ਸੇਵ ਨ ਕਰਿ ਸਕੇ ਨਾ ਹਰਿ ਭਗਤ ਸੁਭਾਇ
ਸੇ ਜਾਹਿ ਰਸਾਤਲ ਨਰਕਿ ਕੁੰਡ ਜਮਿ ਬਾਧੇ ਕਾਲਿ ਬਿਹਾਲੁ। ਸਾਕਤਿ ਭਰਮਿ
ਗਵਾਇਓ ਕਉਡੀ ਬਦਲੈ ਲਾਲੁ ॥ ੮ ॥ ਜੀਵਨ ਧਨ ਸੰਤਤਿ ਕੀ ਆਸ ਮਨਿ
ਕੀਨੀ ਹਰਿ ਗੁਣ ਮਨਹੁ ਵਿਸਾਰਿ। ਰਸ ਭੋਗ ਕਰੈ ਸੁਖੁ ਚਿਤਵੈ ਭਰਿ ਜੋਬਨੁ ਵਰੁ
ਨਾਰਿ। ਪੰਚ ਚੋਰ ਤਿਸੁ ਘਰੁ ਮੁਸਹਿ ਹਉਮੈ ਮਾਨ ਅਪਮਾਨੁ । ਕਾਲੁ ਨ ਦੀਸੈ
ਸਿਰਿ ਖੜੋ ਜਿਸੁ ਵਸਿ ਜੀਉ ਪਰਾਨ। ਜਰੁ ਜਰੂਆ ਜਮ ਸਾਰਖੇ ਅਉਧ ਘਟੈਸੁਖ
ਕੇਵ। ਨਾਨਕ ਇਤੁ ਸਰਿ ਛੂਟੀਐ ਹਰਿ ਜਪੀਐ ਸਤਿਗੁਰ ਸੇਵ ॥ ੯ ॥ ਬਿਖੁ
ਅਗਨੀ ਤਨੁ ਪੀੜੀਐ ਪਰ ਤ੍ਰਿਆ ਪਰ ਧਨ ਮੋਹਿ ਪਰ ਨਿੰਦਿਆ ਜੀਉ ਚਿਤਵੈ
ਮਾਇਆ ਲੇਵੈ ਧ੍ਰੋਹਿ। ਜਨਮ ਪਦਾਰਥੁ ਖੋਇਆ ਦੂਜੈ ਹੇਤਿ ਪਿਆਰਿ। ਕਾਲੀ
ਹੂ ਧਉਲੇ ਭਏ ਕਾਇਆ ਡੋਲੀ ਭਾਰਿ। ਆਵਤ ਕਿਆ ਲੈ ਆਇਓ ਜਾਤਉ
ਕਿਆ ਲੈ ਜਾਹਿ।ਬਿਨੁ ਹਰਿ ਭਗਤਿ ਨ ਛੂਟੀਐ ਸਮਝਿ ਦੇਖੁ ਮਨ ਮਾਹਿ ॥੧੦॥
ਬਿਰਧਿ ਭਇਆ ਤਨ ਕੰਪਿਆ ਹੀਣੀ ਦੇਹ ਸਰੀਰੁ।ਸਿਧਾ ਵੈਣੁ ਨ ਨਿਕਸੈ ਨੇਤ੍ਰੀ
ਧੁੰਧਲ ਨੀਰ। ਕੰਨੀ ਵੈਣੁ ਨ ਸੁਣੀਵੈ ਰਹੇ ਪਰਾਕਉ ਤਾਣੁ। ਹਥਿ ਡੰਗੋਰੀ ਪਗ
ਖਿਸੈ ਡੋਲੀ ਦੇਹੁ ਨਿਮਾਣੁ।ਗਿਆਨੁ ਧਿਆਨੁ ਜੰਪੁ ਤਪੁ ਨਹੀ ਸਾਧਸੰਗਤਿ ਨਹੀ
ਪ੍ਰੀਤਿ। ਅਲਪ ਜੀਵਣੁ ਤੋਸਾ ਭਇਆ ਆਸਾ ਮਨਸਾ ਚੀਤਿ ॥੧੧॥ਜਮ ਜੰਦਾਰ
ਸੀਸਿ ਤਿਸੁ ਜਬ ਮਨ ਤੇ ਬਿਸਰੈ ਰਾਮੁ। ਜਿਉ ਆਇਆ ਤਿਉ ਜਾਇਸੀ ਸਹਹਿ
ਜਮ ਤ੍ਰਾਸ ਸਹਾਮ। ਡੀਗੈ ਡੋਲੈ ਮਨੁ ਚਲੈ ਚਉਦਿਸ ਤ੍ਰਿਸਨਾ ਧਾਇ । ਕਿਸੈ ਨ

ਭਾਵੈ ਘਰੁ ਰਖਿਆ ਕੂੜੁ ਬੋਲਿ ਪਤਿ ਜਾਇ। ਪਾਪੀਆ ਸਚੁ ਨ ਭਾਵਈ ਕੂੜੇ ਧਰੇ ਪਿਆਰੁ। ਨਾਨਕ ਬੰਧਿ ਭਵਾਈਐ ਲਖ ਚਉਰਾਸੀਹ ਵਾਰ॥੧੨॥ ਚਰਨ ਗਿਰਹਿ ਕਰ ਕੰਪ ਮਾਨ ਜਾਜਰ ਦੇਹਿ ਗਿਰੰਤਿ। ਸਿਰ ਕੰਪੈ ਥਰ ਥਰ ਕਰੈ ਜਿਹਬਾ ਰਸੁ ਨਹ ਰੰਚ। ਅਤਿ ਕ੍ਰੋਧੀ ਤ੍ਰਿਸਨਾ ਘਨੀ ਭੂਖ ਪਿਆਸਾ ਰੋਇ। ਕਹਿਆ ਕੋਇ ਨ ਮਾਨਈ ਅੰਤਿ ਸਾਥੀ ਨਹ ਕੋਇ। ਜੋਬਨੁ ਗਇਆ ਨ ਬਾਹੁੜੈ ਫੁਨਿ ਇਹੁ ਦੇਹੁ ਨ ਹੋਇ। ਨਾਨਕ ਨਾਮ ਬੀਸਰੈ ਜਨਮ ਅਕਾਰਥ ਹੋਇ॥ ੧੩॥ ਇਹੁ ਅਉਸਰਿ ਬੀਸਰੈ ਦੇਖਹੁ ਸੁਨਹੁ ਗਵਾਰ। ਜਰੁ ਜੀਤੈ ਜੋਬਨ ਖਿਸੈ ਕਫ ਰੁਦੋ ਕੰਠ ਬਿਕਾਰ। ਨਰਕਿ ਪਚਹਿ ਗਰਭ ਜੋਨਿ ਫੁਨਿ ਜਨਮ ਪਦਾਰਥ ਨਾਹਿ। ਲਖ ਚਉਰਾਸੀਹ ਭਰਮਸੀ ਸਮਝਿ ਦੇਖੁ ਮਨ ਮਾਹਿ। ਚਿਤੁ ਕਸੁਧੁ ਮਨੁ ਥਿਰ ਨਹੀ ਮਰਿ ਜੰਮਹਿ ਜੋਨਿ ਅਚਿਤਿ। ਨਾਨਕ ਸਚੇ ਨਾਮ ਬਿਨੁ ਜਮ ਪੁਰਿ ਬਝਹਿ ਮਿਤ॥ ੧੪॥ ਅੰਮ੍ਰਿਤ ਤਸਕਰ ਹਿਰ ਲੀਆ ਅਉ ਬਿਖ ਕੀ ਪੋਟਕ ਪਾਲਿ। ਬਿਨ ਹਰਿ ਰਤੇ ਪਤਿ ਨਹੀ ਦੇਖਹੁ ਨਦਰਿ ਨਿਹਾਲ। ਮਾਇਆ ਸਾਥ ਨ ਚਲਈ ਨ ਜਾਸੀ ਰੂਪੁ ਧਨੁ ਮਾਲੁ। ਜੋਧਨੁ ਧਨੁ ਮੀਤੁ ਨ ਆਖੀਐ ਬਦਫੈਲੀ ਕਿਆ ਹਾਲੁ। ਭੀਤਿ ਪੁਰਾਨੀ ਗਿਰਿ ਖਰੀ ਕਾਚੀ ਗਾਗਰਿ ਫੂਟਿ। ਜਗ ਸਿਉ ਪ੍ਰੀਤ ਖਿਨ ਮਹਿ ਗਈ ਨਿਮਖ ਘਰੀ ਮਹਿ ਟੂਟਿ॥ ੧੫॥ ਜੋਬਨ ਕਾਮਨਿ ਸੰਗਿ ਰਤੁ ਮਨੁ ਭਰਮਿਓ ਸੁਖੁ ਕਾਹਿ। ਜਨਮਿ ਗਇਓ ਤਨੁ ਧਨੁ ਗਇਓ ਬੰਕੀ ਦੇਹ ਸੁਨਾਹਿ। ਵੇਮੁਖਿ ਗਤਿ ਮਿਤ ਪਤਿ ਗਈ ਖੋਇਓ ਰਤਨ ਗਵਾਰੁ। ਜੀਉ ਛੂਟੈ ਘਰਿ ਚੋ ਰਹੈ ਚਲੈ ਜਨਮ ਬਿਗਾਰਿ। ਦੁਖੁ ਸਹਸਾ ਮਨਹੁ ਨ ਚੁਕਈ ਸੋ ਦਿਨ ਆਇਓ ਨੇਰਿ। ਤੈਸੇ ਹੀ ਦੁਖ ਸਹਾਰੀਅਨਿ ਸਹੁ ਸਾਕਤ ਅਪੁਨੈ ਫੇਰਿ॥੧੬॥ ਜਨਮੁ ਗਇਓ ਜਮ ਗ੍ਰਾਸਿਓ ਭਸਮ ਭਇਓ ਤਨੁ ਖਾਕੁ। ਗੁਰ ਮਿਠੇ ਜਿਉ ਮਖੀਆ ਪਚਿ ਮਰਹਿ ਕਹਾ ਸੋ ਘਰ ਤਾਕੁ। ਜਮ ਕੰਕਰ ਮਾਰਹਿ ਸਿਰਿ ਖੜੇ ਤਿਸ ਸਾਕਤ ਅੰਧ ਗੁਬਾਰ। ਸੁਖੀ ਹੂ ਦੁਖ ਉਪਜੈ ਬਿਨੁ ਹਰਿ ਹੇਤਿ ਪਿਆਰਿ। ਸੰਗਤ ਗੁਰ ਸਾਧ ਨ ਪਾਈਆ ਅੰਧੁ ਧੁੰਧੁ ਲਪਟਾਨੁ। ਚੁਭਹਿ ਪਗ ਜਮ ਸੂਲ ਤਿਸੁ ਸੂਰੁ ਤਪੈ ਸਿਰਿ ਮਾਰ ਘੁਮਨ ਘੇਰੀਆ ਦੁਖ ਘਨੇ ਪਾਪਿ ਲਦੇ ਸਿਰਿ ਭਾਰ। ਤਿਥੈ ਅਵਗੁਣ ਲੈ ਚਲੇ ਅੰਧ ਕੂਪ ਗੁਬਾਰਿ। ਗੁਣ ਨਾਹੀ ਗੁਰ ਸਬਦਿ ਮਨਿ ਕਿਉ ਪਾਈ ਮੁਕਤਿ ਦੁਆਰੁ॥ ੧੮॥

ਜਿਸ ਕੀ ਮਾਇਆ ਤਿਸੁ ਲਈ ਨਾਰੀ ਅਵਰ ਭਰਤਾਰੁ। ਬਿਨ ਰੋਜੀ ਓ ਖੇਲਿਓ ਤਨੁ ਛੋਡਿ ਚਲੈ ਘਰ ਬਾਰੁ। ਜੈਸਾ ਕਰਮ ਕਮਾਈਐ ਸੋ ਜੀ ਤੇਰੈ ਨਾਲਿ। ਅੰਧੁਲੇ ਨਾਮੁ ਵਿਸਾਰਿਆ ਵਸਗਤਿ ਕੀਤਾ ਕਾਲਿ। ਅੰਤਿ ਨ ਸਾਥੀ ਸੰਗਿ ਕੋ ਨ ਕਿਛੁ ਭੋਜਨੁ ਖਾਨੁ। ਗਲਿ ਸੰਗਲੁ ਤਿਸੁ ਨਾਨਕਾ ਓਹੁ ਦਰਗਹ ਕੁਪਰਵਾਨੁ ॥ ੧੯ ॥ ਸਾਕਤੁ ਗਰਬਿ ਬਿਆਪਿਆ ਜਨਮਿ ਮਰਹਿ ਦੁਖੁ ਤਾਹਿ। ਆਵਾਗਉਨੁ ਨ ਮੇਟੀਐ ਜੇ ਜੁਗ ਘਨੇਰੇ ਜਾਹਿ। ਕੁੰਭੀ ਨਰਕਿ ਪਚਾਈਐ ਜਿਸੁ ਸਾਧ ਸੰਗਤਿ ਬੁਧਿ ਨਾਹਿ।ਸਤਿਗੁਰ ਕਾ ਸਬਦੁ ਨ ਚੀਨਿਓ ਨਾਨਕ ਤੇ ਨਰਕਿ ਪਚਾਹਿ। ਸੇਵਕ ਭਾਇ ਫਲੁ ਪਾਈਐ ਸੇ ਦਰਗਹ ਪੈਧੇ ਜਾਹਿ॥ ੨੦ ॥ ਦਰਗਹ ਪੈਧੇ ਸਚਿਆਰ ਜਿਸੁ ਸਚੇ ਨਾਲਿ ਪਿਆਰੁ।ਕਰਮ ਧਰਮ ਦੁਇ ਸਾਖੀਆ ਤਿਸੁ ਸਚੇ ਕੈ ਦਰਬਾਰਿ। ਦਰਿ ਸਚੈ ਲੇਖਾ ਨਿਬੜੈ ਬਹਿ ਧਰਮੁ ਕਰੇ ਵੀਚਾਰੁ। ਜਿਨੀ ਨਾਮੁ ਧਿਆਇਆ ਪੂਰੇ ਗੁਰ ਕੀ ਓਟ। ਸੇ ਮੁਕਤਿ ਭਏ ਜਨ ਨਾਨਕ ਜਮ ਬਧੇ ਤੇ ਤਿਲਖੋਟ॥੨੧॥ ਸਿਰਿ ਨਵਤਨੁ ਕਾਲੁ ਨ ਛੋਡਈ ਬਾਕੀ ਕਰਮ ਕਮਾਇ। ਜੜ ਜੀਵਤ ਤਤ ਸੰਗ ਰਮੇ ਅਨਤ ਨ ਕਾਹੂ ਜਾਇ।ਸਚਾ ਸਾਹਿਬੁ ਸੋ ਧਨੀ ਸਿਰਿ ਸਿਰਿ ਹੁਕਮੁ ਸਬਾਇ। ਆਸਾ ਮਨਸਾ ਮੋਹਿਣੀ ਗਲ ਬੰਧਨੁ ਪਾਏ ਪਾਇ। ਮੋਹੁ ਸਦਾ ਅਪਮਾਨੁ ਮਨੁ ਹਉਮੈ ਗਰਬੈ ਦੇਹੁ। ਕਾਮ ਕ੍ਰੋਧੁ ਮਨਿ ਬਸਿ ਰਹੈ ਅੰਤਿ ਕਾਲਿ ਤਨੁ ਖੇਹੁ॥੨੨॥ ਦਹਦਿਸ ਧਾਵੈ ਭੂਖ ਮਨਿ ਤ੍ਰਿਪਤਿ ਨਹੀ ਦੂਖ ਏਵ। ਗਰਬੁ ਗੁਮਾਨੁ ਨ ਚੂਕਈ ਦੁਰਮਤਿ ਛੂਟਹੁ ਕੇਵ। ਤ੍ਰਿਸਨਾ ਤਾਮਸਿ ਲੋਭ ਪਾਪਿ ਸਾਕਤਿ ਮਨੁ ਲਾਇਆ। ਬਿਨੁ ਹਰਿ ਭਗਤਿ ਨ ਛੂਟਸੀ ਸਹੁ ਕੀਆ ਕਮਾਇਆ। ਸੂਤਾ ਅੰਧੁ ਨ ਜਾਗਈ ਸਭ ਰੈਣਿ ਵਿਹਾਣੀ। ਨਾਨਕ ਸਰਣਿ ਅਪਾਰ ਕੀ ਗੁਰਮਤਿ ਬੁਧਿ ਜਾਨੀ॥੨੩॥ ਉਤਮ ਜਨ ਸੰਗਤ ਤੇ ਪਰਧਾਨਾ। ਮਨ ਸਮਝਾਇ ਰਹੈ ਮਨ ਮਨਹਿ ਸਮਾਨਾ। ਇਹੁ ਮਨੁ ਸਮਝੈ ਅਪਨੈ ਘਰਿ ਨਿਧਿ ਪਾਵੈ । ਅਕਥੁ ਕਥੈ ਅਵਗਤਿ ਕਉ ਧਿਆਵੈ। ਜੋ ਤਿਨਿ ਕੀਆ ਭਲਾ ਸੋ ਪਰਵਾਨੁ । ਨਾਨਕ ਬੂਝੀਅਲੇ ਪਦੁ ਨਿਰਬਾਨੁ ॥੨੪॥ਸਬਦਿ ਸੁਰਤਿ ਗਤਿ ਪਤਿ ਰਹੈ ਜਬ ਪਾਈਐ ਗੁਰਦਇਆਲੁ। ਸੰਸਾ ਭਰਮੁ ਚੂਕੇ ਅਨਹਦ ਰਚੇ ਮਨਿ ਚੂਕੈ ਆਲ ਜੰਜਾਲੁ। ਇਸੁ ਕਚੀ ਮਹਿ ਸਚੁ ਜਮਾਈਅਲੇ ਬੂਝਹੁ ਗੁਰ ਗਿਆਨੁ ਵੀਚਾਰਿ। ਇਹ ਅਕਥ ਕਥਾ ਗੁਰ ਗਿਆਨ

ਅਤਿ ਪ੍ਰਭ ਦੀਜੈ ਕਿਰਪਾ ਧਾਰਿ । ਇਹੁ ਮਨੁ ਰਾਤਾ ਸਚ ਸਿਉ ਹਉਮੈ ਭਰਮੁ ਚੁਕਾਇ। ਨਾਨਕ ਸਚਾ ਰਵਿ ਰਹਿਆ ਨਾ ਵਿਛੁੜਿ ਦੁਖੁ ਪਾਇ॥੨੫॥੭॥੧॥

੧ ਓ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ॥ ਗੁਰ ਉਸਤਤਿ ਨਿਰੰਜੋਗ ਭਗਤਿ ॥ ਗੁਰਮੁਖਿ ਨਾਮੁ ਨਿਰੰਜਨੁ ਲੀਜੈ। ਸਾਧ ਸੰਗਤਿ ਮਹਿ ਰਾਖੁ ਗੁਸਾਈ ਰਾਮੁ ਰਿਦੈ ਮੁਖਿ ਅੰਮ੍ਰਿਤੁ ਪੀਜੈ॥੧॥ ਰਹਾਉ ॥ ਗੁਰ ਜਤਿ ਸਤਿ ਪੂਰਾ ਮੁਕਤਿ ਵਰਦਾਤਾ ਜਪੁ ਤਪੁ ਸਹਿਜ ਧਿਆਨਾ। ਸੰਤੋਖੁ ਸਰੋਵਰੁ ਗਿਆਨ ਪਰਵਾਨੁ ਘਟਿ ਘਟਿ ਸੋ ਪਰਧਾਨਾ। ਸਭੁ ਸਦੁ ਸੰਜਮ ਗੁਰ ਗਿਆਨ ਪਦਾਰਥੁ ਹਰਿ ਅੰਤਰਿ ਭਗਤਿ ਖਜਾਨਾ। ਮਿਥਿਆ ਲੋਭੁ ਨਹੀ ਸਚਿ ਸੂਚਾ ਸਹਜਿ ਭਾਇ ਮਨੁ ਮਾਨਾ॥੧॥ ਕਾਮੁ ਕ੍ਰੋਧੁ ਅਹੰਕਾਰੁ ਨ ਲੋਭਿ ਤ੍ਰਿਸਨਾ ਤਾਮਸੁ ਨਾਹੀ। ਮਨਸਾ ਸੋਗੁ ਬਿਜੋਗੁ ਨ ਬਿਆਪੈ ਸਬਦਿ ਰਤੇ ਮਨ ਮਾਹੀ। ਹਰਖ ਸੋਗ ਤੇ ਮੁਕਤਿ ਅਜੋਨੀ ਹਰਿ ਨਿਰਮਲ ਦੇਹ ਸਰੀਰਾ। ਅਨਹਦ ਰੂਪ ਅਨਾਹਦ ਬਾਨੀ ਪ੍ਰਭ ਜਾਨਹਿ ਪਰ ਪੀਰਾ। ਕੇਵਲ ਗੁਰਗਿਆਨੁ ਅਜੋਨੀ ਸੈਭੰ ਰਿਦੈ ਬਸੈ ਮਨੁ ਧੀਰਾ॥੨॥ ਮੁਕਤਿ ਸਰੋਵਰਿ ਨਾਹਿ ਸੁ ਮੁਕਤਾ ਨ ਤਿਸੁ ਜਨਮੁ ਨ ਕਾਲੋ। ਨਾ ਤਿਸੁ ਵਾਸਾ ਗਰਭ ਜਠਰ ਮਹਿ ਓਹੁ ਪੂਰਾ ਦੀਨ ਦਇਆਲੋ।ਸੂਚਾ ਮਨਿ ਸਾਚੁ ਨ ਮੈਲਾ ਹੋਇ। ਆਪਹਿ ਆਪਿ ਉਪੰਨਾ ਸੋਇ। ਆਪੁ ਪਛਾਨਿ ਬਸੈ ਬ੍ਰਹਮੰਡਿ। ਕਾਲ ਬਿਕਾਲ ਕਉ ਖੰਡ ਬਿਖੰਡਿ।ਸਦਾ ਅਤੀਤੁ ਆਵੈ ਨ ਜਾਇ। ਨਾਨਕ ਗੁਣ ਗਹਿ ਗੁਣੀ ਸਮਾਇ॥੩॥ ਜਾਤਿ ਵਰਨ ਤੇ ਮੁਕਤਾ ਹੈ ਸਾਧੂ ਕੁਲੁ ਅਪਮਾਨੁ ਨਾ ਗਰਬੁ ਕਰੇ। ਓਹੁ ਸਾਧੁ ਭੁਗਤੁ ਮੁਕਤਿ ਕਾ ਦਾਤਾ ਤਿਸੁ ਚਰਨ ਰਹਿਓ ਲਿਵ ਲਾਗਿ ਹਰੇ।ਹਰਖ ਸੋਗ ਤੇ ਰਹਤੁ ਨਿਰਾਰਾ ਸਹਜ ਭਾਇ ਬੈਰਾਗੀ। ਸਰਬ ਜੀਆ ਮਹਿ ਰਹਿਓ ਸਮਾਇ ਉਰਧਿ ਧਿਆਨ ਲਿਵ ਲਾਗੀ॥੪॥ ਅੰਤਰਜਾਮੀ ਜੋਤਿ ਸਬਾਇਆ ਪ੍ਰਭ ਕਾਟਹਿ ਪਰ ਪੀਰਾ। ਸਭ ਤੀਰਥ ਮਜਨੁ ਦਰਸਨੁ ਤੁਮਰੋ ਰਿਦੈ ਬਸੈ ਮਨੁ ਧੀਰਾ। ਅਕਥ ਕਥਾ ਨਿਰਗੁਨ ਮਨੁ ਮਾਨਿਆ ਅਲਖ ਧਿਆਨ ਮਨੁ ਰਾਤਾ। ਸੁਰਤਿ ਸਬਦਿ ਧੁਨਿ ਧਿਆਨੁ ਨਿਰੰਜਨੁ ਉਹ ਪੂਰਨੁ ਪੁਰਖੁ ਬਿਧਾਤਾ ॥੫॥ ਏਕਾ ਏਕੀ ਰਹਤੁ ਨਿਰਾਲਮੁ ਆਤਮੁ ਤਤੁ ਬੀਚਾਰਾ।

ਨਾਨਕ ਤਾਕੇ ਚਰਨ ਸਰੇਵਉ ਓਹੁ ਸਤਿਗੁਰੁ ਪੁਰਖੁ ਨਿਰਾਰਾ ॥ ੬ ॥ ਸੋ ਪਾਰਸੁ ਪਰਸ ਨਿਧਾਨ ਗਿਆਨੀ ਕਿਲਬਿਖ ਹੰਤਾ ਸਰਬ ਸਰੇ।ਨਿਰਾਹਾਰ ਨਾਥ ਨਿਰੰਜਨ ਦੇਵਾ ਉਰਧਿ ਧਿਆਨਿ ਲਿਵਲਾਇ ਏਕ ਹਰੇ। ਪਾਰਬ੍ਰਹਮੁ ਪਰਧਾਨੁ ਨਿਰਾਲਮੁ ਤ੍ਰਿਭਵਣ ਦੇਵ ਅਪਾਰਾ। ਸਤਿਗੁਰ ਸਰਣ ਮਹਾ ਰਸੁ ਪੀਆ ਸੋ ਅਕੁਲ ਰਿਦੈ ਪਿਆਰਾ। ਨਿਰਵੈਰੁ ਨਿਹਕਾਮੁ ਨਿਰੋਧਰੁ ਅਸਥਿਰੁ ਆਦਿ ਅਨੂਪੋ ॥੭॥ ਮੁਕਤਿ ਪਦਾਰਥੁ ਇਨ ਬਿਧਿ ਪਾਵਸਿ ਸਾਧਸੰਗਤਿ ਲਿਵ ਲਾਗਿ ਰਹੈ।ਸਾਧ ਸੰਗਤਿ ਮਨੁ ਅਸਥਿਰੁ ਆਛੈ ਗੁਰ ਅਲਖੁ ਲਖਾਵੈ ਨਦਰਿ ਕਰੈ। ਖਿਮਾ ਦਇਆ ਸਚੁ ਸੰਜਮੁ ਨਿਹਚਲੁ ਕਾਮ ਕ੍ਰੋਧ ਕਾ ਨਾਸੋ। ਲੋਭੁ ਮੋਹੁ ਜਨ ਨਿਕਟਿ ਨ ਆਵੈ ਦਰ ਸਾਚੈ ਦਾਸਨ ਦਾਸੋ। ਅਹਿਨਿਸਿ ਏਕ ਨਾਮ ਲਿਵਲਾਇ ਹਉਮੈ ਦੁਬਿਧਾ ਨਾਸੀ। ਸਤੁ ਸੰਤੋਖੁ ਬਸੈ ਘਟਿ ਭੀਤਰਿ ਪ੍ਰਭੁ ਪਾਇਓ ਅਬਨਾਸੀ ॥ ੮ ॥ ਨਿੰਦ ਚਿੰਦ ਨਹਿ ਤਾਤਿ ਪਰਾਈ ਤ੍ਰਿਸਨਾ ਤਾਮਸੁ ਦੂਰਿ ਕਰੇ। ਸੁਖ ਦੁਖ ਸੇ ਰਹਤੁ ਅਤੀਤੁ ਨਿਰਾਲਮ ਸੋ ਸਤਿਗੁਰੁ ਸਾਧੂ ਮੁਕਤਿ ਸਰੇ।ਅਜਪਾ ਜਾਪੁਜਪੈ ਗੁਰ ਬਚਨੀ ਪਰਮ ਜੋਤਿ ਪੁਰਖੋਤਮੁ ਹੇ। ਏਕ ਜਾਤਿ ਅਨੇਕਾ ਸਬਾਈ ਨਿਰਗੁਨੁ ਸਰਗੁਨੁ ਏਕੋ ਹੇ। ਅਧਿਆਤਮ ਕਰਮ ਮਹਾ ਰਸ ਮੀਠੇ ਆਪੇ ਜਾਨੈ ਅਲਖੁ ਘਰੇ। ਮੂਲੁ ਮੰਤ੍ਰ ਏਕੋ ਕਉ ਚੀਨੇ ਜਨ ਨਾਨਕ ਤਾਕੀ ਸਰਨਿ ਪਰੇ ॥ ੯ ॥ ੮ ॥ ੧ ॥

ਧਿਆਉ ਸੰਪੂਰਣ ਹੋਇਆ ॥

ੴ ਸਤਿਗੁਰ ਪ੍ਰਸਾਦਿ ॥

ਧਿਆਉ ਹਾਟ ਕਾ ॥ ਪ੍ਰਾਨ ਸੰਗਲੀ ॥ ਮਃ ੧ ॥ ਪਹਲੇ ਹਾਟ ਕਾ ਨਾਉ ਅਨੰਤਾ। ਜਿਤੁ ਬਸੈ ਹੀਆ ਜਪੈ ਗੁਰਮੰਤਾ । ਪ੍ਰਭ ਕੈ ਮੰਤ੍ਰ ਹੈ ਨਿਰਬਾਣੁ। ਜਹ ਨਹੀ ਪੀਵਣੁ ਨਹੀ ਕਛੁ ਖਾਣੁ। ਖਾਣ ਪੀਣ ਤੇ ਰਹੈ ਨਿਰਾਰਾ। ਅਨੰਤ ਮਹਲ ਮਹਿ ਕੀਆ ਪਸਾਰਾ । ਅਨੰਤ ਮਹਿਲ ਮਹਿ ਹੀਆ ਹੈਰਾਨਾ। ਨਾਨਕ ਵਿਰਲੈ ਕਿਨੈ ਪਛਾਨਾ ॥੧॥ ਨਾਭ ਕਵਲ ਹਾਟ ਹੈ ਦੂਜਾ। ਕੁਦਰਤਿ ਧਾਰਿ ਬਣਾਇਆ ਕੂਜਾ। ਨਾਭ ਕਵਲ ਤੇ ਨਿਕਸੈ ਸਾਸੁ। ਨਾਭ ਕਵਲ ਤੇ ਨਾਮੁ ਪ੍ਰਗਾਸੁ । ਨਾਭ

ਕਵਲ ਤੇ ਉਤਮੁ ਅਭਿਆਸੁ। ਨਾਭ ਕਵਲ ਹੀ ਏਕਾ ਬਾਸ। ਨਾਭ ਕਵਲ ਮਹਿ ਸਾਸ ਕਾ ਡੇਰਾ। ਨਾਨਕ ਖੋਜਿ ਲਹੈ ਜਨੁ ਤੇਰਾ॥ ੨॥ ਤੀਜੇ ਹਾਟ ਕਾ ਨਾਉ ਭੰਡਾਰੁ।ਜਿਤੁ ਬਸੈ ਊਖਮਾ ਓਹ ਮੰਗੈ ਅਹਾਰੁ। ਹੋਇ ਸੰਪੂਰਨੁ ਤਬ ਆਵੈ ਸਾਂਤਿ। ਬਿਨਾ ਅਹਾਰਿ ਤੜਫੈ ਦਿਨੁ ਰਾਤਿ। ਅਹਾਰ ਬਿਨਾ ਕਛੁ ਅਵਰੁ ਨ ਸੂਝੈ। ਹੋਇ ਮਾਮੂਰ ਤਬ ਪ੍ਰਭ ਕਉ ਬੂਝੈ। ਪ੍ਰਭੁ ਬੂਝੈ ਤਾ ਹੋਇ ਅਹਾਰੁ। ਨਾਨਕ ਤੀਜਾ ਹਾਟ ਭੰਡਾਰੁ ॥੩॥ ਨਾਭ ਨਿਕਟਿ ਇਕ ਹਾਟ ਬਨਾਇਆ। ਤਹਾ ਉਦਮ ਆਛਾ ਦਰੁ ਲਾਇਆ। ਨਾਮੁ ਹਾਟ ਦਾ ਉਦਮ ਉਦੰਤਾ। ਤਹਾ ਉਦਮ ਸੁਖਿ ਸਹਜਿ ਬਸੰਤਾ। ਉਦਮ ਹੋਇ ਤਾ ਸਭੁ ਕਿਛੁ ਜਾਨੈ। ਉਦਮ ਹੋਇ ਤਬ ਤਤ ਪਛਾਨੈ। ਉਦਮ ਹੋਇ ਤਬ ਸਭ ਕਿਛੁ ਕਰੈ। ਉਦਮ ਕਰੈ ਤਬ ਪੰਚ ਸਿਉ ਲਰੈ। ਉਦਮ ਕਰੈ ਤਉ ਭਗਤਿ ਕਮਾਇ। ਉਦਮ ਕਰੈ ਤਉ ਤੀਰਥਿ ਨਾਇ। ਉਦਮ ਕੀਏ ਕਛੁ ਸੁਕ੍ਰਿਤ ਹੋਈ। ਕਰਿ ਉਦਮ ਆਲਸ ਡੇਰਾ ਖੋਹੀ। ਚਉਥਾ ਹਾਟ ਹੈ ਉਦਮ ਉਦੰਤਾ। ਨਾਨਕ ਤਾ ਮਹਿ ਉਦਮ ਬਸੰਤਾ॥ ੪॥ ਬੰਕ ਨਾਰਿ ਹਾਟ ਮਹਿ ਬਕਨੇ ਹਾਰਾ। ਆਵਤੁ ਜਾਤ ਹਰਿ ਨਾਮ ਚਿਤਾਰਾ। ਪੰਜਵਾਂ ਹਾਟ ਰਖਿਆ ਬੰਕ ਨਾਲੇ। ਨਿਸ ਦਿਨ ਬੰਕਿ ਹਰਿ ਨਾਮ ਸਮਾਲੇ। ਬੰਕ ਨਾਲਿ ਆਇਆ ਬਕਤਾ ਜੀਉ। ਆਠ ਪਹਰ ਕਰਤਾ ਪੀਉ ਪੀਉ। ਪੀਉ ਪੀਉ ਜਪੈ ਜਬ ਖੁਲਹਿ ਕਪਾਟ। ਨਾਨਕ ਬੰਕ ਨਾਲਿ ਬਕਤੇ ਕਾ ਹਾਟੁ॥ ੫॥

ਸਹਰਗ ਹਾਟ ਸਹਰ ਅਤਿ ਨੀਕਾ। ਜਿਤੁ ਸਹਜੁ ਬਸੈ ਸੁਖੁ ਹੋਵੈ ਜੀ ਕਾ। ਸਾਂਤਿ ਆਵੈ ਜਬ ਸਹਰਗ ਚਲੈ। ਸਹਰਗ ਹਾਟੁ ਗਲੇ ਤੇ ਤਲੈ। ਸਾਸੁ ਸੁਕੀ ਸਹਰਗ ਮਹਿ ਆਵੈ। ਸਹਰਗ ਚਲੈ ਤੇਜੁ ਮਿਟਿ ਜਾਵੈ। ਤੇਜੁ ਮਿਟੈ ਨਹ ਨਿਕਸੈ ਭਾਉ। ਨਾਨਕ ਛਠਵਾਂ ਹਾਟ ਸਹਰਗ ਕਾ ਨਾਉ॥ ੬॥

ਘੰਟਿ ਹਾਟ ਜਬ ਤਾਲਾ ਮਿਲੈ। ਕਵਨ ਬਿਧਿ ਬਕੈ ਕਵਨ ਬਿਧਿ ਚਲੈ। ਬਕਨ ਚਲਨ ਤੇ ਇਹੁ ਠਹਰਾਇ। ਜਬ ਘਟਿ ਹਾਟਿ ਤਾਲਾ ਮਿਲਿ ਜਾਇ। ਦਰਿ ਖੁਲੈ ਇਹੁ ਹੋਇ ਸੁਹੇਲਾ। ਜਾਇ ਅਨਦਿਨੁ ਹੋ ਰਹੈ ਇਕੇਲਾ। ਸਭੁ ਕਿਛੁ ਖੁਸੀ ਜਬ ਖੁਲਹਿ ਕਪਾਟ॥ ੭॥ ਪ੍ਰੇਮ ਹਾਟਿ ਜਬ ਇਹੁ ਮਨੁ ਜਾਇ। ਪ੍ਰੇਮ ਭਗਤਿ ਸਿਉ ਰਚੈ ਹਰਿ ਕੇ ਗੁਣ ਗਾਇ। ਪ੍ਰੇਮ ਭਗਤਿ ਸਿਉ

ਜਬ ਮਨੂਆ ਲਾਗੈ। ਪ੍ਰੇਮ ਭਗਤਿ ਮਨੁ ਸੋਇਆ ਜਾਗੈ। ਪ੍ਰੇਮ ਮਹਿਲ ਜਬ ਇਹੁ ਠਹਰਾਨਾ । ਆਨ ਤਿਆਗਿ ਏਕ ਲਪਟਾਨਾ। ਪ੍ਰੇਮ ਹਾਟ ਅਸਟਵਾਂ ਕਹੀਐ। ਤਉ ਨਾਨਕ ਪ੍ਰਭ ਸੇਤੀ ਰਚਿ ਰਹੀਐ॥ ੮॥ ਫਿਰਿ ਘਰਿ ਆਇ ਬਸੈ ਜਿਤੁ ਹਾਟ। ਤਹਾ ਮਨ ਸਹਜਿ ਬਿਛਾਈ ਹਾਟ। ਆਠ ਪਹਰ ਜਿਤੁ ਹਾਟਿ ਬਸੇਰਾ। ਤਹਾ ਸਹਜਿ ਸੁਭਾਇ ਕੀਆ ਮਨਿ ਡੇਰਾ । ਫਰਕਿ ਫਰਕਿ ਜਬ ਖੁਸੀਆ ਮਾਨੈ। ਕੋਟਿ ਮਧੇ ਕੋ ਵਿਰਲਾ ਜਾਨੈ। ਨਾਮੁ ਹਾਟ ਕਾ ਰਖਿਆ ਫੁਰਨਾ। ਨਾਨਕ ਜਿਨਿ ਵਸਿ ਕੀਤਾ ਤਿਸੁ ਜਰਾ ਨ ਮਰਨਾ॥ ੯॥ ਰਸਨਾ ਹਾਟਿ ਸਭ ਸੁਆਦ ਬਨਾਏ। ਜਿਸੁ ਗੁਰੁ ਮਿਲਿਆ ਤਿਸੁ ਠਾਕਿ ਰਹਾਏ। ਸੁਆਦ ਤਜੇ ਰਸਨਾ ਜਬ ਬਾਧੀ। ਏਕ ਨਾਮ ਪਰ ਰਸਨਾ ਸਾਧੀ। ਰਸਨਾ ਸਾਧੀ ਜਬ ਸਭ ਰਸ ਮੇਟੇ। ਜਬ ਤੇ ਪੂਰੇ ਸਤਿਗੁਰ ਭੇਟੇ। ਦਸਵਾਂ ਹਾਟੁ ਰਸਨਾ ਕਰਿ ਧਾਰਿਆ। ਨਾਨਕ ਹਰਿ ਸਿਮਰਨੁ ਤੇ ਤਰਿਆ॥ ੧੦॥ ਬੰਦ ਹਾਟਿ ਜਬ ਇਹੁ ਮਨੁ ਜਾਵੈ। ਬੁਰਾ ਭਲਾ ਬਹਿ ਤਹੀ ਕਮਾਵੈ। ਸੁਕ੍ਰਿਤੁ ਕਬਹੂ ਕਰੈ ਨ ਕੋਊ। ਨਾਮੁ ਜਪਤ ਆਲਸੁ ਮਨਿ ਹੋਊ। ਇਤੁ ਆਲਸਿ ਮਨ ਮਿਲੈ ਸਜਾਇ। ਅਤਿ ਸੰਗਲੁ ਜਮ ਕਾ ਗਲਿ ਪਾਇ। ਬੰਦ ਹਾਟਿ ਮਹਿ ਸਭ ਬੁਰਿਆਈਆ। ਕਰਿ ਕਿਰਪਾ ਗੁਰਿ ਠਾਕਿ ਰਹਾਈਆ। ਯਾਰਵਾਂ ਹਾਟੁ ਬੰਦ ਬਿਆਧੀ। ਨਾਨਕ ਗੁਰ ਕਿਰਪਾ ਤੇ ਉਨਕੀ ਬਿਧਿ ਲਾਧੀ ॥ ੧੧ ॥ ਗਤੰ ਹਾਟ ਜਬ ਇਹੁ ਮਨ ਬਗੈ। ਅਠਸਠਿ ਮਜਨੁ ਸੁਕ੍ਰਿਤ ਕਰੈ।ਅਹਿਨਿਸ ਪੁੰਨ ਦਾਨ ਕਉ ਧਾਵੈ। ਕਰਿ ਭਗਤੀ ਮਨੂਆ ਠਹਰਾਵੈ। ਹਰਿ ਜਸੁ ਸੁਨੈ ਪ੍ਰੀਤਿ ਕਰਿ ਭਾਉ। ਸਤ ਸੰਗਤਿ ਦੇਖਿ ਉਪਜੈ ਚਾਉ। ਰੈਨ ਬਾਂਛੇ ਕਰਿ ਅੰਮ੍ਰਿਤੁ ਪੀਵੈ। ਗਤੰ ਹਾਟਿ ਜਬ ਇਹੁ ਮਨ ਥੀਵੈ।ਗਤੰ ਹਾਟੁ ਗੁਰ ਕਿਰਪਾ ਤੇ ਡੀਠਾ।ਨਾਨਕ ਬਾਰਵਾਂ ਹਾਟਿ ਅਨੰਤ ਸੁਖੁ ਡੀਠਾ॥ ੧੨॥ ਅਨਗਤਿ ਹਾਟਿ ਅਗਿਆਨੁ ਸਮਾਇਆ। ਇਨਿ ਅਗਿਆਨਿ ਇਹੁ ਮਨੁ ਭਰਮਾਇਆ । ਭਰਮਿ ਭੂਲਾ ਕਬ ਰਹਨ ਨ ਪਾਈ। ਅਨਗਤਿ ਹਾਟ ਮਹਿ ਰਹਿਆ ਸਮਾਈ। ਕਿਵ ਗਤਿ ਹੋਇ ਜਬ ਅਨਗਤਿ ਜਾਇ ਜਿਤੁ ਹਾਟਿ ਬਸੈ ਸਾ ਕਾਰ ਕਮਾਇ। ਜੈਸੇ ਘਰਿ ਜਾਇ ਤੈਸਾ ਪਰਗਾਸੁ । ਜੈਸਾ ਉਦਮ ਤੈਸਾ ਅਭਿਆਸੁ । ਅਨਗਤਿ ਹਾਟ ਜਾਇ ਹਰਿ ਨਾਮੁ ਬਿਸਾਰੇ। ਬਾਣੀ ਕਹੈ ਨਾਨਕੁ ਬੀਚਾਰੇ॥ ੧੩॥ ਤਾਮਸ ਤ੍ਰਿਸਨਾ ਜਬ ਇਹੁ ਮਨਿ ਆਈ। ਤਬ

ਆਛੇ ਮਨ ਕਉ ਲਾਗੀ ਕਾਈ। ਤੇਜ ਤਰੰਗ ਅੰਤਰ ਮਹਿ ਆਏ। ਤਬ ਇਨ ਮਨ ਮੀਠੇ ਕਰਿ ਭਾਏ । ਸੀਤੁ ਨ ਹੋਇ ਰਹੈ ਸਦ ਤਾਤਾ। ਤਬ ਤਿਸਨਾ ਹਾਟ ਮਹਿ ਏਹੁ ਮਨੁ ਜਾਤਾ। ਤੇਜ ਤਰੰਗ ਤਾਮਸ ਕਾ ਹਾਟ । ਤਿਨਕੇ ਮੁਹਕਮ ਮਾਰਿ ਕਪਾਟ। ਚਉਧਵੇ ਹਾਟ ਕੇ ਤਾਕ ਅੜਾਇ । ਨਾਨਕ ਇਹੁ ਮਨੁ ਉਨ ਕੈਹਾ ਨ ਜਾਇ ॥ ੧੪॥ ਉਦਮ ਹਾਟਿ ਜਬ ਇਹੁ ਮਨੁ ਜਾਇ। ਉਦਮੁ ਕਰੇ ਅਨਤ ਸੁਖ ਪਾਇ। ਮਨ ਮਹਿ ਉਦਮੁ ਕਰੇ ਪਾਤਿਸ਼ਾਹੀ । ਉਦਮਿ ਭੀਤਿ ਭ੍ਰਮ ਕੀ ਢਾਹੀ। ਉਦਮੁ ਕਰੇ ਤਉ ਸਭ ਕਿਛੁ ਕਰੈ। ਬਿਨੁ ਉਦਮ ਬਸਿ ਜਮ ਕੈ ਪਰੈ। ਕਰਿ ਉਦਮੁ ਜਮੁ ਦੂਰਿ ਬਿਡਾਰਿਆ। ਉਦਮ ਤੇ ਕਈ ਕੋਟ ਉਧਾਰਿਆ। ਪੰਦ੍ਰਵੈ ਹਾਟਿ ਉਦਮੁ ਹੈ ਕੀਆ। ਕਰਿ ਉਦਮੁ ਨਾਨਕ ਹਰਿ ਜਸੁ ਲੀਆ॥ ੧੫॥ ਉਕਤਿ ਹਾਟਿ ਜਬ ਇਹੁ ਮਨੁ ਜਾਤਾ। ਉਕਤਿ ਸਿਆਨਪ ਬਹੁਤ ਕਮਾਤਾ। ਉਕਤਿ ਸਿਆਨਪ ਕਰਿ ਮਨੁ ਸੋਧੈ। ਕਰਿ ਉਕਤਿ ਸਿਆਨਪ ਮਨੁ ਪਰਬੋਧੈ । ਕਰਿ ਸਿਆਨਪ ਪੰਚ ਨਿਵਾਰੈ। ਉਕਤਿ ਕਰੇ ਪ੍ਰਭੁ ਅੰਤਰਿ ਧਾਰੇ। ਬਿਨੁ ਉਕਤਿ ਸਿਆਣਪ ਜਮੁ ਲੈਣੈ ਆਵੈ। ਬਿਨੁ ਉਕਤਿ ਸਿਆਣਪ ਕਾਲੁ ਸੰਤਾਵੈ। ਸੋਲਵੇ ਹਾਟ ਕਾ ਨਾਉ ਹੈ ਉਕਤਾ। ਨਾਨਕ ਉਕਤਿ ਸਿਆਣਪ ਕਰਿ ਭਇਆ ਮੁਕਤਾ ॥ ੧੬ ॥ ਨਿੰਦ ਹਾਟਿ ਜਬ ਇਹੁ ਮਨੁ ਜਾਈ। ਨਿੰਦ ਚਿੰਦ ਬਹਿ ਕਰੇ ਪਰਾਈ। ਨਿੰਦ ਚਿੰਦ ਕਰਿ ਦੋਜਕਿ ਪਾਈ। ਤਬ ਮਨੁ ਨਿੰਦ ਹਾਟ ਮਹਿ ਜਾਈ। ਬਿਨੁ ਡੀਠੇ ਅਦਿਸਟੁ ਕਮਾਵੈ। ਨਰਕ ਘੋਰ ਕਾ ਰਾਹੁ ਬਤਾਵੈ । ਹੋਇ ਸਜਾਇ ਮੁਹੇ ਮੁਹਿ ਖ਼ਾਈ। ਅਦਿਸਟ ਨਿੰਦ ਬਹਿ ਕਰੇ ਪਰਾਈ । ਨਿੰਦ ਚਿੰਦ ਪ੍ਰੀਤਿ ਕਰਿ ਰਸੈ। ਨਾਨਕ ਸਤਾਰਵੈ ਹਾਟਿ ਜਬ ਇਹੁ ਮਨੁ ਬਸੈ ॥੧੭॥ ਕ੍ਰੋਧ ਹਾਟ ਜਬ ਇਹੁ ਮਨੁ ਚਲੈ। ਕਰੇ ਕ੍ਰੋਧੁ ਅਗਨਿ ਜਿਉ ਜਲੈ। ਆਪੇ ਹੀ ਜਲ ਬਲਿ ਹੋਵੈ ਸੁਆਹੁ। ਜਬ ਕ੍ਰੋਧ ਹਾਟ ਕਾ ਪਕੜੈ ਰਾਹੁ। ਦੇ ਦੇ ਲਹਿਰ ਜਲੈ ਮਨ ਮਾਹੀ । ਕ੍ਰੋਧਿ ਜਲੇ ਕੀ ਗਤਿ ਕਹੀ ਨਾਹੀ। ਕਰੇ ਕ੍ਰੋਧੁ ਹਰਿ ਨਾਮੁ ਨ ਪਾਨੈ। ਸਾਧ ਬਚਨ ਅੰਤਰਿ ਨਹੀ ਜਾਨੈ। ਦਝੈ ਕ੍ਰੋਧਿ ਸੀਤੁ ਕਬਹੂ ਨ ਹੋਈ। ਜੇ ਅਠਿਸਠਿ ਮਜਨੁ ਨਾਵੈ ਕੋਈ। ਅਠਾਰਵਾਂ ਹਾਟੁ ਕ੍ਰੋਧ ਕਾ ਬਾਧਾ। ਨਾਨਕ ਜੋ ਪੜੈ ਸੋਈ ਫੁਨਿ ਦਾਧਾ॥ ੧੮॥ ਸਹਜਿ ਹਾਟਿ ਮਨਿ ਕੀਆ ਨਿਵਾਸੁ । ਸਹਜਿ ਸੁਭਾਇ ਮਨ ਹੋਵੈ ਪ੍ਰਗਾਸੁ। ਸਹਜਿ ਸੁਭਾਇ ਕਰੇ

ਜੈਕਾਰਾ। ਸਹਜਿ ਨਾਥੁ ਹਰਿ ਲਗੈ ਪਿਆਰਾ। ਜੋ ਕਛੁ ਕਰੇ ਸੋ ਸਹਜਿ ਸੁਭਾਇ। ਸਹਜਿ ਸਹਜਿ ਹਰਿ ਕੇ ਗੁਨ ਗਾਇ। ਸਹਜਿ ਸੁਭਾਉ ਕਾ ਇਹੀ ਬੀਚਾਰੁ। ਸਹਜਿ ਸੁਭਾਇ ਮਨਿ ਹੋਵੈ ਉਧਾਰੁ। ਸਹਜੇ ਗੁਰ ਕੀ ਦੀਖਿਆ ਲੇਇ। ਸਹਜਿ ਸੁਭਾਇ ਮਨੁ ਜਨ ਕਉ ਦੇਇ। ਉਨੀਹਵੈ ਹਾਟਿ ਜਬ ਇਹੁ ਮਨੁ ਜਾਇ । ਤਉ ਨਾਨਕ ਸਹਜਿ ਸੁਭਾਉ ਕਮਾਇ ॥੧੯॥ ਸਿਵ ਹਾਟਿ ਜਬ ਇਹੁ ਮਨੁ ਆਵੈ। ਹੋਇ ਨੀਚੁ ਹਰਿ ਭਗਤਿ ਕਮਾਵੈ। ਸਿਵ ਜਾਨੈ ਪਰ ਸਕਤਿ ਗਵਾਈ। ਸਿਵ ਕੈ ਆਗੈ ਸਕਤਿ ਨਿਵਾਈ। ਸਿਵ ਆਗੈ ਸਭ ਕਰੈ ਸਲਾਮੁ। ਤਬ ਇਹੁ ਮਨੁ ਹੋਇ ਬਹੈ ਪਰਧਾਨ। ਨਉ ਛਿਅ ਖਟ ਸਿਵ ਅਗੈ ਚੇਰੇ। ਸਾ ਸਿਵ ਰੀਤਿ ਦ੍ਰਿੜਹਿ ਜਨ ਤੇਰੇ। ਸਿਵ ਕਾ ਮਹਲੁ ਗੁਹਜ ਅਤਿ ਕੀਆ। ਇਨਿ ਮਨਿ ਤਹੀ ਨਿਵਾਸਾ ਲੀਆ। ਵੀਹਵੇਂ ਹਾਟ ਕਾ ਨਾਉਂ ਹੈ ਸੇਵਾ। ਨਾਨਕ ਊਹਾ ਬਸੈ ਤਾ ਹੋਵੈ ਦੇਵਾ॥ ੨੦ ॥

ਸਕਤਿ ਹਾਟਿ ਮਹਿ ਹਉਮੈ ਕੀਨੀ। ਆਪਿ ਭੁਲਾ ਇਨ ਤਿਨ ਕਉ ਦੀਨੀ। ਹਉਮੈ ਕਰਿ ਕੈ ਕਿਸੈ ਨ ਜਾਨੈ। ਹਉਮੈ ਕਰਿ ਪ੍ਰਭੁ ਕਬਹੂ ਨ ਪਛਾਨੈ । ਹਉਮੈ ਕੀਨੀ ਭਗਤਿ ਨ ਹੋਈ। ਭਗਤਿ ਕਰੇ ਸੋ ਹਉਮੈ ਖੋਈ। ਇਨ ਮਨਿ ਦ੍ਰਿੜਿਆ ਹਉਮੈ ਕਾ ਹਾਟੁ। ਤਿਨ ਕਾ ਕਬਹੂ ਨ ਖੁਲੈ ਕਪਾਟੁ । ਇਨਿ ਹਉਮੈ ਇਹੁ ਜੀਉ ਭੁਲਾਇਆ। ਸਕਤਿ ਹਾਟ ਮਹਿ ਜਾਇ ਸਮਾਇਆ। ਇਕੀਹਵੇਂ ਹਾਟ ਕਾ ਨਾਉ ਹੈ ਸਕਤਿ। ਨਾਨਕ ਉਹ ਘਰਿ ਨਾਹੀ ਭਗਤਿ ॥ ੨੧ ॥ ਖਿਮਾ ਹਾਟਿ ਜਬ ਇਹੁ ਮਨੁ ਜਾਇ । ਕਰੈ ਖਿਮਾ ਹਰਿ ਸਿਉ ਲਿਵ ਲਾਇ । ਖਿਮਾ ਗਹੀ ਤਬ ਸਚਿ ਸਮਾਇਆ। ਖਿਮਾ ਗਹੀ ਤਬ ਮਨੁ ਠਹਰਾਇਆ। ਖਿਮਾ ਗਹੀ ਤਬ ਭ੍ਰਮ ਗੜ ਤੋੜੇ। ਖਿਮਾ ਗਹੀ ਮਨੁ ਹਰਿ ਸਿਉ ਜੋੜੇ। ਖਿਮਾ ਗਹੀ ਜਪਿ ਮਨੁ ਸੀਤਲਾਨਾ। ਖਿਮਾ ਗਹੀ ਭ੍ਰਮਤਾ ਘਰਿ ਆਨਾ। ਖਿਮਾ ਗਹੀ ਤਬ ਕੂੜੁ ਗਵਾਏ । ਖਿਮਾ ਗਹੀ ਤਉ ਬ੍ਰਹਮਿ ਸਮਾਏ। ਖਿਮਾ ਸਾਂਤਿ ਜਬ ਇਤੁ ਮਨਿ ਆਈ। ਕਰ ਸਮਦ੍ਰਿਸਟੀ ਜੋਤਿ ਦਿਖਾਈ। ਬਾਈਹਵਾਂ ਹਾਟੁ ਖਿਮਾ ਕਾ ਕੀਨਾ । ਤਉ ਨਾਨਕ ਗੁਰ ਪਰਸਾਦਿ ਚੀਨਾ ॥ ੨੨ ॥

ਸੰਤੋਖ ਹਾਟਿ ਜੌ ਮਨਿ ਆਏ। ਸਤੁ ਸੰਜਮੁ ਬਹਿ ਤਹੀ ਬਸਾਏ । ਸਤੁ ਸੰਜਮ ਕਾ ਘਰੁ ਕੀਆ ਸੰਤੋਖੁ। ਮਨ ਊਹਾਂ ਬਸੈ ਕਿਛੁ ਲਾਗੈ ਨ ਦੋਖੁ । ਸੰਜਮੁ

ਕਰਿਕੈ ਹਾਟ ਬਨਾਇਆ ਤਹ ਸਤਿ ਸਤਿ ਕੇ ਸਾਹ ਬਸਾਇਆ ਸਤ ਸੰਜਮ ਕਾ ਉਸਦਾ ਨੀਕਾ। ਸੰਤੋਖੁ ਹਾਟੁ ਸੁਖੁ ਹੋਵੈ ਜੀਅ ਕਾ। ਤੇਈਹਵੇਂ ਹਾਟ ਕਾ ਨਾਮੁ ਸੰਤੋਖੁ। ਨਾਨਕ ਜੋ ਚੀਨੈ ਤਿਸੁ ਨਹੀ ਦੋਖੁ ॥ ੨੩ ॥ ਵਾਉ ਹਾਟ ਇਕ ਭਾਂਤਿ ਬਨਾਏ। ਕਹਤਾ ਬਕਤਾ ਇਹੁ ਕਰੇ ਅਵਾਏ। ਤਬ ਮਨ ਵਾਉ ਹਾਟ ਮਹਿ ਜਾਇ। ਵਾਉ ਪਬਿਆ ਮਨੁ ਮੁਖ ਤੇ ਬੋਲੈ। ਵਾਉ ਪਇਆ ਚਹੁ ਕੁੰਟੀ ਡੋਲੈ। ਵਾਇ ਪਇਆ ਪਾਰ ਚਹੁ ਦਿਸ ਕਉ ਧਾਵੈ। ਵਾਇ ਪਇਆ ਘਰਿ ਕਬਹੁ ਨ ਆਵੈ। ਵਾਇ ਪਾਇਆ ਖਾਕੁ ਸਿਰ ਛਾਨੈ। ਤਤੁ ਬਸਤੁ ਕੀ ਸਾਰ ਨ ਜਾਨੈ। ਚਉਵੀਹਵੇਂ ਹਾਟ ਕਾ ਨਾਉ ਹੈ ਵਾਉ। ਨਾਨਕ ਉਤ ਘਰਿ ਜਾਇ ਤਾ ਬਿਸਰੈ ਨਾਉ ॥ ੨੪ ॥

ਭਰਮ ਹਾਟਿ ਜਬ ਇਹੁ ਮਨੁ ਜਾਇ। ਜਿਉਂ ਅਕਾਸਿ ਬਘੂਲਾ ਭ੍ਰਮਾਇ। ਭ੍ਰਮਤਾ ਕਬਹੂ ਨ ਆਵੈ ਠਉਰ। ਕਾਸਟ ਬੀਚਿ ਰਹੇ ਜਿਉਂ ਭਉਰ। ਜਿਉਂ ਕਾਸਟ ਛਾਡਿ ਭਉਰੁ ਉਡਿ ਜਾਈ। ਤਿਉ ਇਹੁ ਮਨੁ ਭ੍ਰਮੈ ਭਉਰ ਕੀ ਨਿਆਈ। ਭ੍ਰਮ ਹਾਟ ਕਾ ਇਹੀ ਬੀਚਾਰੁ। ਕਰੈ ਨਿੰਦਾ ਸਿਰਿ ਜਮ ਕਾ ਠਾਰੁ। ਹਾਟ ਪੰਜੀਸਾ ਲਾਉ ਭ੍ਰਮਾਉ। ਨਾਨਕ ਹਰਿ ਪ੍ਰਭ ਕੀਆ ਬਨਾਉ ॥ ੨੫ ॥

ਕਾਮ ਹਾਟ ਜਬ ਇਹੁ ਮਨੁ ਬਸੈ। ਅਤਿ ਸੁੰਦਰਿ ਤ੍ਰਿਆ ਦੇਖਿ ਬਿਗਸੈ। ਕਰੇ ਉਪਾਉ ਕਾਮ ਰਸ ਤਾਂਈ। ਜਨਮੁ ਪਦਾਰਥੁ ਖੋਵੈ ਅਜਾਂਈ। ਨਰਕੁ ਬਾਛੈ ਸੋ ਕਾਮੁ ਕਮਾਵੈ। ਕਾਮੁ ਸੁਆਦੁ ਜੂਨੀ ਭਰਮਾਵੈ। ਹਾਟ ਛਬੀਸਾ ਕਾਮ ਕਾ ਡੇਰਾ। ਉਤੁ ਹਾਟਿ ਬਸੈ ਸੋਈ ਜਮ ਘੇਰਾ। ਉਸ ਹਾਟ ਕੀ ਜੋ ਟਹਲ ਕਮਾਵੈ। ਨਾਨਕ ਮਰਿ ਜਨਮੈ ਜੂਨੀ ਭਰਮਾਵੈ ॥ ੨੬ ॥ ਦੋ ਬਿਧਿ ਕਾਮ ਕੋਈ ਬੀਚਾਰੇ । ਦੋ ਬਿਧਿ ਕੇ ਰਾਹ ਜੋ ਸਵਾਰੇ। ਕਾਮੁ ਰਤਨੁ ਜਿਸੁ ਜਨ ਦ੍ਰਿਸਟਾਇਆ । ਆਨ ਕਾਮ ਤੇ ਤਨੁ ਬਿਨਸਾਇਆ। ਰਤਨ ਕਾਮ ਤੇ ਬ੍ਰਹਮ ਸਮਾਇਆ। ਕਾਮੁ ਗਹੈ ਤਿਸੁ ਰਤਨੁ ਦਿਖਾਈਐ। ਜਿਸੁ ਛੂਟੈ ਸੁ ਜਨਮਿ ਭਵਾਈਐ। ਰਤਨੁ ਹਾਟੁ ਕਾਮ ਕਾ ਕੀਆ। ਪਰਮਾਰਥੁ ਖੋਜਿ ਕਿਨੈ ਜਨਿ ਲੀਆ। ਜਿਨਿ ਚੀਨਿਆ ਤਿਨ ਹੀ ਮਿਤਿ ਜਾਨੀ। ਜਿਨਿ ਕਾਮ ਰਤਨ ਕੀ ਜੋਤਿ ਪਛਾਨੀ। ਰਤਨ ਜੋਤਿ ਮਾਥੈ ਪ੍ਰਗਟਾਨੀ। ਜਿਨ ਟਲਿਆ ਤਿਨ ਜੋਤਿ ਬੁਝਾਨੀ। ਕਾਮੁ ਸੰਚਿ ਜਨ ਭਏ ਮਮੂਰ । ਨਾਨਕ ਜਿਨਿ ਬਸਿ ਕੀਆ ਸੋ ਸਦਾ ਠਰੂਰ ॥ ੨੭ ॥ ਆਹਨ ਹਾਟਿ ਜਬ ਇਹੁ ਮਨੁ ਜਾਈ।

ਅਦ੍ਰਿਸਟੁ ਵਸਤੁ ਹਿਰਿ ਲੇਤੁ ਪਰਾਈ। ਚੋਰੀ ਰਸਿ ਇਹੁ ਮਨ ਲਪਟਾਨਾ। ਆਹਨ
ਹਾਟ ਜਬ ਜਾਇ ਸਮਾਨਾ। ਛਾਡਿ ਕਿਰਤਿ ਜਬ ਚੋਰੀ ਧਾਵੈ। ਆਹਨ ਹਾਟਿ ਮਹਿ
ਜਾਇ ਸਮਾਵੈ। ਹਿਰਿ ਹਿਰਿ ਲਿਆਵਤ ਵਸਤੁ ਪਰਾਈ। ਮਰਨਾ ਬਾਧਿ ਲੀਆ
ਸਿਰਿ ਭਾਈ। ਹਾਟੁ ਬਿਕਾਰੀ ਆਹਨੁ ਨਾਉਂ। ਨਾਨਕ ਤਾਕੇ ਕੁਲਫ ਚੜਾਉ॥
੨੮॥ ਜਤਨ ਹਾਟ ਜਬ ਇਹੁ ਆਵੈ। ਜੁਗਤਿ ਜਤਨ ਕੀ ਤਬ ਮਿਤਿ ਪਾਵੈ।
ਜਾਤਾ ਏਹੁ ਜੁਗਤਿ ਕਰਿ ਰਾਖੈ। ਜਤਨ ਕੀ ਜੁਗਤਿ ਕੋਈ ਜਨੁ ਲਾਖੈ। ਜੀਤ
ਜਨਮੁ ਤਉ ਜਤੁ ਗਹਿਆ। ਇਹੁ ਮਨੁ ਜਾਤਾ ਅਸਥਿਰੁ ਰਹਿਆ। ਜੋ ਜਤੁ ਦ੍ਰਿੜੈ
ਤਿਸੁ ਪਿੰਡੁ ਨ ਪਾਈ। ਜਤੁ ਸਾਧੇ ਕੀ ਇਹ ਮਿਤਿ ਭਾਈ। ਬੀਸਾ ਊਪਰਿ ਨਾਂਵੈ
ਜਾਇ ਰਚਿਆ। ਨਾਨਕ ਜਤੁ ਦ੍ਰਿੜ ਕਾਲਹੁ ਬਚਿਆ ॥੨੯॥ ਜਬ ਇਹੁ ਜਾਇ
ਬ੍ਰਹਮਿ ਸਮਾਵੈ। ਏਕ ਦ੍ਰਿਸਟਿ ਕਛੁ ਨਾਹਿ ਦੁਰਾਵੈ। ਏਕੋ ਏਕ ਸਭਹੂ ਮਹਿ ਜਾਨੈ
ਸੋਈ ਬ੍ਰਹਮੁ ਦਰਿ ਪਵੈ ਖਜਾਨੈ। ਪਵੈ ਖਜਾਨੈ ਬਹੁਰਿ ਨ ਫੇਰੁ। ਪ੍ਰਗਟਿਆ ਬ੍ਰਹਮੁ
ਜਬ ਮਿਟਿਆ ਅੰਧੇਰੁ। ਅੰਧੇਰ ਗਇਆ ਪ੍ਰਗਟਿਆ ਉਜਿਆਰਾ। ਜਬ ਅੰਤਰਿ
ਕੀਨਾ ਬ੍ਰਹਮਿ ਪਸਾਰਾ। ਤੀਹਸਵੇਂ ਹਾਟ ਕਾ ਨਾਂਉ ਹੈ ਬ੍ਰਹਮੁ। ਨਾਨਕ ਉਤ ਘਰਿ
ਜਾਇ ਤਬਿ ਨਸੈ ਭਰਮੁ॥ ੩੦ ॥ ਕਰਮ ਹਾਟਿ ਬਹਿ ਕਰਮ ਬੀਚਾਰੇ। ਕਰਮ
ਕਿਰਤਿ ਕਉ ਅੰਤਰਿ ਧਾਰੇ। ਬੇਦ ਪੜੈ ਸੁਚ ਸੰਜਮ ਕਰੈ। ਬੇਦ ਪੜੇ ਜਨਮੈ ਫਿਰਿ
ਮਰੈ। ਬ੍ਰਹਮ ਇੰਦ੍ਰ ਸ਼ਿਵ ਪੁਰੀ ਮਹਿ ਜਾਇ। ਨਹੀਂ ਠਹਰਾਵੈ ਫਿਰਿ ਜੂਨੀ ਪਾਇ।
ਕਰਮ ਹਾਟ ਕੇ ਗੁਣ ਕਹੁ ਭਾਈ। ਕਰੇ ਕਰਮ ਜਬ ਉਨ ਘਰਿ ਜਾਈ। ਤੀਸਾ
ਊਪਰਿ ਇਕੁ ਹਾਟੁ ਬਨਾਏ। ਨਾਨਕ ਊਹਾਂ ਬਹਿ ਕਰਮ ਕਮਾਏ॥੩੧॥ ਅਕਰਮ
ਹਾਟਿ ਬਹਿ ਕਰਤਾ ਅਕਰਮਾ। ਬੇਸੁਆ ਖਾਨੈ ਜੂਐ ਜਾਇ। ਜਬ ਅਕਰਮ ਹਾਟਿ
ਮਹਿ ਪਾਇ। ਫਾਹਾ ਪਾਇ ਕਰਤ ਬਟਵਾਰੀ। ਅਕਰਮ ਹਾਟ ਜਬ ਮਾਰੀ ਤਾਰੀ।
ਨਿੰਦ ਚਿੰਦ ਅਦ੍ਰਿਸਟੀ ਕਰੈ। ਜਬ ਮਨੁ ਅਕਰਮ ਹਾਟ ਮਹਿ ਪਰੈ। ਕਰੈ ਅਕਰਮ
ਕਰਮੁ ਨਹੀ ਜਾਨਿਆ। ਤਉ ਨਾਨਕ ਇਹੁ ਮਨੁ ਅਕਰਮ ਹਾਟ ਮਹਿ ਜਾਇ ਸਮਾਨਿਆ
॥੩੨॥ ਤਪਤ ਹਾਟ ਜਬ ਇਹੁ ਮਨੁ ਜਾਇ। ਤਨੁ ਤਾਤਾ ਕਿਛੁ ਪੀਵੈ ਨ ਖਾਇ।
ਕੰਪਨਿ ਲਾਗਾ ਸਗਲਾ ਦੇਹੁ। ਤਪਤਿ ਹਾਟਿ ਜਬ ਹੋਵੈ ਏਹੁ। ਅਹਾਰੁ ਨ ਲੇਵੈ
ਪੀਵੈ ਨ ਖਾਇ। ਪਾਨੀ ਪਾਨੀ ਕਰਤ ਬਿਹਾਇ। ਸੀਤਲ ਪਾਨੀ ਤੇ ਉਪਜੈ ਰੋਗੁ।

ਊਨਾ ਪੀਵੈ ਤਾ ਸੀਤਲੁ ਹੋਗੁ। ਤਪਤਿ ਹਾਟਿ ਕੈ ਇਹ ਗੁਨ ਭਾਈ। ਹੋਇ ਨਿਬਲੁ ਜਬ ਉਤ ਘਰਿ ਜਾਈ। ਹਾਟੁ ਤਿਤੀਸਾ ਤਪਤਿ ਕਾ ਕੀਆ। ਨਾਨਕ ਤਾ ਮਹਿ ਤਾਪੁ ਸਮੀਆ ॥ ੩੩ ॥ ਸਿਰਹਿ ਹਾਟਿ ਜਬ ਇਹੁ ਮਨੁ ਜਾਇ। ਤਪਤਿ ਮਿਟੈ ਉਪਜੈ ਸਿਰਵਾਇ। ਸਿਰ ਕਉ ਬਾਧੈ ਉਠਿ ਨ ਸਾਕੈ। ਅਖੀ ਨ ਖੋਲੈ ਮੁਖਹੁ ਨ ਬਕੈ। ਆਲਸੁ ਉਪਜੈ ਸਗਲੈ ਦੇਹਿ। ਸਿਰਹਿ ਹਾਟ ਕੇ ਲਖਣ ਏਹਿ। ਤਪਤਿ ਸਿਰਤਿ ਕਾ ਏਕੋ ਮੰਤੁ। ਜਿਸੁ ਆਵੈ ਸੋ ਨਿਰਬਲ ਜੰਤੁ। ਚਉਤੀਸਵਾਂ ਹਾਟੁ ਛਾਡਿ ਅਵਰ ਘਰਿ ਜਾਇ। ਤਉ ਨਾਨਕ ਮਨ ਕਉ ਸੁਖਿ ਬਸਾਇ ॥ ੩੪ ॥ ਬਿਸੋਚ ਹਾਟਿ ਜਬ ਇਹੁ ਮਨੁ ਜਾਇ। ਖੋਲਿ ਕਪਾਟੁ ਊਹਾ ਠਹਰਾਇ। ਉਤ ਠਹਰਾਇ ਜੁਗਤਿ ਸਭ ਖੋਈ। ਡਾਕੀ ਛੂਟੈ ਬਿਕਲਾ ਹੋਈ। ਪ੍ਰਾਨ ਪਿੰਡ ਕੀ ਕਰੇ ਨ ਸਾਰ। ਬਿਸੋਚ ਹਾਟਿ ਬਹਿ ਕੀਆ ਪਸਾਰੁ। ਬਿਸੋਚ ਤਨ ਨਹਿ ਸਕੇ ਸਮਾਰਿ। ਪੀਪਲ ਮੂਲੁ ਜੀਵਾਇਨਿ ਸਾਰਿ। ਲਉਗ ਹਫੀਮ ਵਰਚ ਮੁਖਿ ਪਾਈ। ਤਬ ਇਸ ਮਨ ਕਉ ਸਾਂਤਿ ਹੈ ਆਈ। ਕਹੁ ਨਾਨਕ ਪੈਂਤੀਹਵਾਂ ਹਾਟੁ। ਤਾਕਉ ਮੁਹਕਮੁ ਮਰਿ ਕਪਾਟੁ ॥ ੫੩ ॥ ਬੀਲੇ ਹਾਟ ਜਬ ਇਹੁ ਮਨੁ ਜਾਇ। ਹੋਇ ਕੁਰਕ ਕਿਆ ਅਉਖਧੁ ਖਾਇ। ਘੀਉ ਵਰਚ ਪੂਦਨਾ ਮੁਖਿ ਪਾਵੈ। ਠਾਰਿ ਇਸੇ ਮਨ ਕਉ ਸੁਖੁ ਆਵੈ। ਧੁੰਨੀ ਕੀ ਨਾਰਿ ਜੋਰੁ ਕਰਿ ਖਿੰਚੈ। ਤਬ ਹੀ ਕੁਰਕ ਪੀਰ ਤੇ ਬਿੰਚੈ। ਛਾਛ ਧਾਤ ਨਿਕਟਿ ਨ ਆਵੈ। ਤਬ ਮਨੁ ਬੀਲੇ ਹਾਟ ਮਹਿ ਪਾਵੈ। ਕਾਚੀ ਦੇਹ ਰੰਗੁ ਸਭ ਹੋਇ। ਛਤੀਹਵੈਂ ਹਾਟਿ ਮਨ ਕਉ ਦੂਖ ਹੋਇ। ਕਹੁ ਨਾਨਕ ਮਨ ਕੇ ਕਈ ਹਾਟ। ਤਾਕੇ ਅਠਸਠਿ ਮਾਰਿ ਕਪਾਟ ॥ ੩੬ ॥ ਸੁਸਤਿ ਹਾਟਿ ਜਬ ਇਹੁ ਮਨੁ ਰਸੈ। ਆਲਸੁ ਸੁਸਤੀ ਅੰਤਰਿ ਬਸੈ। ਅਵਬਾਸੀ ਅਵਰ ਹਡਵਾਰੀ। ਜਬ ਸੁਸਤਿ ਹਾਟਿ ਮਨ ਮਾਰੀ ਤਾਰੀ। ਹਾਡ ਮਾਸ ਤਨਿ ਸੁਸਤੀ ਹੋਇ। ਸੁਸਤਿ ਹਾਟਿ ਮਨ ਰਹਿਆ ਸੋਇ। ਅਠਸਠਿ ਹਾਟਿ ਬਹਤਰਿ ਨਾਰੀ। ਨਉ ਦਰਵਾਜੇ ਚਾਰੇ ਬਾਰੀ। ਹੋਵਹਿ ਸੁਸਤ ਸਭੀ ਹੀ ਬੰਦਾ। ਸੈਤੀਹਵੇਂ ਹਾਟਿ ਕੈ ਇਹੀ ਨਿਅੰਦਾ। ਕਹੁ ਨਾਨਕ ਸੁਨਹੁ ਰੇ ਭਾਈ। ਹਾਟ ਹਾਟ ਕੀ ਸਖਾ ਸੁਨਾਈ ॥ ੩੭ ॥

ਤਮਕ ਹਾਟ ਮਹਿ ਜਬ ਮਨੁ ਬਰਤਾ। ਸਾਂਤਿ ਨ ਆਵੈ ਤਿਸਨਾ ਮਹਿ ਰਰਤਾ। ਤਮਕ ਤਿਸਨਾ ਮਹਿ ਸਦਾ ਹੀ ਤਾਤਾ। ਤਮਕ ਹਾਟ ਮਹਿ ਜਬ ਮਨੁ

ਜਾਤਾ। ਸਦਾ ਤਾਤਾ ਸੀਤੁ ਨ ਹੋਈ। ਤਾ ਕਉ ਕੁਸਲ ਨ ਕਬਹੂ ਹੋਈ। ਤਾ
ਤਾਮਸੁ ਕਬਹੂ ਨ ਜਾਇ। ਤਮਕ ਹਾਟਿ ਮਹਿ ਜਬ ਠਹਰਾਇ। ਪਰ ਕੀ ਤਾ
ਰਹੈ ਸਦਾ ਤਾਤਾ। ਤਾਮਸ ਜਲਿਆ ਭਸਮ ਹੋਇ ਜਾਤਾ।ਅਠਤੀਹਵਾਂ ਹਾਟਿ ਤਮ
ਕਾ ਕੀਨਾ। ਨਾਨਕ ਉਆ ਮਹਿ ਤਮਕ ਬਸੇਰਾ ਕੀਨਾ॥ ੩੮॥ ਸਾਂਤਿ ਹਾ
ਜਬ ਇਹੁ ਮਨੁ ਆਵੈ। ਕ੍ਰੋਧੁ ਹਿਰੈ ਸੀਤਲੁ ਘਰੁ ਛਾਵੈ। ਸਾਂਤਿ ਪਰੀ ਤਮਕ ਸ
ਤਿਆਗੀ। ਜਬ ਸੀਤਲ ਹਾਟਿ ਗਇਆ ਬੈਰਾਗੀ। ਸੀਤਲ ਹਾਟਿ ਸਾਂਤਿ
ਵਾਸਾ। ਸਾਂਤਿ ਭਈ ਮਨਿ ਉਪਜਿਆ ਚਾਉ। ਕਾਮੁ ਕ੍ਰੋਧੁ ਗਏ ਨਿਪਟਾਉ
ਗਿਆਨੁ ਰਤਨੁ ਸਾਂਤਿ ਤੇ ਆਇਆ। ਨਾਨਕ ਉਨਤਾਲੀਵਾਂ ਹਾਟੁ ਸਤਿਗੁਰ
ਪਾਇਆ॥ ੩੯॥ ਦਇਆ ਹਾਟਿ ਜਬ ਮਨੁ ਬਸੈ। ਜੀਅ ਦਇਆ ਸਭਹੂ ਮ
ਰਸੈ। ਜੀਅ ਜੀਆ ਕੀ ਮਹਿਮਾ ਜਾਨੈ। ਸਮਦ੍ਰਿਸਟੀ ਹੋਇ ਏਕੁ ਪਛਾਨੈ
ਦਇਆ ਦਾਨੁ ਦੇ ਦਰਦੁ ਪਛਾਨੈ। ਦੂਜਾ ਤਿਆਗਿ ਏਕੁ ਘਰੁ ਜਾਨੈ। ਦਾਮੋਦ
ਜਾਕੇ ਮਨਿ ਬਸੈ। ਦੁੰਦਰੁ ਬਾਧਿ ਸੁੰਦਰ ਪ੍ਰਗਾਸੈ। ਸੁੰਦਰ ਕੀ ਜਬ ਜੋਤਿ ਪਛਾ
ਦਇਆ ਹਾਟੁ ਜਬ ਇਹੁ ਮਨੁ ਜਾਨੈ। ਚਾਲੀਹਵੇਂ ਹਾਟ ਮਹਿ ਦਇਆ ਬਨਾ
ਨਾਨਕ ਵਿਰਲੈ ਕਿਨੈ ਹੀ ਆਈ॥ ੪੦॥ ਭਾਉ ਹਾਟ ਮਹਿ ਜਬ ਮਨੁ ਜਾਤ
ਭਾਉ ਭਗਤਿ ਸਭ ਸੰਗਿ ਕਮਾਤਾ। ਭਾਇ ਕੀਐ ਭਰਮੁ ਸਭੁ ਜਾਇ। ਭਾਉ ਭਗ
ਸਭ ਸੰਗਿ ਕਮਾਇ। ਭਾਉ ਭਗਤਿ ਕੀ ਊਚੀ ਮਹਿਮਾ। ਭਾਉ ਦ੍ਰਿੜੈ ਸੋ ਹੋ
ਬ੍ਰਹਮਾ। ਭਾਉ ਭਗਤਿ ਜਾ ਕੈ ਮਨਿ ਆਵੈ। ਭਾਉ ਹਾਟ ਮਹਿ ਜਬ ਮਨੁ ਪਾਵੈ
ਇਕਤਾਲੀਹਵਾਂ ਹਾਟੁ ਭਾਉ ਕਾ ਕਰਿਆ। ਨਾਨਕ ਉਹ ਘਰਿ ਜਾਇ ਇ
ਮੰਨਿ ਭਾਉ ਕਰਿਆ॥ ੪੧॥ ਬਿਰਹਿ ਹਾਟਿ ਜਬ ਇਹੁ ਮਨੁ ਰਸੈ। ਅੰਤ
ਬਿਰਹੁ ਬਿਰਹੁ ਸੰਗਿ ਹਸੈ। ਬਿਰਹੁ ਕਰੈ ਤਾ ਬ੍ਰਹਮ ਪਛਾਨੈ। ਬਿਰਹੁ ਕਰੇ ਤ
ਰਹੈ ਧਿਆਨੈ। ਬਿਰਹੁ ਕਰੇ ਤਬ ਏਕੋ ਬੂਝੈ। ਬਿਰਹੁ ਕਰੇ ਤਬ ਸਭ ਕਿ
ਸੂਝੈ। ਬਿਰਹਿ ਹਾਟਿ ਬਿਰਹਿ ਕਾ ਡੇਰਾ। ਬਿਰਹਿ ਹਾਟਿ ਕਬ ਕਰੇ ਬਸੇਰਾ
ਕਬਹੂ ਫਿਰਤਾ ਫਿਰਤਾ ਆਵੈ। ਬਿਰਹਿ ਹਾਟਿ ਬਹਿ ਬਿਰਹੁ ਕਮਾਵੈ। ਜਿਤੁ ਘਰਿ
ਬਸੈ ਸੇ ਲਖਣ ਕਰੈ। ਇਸੁ ਨਗਰੀ ਕੀ ਸਭ ਸੋਝੀ ਪਰੈ। ਬੈਤਾਲੀਹਵੈਂ ਹਾਟਿ
ਬਿਰਹੁ ਬਿਚਿ ਬਸੈ। ਨਾਨਕ ਬਿਰਹੁ ਲਾਇ ਮਨੁ ਸਹਜੀ ਬਸੈ॥੪੨॥ਦੋਇ ਹਾਟਿ

ਬਿਰਹ ਕੇ ਕੀਏ। ਦੁਇ ਬਿਬੇਕ ਬਿਰਹਿ ਕਉ ਦੀਏ। ਸਾਚੈ ਬਿਰਹਿ ਮਿਲੈ ਪ੍ਰਭੁ ਸਾਚਾ। ਸਾਚਾ ਬਿਰਹਿ ਅੰਮ੍ਰਿਤੁ ਰਸਿ ਰਾਚਾ। ਸਾਚੈ ਬਿਰਹਿ ਪ੍ਰਭੁ ਕੀ ਮਿਤ ਆਵੈ। ਸਾਚੈ ਬਿਰਹਿ ਸਾਚਿ ਸਮਾਵੈ। ਸਾਚੈ ਬਿਰਹਿ ਪ੍ਰਭੁ ਸਚੁ ਪਛਾਨੈ। ਸਚੈ ਬਿਰਹਿ ਭ੍ਰਮਤਾ ਘਰਿ ਆਨੈ। ਸਾਚੈ ਬਿਰਹਿ ਕਾ ਜਬ ਘਰੁ ਜਾਪੈ। ਸਾਚੇ ਬਿਰਹਿ ਸਚੁ ਪਛਾਪੈ। ਤ੍ਰਿਤਾਲੀਹਵਾਂ ਹਾਟੁ ਸਚੁ ਜਿਤੁ ਪਾਇਆ। ਨਾਨਕ ਸਚਿ ਰਚੈ ਤਿਨਿ ਸਾਚਾ ਪਾਇਆ ॥ ੪੩ ॥ ਚਉਤਾਲੀਵੈਂ ਹਾਟਿ ਜਬ ਸਮਾਵੈ। ਝੂਠਿ ਬਿਰਹਿ ਮਨੁ ਭੂਮਿ ਡੋਲਾਵੈ। ਪਰ ਤ੍ਰਿਆ ਸੇਤੀ ਬਿਰਹੁ ਲਗਾਵੈ। ਉਤੁ ਬਿਰਹਿ ਤਨੁ ਤਾਂਈ ਜਲਾਵੈ। ਉਤਿ ਬਿਰਹੈ ਹੋਇ ਇਤੁ ਉਤਿ ਜੂਠਾ। ਜਿਉ ਡਵਿ ਲਾਗੈ ਕਾਸਟੁ ਅਤ ਲੂਠਾ। ਝੂਠੈ ਬਿਰਹਿ ਜਲੇ ਕਿਉ ਜੀਵੈ। ਬਿਰਹਿ ਦਾਧਾ ਕਬ ਸੀਤੁ ਨ ਥੀਵੈ। ਕਾਮ ਬਿਰਹ ਕੀ ਭਾਠੀ ਦਾਧਾ। ਬਿਰਹ ਅਗਨਿ ਕੀ ਬਾਮੀ ਬਾਧਾ। ਝੂਠ ਬਿਰਹ ਕੈ ਹਾਟ ਸਮਾਇ। ਨਾਨਕ ਉਸ ਕਉ ਠਉਰ ਨ ਜਾਇ ॥ ੪੪ ॥ ਪੈਤਾਲੀਹਵਾਂ ਹਾਟੁ ਪ੍ਰੀਤਿ ਕਾ ਕੀਨਾ। ਕੋਟਿ ਮਧੇ ਕਿਨੈ ਵਿਰਲੈ ਚੀਨਾ। ਪ੍ਰੀਤਿ ਪ੍ਰੇਮ ਕਾ ਏਕੋ ਹਾਟੁ। ਪ੍ਰੀਤਿ ਜਿਸੁ ਸੂਝੈ ਤਿਸੁ ਖੁਲੈ ਕਪਾਟੁ। ਪ੍ਰੀਤਿ ਹੋਵੈ ਤਾ ਪ੍ਰੇਮੁ ਪਛਾਨੇ। ਪ੍ਰੀਤਿ ਚੀਨਿ ਪ੍ਰਭੁ ਅੰਤਰਿ ਜਾਨੇ। ਅੰਤਰਿ ਖੋਜਿ ਪ੍ਰੀਤਿ ਅਤਿ ਪਾਈ। ਪ੍ਰੀਤਿ ਹਾਟਿ ਪ੍ਰਭਿ ਪ੍ਰੀਤਿ ਜਨਾਈ। ਪੈਂਤਾਲੀਹਵਾਂ ਹਾਟੁ ਜਿਸੁ ਮਹਿ ਸਚੁ ਪ੍ਰੀਤਿ। ਨਾਨਕ ਜੋ ਚੀਨੈ ਤਿਸੁ ਨਿਰਮਲ ਰੀਤਿ ॥੪੫॥ ਝੂਠੀ ਪ੍ਰੀਤਿ ਪ੍ਰਭ ਕਬਹੂ ਨ ਭੀਜੈ। ਝੂਠੀ ਪ੍ਰੀਤਿ ਤਨਿ ਖਪਿ ਖਪਿ ਛੀਜੈ। ਝੂਠੀ ਪ੍ਰੀਤਿ ਕਾ ਹਾਟੁ ਉਘਾਰੈ। ਮਹਾ ਅਗਨਿ ਮਹਿ ਇਹੁ ਤਨੁ ਸਾਰੈ। ਸਾਰਿ ਸਾਰਿ ਬੁਝੈ ਜਬ ਹੋਵੈ ਸੁਆਹੁ। ਝੂਠੀ ਪ੍ਰੀਤਿ ਨਹੀ ਇਸ ਕਉ ਲਾਹੁ। ਲਾਹਾ ਮੂਲ ਸਭੁ ਝੂਠ ਗਵਾਵੈ। ਝੂਠੀ ਪ੍ਰੀਤਿ ਸਭ ਰਾਸਿ ਵੰਞਾਵੈ। ਝੂਠੀ ਪ੍ਰੀਤਿ ਕੁਲ ਦੋਨੋਂ ਖੋਵੈ। ਤਬ ਹਾਥ ਪਛੋੜਿ ਮੂੜਾ ਮਨੁ ਰੋਵੈ। ਸਚਿ ਝੂਠ ਕੀ ਜੋ ਬਿਧਿ ਪ੍ਰੀਤਿ। ਜਿਤੁ ਕੋ ਰਚੈ ਤੈਸੀ ਤਿਸੁ ਰੀਤਿ। ਛਿਤਾਲੀਹਵਾਂ ਹਾਟੁ ਆਨ ਪ੍ਰੀਤਿ ਕਾ ਕੀਆ। ਨਾਨਕ ਉਤ ਘਰਿ ਜਾਇ ਮੁਕਤਿ ਨਹੀਂ ਥੀਆ ॥੪੬॥ ਸ੍ਰਵਨ ਹਾਟਿ ਜਬ ਏਹੁ ਮਨੁ ਬਰਤਾ। ਭਾਉ ਪ੍ਰੀਤਿ ਕਰਿ ਹਰਿ ਜਸੁ ਸੁਨਤਾ। ਸ੍ਰਵਨੀ ਸੁਨਿ ਸੁਨਿ ਚਿਤ ਬਸਾਵੈ। ਸ੍ਰਵਨੀ ਸੁਨਿ ਸੁਨਿ ਪਰੇਮ ਲਗਾਵੈ। ਅਨਿ ਸੁਨਿਆ ਕਿਛੁ ਕਹਿਆ ਨ ਜਾਈ। ਜਿਨਿ

ਸੁਨਿਆ ਤਿਨ ਹੀ ਲਿਵ ਲਾਈ॥ਸੁਨਿ ਸੁਨਿ ਸਾਲਕ ਸਾਦਕ ਹੂਏ॥ਅਨਿ ਸੁਨਿਆ ਆਪਹੁ ਕਛੂ ਨ ਹੂਏ। ਸੰਤਾਲੀਹਵਾਂ ਹਾਟੁ ਕਾਨੁ ਪ੍ਰਭ ਕੀਨਾ। ਨਾਨਕ ਸੁਨਿ ਸੁਨਿ ਸਹਜਿ ਪਤੀਨਾ॥ ੪੭ ॥ ਬਹਰਾ ਹਾਟਿ ਹੋਇ ਰਹਤਾ ਬਹਰਾ। ਮਿਤਿ ਨਹੀ ਆਵੈ ਅਗਨ ਸਹਰਾ॥ਜਸੁ ਆਜਸੁ ਕਿਛੁ ਸੁਨੀਐ ਨਾਹੀ॥ ਬਹਰਾ ਬਿਸਮੁ ਭਇਆ ਮਨ ਮਾਹੀ। ਸ੍ਰਵਨੀ ਸੁਨਤ ਬਹਰਾ ਜਬ ਸੋਵੈ। ਤਾਕੀ ਪੂਛ ਧਰਮ ਪਹਿ ਹੋਵੈ। ਧਰਮ ਰਾਇ ਜਬ ਕਾਗਦੁ ਕਾਢੈ। ਤਬ ਬਹਰਾ ਕਿਆ ਲੇਖਾ ਤਾਢੈ। ਹੋਤ ਸ੍ਰਵਨ ਬਹਰਾ ਹੋਇ ਜਾਇ। ਜਬ ਏਹੁ ਮਨੁ ਬਹਰਾ ਹਾਟ ਮਹਿ ਪਾਇ। ਅਠਤਾਲੀਹਵਾਂ ਹਾਟੁ ਬਹਰਾ ਕਰਿ ਰਾਖਿਆ। ਨਾਨਕ ਹੋਤ ਸ੍ਰਵਨ ਸੁਨੀ ਨਹੀ ਭਾਖਿਆ॥੪੮॥ ਦ੍ਰਿਸਟਿ ਹਾਟੁ ਜਬ ਏਹੁ ਮਨੁ ਦੇਖੈ॥ਆਨਿ ਨ ਪੇਖੈ ਬ੍ਰਹਮੁ ਬਿਸੇਖੈ। ਏਕ ਦ੍ਰਿਸਟਿ ਦੇਖੈ ਕਰਿ ਚਰਨਾ। ਆਦਿ ਅੰਤਿ ਤਿਸੁ ਕਾਲਹੁ ਬਚਨਾ। ਏਕ ਦ੍ਰਿਸਟਿ ਬੰਧਨ ਸਭ ਖੋਲੈ। ਤਿਨਿ ਚਾਰ ਪਦਾਰਥ ਲੀਏ ਅਮੋਲੈ। ਨਾਮੁ ਦਾਨ ਇਸਨਾਨੁ ਅਰੁ ਕਾਮੰ। ਤਿਸੁ ਮਿਲੈ ਪਦਾਰਥ ਜਿਸੁ ਲਿਖਿਆ ਕਰਾਮੰ॥ਏਕ ਦ੍ਰਿਸਟਿ ਤੇ ਸਭ ਕਿਛੁ ਪਾਇਆ। ਜਬ ਇਹੁ ਮਨੁ ਏਕ ਦ੍ਰਿਸਟਿ ਸਮਾਇਆ। ਦ੍ਰਿਸਟਿ ਹਾਟ ਕੇ ਬੰਧਨ ਖੋਲੇ। ਨਾਨਕ ਬ੍ਰਹਮ ਪ੍ਰਗਾਸਿ ਬਿਨਸੇ ਸਭ ਓਲੇ॥੪੯॥ ਆਨਿ ਦ੍ਰਿਸਟਿ ਹਾਥਿ ਜਬ ਇਹੁ ਮਨੁ ਧਾਵੈ॥ਆਨਿ ਦ੍ਰਿਸਟਿ ਅਪਰਾਧੁ ਕਮਾਵੈ॥ਪ੍ਰਾਪਤਿ ਆਪ੍ਰਾਪਤਿ ਮਾਇਆ ਕਉ ਹੇਰੈ। ਜਬ ਇਹੁ ਮਨੁ ਜਾਇ ਆਨਿ ਕੈ ਡੇਰੈ। ਆਨਿ ਦ੍ਰਿਸਟਿ ਹਾਟਿ ਜਬ ਜਾਇ ਸਮਾਇ। ਤਬ ਇਸ ਕਉ ਨਾਹਿ ਟਿਕਾਣਿ ਕੀ ਜਾਇ । ਨਾਨਕੁ ਕਹੈ ਸੁਨਹੁ ਜਨ ਗਿਆਨੀ। ਪੰਜਾਹਵੈਂ ਹਾਟਿ ਬਸਹਿ ਆਨਿ ਗਿਆਨੀ ॥ ੫੦ ॥

ਪਾਪ ਹਾਟਿ ਜਬ ਇਹੁ ਮਨੁ ਬਰੈ। ਪਾਪੁ ਕਮਾਵੈ ਧਰਮੁ ਨ ਕਰੈ। ਧਰਮ ਪੁੰਨ ਕੀ ਸੂਝ ਨ ਪਾਈ। ਤਬ ਮਨ ਪਾਪਿ ਜਾਇ ਠਹਰਾਈ। ਪਾਪਿ ਰਤਾ ਮਨੁ ਧਰਮੁ ਨ ਜਾਨੈ। ਅੰਤ ਬਾਰ ਜਮ ਦੁਖੁ ਦੇ ਡਾਨੈ। ਪਾਪ ਹਾਟ ਕੇ ਲਖਣ ਫੀਕੇ। ਪਾਪਿ ਅੰਤਰਿ ਬੈਰੀ ਹਰਿ ਜੀਅ ਕੇ।ਇਕਵੰਜੀਹਵੈਂ ਹਾਟਿ ਬਹਿ ਪਾਪ ਕਮਾਇਆ। ਨਾਨਕ ਪਾਪਿ ਕੀਏ ਦੋਜਕਿ ਪਾਇਆ ॥ ੫੧ ॥ ਧਰਮ ਹਾਟਿ ਮਨ ਕੀ ਜਬ ਜਾਇ। ਸੁਕ੍ਰਿਤੁ ਕਰੈ ਆਤਮੈ ਲਿਵ ਲਾਇ। ਪੁੰਨ ਦਾਨ ਕੀ ਮਹਿਮਾ ਜਾਨੈ। ਪਾਪਿ ਦ੍ਰਿਸਟਿ ਸੁਪਨੈ ਨਹੀ ਆਨੈ। ਧਰਮ ਧੀਰਜ ਕੀ ਜਿਸੁ ਮਨਿ ਦ੍ਰਿੜਤਾ।

ਘਰਿ ਜਸੁ ਸੁਨੈ ਕਵਲ ਜਿਉ ਖਿੜਤਾ। ਧਰਮ ਪੁੰਨ ਕੀ ਕਾਰ ਕਮਾਇ। ਤਿਸ ਕੈ ਦਰਸਨਿ ਪਾਪੁ ਸਭੁ ਜਾਇ। ਧਰਮੁ ਦ੍ਰਿੜੈ ਪਾਪ ਨਹਿ ਕਰਤਾ। ਤਿਸ ਤੇ ਧਰਮ ਰਾਇ ਹੈ ਡਰਤਾ। ਬਵੰਜੀਹਵੇਂ ਹਾਟ ਬਹਿ ਧਰਮੁ ਕਮਾਇਆ। ਨਾਨਕ ਧਰਮ ਹਾਟਿ ਮਨੁ ਜਾਇ ਸਮਾਇਆ ॥ ੫੨ ॥ ਰਤਨ ਹਾਟਿ ਜਬ ਇਹੁ ਮਨੁ ਜਾਨੈ। ਰਤਨ ਜੋਤਿ ਕਉ ਤਬਹਿ ਪਛਾਨੈ। ਚਹੁੰ ਰਤਨਾ ਕੀ ਜਾਨੈ ਜਾਤਿ। ਤਿਸ ਜਨ ਕੀ ਸਭ ਤੂਟੈ ਭਰਾਂਤਿ। ਚਾਰਿ ਪਦਾਰਥ ਤਬ ਹੀ ਲੇਹਿ। ਜਬ ਮਨੁ ਤਨੁ ਅਰਪਿ ਸਾਧ ਕਉ ਦੇਇ। ਸਾਧ ਕ੍ਰਿਪਾ ਤੇ ਲਹੈ ਪਦਾਰਥੁ। ਬਿਨੁ ਸਾਧ ਸੇਵਾ ਤੇ ਜਾਹਿ ਅਕਾਰਥੁ। ਕਉ ਰਤਨਾ ਕੀ ਜੋ ਮਿਤਿ ਦੇਵੈ। ਤਾਕੇ ਚਰਨ ਨਾਨਕ ਜਨੁ ਸੇਵੈ ॥ ੫੩ ॥ ਪ੍ਰਿਥਮੈ ਰਤਨ ਕੀ ਜੋ ਮਿਤਿ ਪਾਵੈ। ਤਬ ਅਭੈ ਹਾਟ ਮਹਿ ਜਾਇ ਸਮਾਵੈ। ਪ੍ਰਿਥਮੇ ਨਾਮੁ ਪਦਾਰਥੁ ਪਾਇਆ । ਸਾਧ ਚਰਨ ਜਬ ਇਹੁ ਮਨੁ ਲਾਇਆ। ਨਾਮ ਰਤਨ ਕੀ ਜੋਤਿ ਪ੍ਰਗਾਸੀ । ਜਬ ਤੇ ਮਿਲਿਆ ਸਾਧ ਅਬਿਨਾਸੀ । ਨਾਮੁ ਰਤਨੁ ਲੇ ਕੰਠਿ ਪਰੋਵੈ। ਤਾਕਉ ਜਨਮੁ ਬਹੁਰਿ ਨਹੀ ਹੋਵੈ। ਏਕ ਬਾਰ ਬਿਨੁ ਬਹੁਰਿ ਨ ਜਨਮੈ। ਰਤਨ ਪਦਾਰਥ ਬਿਨੁ ਫਿਰਿ ਫਿਰਿ ਭਰਮੈ। ਅਭੈ ਹਾਟਿ ਜਬ ਇਹੁ ਮਨੁ ਆਇਆ। ਨਾਨਕ ਤਾਕਉ ਰਤਨੁ ਦਿਖਾਇਆ ॥ ੫੪ ॥ ਸਾਧ ਕ੍ਰਿਪਾ ਤੇ ਮਨੁ ਠਹਰਾਨਾ। ਮੁਕਤਿ ਪਦਾਰਥ ਤਬਹਿ ਪਛਾਨਾ। ਸਾਧ ਸੇਵਾ ਤੇ ਮੁਕਤਿ ਪਛਾਨੈ। ਸਾਧ ਸਖਾ ਤਬ ਅੰਤਰਿ ਜਾਨੈ। ਜਬ ਮਨਿ ਕਰਮ ਅਕਰਮ ਨਾ ਬਾਧਾ। ਤਬ ਸੁ ਪ੍ਰਸੰਨ ਭਏ ਹੈਂ ਸਾਧਾ। ਮੁਕਤਿ ਪਦਾਰਥੁ ਤਿਸੁ ਪਰਗਾਸਿਆ। ਅਨਹਦ ਹਾਟ ਜਬ ਮਨ ਵਾਸਿਆ। ਸਾਧ ਕਿਰਪਾ ਤੇ ਨਾਮੁ ਧਿਆਇਆ। ਤਉ ਨਾਨਕ ਮੁਕਤਿ ਪਦਾਰਥੁ ਪਾਇਆ ॥ ੫੫ ॥ ਅਠਸਠਿ ਹਾਟ ਮਹਿ ਅਪੂਰਬੁ ਹਾਟੁ। ਗੁਰ ਕਿਰਪਾ ਤੇ ਖੁਲਹਿ ਕਪਾਟੁ। ਅਪੂਰਬ ਹਾਟਿ ਮਨੁ ਰਹਿਆ ਸਮਾਇ। ਜਬ ਜਨਮੁ ਪਦਾਰਥੁ ਲਹੈ ਸੁਭਾਇ। ਜਨਮੁ ਪਦਾਰਥੁ ਤਬਹੀਂ ਪਾਈਐ। ਸੰਤ ਟਹਲ ਜਬ ਇਹੁ ਮਨੁ ਲਾਈਐ। ਸੰਤ ਟਹਲ ਇਤ ਉਤ ਸੁਖੁ ਪਾਈਐ। ਜਨਮੁ ਪਦਾਰਥੁ ਤਿਸਹਿ ਦਿਖਾਈਐ। ਜਨਮੁ ਪਦਾਰਥੁ ਤਿਸਹਿ ਪਾਇਆ। ਜਬ ਤੇ ਹਰਿ ਜਸੁ ਸੁਨਤ ਅਘਾਇਆ। ਜਨਮ ਪਦਾਰਥੁ ਕੀ ਮਿਤਿ ਜਾਨੈ। ਸਾਧ ਸੇਵਾ ਤਬ ਰਿਦੈ ਪਛਾਨੈ। ਜਨਮੁ ਪਦਾਰਥੁ ਗੁਰ ਤੇ ਜਾਨਿਆ

ਨਾਨਕ ਜਿਨਿ ਜਨਮੁ ਪਛਾਤਾ ਸੋ ਬਹੁਰਿ ਨ ਆਨਿਆ ॥ ੫੬ ॥ ਕਾਮ ਰਤਨ ਕੀ ਜਬ ਮਿਤਿ ਪਾਵੈ। ਤਬ ਹੀ ਕਾਮੁ ਅੰਦਰਿ ਠਹਰਾਵੈ। ਜਬ ਸਾਧੈ ਤਬ ਸਬਦੁ ਅਰਾਧੈ। ਤਬ ਕਾਮ ਰਤਨੁ ਆਇ ਪ੍ਰਗਟੈ ਮਾਥੈ। ਉਆ ਕੀ ਜੋਤਿ ਮਾਥੈ ਪ੍ਰਗਟਾਨੀ। ਤਬ ਕਾਮ ਰਤਨ ਕੀ ਜੋਤਿ ਪਛਾਨੀ।ਜਬ ਛੁਟਕੈ ਤਬ ਚੰਦਨੁ ਹਿਰੈ ਕਾਮੁ ਰਤਨੁ ਕੋ ਬਿਰਲਾ ਜਰੈ। ਗੁਹਜ ਹਾਟ ਕੀ ਜਿਨਿ ਮਿਤਿ ਜਾਨੀ । ਨਾਨਕ ਕਾਮੁ ਰਤਨੁ ਕੋ ਬੂਝੈ ਗਿਆਨੀ ॥ ੫੭॥ ਅਮਰੁ ਹਾਟਿ ਜੋ ਬੜੈ ਮਨੁ ਜਾਇ ਹੋਇ ਅਮਰੁ ਪਿੰਡੁ ਕਬਹੂ ਨ ਪਾਇ। ਕਉਨ ਸਬਦ ਥੈ ਪਿੰਡੁ ਨ ਪਾਇ। ਜੀਵਤੁ ਮਰੈ ਫਿਰਿ ਬਿਨਸਿ ਨ ਜਾਇ। ਸਾਚਿ ਮੂਆ ਤਉ ਫਿਰਿ ਕਿਆ ਮਰਨਾ। ਕਾਲੁ ਭਲਾ ਕਿਆ ਕਾਲਹੁ ਡਰਨਾ। ਅਮਰ ਹਾਟ ਜਬ ਜਾਇ ਸਮਾਵੈ। ਨਾਨਕ ਚਾਰਿ ਪਦਾਰਥ ਬੀਚਾਰਿ ਸੁਨਾਵੈ॥ ੫੮॥ ਚਿਤਵਨਿ ਹਾਟਿ ਜਬ ਮਨੂਆ ਜਾਇ ਅਨਦਿਨੁ ਚਿਤਵਨ ਕਰਤ ਬਿਹਾਇ। ਚਿਤ ਚਿਤਵਨ ਕੋਈ ਸਰੈ ਨ ਕਾਜਾ ਕਬਹੂ ਨੀਚੁ ਕਬ ਹੋਵੈ ਰਾਜਾ। ਕਬਹੂ ਹੋਵੈ ਬ੍ਰਹਮ ਗਿਆਨੀ।ਕਬਹੂ ਹੋਵੈ ਅਨਕ ਧਿਆਨੀ। ਕਬਹੂ ਹੋਵੈ ਅਨਬਿਚਾਰੀ । ਕਬਹੂ ਹੋਇ ਬਹੈ ਅਹੰਕਾਰੀ । ਕਬਹੂ ਹੋਇ ਬਹੈ ਗੁਰ ਪੀਰੁ। ਕਬਹੂ ਫਿਰਤਾ ਹੋਇ ਫਕੀਰੁ। ਚਿਤਵਨਿ ਹਾਟ ਜਬ ਮਨੁ ਠਹਰਾਇ। ਨਾਨਕ ਮਨ ਕਉ ਚਿਤਤ ਬਿਹਾਇ ॥ ੫੯॥ ਅਕਲ ਹਾਟ ਬਹਿ ਕਰਤਾ ਅਕਲੀ। ਜਿਹ ਪ੍ਰਸਾਦਿ ਜਨ ਉਧਰੈ ਸਕਲੀ। ਅਕਲ ਨਿਰੰਜਨ ਕਉ ਜਬ ਜਾਨੈ। ਅਕਲਿ ਕਰੈ ਜਬ ਰਹੈ ਧਿਆਨੈ। ਭਰਮਿ ਅਕਲੀ ਕੈਸੇ ਕਿਛੁ ਪਾਈਐ। ਅਕਲਿ ਬਿਹੂਨਾ ਬਿਨੁ ਰਾਹੁ ਭੁਲਾਈਐ। ਹੋਇ ਬਿਆਕਲੁ ਅਕਲ ਬਿਹੂਨਾ। ਤਬ ਕਿਛੁ ਨਾਹੀ ਸੁਆਦੁ ਜਿਉ ਖਾਨੁ ਅਲੂਨਾ॥ ਅਕਲ ਹਾਟੁ ਕਿਰਪਾ ਤੇ ਡੀਠਾ। ਤਉ ਨਾਨਕ ਸਤਿਗੁਰ ਭਏ ਬਸੀਠਾ ॥ ੬੦ ॥ ਬਿਅਕਲਿ ਹਾਟੁ ਮਨੁ ਜਾਇ ਸਮਾਨਾ। ਕਰੈ ਇਆਣਪ ਜਿਉ ਬਾਲ ਇਆਨਾ । ਹੋਇ ਬਿਅਕਲੁ ਅਕਲਿ ਨਹੀ ਕਾਈ। ਹੋਇ ਬਿਸੁਧੁ ਛਾਨੈ ਸਿਰਿ ਛਾਈ । ਬਿਨੁ ਅਕਲੀ ਫਿਰੈ ਭਰਮਾਇਆ। ਜਬ ਮਨੁ ਬਿਅਕਲ ਹਾਟ ਮਹਿ ਆਇਆ। ਹੋਇ ਬਿਆਕਲੁ ਤਨ ਕੀ ਸੁਧਿ ਨਾਹਿ। ਅਉਝੜਿ ਭਰਮਹਿ ਰਾਹਿ ਨ ਪਾਇ। ਬਿਅਕਲ ਬਿਸੁਧ ਫਿਰੈ ਬਉਰਾਇਆ । ਨਾਨਕ ਬਿਅਕਲ ਹਾਟਿ ਮਹਿ ਜਾਇ ਸਮਾਇਆ ॥੬੧॥

ਚਤੁਰ ਹਾਟਿ ਕਰਤਾ ਚਤੁਰਾਈ । ਕਥਨੀ ਬਦਨੀ ਤਬ ਮਨਿ ਆਈ । ਕਥ
ਬਕਤਾ ਕਹਿ ਹੋਇ ਗਿਆਨੀ । ਤਬ ਚੰਚਲ ਹਾਟ ਕੀ ਜੋਤਿ ਪਛਾਨੀ । ਕ
ਚੰਚਲਾਈ ਚਤੁਰ ਕਹਾਵੈ । ਚੰਚਲ ਹਾਟ ਜਬ ਜਾਇ ਸਮਾਵੈ। ਚਤੁਰਾਈ ਕਰ
ਕਥਨੀ ਕਰਤਾ। ਜਬ ਚੰਚਲ ਹਾਟ ਮਹਿ ਇਹੁ ਮਨੁ ਬਰਤਾ। ਸਾਚ ਸਬਦ ਕ
ਸਾਰ ਨ ਜਾਨਹਿ। ਨਾਨਕ ਕਰਿ ਚਤੁਰਾਈ ਕਥਾ ਬਖਾਨਹਿ ॥੬੨॥ ਪ੍ਰੇਤ ਹਾਟਿ
ਜਬ ਏਹੁ ਮਨੁ ਰਹੈ। ਫਿਰੈ ਬਿਪ੍ਰੇਤੁ ਜੰਤ ਜਿਉ ਪਚੈ। ਅਵਰਾ ਨਿੰਦੈ ਆਪਿ ਨ
ਜਪਨਾ। ਹੋਇ ਪ੍ਰੇਤ ਤਨੁ ਖੋਵੈ ਅਪਨਾ। ਆਪ ਤਨੁ ਖੋਇਆ ਕਰਿ ਬਿਪ੍ਰੀਤਿ।
ਪ੍ਰੇਤ ਹਾਟ ਕੀ ਐਸੀ ਰੀਤਿ । ਹੋਇ ਪ੍ਰੇਤ ਤਨੁ ਕਬੈ ਨ ਸਮਾਰੈ। ਕਰੈ ਬਿਪ੍ਰੀਤਿ
ਤਨੁ ਆਤਸਿ ਜਾਰੈ। ਪ੍ਰੇਤ ਹਾਟ ਕਾ ਇਹੀ ਗੁਨਾਉ। ਨਾਨਕ ਉਤੁ ਘਰਿ ਜਾਇ
ਤ ਬਿਸਰੈ ਨਾਉ ॥ ੬੩ ॥ ਇੜਾ ਹਾਟਿ ਜਬ ਇਹੁ ਮਨੁ ਆਵੈ। ਉਤ ਹਾਟ ਕੀ
ਸਭ ਮਿਤਿ ਪਾਵੈ। ਆਵਨ ਜਾਨ ਤੇ ਰਹੈ ਨਿਰਾਰਾ। ਜਬ ਇੜਾ ਹਾਟ ਮਹਿ ਕਰੈ
ਪਸਾਰਾ। ਇੜਾ ਬਿਚੜਾ ਕਉ ਕਰੈ ਮੈਦਾਨੁ। ਅਨਹਦ ਸੁੰਨਿ ਲਗਾਵੈ ਧਿਆਨੁ।
ਆਨਿ ਨ ਜਾਨੈ ਏਕ ਹੀ ਰਾਤਾ । ਜਬ ਇੜਾ ਹਾਟ ਮਹਿ ਇਹੁ ਮਨੁ ਜਾਤਾ ।
ਅਉਘਟ ਘਾਟ ਮਨ ਕੇ ਸਭਿ ਤੋੜੈ । ਨਾਨਕ ਇੜਾ ਹਾਟਿ ਮਨੁ ਹਰਿ ਸਿਉ
ਜੋੜੈ ॥੬੪॥ ਪਿੰਗੁਲਾ ਹਾਟਿ ਜਬ ਇਹੁ ਮਨੁ ਬੜੈ। ਬਿਨੁ ਮਾਰਗੁ ਗੜ ਊਪਰਿ
ਚੜੈ। ਓਹੁ ਮਾਰਗੁ ਨਾਨਾ ਕਿਉ ਕਰਿ ਗੜਿ ਚੜੀਐ। ਡਾਵਰ ਕੀ ਤਾਰ ਪਲਮਿ
ਊਹਾ ਬੜੀਐ । ਪਿੰਗੁਲ ਰਾਤਾ ਸਭ ਗੜ ਸਾਧੇ । ਪੰਚ ਨਾਇਕ ਇਕ ਬੇੜੀ
ਬਾਧੇ । ਪ੍ਰਾਨ ਨਗਰ ਕੀ ਸਭ ਬਿਧਿ ਜਾਨੀ । ਪਿੰਗੁਲਾ ਜਾਇ ਸਭ ਜੋਤਿ
ਪਛਾਨੀ । ਅਨੂਪੁ ਹਾਟੁ ਕਾ ਪਿੰਗੁਲਾ ਨਾਉ । ਨਾਨਕ ਉਤ ਘਰਿ
ਜਾਇ ਤਾ ਬੂਝੈ ਸਭੁ ਭਾਉ ॥ ੬੫ ॥

ਸੁਖਮਨ ਹਾਟਿ ਜਬ ਇਹੁ ਮਨੁ ਜਾਇ। ਅਨੰਤ ਕੇਲ ਸੁਖਿ ਸਹਜਿ ਬਿਹਾਇ
ਕੇਲ ਕਰੈ ਸੁਖ ਰਲੀਆ ਮਾਨੈ । ਤਬ ਇਹੁ ਸੁਖਮਨ ਹਾਟੁ ਪਛਾਨੈ। ਸੁਖਮਨ
ਰਾਤਾ ਕਰੈ ਅਨੰਦਾ। ਕਾਮੁ ਕ੍ਰੋਧੁ ਤਿਆਗੈ ਨਿੰਦ ਅਨਿੰਦਾ। ਜਬ ਕਲੋਹਲ ਇ
ਮਨੁ ਰਾਤਾ। ਭਇਆ ਸੀਤਲੁ ਬਿਨਸਿਆ ਸਭੁ ਤਾਤਾ। ਤਾਮਸ ਤ੍ਰਿਸਨਾ ਮਨ
ਗਈ। ਤਬ ਸੁਖਮਨ ਹਾਟ ਕੀ ਸੋਝੀ ਪਈ। ਇੜਾ ਪਿੰਗੁਲਾ ਸੁਖਮਨਾ ਬੂਝੀ

ਤਬ ਇਨਿ ਮਨਿ ਗੁਹਜ ਕਥਾ ਸਭ ਸੂਝੀ। ਸੁਖ ਕਾ ਹਾਟੁ ਸੁਖਮਨਾ ਕੀਨਾ। ਨਾਨਕ ਊਹਾ ਸੁਖ ਸਹਜ ਕਉ ਡੇਰਾ ਦੀਨਾ॥ ੬੬॥ ਬੇਨੀ ਹਾਟ ਜਬ ਇਹੁ ਮਨੁ ਜਾਇ। ਮਨ ਮਹਿ ਬੇਨੀ ਕਰਮ ਕਮਾਇ। ਬੇਨੀ ਸੰਗਮਿ ਜਬ ਮਨੁ ਜਾਤਾ। ਤਬ ਅਠਸਠਿ ਹਾਟ ਮਨ ਮਾਹਿ ਪਛਾਤਾ। ਬੇਨੀ ਹਾਟਿ ਬਹਿ ਜੋਤਿ ਪਛਾਣੀ। ਬੇਨੀ ਧਿਆਨ ਧਰਹਿ ਜਬ ਧਿਆਨੀ। ਬੇਨੀ ਮਹਿ ਸਭ ਜੋਤਿ ਦਿਖਾਈ। ਤਉ ਨਾਨਕ ਬੇਨੀ ਸਿਉ ਧੁਨਿ ਲਾਈ ॥ ੬੭॥ ਤ੍ਰਿਕੁਟੀ ਹਾਟਿ ਮਹਿ ਤ੍ਰੈ ਗੁਣ ਤਿਆਗੀ। ਚਉਥੇ ਪਦ ਕਉ ਜਾਣੈ ਬੈਰਾਗੀ। ਤੀਨਿ ਗੁਣਾਂ ਕੀ ਰਹਤ ਗਵਾਈ। ਜਬ ਤ੍ਰਿਕੁਟੀ ਹਾਟੁ ਮਹਿ ਕਰੀ ਸਮਾਈ। ਰਾਜਸ ਤਾਮਸ ਸਾਤਕੁ ਤਜੈ । ਹਰਿ ਜਨ ਚਉਥੇ ਪਦ ਕਉ ਭਜੈ। ਚਉਥੇ ਰਚਿ ਕਛੁ ਅਵਰੁ ਨ ਜਾਣਹਿ।ਤਬ ਤ੍ਰਿਕੁਟੀ ਮਾਹਿ ਚੰਦੋਆ ਤਾਨਹਿ। ਤ੍ਰਿਕੁਟੀ ਧਿਆਨਿ ਰਹਹਿ ਸਬ ਖੀਨਾ। ਨਾਨਕ ਤ੍ਰਿਕੁਟੀ ਜਾਇ ਮਨੁ ਸਹਜਿ ਪਤੀਨਾ॥੬੮॥ਮਾਨੀ ਹਾਟ ਮਹਿ ਮਨੁ ਮਗਨਾਨਾ। ਤਬ ਮਨ ਸੁੰਨ ਮੰਡਲ ਮਹਿ ਠਾਨਾ।ਪ੍ਰਗਟੀ ਜੋਤਿ ਆਈ ਜਬ ਮਾਥੈ।ਬਿਅੰਤ ਕੋਟ ਉਧਰੇ ਉਨ ਸਾਥੈ।ਕੀਨੀ ਕ੍ਰਿਪਾ ਜਬ ਆਪਿ ਗੁਸਾਈ। ਤਾਕੈ ਮਸਤਕਿ ਜੋਤਿ ਜਨਾਈ। ਮਾਨੀ ਹਾਟਿ ਮਹਿ ਜੋਤਿ ਦਿਖਾਵੈ। ਜਬ ਮਨੁ ਮਾਨੀ ਹਾਟ ਮਹਿ ਜਾਵੈ।ਪ੍ਰਗਟੀ ਜੋਤਿ ਜਨੁ ਹਰਿ ਸੰਗਿ ਰਾਤਾ।ਨਾਨਕ ਹਰਿ ਜਨਿ ਅਗਮੁ ਪਛਾਤਾ॥੬੯॥ਦੁਆਰ ਹਾਟ ਮਹਿ ਜਬ ਮਨੁ ਗਇਆ । ਦਸਵੇ ਦੁਆਰੈ ਸੀਤਲੁ ਭਇਆ। ਪਹੁਚਿ ਨ ਸਕੈ ਉਤ ਘਰਿ ਕਾਲੁ। ਉਤੁ ਘਰਿ ਹੋਇ ਬਹੈ ਮਨੁ ਲਾਲੁ । ਲਾਲਹਿ ਲਾਲੁ ਮਿਲਿਆ ਜਬ ਜਾਇ। ਤਬ ਕਾਲ ਕੰਟ ਕਾ ਕਛੁ ਨ ਬਸਾਇ। ਹੀਰੇ ਕਉ ਜਾਇ ਮਿਲਿਆ ਹੀਰਾ। ਦਸਵੈ ਦੁਆਰਿ ਜਾਇ ਚੜੇ ਬਜੀਰਾ। ਦਸਵੈ ਦੁਆਰਿ ਜਬ ਇਹੁ ਮਨੁ ਗਇਆ। ਨਾਨਕ ਜਨਮ ਮਰਨ ਤੇ ਅਸਥਿਰੁ ਭਇਆ ॥੭੦॥ ਉਨਮਨੁ ਹਾਟੁ ਇਹੁ ਮਨੁ ਗਇਆ। ਹਰਿ ਜਨੁ ਹਰਿ ਜੀ ਏਕੋ ਭਇਆ। ਜੈਸੇ ਸਲਲੁ ਸਲਲੇ ਸਮਾਨਾ। ਉਠਿ ਤਰੰਗ ਜਲ ਮਾਹਿ ਸਮਾਨਾ। ਜੈਸੇ ਕਨਕਾ ਕਾਟਿ ਕੀਆ ਹੈ ਰਾਈ। ਐਸੇ ਹਰਿ ਜਨ ਅੰਸੁ ਸਮਾਈ। ਜਨ ਮਹਿ ਹਰਿ ਹਰਿ ਮਹਿ ਜਨ ਰਾਤਾ। ਹਰਿ ਜਨਿ ਜਨੁਹਰਿ ਏਕੁ ਹੀ ਜਾਤਾ।ਉਨਮਨਿ ਧਿਆਨੁ ਜਨੁ ਉਨ ਸੰਗ ਰਹਤਾ। ਕਹੁ ਨਾਨਕ ਜਨੁ ਉਨਮਨ ਬਹਤਾ ॥ ੭੧॥ ਬਿਧਨ ਹਾਟ ਮਹਿ ਸਭ ਬਿਧਿ

ਰਾਖੀ। ਜੌ ਬਿਧਿ ਜਾਨੈ ਤਿਸੁ ਜੋਤਿ ਪਰਾਖੀ। ਬਿਧਿ ਬਿਧਿ ਕਰਕੇ ਸਭ ਕਿਛੁ ਬਾਧੇ। ਪੰਚ ਤਤ ਕਉ ਬਿਧਿ ਸਿਉ ਫਾਧੇ । ਬਿਧਿ ਬਿਧਿ ਕਰਿ ਕੈ ਸਭ ਤਨ ਵੀਚਾਰੈ। ਬਿਧਿ ਸਿਉ ਬਾਧੈ ਆਪੁ ਬੀਚਾਰੈ। ਬੰਦ ਬੰਦ ਕੀ ਸਭ ਬਿਧਿ ਜਾਨੀ। ਜਿਨਿ ਇਹ ਬਿਧਿ ਜਾਨੀ ਸੋ ਅਨਭੈ ਗਿਆਨੀ। ਬਿਧਿਨ ਹਾਟ ਕੀ ਬਾਰੀ ਖੋਲੀ। ਅਗਮ ਨਗਰੀ ਬਿਧਿ ਸਿਉ ਟੋਲੀ । ਰੋਮ ਰੋਮ ਕੀ ਸਭ ਬਿਧ ਪਾਈ। ਨਾੜਿ ਨਾੜਿ ਕੀ ਕਥਾ ਸੁਨਾਈ। ਹਾਟ ਹਾਟ ਕਾ ਕੀਆ ਮਥੰਤ। ਤਾਤੇ ਸਤਿਗੁਰ ਦੀਆ ਮੰਤੁ। ਬਿਅੰਤੁ ਦੇਹ ਪ੍ਰਭਿ ਸਹਜਿ ਸਵਾਰੀ। ਨਾਨਕ ਗੁਰ ਕਿਰਪਾ ਤੇ ਸਗਲ ਬੀਚਾਰੀ ॥੭੨॥ ਅਠਸਠਿ ਹਾਟ ਕਾ ਕੀਆ ਨਿਬੇਰਾ। ਕੋ ਬਿਰਲਾ ਖੋਜਿ ਲਹੈ ਜਨੁ ਤੇਰਾ। ਹਾਟ ਹਾਟ ਕੀ ਜੁਗਤਿ ਬਤਾਈ। ਜੈਸੇ ਜਾਇ ਤੈਸੇ ਕਰਮ ਕਮਾਈ। ਇਸ ਮਨ ਤੇ ਆਪਹੁ ਕਛੂ ਨ ਹੋਈ। ਜੈਸੇ ਘਰ ਜਾਇ ਤੈਸਾ ਹੀ ਹੋਈ। ਕਾਂਇਆ ਗੜ ਮਹਿ ਹਾਟ ਬਨਾਏ। ਇਹੁ ਮਨੁ ਉਨ ਕੇ ਬੀਚਿ ਸਮਾਏ। ਇਹੁ ਮਨੁ ਸਭਿ ਘਰ ਭਰਮਤ ਫਿਰੈ। ਗੁਰ ਕਿਰਪਾ ਤੇ ਅਸਥਿਰ ਥਿਰੈ। ਪ੍ਰਾਨ ਪਿੰਡ ਕੀ ਚੀਨੁ ਸੁਨਾਈ। ਨਾਨਕ ਜਿਨਿ ਚੀਨਿਆ ਤਿਨਿ ਸੋਝੀ ਪਾਈ ॥ ੭੩ ॥ ੧ ॥

੧ ਓ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਮਹਲਾ ੧ ॥ ਰੰਗ ਮਾਲਾ ॥ ਜੋਗ ਨਿਧਿ ॥ ਆਗਾਸੀ ਸਰੁ ਭਰਿਆ ਨੀਰ। ਤਾ ਮਹਿ ਕਵਲੁ ਬਹੁਤ ਬਿਸਥੀਰੁ। ਭਉਰਾ ਲੁਭਧਾ ਤਾਕੀ ਗੰਧ। ਨਾਨਕੁ ਬੋਲੈ ਬਿਖਮੀ ਸੰਧ ॥ ੧ ॥ ਬਾਰਹ ਸੋਲਹ ਸਮ ਕਰਿ ਗਹੈ। ਆਸਣੁ ਸਹਜਿ ਨਿਰਾਲਮੁ ਬਹੈ। ਚੇਤੰਨ ਡੋਰੀ ਗੁਡੀ ਲਾਵੈ। ਨਾਨਕ ਕਹੈ ਜੋਗੁ ਇਉ ਪਾਵੈ ॥ ੨ ॥ ਮੇਰੁ ਡੰਡੁ ਸੁਧਾ ਕਰਿ ਰਾਖੈ। ਗੁਰ ਪ੍ਰਸਾਦਿ ਅੰਮ੍ਰਿਤ ਰਸੁ ਚਾਖੈ। ਦੋਨੋ ਸਰਾਇ ਇਕਠੀ ਧਰੈ। ਨਾਨਕ ਬੋਲੈ ਜੀਵਤ ਮਰੈ ॥ ੩ ॥ ਉਲਟੇ ਪਉਣੁ ਪਲਟੇ ਕਾਂਇਆ। ਸਬਦ ਅਨਾਹਦ ਸਬਦੁ ਵਜਾਇਆ। ਧੁਨਿ ਅੰਤਰਿ ਮਨੁ ਰਾਖੈ ਧੀਰੁ। ਨਾਨਕ ਬੋਲੈ ਅਉਲਿ ਫਕੀਰੁ ॥ ੪ ॥ ਬੰਧਿਆ ਅਬੰਧੁ ਉਛਲੈ ਨੀਰੁ। ਵਣ ਤ੍ਰਿਣੁ ਹਰੀਆਵਲੁ ਮਨ ਥੀਰੁ । ਨਾਨਕ ਬੋਲੈ ਬ੍ਰਹਮ ਗਿਆਨਿ। ਕੋਈ ਗਿਆਨੀ ਹੋਇ ਸੁ ਲਏ ਪਛਾਨਿ ॥ ੫॥ ਅਉਘਟ ਘਾਟ ਨਿਰਾਲਮ ਜੋਤਿ।

ਦੀਪਕ ਤੇ ਉਜੀਆਰਾ ਹੋਤਿ। ਖਿਸੈ ਨ ਬਾਤੀ ਘਟੈ ਨ ਤੇਲੁ। ਨਾਨਕ ਬੋਲੈ ਇਹੁ ਪੂਰਾ ਖੇਲੁ ॥ ੬ ॥ ਆਸਣੁ ਧਰਤੀ ਧੁਨਿ ਆਕਾਸ। ਉਰਧਿ ਕਮਲ ਮੁਖਿ ਕੀਆ ਬਿਗਾਸੁ। ਜਿਨਿ ਚਾਖਿਆ ਤਿਸੁ ਆਇਆ ਸੁਆਦੁ। ਨਾਨਕ ਬੋਲੈ ਇਹੁ ਬਿਸਮਾਦੁ ॥ ੭ ॥ ਉਲਟਾ ਬਾਣੁ ਗਗਨ ਕਉ ਲਾਇਆ। ਚੰਚਲੁ ਮਿਰਗੁ ਮਾਰਿ ਘਰਿ ਆਇਆ। ਰੰਗਿ ਮਹਲਿ ਬੈਠਾ ਸਿਕਦਾਰੀ। ਨਾਨਕੁ ਬੋਲੈ ਲਾਗੀ ਤਾਰੀ ॥ ੮ ॥ ਗੁਰ ਕਾ ਸਬਦੁ ਗਹੈ ਹਥਿ ਬਾਨੁ। ਚੰਚਲੁ ਮਿਰਗੁ ਨ ਦੇਈ ਜਾਨ। ਮਿਰਗਾ ਮਿਰਗੀ ਦੋਨੋ ਬੰਧ। ਨਾਨਕੁ ਬੋਲੈ ਬਿਖਮੀ ਸੰਧ॥੯॥ਪਾਤਾਲੀ ਰਸੁ ਗਗਨਿ ਚੜ੍ਹਾਇਆ। ਤਾਂ ਤੇ ਸਹਜਿ ਪਲਟੀ ਕਾਂਇਆ। ਗਗਨਿ ਗਾਂਇ ਦੁਹਿ ਪੀਤਾ ਖੀਰੁ। ਨਾਨਕੁ ਬੋਲੈ ਚੰਚਲੁ ਥੀਰੁ ॥ ੧੦ ॥ ਉਨਮਨਿ ਕਲਾ ਧਰੈ ਨਿਤ ਜੋਤਿ। ਬਿਨੁ ਦੀਪਕ ਉਜੀਆਰਾ ਹੋਤਿ। ਦੇਖੈ ਬਿਗਸੈ ਆਪਨ ਆਪੁ। ਨਾਨਕ ਬੋਲੈ ਇਉ ਮਿਟੈ ਸੰਤਾਪੁ ॥ ੧੧ ॥ ਇਕਤੁ ਘਰਿ ਆਵੈ ਚੰਦੁ ਅਰੁ ਸੂਰੁ। ਪੰਚਾ ਮਰਦੇ ਰਹੈ ਹਜੂਰਿ। ਦੂਜੈ ਅੰਗਿ ਨ ਲਾਏ ਚੀਤਾ। ਨਾਨਕੁ ਬੋਲੈ ਇਹੁ ਗੜੁ ਜੀਤਾ ॥ ੧੨ ॥ ਆਸਾ ਮਨਸਾ ਸਗਲੀ ਪਰਹਰੈ। ਊਚੈ ਘਰਿ ਲੇ ਮਨੂਆ ਧਰੈ। ਨਿਰਮਲ ਜੋਤਿ ਸਰਬ ਕਲਿਆਣ। ਨਾਨਕ ਬੋਲੈ ਇਹੁ ਪਦੁ ਨਿਰਬਾਣੁ॥ ੧੩ ॥ ਲਿਵ ਲਾਗੀ ਮਨੂਆ ਠਹਰਾਇ। ਪਛਮ ਵਾਟ ਨਗਰਿ ਸੁਧਿ ਪਾਇ। ਨਗਰੀ ਬੈਸਿ ਤ੍ਰਿਬੈਣੀ ਨਾਇਆ। ਨਾਨਕ ਬੋਲੈ ਰੁਨੀ ਮਾਇਆ ॥੧੪॥ ਸਬਦੁ ਅਸਰੂਪੁ ਰੂਪ ਬਹੁ ਕੀਏ। ਜਿਨਿ ਸੁਣਿਆ ਤੇ ਜੀਵਤ ਥੀਏ। ਅਹਿਨਿਸਿ ਡੋਰੀ ਊਚੇ ਖੰਡਿ। ਕਹੁ ਨਾਨਕ ਗੂੰਗੇ ਜਿਉ ਖੰਡੁ ॥ ੧੫ ॥ ਕਿਹ ਬਿਧਿ ਚੰਦੁ ਭਵਨਿ ਆਵੈ ਇਹੁ ਭਾਨੁ। ਕਿਹ ਬਿਧ ਮਰਦਹੁ ਮਨ ਕੇ ਮਾਨ। ਕਿਹਿ ਬਿਧਿ ਪਦਮਹਿ ਪਿੰਡੁ ਸਮਾਇ। ਕਹੁ ਨਾਨਕ ਤਬ ਮਨੁ ਪਤੀਆਇ ॥੧੬॥ ਪੂਰਬ ਫਿਰਿ ਪਛਮ ਕਉ ਤਾਨੈ। ਅਜਪਾ ਜਾਪ ਜਪੈ ਮਨੁ ਮਾਨੈ। ਅਨਹਤਿ ਸੁਰਤਿ ਰਹੈ ਲਿਵਲਾਇ। ਕਹੁ ਨਾਨਕ ਤਬ ਪਿੰਡੁ ਸਮਾਇ ॥ ੧੭ ॥ ਜਿਉ ਸੁਗੰਧ ਪੁਹਪ ਮਹਿ ਆਹੀ। ਇਉ ਕਰਿ ਰਾਮੁ ਰਮੈ ਜਗ ਮਾਹੀ। ਜੇ ਕੋ ਠਉਰ ਬਾਸੁ ਕੀ ਪਾਵੈ। ਕਹੁ ਨਾਨਕ ਸਮਝੈ ਸਮਝਾਵੈ॥ ੧੮ ॥ ਦੁਆਦਸਿ ਉਲਟੈ ਪੀਵੈ ਨੀਤਿ। ਗੁਰ ਸਾਖੀ ਸੁਨਿ ਰਾਖੈ ਚੀਤਿ। ਨਿਰਭਉ ਨਗਰਿ ਕਰੇ ਜਾਇ ਬਾਸਾ। ਨਾਨਕ ਮਿਟੀ ਹੈ ਸਗਲ

ਪਿਆਸਾ ॥ ੧੯ ॥ ਮਨੁ ਪਵਨਾ ਦੁਇ ਸਦਾ ਅਜੀਤ । ਇਨ ਕਉ ਜੀਤੇ ਤਉ ਘਰਤੀਤ । ਮਹਰਮ ਮਹਲਿ ਨ ਠਾਕਾ ਪਾਇ । ਨਾਨਕ ਤਾਕਉ ਮਿਲੈ ਕਵਾਇ । ॥ ੨੦ ॥ ਪਿੰਡ ਮਹਿ ਬ੍ਰਹਮੰਡ ਸਮਾਨਾ ਜਿਨਿ ਜਾਨਾ ਤਿਨਿ ਗੁਰਮੁਖਿ ਜਾਨਾ। ਗੁਰ ਕੀ ਸਾਖੀ ਰਾਖੈ ਚੀਤ । ਨਾਨਕ ਗੁਰ ਮਿਲਿ ਸਦਾ ਅਤੀਤ ॥ ੨੧ ॥ ਚੋਰ ਕਰਹਿ ਨਿਤ ਨਗਰੀ ਚੋਰੀ।ਅਹਿਨਿਸਿ ਮੂਸਹਿ ਭੇਦੁ ਨ ਹੋਰੀ । ਗੁਰ ਸਬਦੀ ਫੇਰੈ ਢੰਢੋਰਾ । ਨਾਨਕ ਇਹਿ ਬਿਧਿ ਸਮਝਹਿ ਚੋਰਾ ॥ ੨੨ ॥ ਅਹਿਨਿਸਿ ਝੂਝੈ ਕਬਹੁ ਨ ਭਾਗੈ । ਨਉ ਘਰਿ ਤਾਲਾ ਦਸਵੈ ਜਾਗੈ । ਕਾਂਲ ਬਸੇਰਾ ਹੋਇ ਉਦਾਸੁ । ਨਾਨਕ ਪਾਵੈ ਤਉ ਘਰ ਵਾਸੁ ॥ ੨੩ ॥ ਨਿਰਮਲ ਨੀਰੁ ਅਡੋਲੁ ਅਥਾਹੁ । ਗੁਰ ਪੂਰੇ ਮਿਲਿ ਪਾਇਆ ਰਾਹੁ । ਇਹ ਸਰਨਾਇ ਨਿਰਮਲ ਜਨੁ ਹੋਇ । ਨਾਨਕ ਮੈਲੁ ਉਤਾਰੈ ਧੋਇ ॥ ੨੪ ॥

ਪਾਨੀ ਪਵਨੁ ਅਗਨਿ ਘਰੁ ਪਾਵੈ। ਇਨ ਕਉ ਸਾਧੈ ਤਬ ਸਾਧੁ ਕਹਾਵੈ। ਇਨ ਕਉ ਸਾਧਿ ਕਰੈ ਮਨੁ ਰਾਸਿ । ਨਾਨਕ ਊਚੇ ਘਰਿ ਤਾਕਾ ਘਰ ਵਾਸੁ॥੨੫॥ ਅਵਧੂਤਾ ਕੇ ਸੁਣਿ ਲੈ ਲਖਣ । ਖਿੰਥਾ ਝੋਲੀ ਪੰਚ ਬਿਚਖਣ । ਗੁਰ ਸੀਤੀ ਆਪੇ ਘਹਿਰਾਈ । ਨਾਨਕ ਰਾਖੈ ਸੋ ਗੁਰਹਾਈ ॥ ੨੬ ॥ ਬਿਸਟਿ ਨ ਦੇਹੁ ਅਰੁ ਮੁਸਟਿ ਨ ਆਵੈ । ਰਹੀਐ ਸੰਗਿ ਮਰੀਐ ਨਿਤਿ ਹਾਵੈ । ਜੇ ਗੁਰੁ ਮਿਲੈ ਤਾ ਅਲਖੁ ਲਖਾਵੈ । ਨਾਨਕ ਫਿਰਿ ਕੈ ਚੋਟ ਨ ਖਾਵੈ ॥ ੨੭ ॥ ਸੋਹੰ ਹੰਸਾ ਜਾਕਾ ਜਾਪੁ । ਇਹੁ ਜਪੁ ਜਪੇ ਹੋਵੈ ਪਰਤਾਪੁ । ਅੰਭਿ ਨ ਡੂਬੈ ਅਗਨਿ ਨ ਜਰੈ । ਨਾਨਕ ਤਿਹ ਘਰਿ ਵਾਸਾ ਕਰੈ ॥ ੨੮ ॥ ਨਿਰਭਉ ਮਿਲੈ ਸਗਲਾ ਭਉ ਜਾਇ । ਉਲਟਾ ਮਨੁ ਮਨਸਾ ਕਉ ਖਾਇ । ਧਰਤੀ ਉਲਟਿ ਚੜੀ ਅਸਮਾਨਿ । ਨਾਨਕ ਗੁਰ ਮਿਲਿ ਸਭੁ ਸਚੁ ਜਾਨਿ ॥੨੯॥ ਕੁੰਚਰਾ ਚੀਟੀ ਕੈ ਪਗਿ ਬਾਂਧਾ । ਗਹਿਰ ਗੰਭਰਿ ਉਲਟਿ ਸਰੁ ਸਾਧਾ। ਮੂਸੈ ਮਿਜਾਰੀ ਮਤਿ ਬਸਿ ਕੀਨੀ।ਨਾਨਕ ਗੁਰ ਮਿਲਿ ਉਲਟੀ ਚੀਨੀ ॥ ੩੦ ॥ ਗੁਰ ਕਾ ਸਬਦੁ ਜਾਕੈ ਮਨਿ ਬਸਿਆ। ਰੋਮਿ ਰੋਮਿ ਅੰਮ੍ਰਿਤ ਰਸੁ ਰਸਿਆ । ਅਹਿਨਿਸਿ ਕਬਹੂ ਨ ਖੂਲੈ ਤਾਰੀ । ਨਾਨਕ ਮਾਤਾ ਸਦਾ ਖੁਮਾਰੀ ॥ ੩੧ ॥ ਅਹਿਨਿਸਿ ਸਬਦਿ ਅਨਾਹਦਿ ਰਾਤਾ । ਰਸੀਐ ਰਸੁ ਪੀਆ ਰਸੁ ਮਾਤਾ । ਊਚੈ ਖੰਡਿ ਰਹੈ ਲਿਵ ਲਾਗੀ । ਨਾਨਕ ਕਹੀਐ ਸੋ ਬੈਰਾਗੀ ॥ ੩੪ ॥

ਚਹੁ ਕਾ ਸੰਗ ਚਹੁ ਕਾ ਮੀਤੁ ਜਾਮੇ ਚਾਰਹਿ ਢਾਵੈ ਨੀਤੁ ਨਾ ਮਲੁ ਲਗੈ ਨ ਹੋਇ ਪੁਰਾਣੇ। ਨਾਨਕ ਦਰਗਹ ਪੈਨਿ ਸਿਧਾਣੇ ॥ ੩੩ ॥ ਮੂਲੁ ਚਾਪਿ ਰਾਖੇ ਬੈਰਾਗੀ। ਗਗਨ ਸੁਨਿ ਅਨਹਦਿ ਲਿਵ ਲਾਗੀ। ਪੰਚਾ ਬਾਮਿ ਕਰੈ ਅਸਵਾਰੀ । ਨਾਨਕ ਸਹਜੇ ਮਿਲੈ ਮੁਰਾਰੀ ॥ ੩੪ ॥ ਗਰਜਿ ਗਰਜਿ ਬਰਸੈ ਨਿਤਿ ਗਗਨਾ। ਪਛਮਿ ਪਵਨ ਉਲਟਿ ਮਨੁ ਮਰਨਾ। ਸੁੰਨਿ ਸਰੋਵਰ ਸੁਰਤ ਸਮਾਨੀ। ਨਾਨਕ ਚੂਕੀ ਆਵਨ ਜਾਨੀ ॥ ੩੫ ॥ ਸੂਖਮ ਮਹਿ ਅਸਥੂਲ ਸਮਾਨਾ। ਪਿੰਡੁ ਛੋਡਿ ਪਦ ਕਉ ਨਿਰਬਾਨਾ। ਅਰਧ ਉਰਧ ਦੋਊ ਸਮ ਕਰਿ ਰਾਖੈ । ਨਾਨਕ ਖੰਡੁ ਖਾਇ ਗੁੰਗਾ ਕਿਆ ਭਾਖੈ ॥ ੩੬ ॥ ਜੋਗ ਜੁਗਤਿ ਚੀਨਹੁ ਅਉਧੂਤਾ । ਦੂੰਦਰ ਬਾਂਧਹੁ ਗੁਰ ਕੈ ਸੂਤਾ। ਨਾਗਨਿ ਨਿਰਬਿਸ ਕਿਉ ਕਰਿ ਹੋਵੈ। ਨਾਨਕ ਮਨੁ ਗੁਰਿ ਸਬਦਿ ਪਰੋਵੈ ॥ ੩੭ ॥ ਸੋਹੰ ਹੰਸਾ ਜਪੁ ਬਿਨ ਮਾਲਾ। ਤਹ ਰਚਿਆ ਜਹ ਕੇਵਲ ਬਾਲਾ। ਗੁਰ ਮਿਲਿ ਨੀਰਹਿ ਨੀਰੁ ਸਮਾਨਾ । ਤਬ ਨਾਨਕ ਮਨੂਆ ਗਗਨਿ ਸਮਾਨਾ ॥੩੮॥ਕਿਉ ਕਰਿ ਉਰਧ ਕਵਲ ਮੁਖ ਖੋਲੈ। ਕਿਉ ਕਰਿ ਬਿਨੁ ਜਿਹਵਾ ਗੁਨ ਬੋਲੈ । ਕਿਉ ਕਰਿ ਸਬਦੈ ਸਬਦੁ ਸਮਾਵੈ । ਨਾਨਕ ਜਾਣੈ ਜਾਇ ਬੁਝਾਵੈ ॥ ੩੯ ॥

ਲਿਵ ਲਾਗੀ ਤਬ ਕਉਲੁ ਮੁਖ ਖੋਲੈ । ਗੁਰਮੁਖੁ ਬਿਨੁ ਜਿਹਬਾ ਗੁਨ ਬੋਲੈ। ਉਲਟਿ ਮਨੁ ਜਬ ਸੁੰਨਿ ਸਮਾਵੈ।ਨਾਨਕ ਸਬਦੈ ਸਬਦਿ ਮਿਲਾਵੈ॥੪੦॥ ਕਿਉ ਕਰਿ ਮਨੁ ਚੰਚਲ ਠਹਰਾਵੈ।ਕਿਉ ਕਰਿ ਭਉਰ ਬਾਸਨਾ ਪਾਵੈ। ਕਿਉ ਕਰਿ ਭੋਜਨ ਬਿਨਾ ਅਘਾਨਾ। ਨਾਨਕ ਨੀਚ ਕਹੈ ਦੇਵਾਨਾ ॥ ੪੧ ॥ ਸਗਲ ਖੰਡ ਕਾਂਇਆ ਮਹਿ ਜਾਨਹੁ। ਉਲਟਿ ਮਾਰਗ ਪ੍ਰਥਮ ਕਉ ਤਾਨਹੁ। ਨਖ ਸਿਖ ਫਿਰਿ ਸੋਧੈ ਸਭ ਥਾਨ। ਨਾਨਕ ਪਾਇਆ ਗੁਰਮੁਖਿ ਦਾਨੁ ॥ ੪੨ ॥ ਬਿਨ ਪਵਨੈ ਮਜਨ ਕਿਉ ਹੋਵੈ। ਬਿਨੁ ਪਾਨੀ ਕੈਸੇ ਮਲੁ ਧੋਵੈ। ਬਿਨੁ ਅਗਨੀ ਕਿਉ ਪਚੈ ਅਹਾਰਾ। ਨਾਨਕ ਪੂਛੈ ਇਹੁ ਕਰਹੁ ਬੀਚਾਰਾ ॥੪੩॥ ਬਿਨ ਬੂਝੈ ਕੈਸੇ ਕੋ ਭਾਖੈ। ਕਿਉ ਕਰਿ ਮਨੂਆ ਤਨ ਮਹਿ ਰਾਖੈ। ਕਿਉ ਕਰਿ ਨੀਰੁ ਚੜੈ ਫਿਰਿ ਊਚਾ। ਨਾਨਕ ਜਾਣੈ ਜੋ ਹੋਇ ਪਹੂਚਾ ॥ ੪੪ ॥ ਕਿਉ ਕਰਿ ਮਨਸਾ ਮਨੁ ਛਾਡਿ ਜਾਇ। ਕਿਉ ਕਰਿ ਮਨ ਕਉ ਮਨੁ ਫਿਰਿ ਖਾਇ। ਕਿਉ ਕਰਿ ਨਿਰਬਿਸੁ ਹੋਇ ਭੁਅੰਗਾ।

ਨਾਨਕ ਕਿਉ ਕਰਿ ਮਿਟਹਿ ਤਰੰਗਾ ॥ ੪੫॥ ਊਚੇ ਖੰਡ ਕੀ ਊਚੀ ਬਾਤ। ਜੋ ਜਾਨੈ ਸੋਈ ਨਿਗਰਾਤ। ਸਰਬਾ ਮਨੀਆ ਏਕੋ ਸੂਤੁ। ਨਾਨਕ ਚੀਨੈ ਸੋ ਅਵਧੂਤੁ ॥੪੬॥ ਗਿਆਨ ਪਦਾਰਥੁ ਜਿਹ ਕਰਿ ਆਇਆ। ਤਾਕਉ ਫਿਰਿ ਲਾਗੈ ਨਹੀ ਮਾਇਆ। ਜਿਉ ਕਰਿ ਕਉਲੁ ਰਹੈ ਜਲ ਮਾਹੀ। ਨਾਨਕ ਐਸੇ ਸਹਜਿ ਸਮਾਹੀ ॥ ੪੭ ॥ ਜਿਉ ਕਰਿ ਸੂਰਜੁ ਤਪੈ ਅਕਾਸਿ। ਜੋ ਦੇਖੈ ਤਾਹੂ ਕੇ ਪਾਸਿ। ਸਰਬ ਨਿਰੰਤਰਿ ਇਉ ਕਰਿ ਜਾਨਹੁ। ਨਾਨਕ ਸਬਦੈ ਸਬਦੁ ਪਛਾਨਹੁ ॥੪੮॥ ਨਾਨਾ ਬਿਧਿ ਭੋਜਨ ਬਿਸਥਾਰਾ। ਸਰਬ ਭੀਤਰਿ ਏਕੋ ਪਸਾਰਾ। ਗਿਆਨ ਅੰਜਨ ਜਿਹ ਨੇਤ੍ਰੀ ਆਵੈ। ਨਾਨਕ ਫਿਰਿ ਕੈ ਚੋਟ ਨ ਖਾਵੈ ॥ ੪੯ ॥ ਗੁਰ ਸੂਤੀ ਤਾਨਾ ਅਰ ਬਾਨਾ। ਗੁਰ ਸੂਤੀ ਮਨੁ ਸੁੰਨਿ ਸਮਾਨਾ। ਗੁਰ ਸੂਤੀ ਚੜਿ ਰਹੈ ਅਕਾਸਿ।ਨਾਨਕ ਇਉ ਕਰਿ ਕਉਲੁ ਬਿਗਾਸੁ ॥ ੫੦ ॥ ਅਨਹਦ ਤਾਰੀ ਬਾਜੀ ਮਨੁ ਮਾਨਿਆ। ਸਰਬੀ ਭੀਤਰਿ ਏਕੁ ਪਛਾਨਿਆ। ਤਬ ਚੂਕੀ ਦੁੰਦਿ ਭਇਆ ਨਿਰਦੁੰਦ। ਨਾਨਕ ਰਾਤਾ ਭਉਰੁ ਸੁਗੰਧ ॥ ੫੧ ॥ ਸੁੰਨਿ ਸਬਦਿ ਧੁਨਿ ਰੁਣ ਝੁਣਕਾਰਾ। ਵਸੈ ਕਹਾ ਕਿਆ ਕਰੈ ਅਹਾਰਾ। ਕਉਨੁ ਰੂਪੁ ਧਰਿ ਕੀਆ ਪਸਾਰਾ। ਨਾਨਕੁ ਪੂਛੈ ਇਹੁ ਕਰਹੁ ਬੀਚਾਰਾ ॥ ੫੨ ॥ ਪਉਨੁ ਅਜਾਤਿ ਰੰਗ ਤੇ ਰਹਤਾ। ਘਟਿ ਘਟਿ ਸਹਜਿ ਨਿਰਾਲਮੁ ਬਹਤਾ। ਸਗਲ ਖੰਡ ਮਹਿ ਕੀਆ ਪਸਾਰਾ। ਨਾਨਕ ਬੂਝੈ ਕੋ ਬੂਝਣ ਹਾਰਾ ॥ ੫੩ ॥ ਅਗਨਿ ਕੁੰਡ ਜਲੈ ਲਾਗੈ ਘਟਿ ਬੰਧੁ। ਬਿਨੁ ਅਗਨੀ ਕਾਂਇਆ ਨਿਰਬੰਧੁ। ਬਿਨੁ ਅਗਨੀ ਬਿਆਪੈ ਬਹੁ ਰੋਗੁ। ਨਾਨਕ ਗਿਆਨੁ ਸੰਪੂਰਨੁ ਜੋਗੁ ॥ ੫੪ ॥ ਕਿਉ ਕਰਿ ਕਲਾ ਘਟੈ ਅਰੁ ਬਾਢੈ। ਆਪਸ ਤੇ ਕਿਉ ਆਪਾ ਕਾਢੈ। ਕਿਉ ਕਰਿ ਥਾਮੈ ਨੀਰੁ ਬਹੰਤਾ। ਨਾਨਕ ਗੁਰ ਮਿਲੀਐ ਭਗਵੰਤਾ ॥ ੫੫ ॥ ਕਲਾ ਪਛਾਨਿ ਕਲਾ ਨਿਤ ਬਾਢੈ। ਮੇਟੈ ਤ੍ਰੈ ਗੁਣ ਆਪਾ ਕਾਢੈ। ਮੂਲੁ ਬੰਧੁ ਥਾਮੈ ਨੀਰੁ ਬਹੰਤਾ। ਨਾਨਕ ਗੁਰ ਮਿਲੀਐ ਭਗਵੰਤਾ ॥ ੫੬ ॥ ਕਉਨ ਸਬਦ ਤੇ ਰਹੈ ਅਡੋਲੁ। ਕਉਨ ਸਬਦ ਤੇ ਪੂਰਾ ਬੋਲੁ। ਕਉਨ ਸਬਦੁ ਤੇ ਤਿਆਗੈ ਆਸਾ। ਸਬਦੈ ਨਾਨਕ ਕਉਲੁ ਬਿਗਾਸਾ ॥ ੫੭ ॥ ਸਤਿ ਦਸ ਤੇ ਰਹੈ ਅਡੋਲੁ। ਸਬਦਿ ਕੈ ਪਰਚੈ ਪੂਰਾ ਬੋਲੁ। ਗੁਰ ਕਾ ਸਬਦੁ ਲੈ ਤਿਆਗੈ ਆਸਾ। ਨਾਨਕ ਕਉ ਅਰੰਭ ਕਉਲ ਬਿਗਾਸਾ ॥੫੮॥ ਸਬਦੁ ਤਤੁ ਬੀਰਜੁ ਸੰਸਾਰੁ। ਸਬਦੁ ਨਿਰਾਲਮੁ ਅਪਰ

ਅਪਾਰੁ। ਸਬਦੁ ਵੀਚਾਰਿ ਤਰੇ ਬਹੁ ਭੇਖਾ। ਨਾਨਕ ਭੇਦੁ ਨ ਸਬਦ ਅਲੇਖਾ॥
ਪ੯॥ ਸਬਦੁ ਅਦ੍ਰਿਸਟੁ ਮੁਸਟਿ ਨਹੀ ਆਵੈ। ਤਾਕਉ ਜਗੁ ਸਗਲਾ ਭਰਮਾਵੈ
ਦ੍ਰਿਸਟਿ ਮੁਸਟਿ ਤੇ ਰਹੈ ਨਿਰਾਰਾ। ਨਾਨਕ ਵਿਰਲਾ ਕੋ ਖੋਜਣ ਹਾਰਾ॥ ੬੦॥
ਸਬਦੈ ਸੁਰਤਿ ਭਇਆ ਪਰਗਾਸਾ। ਸਭ ਕੋ ਕਰੈ ਸਬਦੁ ਕੀ ਆਸਾ। ਪੰਖੀ ਪੰਖੀ
ਸਿਉ ਨਿਤ ਰਾਤਾ। ਨਾਨਕ ਸਬਦੈ ਸਬਦੁ ਪਛਾਤਾ॥੬੧॥ ਗੁਰਮੁਖਿ ਸਬਦੁ
ਹੋਇਆ ਬਖਸੀਸ। ਗੁਰਮਤਿ ਪਾਵਹਿ ਤੇ ਜਗਦੀਸ।ਬਿਨੁ ਸਬਦੈ ਕਿਉ ਉਤਰਸੁ
ਪਾਰਾ। ਨਾਨਕ ਸਬਦ ਲੰਘਾਵਨ ਹਾਰਾ॥ ੬੨॥ ਹਾਟ ਬਾਟ ਸਬਦ ਕਾ ਖੇਲੁ
ਬਿਨ ਸਬਦੈ ਕਿਉ ਹੋਵੈ ਮੇਲੁ। ਸਾਗੀ ਸ੍ਰਿਸਟਿ ਸਬਦ ਕੈ ਪਾਛੈ। ਨਾਨਕ ਸਬਦੁ
ਘਟੈ ਘਟਿ ਆਛੈ॥ ੬੩॥ ਸਬਦੈ ਧਰਤੀ ਸਬਦੈ ਅਕਾਸੁ। ਸਬਦੈ ਸਬਦੁ ਹੋਆ
ਪਰਗਾਸੁ। ਸਬਦੁ ਕਮਾਵਹਿ ਤੇ ਵਡਭਾਗੀ। ਨਾਨਕ ਸਬਦਿ ਸਦਾ ਬੈਰਾਗੀ
੬੪॥ ਸਬਦੁ ਅਤੀਤ ਸਬਦੁ ਘਰ ਬਾਰੀ। ਸਬਦੁ ਬੀਚਾਰੀ ਤਰੇ ਸੈਸਾਰੀ। ਬਿਨ
ਸਬਦੈ ਮਾਰਗ ਨਹੀ ਪਾਵੈ। ਨਾਨਕ ਸਬਦਿ ਬਿਨਾ ਕੈਸੇ ਠਹਰਾਵੈ॥ ੬੫
ਜਹ ਦੇਖਉ ਤਹ ਸਬਦਿ ਨਿਵਾਸਾ। ਸਬਦੁ ਵੀਚਾਰਿ ਖੰਡਤ ਸਭ ਆਸਾ।ਸਬਦਿ
ਰਤਾ ਸੋ ਸਬਦ ਕੀ ਜਾਤਿ। ਨਾਨਕ ਬਿਨੁ ਸਬਦੈ ਕਿਉ ਮਿਟੈ ਭਰਾਤਿ॥ ੬੬
ਬਿਨੁ ਸਬਦੈ ਨਹੀ ਸੁਖੁ ਕਾਇਆ। ਬਿਨੁ ਸਬਦੈ ਨਹੀ ਛੂਟੈ ਮਾਇਆ। ਬਿਨੁ
ਸਬਦੈ ਕਿਉ ਹੋਇ ਉਧਾਰੁ। ਨਾਨਕ ਸਬਦ ਬਿਨਾ ਨਾਹੀ ਮੋਖ ਦੁਆਰੁ॥੬੭
ਸਬਦੁ ਰਹੈ ਸਗਲ ਜਗ ਮਾਹੀ। ਜਗੁ ਬਿਨਸੈ ਤੇ ਕਹਾ ਸਿਧਾਹੀ। ਭਿੰਨ ਭਿੰ
ਇਹੁ ਕਰਹੁ ਬੀਚਾਰਾ। ਨਾਨਕ ਊਚਾ ਖੇਲ ਅਪਾਰਾ॥ ੬੮॥ ਜੋ ਦੇਖਉ ਸੋ
ਸਗਲ ਬਿਨਾਸੁ। ਸਬਦੁ ਅਮਰੁ ਹੋਰੁ ਸਗਲੇ ਨਾਸੁ। ਜਗੁ ਬਿਨਸੇ ਸਬਦੁ ਰਹੈ
ਨਿਆਰਾ। ਨਾਨਕ ਆਇਆ ਫਿਰਿ ਤਹੀ ਸਿਧਾਰਾ॥ ੬੯॥ ਚਾਰਿ ਬਰਨ
ਸਬਦ ਤੇ ਹੂਏ। ਜਿਨਿ ਚੀਨਿਆ ਤੇ ਜੀਵਤ ਮੂਏ। ਸਬਦ ਕੇ ਵਰਨ ਲਖੈ
ਕੋਈ। ਨਾਨਕ ਤਾਕੋ ਸਭ ਸੁਧਿ ਹੋਈ॥ ੭੦॥ ਸਬਦੈ ਸਬਦਿ ਹੋਆ ਆਕਾਸੁ
ਸਬਦੈ ਸਬਦ ਕਲਾ ਪਰਗਾਸੁ। ਉਲਟਾ ਸਬਦੁ ਗਗਨਿ ਘਰਿ ਛਾਇਆ।ਨਾਨਕ
ਸਬਦੈ ਸਬਦੁ ਸਮਾਇਆ॥ ੭੧॥ ਸਬਦੁ ਨਿਰਾਲਮੁ ਜੋਤਿ ਸਰੂਪੁ। ਆਦਿ
ਸਬਦੁ ਅੰਤਿ ਬਿਭੂਤੁ।ਸੋਈ ਸਬਦੁ ਵਸੈ ਸਭ ਮਾਹੀ। ਨਾਨਕ ਚੀਨਹਿ ਤੇ ਦੂਰ ਨ

ਜਾਹੀ ॥ ੭੨ ॥ ਸਬਦਿ ਕੀ ਜੋਤਿ ਪਛਾਨੈ ਕੋਈ । ਤਾਕਉ ਮਿਲਤੇ ਬਿਲਮ ਨ ਹੋਈ । ਸਬਦੈ ਸਬਦਿ ਮਿਲਾਵਾ ਹੂਆ । ਸਬਦੁ ਪਛਾਨਿ ਨਾਨਕ ਜਨੁ ਮੂਆ ॥ ੭੩ ॥ ਬਿਨੁ ਸਬਦੇ ਨਾਹੀ ਪਾਰਗਿਰਾਮੀ । ਬਿਨੁ ਸਬਦੈ ਨਾਹੀ ਅੰਤਰਜਾਮੀ । ਬਿਨੁ ਸਬਦੇ ਨਾਹੀ ਪਤ ਪਰਤੀਤਿ । ਨਾਨਕ ਸਬਦ ਕੀ ਊਚੀ ਰੀਤਿ ॥ ੭੪ ॥ ਗੁਰ ਕੈ ਸਬਦਿ ਭੇਟੈ ਭਗਵਾਨੁ । ਗੁਰ ਕੈ ਸਬਦਿ ਸਿਧਿ ਕਾਰਜ ਜਾਨੁ । ਗੁਰ ਕੈ ਸਬਦਿ ਮਾਰਿਗ ਸੁਖੁ ਪਾਵੈ । ਨਾਨਕ ਗੁਰ ਸਬਦੀ ਵਿਰਲਾ ਮਨੁ ਲਾਵੈ ॥੭੫॥ ਗੁਰ ਕੈ ਸਬਦਿ ਅਜਰੁ ਸਭੁ ਜਰੈ । ਗੁਰ ਕੈ ਸਬਦਿ ਜੀਵਤ ਹੀ ਮਰੈ । ਗੁਰ ਕੈ ਸਬਦਿ ਦੁਤਰੁ ਸੁਖਿ ਤਰੈ । ਨਾਨਕ ਜੋ ਸਬਦੁ ਗੁਰੂ ਕਾ ਮਨ ਮਹਿ ਧਰੈ ॥ ੭੬ ॥ ਸਬਦਿ ਗੁਰੂ ਕੈ ਨਉ ਨਿਧ ਦਰਿ ਚੇਰੀ । ਸਬਦਿ ਗੁਰੂ ਕੈ ਭਉਜਲਿ ਨਹੀ ਫੇਰੀ । ਸਬਦਿ ਗੁਰੂ ਕੈ ਬਿਨੁ ਲੋਚਨ ਸੂਝੈ । ਸਬਦਿ ਗੁਰੂ ਕੈ ਅਗਿਆਨੀ ਬੂਝੈ ॥੭੭॥ ਸਬਦਿ ਗੁਰੂ ਕੈ ਦਰਗਹ ਪਰਵਾਨੁ।ਸਬਦਿ ਗੁਰੂ ਕੈ ਲਾਗੈ ਧਿਆਨੁ।ਸਬਦਿ ਗੁਰੂ ਕੈ ਪੰਚਿ ਵਸਿ ਕੀਏ । ਨਾਨਕ ਸਬਦਿ ਗੁਰੂ ਕੈ ਜੀਵਤ ਹੀ ਮੂਏ ॥੭੮॥ ਸਬਦਿ ਗੁਰੂ ਕੈ ਸਗਲੀ ਬਿਖੁ ਤਿਆਗੈ । ਸਬਦਿ ਗੁਰੂ ਕੈ ਦੁਰਮਤਿ ਭਾਗੈ । ਸਬਦਿ ਗੁਰੂ ਕੈ ਮਨੁ ਠਹਰਾਇ। ਨਾਨਕ ਸਬਦਿ ਗੁਰੂ ਕੈ ਸੋਝੀ ਪਾਇ ॥੭੯॥ ਸਬਦਿ ਗੁਰੂ ਕੈ ਅਗਮੁ ਕਰਿ ਜਾਨੈ । ਸਬਦਿ ਗੁਰੂ ਕੈ ਉਲਟੀ ਤਾਨੈ ॥ ਸਬਦਿ ਗੁਰੂ ਕੈ ਜਨਮੁ ਸਵਾਰੈ । ਨਾਨਕ ਸਬਦਿ ਗੁਰੂ ਕੈ ਮੂਲੁ ਨ ਹਾਰੈ ॥੮੦॥ ਸਬਦਿ ਗੁਰੂ ਕੈ ਸਦਾ ਸੁਖੁ ਹੋਵੈ । ਸਬਦਿ ਗੁਰੂ ਕੈ ਜਨਮੁ ਨ ਖੋਵੈ । ਸਬਦਿ ਗੁਰੂ ਕੈ ਆਪੁ ਪਛਾਨੈ । ਨਾਨਕ ਸਬਦਿ ਮਿਲੈ ਤਾਹੂ ਮਨੁ ਮਾਨੈ ॥੮੧॥ ਸਬਦਿ ਗੁਰੂ ਕੈ ਮਨੁ ਨਿਰਮਲ ਕਰਿ ਮੀਤਾ । ਸਬਦਿ ਗੁਰੂ ਕੈ ਅਜਰੁ ਜਰਿ ਲੀਤਾ । ਸਬਦਿ ਗੁਰੂ ਕੈ ਚਾਲੀ ਠਹਰਾਨੀ । ਨਾਨਕ ਢੁਲਿ ਮਿਲਿਆ ਪਾਨੀ ਕਉ ਪਾਨੀ ॥੮੨॥ ਸਬਦਿ ਗੁਰੂ ਕੈ ਸੁਨਤੇ ਸੁਖੁ ਪਾਇਆ । ਸਬਦਿ ਗੁਰੂ ਕੈ ਜਨਮੁ ਵਟਾਇਆ । ਸਬਦਿ ਗੁਰੂ ਕੈ ਹੋਇਆ ਉਜੀਆਲਾ । ਨਾਨਕ ਸਬਦੁ ਗੁਰੂ ਕਾ ਨਿਤ ਰਖਵਾਲਾ ॥ ੮੩ ॥ ਸਬਦਿ ਗੁਰੂ ਕੈ ਮੋਖ ਦੁਆਰੁ ਮੁਕਤੀ । ਸਬਦਿ ਗੁਰੂ ਕੈ ਜੋਗ ਅਰੁ ਜੁਗਤੀ । ਸਬਦਿ ਗੁਰੂ ਕੈ ਚੂਕੀ ਆਵਨ ਜਾਨੀ । ਨਾਨਕ ਸਬਦਿ ਰਤੇ ਤਰੇ ਪਰਾਨੀ॥੮੪॥ ਸਬਦਿ ਗੁਰੂ ਕੈ ਬਸਤੇ ਚਾਰਿ ਕਾਰਜ । ਸਬਦਿ ਗੁਰੂ ਕੈ ਪੂਰਨ ਕਾਜ। ਸਬਦਿ

ਗੁਰੂ ਕੈ ਇੰਦ੍ਰਾਦਕ ਨਿਤ ਦੁਆਰੇ। ਸਬਦਿ ਗੁਰੂ ਕੈ ਤਰੈ ਅਰੁ ਤਾਰੈ ॥ ੮੫
ਸਬਦਿ ਗੁਰੂ ਕੈ ਛੁਟਹਿ ਬਿਕਾਰਾ। ਸਬਦਿ ਗੁਰੂ ਕੈ ਜਗਿ ਨਿਸਤਾਰਾ । ਸਬਦਿ
ਗੁਰੂ ਕੈ ਅੰਮ੍ਰਿਤ ਮੁਖਿ ਬਾਨੀ। ਨਾਨਕ ਸਬਦਿ ਗੁਰੂ ਮਤਿ ਠਹਰਾਨੀ॥ ੮੬
ਸਬਦਿ ਗੁਰੂ ਕੈ ਤੀਨ ਤੇ ਰਹਤਾ। ਸਬਦਿ ਗੁਰੂ ਕੈ ਅਚਲੁ ਭਇਆ ਬਹਤਾ
ਸਬਦਿ ਗੁਰੂ ਕੈ ਵਰਨੁ ਵਟਾਇਆ। ਨਾਨਕ ਸਬਦਿ ਗੁਰੂ ਕੈ ਦਾਸੰ ਮਾਇਆ
॥ ੮੭॥ ਸਬਦਿ ਗੁਰੂ ਕੈ ਕਿਰਪਾਲ ਭਗਵਾਨੁ। ਸਬਦਿ ਗੁਰੂ ਕੈ ਪਦੁ ਨਿ
ਬਾਨੁ। ਸਬਦਿ ਗੁਰੂ ਕੈ ਸਿੰਘੁ ਅਰੁ ਸਿਆਲਾ। ਨਾਨਕ ਮਿਲੇ ਅੰਕਿ ਦਿਆਲਾ
॥੮੮॥ ਸਬਦਿ ਗੁਰੂ ਕੈ ਮਜਨੁ ਸਦਾ ਤ੍ਰਿਬੇਣੀ। ਸਬਦਿ ਗੁਰੂ ਕੈ ਸੁਖਮਨਿ ਸੁ
ਦੇਣੀ। ਸਬਦਿ ਗੁਰੂ ਕੈ ਦੂਰਿ ਧਿਆਨੀ॥ ਨਾਨਕ ਸਬਦਿ ਗੁਰੂ ਕੈ ਅਠਸਠਿ ਕ
ਇਸਨਾਨੀ॥ ੮੯॥ ਸਬਦਿ ਗੁਰੂ ਕੈ ਵੈਰੀ ਸਭਿ ਮੀਤਾ। ਸਬਦਿ ਗੁਰੂ ਕੈ ਇ
ਮਨੁ ਜੀਤਾ। ਸਬਦਿ ਗੁਰੂ ਕੈ ਦੂਰਿ ਨ ਜਾਣਿ । ਨਾਨਕ ਸਬਦਿ ਗੁਰੂ ਕੈ ਪਿ
ਪਿੰਡੁ ਸਮਾਣਿ॥੯੦॥ਸਬਦਿ ਗੁਰੂ ਕੈ ਜਨਮੁ ਸਵਾਰਿਆ।ਸਬਦਿ ਗੁਰੂ ਕੈ ਜਨ
ਮਰਣ ਨਿਵਾਰਿਆ।ਸਬਦਿ ਗੁਰੂਕੈ ਆਈ ਪ੍ਰਤੀਤਿ।ਨਾਨਕ ਸਬਦਿ ਗੁਰੂ ਕੈ ਸ
ਅਤੀਤੁ॥੯੧॥ਸਬਦਿ ਗੁਰੂਕੈ ਨੀਰ ਮਹਿ ਅਗਨਿ ਜਲਾਈ।ਸਬਦਿ ਗੁਰੂਕੈ ਕਾ
ਫਾਹੀ।ਸਬਦਿ ਗੁਰੂ ਕਾ ਨਿਰਮਲੁ ਮਲੁ ਧੋਵੈ।ਨਾਨਕ ਸਬਦਹੁ ਘੁਥਾ ਰੋਵੈ॥੯੨
ਸਬਦਿ ਗੁਰੂ ਕੈ ਗੈਰ ਮਹਲੀ। ਸਬਦਿ ਗੁਰੂ ਕੈ ਸੁਣੀਐ ਟਹਲੀ।ਸਬਦਿ ਗੁਰੂ
ਦਰਸਨੁ ਭਗਵਾਨਾ।ਸਬਦਿ ਗੁਰੂ ਕੈ ਨਾਨਕ ਪਰਧਾਨਾ ॥੯੩॥ ਸਬਦਿ ਗੁਰੂ
ਮਾਨਸ ਹੋਇ ਦੇਵਾ।ਸਬਦਿ ਗੁਰੂਕੈ ਜਗੁ ਕਰੈ ਸੇਵਾ।ਸਬਦਿ ਗੁਰੂ ਕੈ ਸਗਲ ਮ
ਜਾਤਾ। ਨਾਨਕ ਸਬਦਿ ਗੁਰੂ ਕੈ ਅੰਤਰਿ ਗਤਿ ਮਾਤਾ ॥ ੯੪ ॥ ਸਬਦਿ ਗੁਰੂ
ਅਦ੍ਰਿਸਟਿ ਦ੍ਰਿਸਟਾਨੀ। ਸਬਦਿ ਗੁਰੂ ਕੈ ਚੂਕੀ ਆਵਨ ਜਾਨੀ। ਸਬਦਿ ਗੁਰੂ
ਚਉਥੈ ਘਰਿ ਵਾਸਾ। ਸਬਦਿ ਗੁਰੂ ਕੈ ਨਾਨਕ ਪ੍ਰਗਾਸਾ ॥੯੫॥ ਸਬਦਿ ਗੁਰੂ
ਛੁਟਹਿ ਅਪ੍ਰਾਧਕ।ਸਬਦਿ ਗੁਰੂ ਕੈ ਛੂਟੈ ਬਾਧਕ।ਸਬਦਿ ਗੁਰੂ ਕੈ ਸਗਲ ਕਾ ਹੇਤੀ
ਨਾਨਕ ਸਬਦਿ ਗੁਰੂਕੈ ਰਾਖੈ ਖੇਤੀ॥੯੬॥ਸਬਦਿਗੁਰੂਕੈ ਮਨ ਬਾਂਛਤ ਫਲ ਪਾਵੈ
ਸਬਦਿ ਗੁਰੂਕੈ ਧਨ ਤੋਟਿਨ ਆਵੈ।ਸਬਦਿ ਗੁਰੂਕੈ ਕਾਰਜ ਧਿਧਿ ਹੋਵਹਿ।ਨਾਨਕ
ਸਬਦਹੁ ਘੁਥੇ ਰੋਵਹਿ॥੯੭॥ਸਬਦਿ ਗੁਰੂ ਕੈ ਬਿਨੁ ਕਛੁ ਨ ਸੂਝੈ।ਸਬਦਿ ਗੁਰੂ ਕੈ

ਬਿਨੁ ਬੋਲੇ ਬੂਝੈ। ਸਬਦਿ ਗੁਰੂ ਕੈ ਜੇ ਮਨੁ ਲਾਵੈ। ਨਾਨਕ ਸੋ ਨਰ ਪਰਮ ਗਤਿ ਪਾਵੈ॥੯੮॥੧॥ ਜੋਗ ਨਿਧ ਸੰਪੂਰਨ ਹੋਈ।

ੴ ਸਤਿਗੁਰ ਪ੍ਰਸ਼ਾਦਿ॥

ਰਾਗੁ ਆਸਾ ਧਿਆਉ ਨਿਰਬਾਣ ਕਾ ਚਲਿਆ ਮਹਲਾ ੧॥

ਨਾ ਤਦਿ ਵਰਨੁ ਚਿੰਹਨ ਨਹਿ ਦੇਹੀ। ਨਾ ਤਚਿ ਕੋਈ ਪਾਸ ਸਨੇਹੀ। ਨਾ ਤਦਿ ਮਾਤ ਪਿਤਾ ਭਾਈ ਸੁਤਿ ਦਾਰਾ। ਨਾ ਤਦਿ ਤੂੰ ਕਹਾ ਰਹਤੁ ਨਿਰੰਕਾਰਾ। ਨਾ ਤਦਿ ਤਹਾ ਬਾਧੀ ਦੇਹਿ ਨ ਕੀਨਾ ਪਉਣੁ।ਤਹਾ ਨਚਕਿ ਸੁਰਗਿ ਤਦਿ ਪਰਤਾ ਕਾਉਣੁ। ਨਾ ਤਦਿ ਆਬ ਆਤਸੈ ਨਹਿ ਧਾਰੈ। ਕਵਨ ਨਰਕਿ ਕਵਨੁ ਸੁਰਗਿ ਪਾਧਾਰੈ। ਨਾ ਤਦਿ ਹਾਡੁ ਮਾਸੁ ਨਾੜੀ ਨਹਿ ਚਾਮੁ। ਨਾ ਤਦਹੁ ਧਿਆਈਐ ਕਾਵਨੁ ਰਾਮ। ਨਿਰੰਕਾਰ ਕੀਆ ਕਥਾ ਕਹਾਨੀ। ਨਾਨਕ ਬਿਸਮ ਭਇਆ ਹੈਰਾਨੀ ॥੧॥ ਧੁੰਧੂਕਾਰ ਮਹਿ ਅੰਧਿਆਰੁ। ਧੁੰਧੂਕਾਰਿ ਨ ਕੀਆ ਪਸਾਰੂ। ਧੁੰਧੂਕਾਰਿ ਨ ਪਾਣੀ ਨ ਪਉਣੁ। ਧੁੰਧੂਕਾਰਿ ਨਾ ਸਿਆਣਪ ਨ ਸਉਣੁ। ਧੁੰਧੂਕਾਰ ਨ ਬੇਦ ਨ ਪੁਰਾਨਾ। ਤਦਹੁ ਨ ਕੋ ਮੂਰਖ ਨ ਕੋ ਸਿਆਣਾ। ਧੁੰਧੂਕਾਰਿ ਨ ਕਤੇਬ ਨ ਬੇਦ। ਧੁੰਧੂਕਾਰਿ ਨ ਬ੍ਰਹਮ ਨ ਭੇਦ। ਨਾ ਤਦ ਦਸ ਦੁਆਰ ਨ ਦੇਹਿ ਉਪਾਈ। ਨਾਨਕ ਤਾਹੂ ਕੀਮਤਿ ਕਹੀ ਨ ਜਾਈ॥ ੨॥ ਨਾ ਤਦਿ ਚੰਦੁ ਨਹੀ ਮਤਿ ਲਾਈ। ਨਾ ਤਦਿ ਸੂਰਜਿ ਕਿਰਣਿ ਤਪਾਈ। ਨਾ ਤਦਿ ਗਗਨੁ ਨਾ ਕੀਆ ਅਕਾਰਾ। ਨਾ ਤਦਿ ਧਰਤੀ ਨ ਕੀਆ ਪਸਾਰਾ। ਨਾ ਤਦਿ ਜਲ ਬਿੰਬੁ ਨ ਪਉਣ ਉਪਾਇਆ। ਨਾ ਤਦਿ ਬ੍ਰਹਮ ਨ ਕੀਨੀ ਮਾਇਆ। ਨਾ ਤਦਿ ਕਵਨੁ ਰੂਪੁ ਹਿਰਦੇ ਮਹਿ ਧਾਰੇ। ਨਾਨਕ ਅਕਥ ਕਥਾ ਕਾ ਕਿਆ ਬੀਚਾਰੇ॥ ੩ ॥ ਧੁੰਧੂਕਾਰਿ ਸੁੰਨੁ ਜਬ ਹੋਤਾ। ਊਹਾ ਕਵਨੁ ਸੁਚੇਤ ਕਵਨੁ ਤੇ ਸੋਤਾ। ਨਹਿ ਤਬ ਪੀਰ ਪੈਕੰਬਰ ਦੇਵ ਸਥਾਨਾ। ਨਹਿ ਤਟ ਤੀਰਥ ਮਜਨ ਇਸਨਾਨਾ।ਨਹਿ ਮੁਨੀ ਜਨ ਸਿਵ ਸਨਕਾਦਕ ਜੋਗੀ। ਤਹਾ ਨਾ ਕੋ ਬਿਆਪਕੁ ਨਾ ਕੋ ਭੋਗੀ। ਤਦ ਨਹਿ ਕੋ ਰਾਜਾ ਨਾ ਕੋਈ ਮਹਤਾ। ਨਾਨਕ ਤਦਿ ਨਾ ਕੋ ਘਾਟਿ ਨਾ ਕੋਈ ਪਹੁਤਾ ॥੪॥ ਲੋਹੁ ਕਲਮ ਨਹਿ

ਸਿਆਹੁ ਸੁਪੇਦੀ। ਤਦਿ ਨਾਹਿ ਬੀਚਾਰਿ ਨਾ ਕੋ ਭੇਦੀ। ਤਦਿ ਨਾਹਿ ਬਿਸਨੁ ਮਹੇਸੁ ਨ ਬ੍ਰਹਮੁ ਕਹੀਜੈ। ਤਦਿ ਨਾਹਿ ਕੋਊ ਜੀਐ ਕੋਈ ਨਾਹਿ ਮਰੀਜੈ। ਓਪਤਿ ਖਪਤਿ ਤਦਿ ਨਾਹਿ ਕੋਊ ਆਨ ਧਾਰੀ। ਕਹੁ ਨਾਨਕ ਇਹੁ ਕਥਾ ਨ ਜਾਇ ਬੀਚਾਰੀ ॥ ੫ ॥ ਤਦਿ ਨਹਿ ਕੀਨੇ ਆਦਮੁ ਹਵਾ। ਤਦਿ ਨਹਿ ਸਿਵ ਸਕਤਿ ਨ ਕੀਨੇ ਦੇਵਾ। ਨਹਿ ਤਦ ਕੁਰਾਨ ਕਤੇਬ ਨ ਤੀਹ ਸੁਪਾਰੇ। ਤਦ ਨਹਿ ਬੀਗ ਬਲੇਲ ਨ ਸੁਨਨੈ ਹਾਰੇ। ਤਦਿ ਨਹਿ ਮੁਹੰਮਦਿ ਕਲਮਾ ਰਾਸ ਨ ਕੀਨੇ। ਤਦਿ ਨਹਿ ਚਾਰਿ ਕੁਰਾਨਿ ਕਹੁ ਕਿਨਿ ਚੀਨੇ। ਦੁਆਇ ਸਲਾਮ ਨਿਵਾਜ ਨਹਿ ਕੋਈ। ਨਾਨਕ ਧੁੰਧੂ ਕਾਰਿ ਸੁਰਤਿ ਨਹਿ ਲੋਈ॥੬॥ਨਹਿ ਤਦ ਗੁਰੂ ਨ ਸਿਖੁ ਨ ਸਾਖੀ। ਨਹਿ ਤਦਿ ਸੁਚਿ ਸੰਜਮੁ ਸੁਰਤਿ ਕਹਾ ਲੈ ਰਾਖੀ। ਨਹਿ ਤਦਿ ਹੋਮ ਜਗ ਤੀਰਥ ਇਸਨਾਨਾ।ਤਦਿ ਨਹਿਗਊ ਨ ਗਾਇਤ੍ਰੀ ਨਹੀ ਬੇਦਪੁਰਾਨਾ।ਤਦਿ ਨਹਿਕੋ ਸੁਰਤਾ ਨਹਿ ਕੋ ਬਕਤਾ। ਤਦ ਨਹਿ ਕੋਊ ਨਿਰਬਲੁ ਨਾ ਕੋਊ ਸਕਤਾ। ਨਹਿ ਤਦਿ ਆਪਨਾ ਵਰਨੁ ਚਿਹਨੁ ਨਹਿ ਚੀਨਾ। ਨਾਨਕ ਧੁੰਧੂਕਾਰਿ ਕਛੁ ਨਹਿ ਦ੍ਰਿਸਟੀਨਾ ॥ ੭ ॥ ਨਹਿ ਤਦਿ ਪੁਰਖੁ ਨਾ ਹੋਤੀ ਨਾਰੀ। ਨਹਿ ਤਦਿ ਉਤਪਤਿ ਖਪਤਿ ਨਹਿ ਬਿਨਸਾਰੀ। ਤਹਾ ਨਾ ਕੋ ਸਾਹੁ ਨਾ ਕੋ ਭਿਖਾਰੀ । ਤਹਾਂ ਨਹੀ ਕਿਛੁ ਚਉਪੜਿ ਨਹਿ ਕੀਨੀ ਸਾਰੀ। ਤਹਾ ਨਾ ਕੋ ਰਾਜਾ ਰੰਕੁ ਕਹਾਵੈ। ਤਹਾ ਨਾ ਕੋ ਮੁਕਤੁ ਨਹਿ ਨਰਕਿ ਸਿਧਾਵੈ। ਤਦਿ ਨਾ ਕੋ ਬਾਲਕੁ ਬਿਰਧਿ ਨ ਹੋਤਾ ਕੋਈ। ਤਦਿ ਨਾ ਕੋ ਸੰਸੁ ਨਹਿ ਸੰਸਾ ਕੋਈ। ਇਹੁ ਅਗਮ ਕਥਾ ਕਿਛੁ ਲਖੀ ਨ ਜਾਈ। ਨਾਨਕ ਜਿਸੁ ਕਿਰਪਾ ਤਿਸੁ ਦੇਹਿ ਦਿਖਾਈ॥ ੮ ॥ ਅਮਿਤਾ ਸਾਹਿਬੁ ਮਿਤਿ ਨਹੀ ਆਵੈ ਅਕੁਲ ਨਿਰੰਜਨੁ ਕਲਾ ਨਾਹਿ ਦਿਖਾਵੈ। ਅਪਰ ਅਪਾਰ ਪਾਰੁ ਨਹੀ ਪਾਇਆ। ਤਿਸੁ ਰੂਪੁ ਨ ਵਰਨੁ ਕਵਨ ਬਿਧਿ ਧਿਆਇਆ। ਧੁੰਧੂਕਾਰੁ ਅਤਿ ਗਹਰ ਗੰਭੀਰੁ ਨਾਨਕ ਲਖਿਆ ਨ ਜਾਈ ਬਹੁਤ ਬਿਸਥੀਰੁ॥ ੯ ॥ ਅੰਡਜ ਜੇਰਜ ਉਤਭੁਜਹਿ ਸੇਤਜਹਿ। ਨਹਿ ਸਹਜ ਸੁਭਾਉ ਸੰਜਮੁ ਨ ਅਤੀਤਹ। ਤਦਿ ਨਹਿ ਕਿਛੁ ਸੁਨੈ ਨ ਕਹਤਾ ਬਕਤਾ। ਅਪਰੁ ਅਪਾਰੁ ਨਿਰਬਾਣੁ ਬਿਧਤਾ। ਨਹਿ ਤਦਿ ਅਪਨਾ ਆਪੁ ਸਾਜਿ ਸਵਾਰਿਆ। ਨਾਨਕ ਤਿਸੁ ਜਾਤਿ ਨ ਵਰਨੁ ਕੁਲੁ ਕਿਛੁ ਨ ਬੀਚਾਰਿਆ ॥੧੦॥ਕਵਨੁ ਤਤੁ ਕਾ ਕਰਉ ਬੀਚਾਰ ॥ ਕਵਨ ਧਿਆਨਿ ਤੁਝ ਅੰਤਰਿ ਲੇ ਧਾਰੁ।

ਤੈਗਾ ਧਿਆਨੁ ਰੂਪੁ ਤਤੁ ਜੋਗੁ ਨ ਪਾਈਐ।ਨਾਨਕ ਅਚਰਜੁ ਪੁਰਖੁ ਕਵਨ ਬਿਧਿ ਧਿਆਈਐ ॥੧੧॥ ਜਬ ਏਕੰਕਾਰੁ ਇਕੇਲਾ ਹੋਤਾ। ਸਾਸੁ ਮਾਸੁ ਕਛੂ ਨ ਹੋਤਾ। ਦੇਹੁਰੀ ਨ ਹੋਤੀ ਨ ਹੋਤੇ ਪ੍ਰਾਨਾ। ਬੋਲਨਹਾਰਾ ਕਹਾ ਸਮਾਨਾ। ਬੋਲ ਬੋਲਨਾ ਘਵਨ ਕੀ ਨੀਆਈ। ਨਾਨਕ ਅਹਿਨਿਸਿ ਵਹੈ ਕਛੂ ਸੂਝ ਨ ਪਾਈ ॥੧੨॥ ਲਹਿ ਤਦਿ ਆਪਨਾ ਆਪੁ ਹੀ ਉਪਾਇਆ। ਨਾ ਕਿਛੁ ਤੇ ਕਿਛੁ ਕਰਿ ਦਿਖਲਾਇਆ। ਜਬ ਇੜਾ ਪਿੰਗੁਲਾ ਅਉਰੁ ਸੁਖਮਨਾ ਤੀਨਿ ਬਸਹਿ ਇਕ ਠਾਈ। ਬੇਣੀ ਸੰਗਮ ਤਹਾ ਪਿਰਾਗ ਮਨੁ ਮਜਨੁ ਕਰਹੁ ਇਤਿ ਥਾਈ ॥੧॥ ਪਉਣਾ ਪਿੰਗੁਲਾ ਸੁਖਮਨਾ।ਤਿਨ ਕਾ ਨਾਉ ਕਿਆ ਹੈ। ਇੜਾ ਅਗਨਿ ਪਿੰਗੁਲਾ ਪਾਨੀ ਸੁਖਮਨਾ ਪਉਨੁ ਹੈ। ਏ ਤੀਨੋ ਇਕਠੇ ਰਹਤੇ ਹੈ। ਦੇਹੀ ਬੀਚ ਅਰੁ ਮੁਖ ਕੇ ਬੀਚ ਰਹਤੇ ਹੈ। ਜਹਾ ਰਾਮੁ ਕਹੀਤ ਹੈ। ਬੇਣੀ ਸੰਗਮ ਇਸਨਾਨੁ ਹੂਆ ਹੈ।ਅਰੁ ਏਹਿ ਤ੍ਰੈਗੁਣ ਹੈ ਰਾਜਸ ਤਾਮਸ ਸਾਤਕ। ਏ ਕਿਆ ਕਹੀ ਜੀ। ਬ੍ਰਹਮਾ ਬਿਸਨ ਮਹਾ ਦੇਉ ਦੇਹੀ ਬੀਚਿ ਰਹਤੇ ਹੈ। ਦੇਹੀ ਬੀਚਿ ਏਕੁ ਅਸ਼ੋਕ ਸਰੋਵਰੁ ਹੈ ਸੋ ਕਹਾ ਹੈ। ਸੁਨੀਐ ਜੀ ਗੁਰ ਕੈ ਪ੍ਰਸਾਦਿ। ਅਸ਼ੋਕੁ ਸਰੋਵਰੁ ਜਿਭਿਆ ਹੈ ਏਕ ਚਰਣ ਕਵਲ ਏਕ ਹਸਤ ਕਵਲ ਏਕ ਕਵਲ ਨੈਨ। ਏਕੁ ਨਾਭ ਕਵਲ ਹੈ। ਏ ਚਾਰੇ ਕਵਨ ਹੈ ਤਿਵ ਏ ਕਵਲ ਹਰੇ ਹੀ ਰਹਤੇ ਹੈ। ਜੀ ਨਿਰੰਜਨ ਪੁਰਖੁ ਇਸ ਦੇਹੀ ਮਹਿ ਰਹਤਾ ਹੈ ਸੋ ਕਹਾ ਹੈ। ਸੁਨੀਐ ਜੀ ਗੁਰ ਕੇ ਪ੍ਰਸਾਦਿ। ਨਿਰੰਜਨੁ ਨੈਨਾਂ ਮਹਿ ਰਹਤਾ ਹੈ। ਨੀਰੁ ਕਹੀਐ ਨੈਨ ਸੁਪੇਦੀ ਕਹੀਐ ਨਿਰੰਜਨੁ ਅੰਜਨੁ ਕਹੀਐ ਸਿਆਹੀ। ਬੀਚ ਜੁ ਅੰਜਨ ਕੇ ਸਿਆਹੀ ਸੋ ਕਹੀਐ ਨਿਰੰਜਨ ਜੀ।ਕਹੈ ਜੀ ਤੀਨਿ ਤੀਨਿ ਬਾਤੇਂ ਕਹੀ। ਇਸ ਮਹਿ ਨਿਰੰਜਨ ਕਾ ਸੁਭਾਉ ਕਵਨੁ ਹੈ। ਅਤੇ ਜੀ ਬਿਨਾ ਪਰੀਤਿ ਜਾਨੀਤਾਂ ਨਾਹੀ। ਇਸਕਾ ਸੁਭਾਉ ਏਹੀ ਹੈ। ਅਵਰੁ ਦੇਹੀ ਬਧਤੀ ਘਟਤੀ ਹੈ ਏਹਿ ਜੁ ਧੀਰੀ ਹੈ ਬਧਤੀ ਘਟਤੀ ਨਾਹੀ। ਜੈਸੀ ਆਈ ਹੈ ਤੈਸੀ ਹੈ। ਤਿਉ ਨਿਰੰਜਨ ਬਧਤਾ ਘਟਤਾ ਨਾਹੀ। ਆਵੈ ਇਸਕਾ ਸੁਭਾਉ ਹੈ। ਨਿਰੰਜਨ ਕਾ ਅਵਰੁ ਸੁਭਾਉ ਹੈ। ਜਿ ਅਵਰੁ ਦੇਹੀ ਸਭ ਅੰਧੀ ਹੈ ਇਸ ਧੀਰੀ ਕਉ ਦਿਸੀਤਾ ਹੈ। ਏਕੁ ਏਹ ਸੁਭਾਉ ਹੈ। ਅਤੇ ਲਾਖ ਕਰੋੜੀ ਕੀ ਬਹੁਤ ਹੋਇ ਜਬ ਲਗੁ ਦੇਖੀਐ ਨਾਹੀ ਤਬ ਲਗਿ ਅੰਧਾ ਹੈ। ਭਾਵੈ ਪੀਠ ਪੀਛੈ ਪਈ ਹੋਵੈ ਬਸਤੁ ਕਿਸੀ ਕੀ ਨ ਹੋਇ। ਜਬ ਨਿਰੰਜਨ ਕੇ

ਆਗੈ ਰਖੀਐ ਤਬ ਹੀ ਸਹੀ ਹੋਇ । ਅਵਰੁ ਬਾਤ ਸਭ ਝੂਠੀ ਹੈ ਅਰੁ ਅੱਖੀ ਦੇਖੀ ਬਾਤ ਸਾਚੀ ਹੈ । ਜਬ ਪਰੰਮੇਸਰੁ ਬੁਝਾਏ ਤਬ ਏਹੀ ਧੀਰੀ ਪਰਮੇਸਰੁ ਹੈ । ਅਵਰੁ ਜੇ ਨਾ ਮਾਨੈ ਤਬ ਬਤਾਇ ਦੇਉ । ਇਸੁ ਬਾਤ ਮੈ ਕਿਛੁ ਦੋਖੁ ਨਾਹੀ। ਜੀਵੈ ਖੋਜੀ ਮਰੇ ਬਾਦੀ ਹੈ । ਇਸ ਦੇਹੀ ਕਉ ਆਠ ਰੋਗ ਨਿਤਾਪ੍ਰਤਿ ਲਾਗਤ ਹੈ। ਕਿਸੀ ਤੇ ਉਬਰਤਾ ਹੈ ਕੋਈ ਮਾਰਿ ਜਾਤਾ ਹੈ । ਕਉਨ ਰੋਗ ਹੈ। ਕਾਮ ਕ੍ਰੋਧੁ ਲੋਭੁ ਮੋਹੁ ਅਹੰਕਾਰ ਹੈ। ਭੂਖ ਪਿਆਸ ਨਿੰਦਾ ਏਹ ਆਠੋਂ ਰੋਗ ਦੇਹੀ ਕਉ ਨਿਤਾਪ੍ਰਤਿ ਲਾਗਤੇ ਹੈ। ਅਰੁ ਜੋ ਸੰਸਾਰਿ ਬੀਚ ਕੀਏ ਹੈ ਸੋ ਭੁਲਿ ਕੈ ਨਾਹੀ ਕੀਏ। ਪਰੁ ਸੰਸਾਰਿ ਮਹਿ ਏਹਿ ਬਾਤ ਭਲੀ ਕੀਤੀ ਹੈ। ਜੋ ਇਹਨਾਂ ਬਿਨਾਂ ਸੰਸਾਰੁ ਹੋਤਾ ਨਾਹੀ ਕਿਛੁ ਭਲੀ ਕਰੀ ਹੈ। ਪਰ ਏਹੁ ਜੀਉ ਸੰਸਾਰਿ ਪਰਕਿਰਤਾ ਨਾਲਿ ਕਉਲੁ ਭਰਤਾ ਹੈ। ਸੰਸਾਰ ਸਾਥਿ ਤਬ ਰਹਿ ਆਵੈ ਜਬ ਏਹ ਹੋਵਹਿ । ਪਰੁ ਮੁਕਤਿ ਕੇ ਸਹਾਈ ਨਾਹੀ। ਤਬ ਗਰੜ ਕਹੀ ਮੁਕਤਿ ਕੈ ਸਹਾਈ ਕਉਨੁ ਹੈ। ਜੀਤਾ ਹੈ ਸੁਨੀਐ ਜੀ ਗੁਰ ਕੇ ਪ੍ਰਸਾਦਿ। ਨਾਮੁ ਦਾਨੁ ਇਸਨਾਨੁ ਦਇਆ ਧਰਮੁ ਸੰਤੋਖ ਸੰਜਮੁ ਪ੍ਰੇਮ ।ਏ ਆਠੋਂ ਮੁਕਤਿ ਕੇ ਸਹਾਈ ਹੈ। ਅਰੁ ਓਇ ਆਠੋਂ ਨਰਕ ਕੇ ਅਧਿਕਾਰੀ ਜੀ।ਅਬ ਗਰੜ ਪੂਛਤਾ ਹੈ।ਇਸ ਦੇਹੀ ਬੀਚਿ ਜੀਵਤ ਬਸਤ ਕਉਨੁ ਹੈ।ਅਰ ਮੂਈ ਬਸਤੁ ਕਉਨ ਹੈ। ਅਰ ਜੀ ਤੁਮ ਕਹਤੇ ਹੋ ਜੋ ਕਿਛੁ ਖੰਡੇ ਸੋ ਕਿਛੁ ਬ੍ਰਹਮੰਡੇ । ਈਹਾ ਏਕ ਜੀਵਤੇ ਫਿਰਤੇ ਹੈਂ ਅਰੁ ਏਕ ਮੂਏ ਮਰਿ ਜਾਤੇ ਹੈ । ਅਰ ਬੋਲਤਾ ਕਉਨੁ ਹੈ ਅਰੁ ਪੀਤਾ ਕਉਨੁ ਹੈ। ਏਹਿ ਕਹੀਐ ਜੀ ਪਰਮੇਸਰ ਕੈ ਨਾਇ। ਸੁਨੀਐ ਜੀ ਗੁਰ ਕੈ ਪ੍ਰਸਾਦਿ। ਦੇਹੀ ਬੀਚ ਜੀਵਤੀ ਅਗਨਿ ਹੈ ਮੂਈ ਮਾਟੀ ਹੈ ਬੋਲਤਾ ਪਵਨੁ ਹੈ ਖਾਤੀ ਅਗਨਿ ਹੈ ਅਰ ਪੀਵਤਾ ਪਵਨੁ ਹੈ । ਤਬ ਗਰੜ ਕਹਤਾ ਹੈ ਜੀ ਏਹਿ ਕਿਉ ਕਰਿ ਜਾਨੀਐ।ਪਵਨ ਕਾ ਭਖੁ ਪਾਣੀ ਹੈ ਅਗਨਿ ਕਾ ਭਖੁ ਆਇਆ ਹੈ। ਬਾਹਰਿ ਕੀ ਪਰਕਿਰਤ ਦੇਖੀਐ ਜੀ ਅਗਨਿ ਤਉ ਜਲੈ ਜੇ ਲਕੜੀ ਬਾਹੀਐ ਜਬ ਅਗਨਿ ਫੂਕਤੇ ਰਹੀਐ ਤਬ ਅਗਨਿ ਜਲੇ ਅਰੁ ਜੀਵਤੀ ਰਹੈ।ਤਿਸਕਾ ਪਰਮਾਰਥੁ ਕਿਆ ਹੈ । ਇਸਿ ਮਾਨੁਖ ਕੇ ਅੰਤਰਿ ਅਗਨਿ ਏਹਿ ਤਉ ਜੀਵਤੁ ਲਕੜੀ ਕੀ ਠਉਰਿ ਅਨਾਜੁ ਬਹੁਤਾ ਰਹੈ ਅਰੁ ਪਵਨੁ ਫੂਕਤਾ ਰਹੈ ਤਬ ਏਹਿ ਅਗਨਿ ਅੰਤਰਿ ਕੀ ਜੀਵਤੀ ਰਹੈ ਅਰੁ ਪਉਣ ਕਉ ਪਾਣੀ ਨਾ ਪਾਈਐ ਤਉ ਨਿਕਸਿ ਜਾਇ।

ਅਗਨਿ ਅਰੁ ਪਉਣ ਕਾ ਟਹਲੀਆ ਸੁਰਤਿ ਹੈ। ਜਬ ਨਿਰੰਜਨ ਪੁਰਖ ਕੀ ਆਗਿਆ ਹੋਈ ਤਬ ਡੇਰਾ ਛੂਟਾ। ਤਬ ਅਗਨਿ ਅਰੁ ਪਉਣ ਉਠਿ ਚਲੇ। ਪਉਣ ਕਉ ਪਾਣੀ ਮਨਹਿ ਹੂਆ। ਅਗਨਿ ਕਉ ਅਨਾਜੁ ਮਨਹਿ ਹੂਆ ਤਬ ਉਠਿ ਚਲੈ। ਅਰੁ ਹਰਿਆ ਹੈ ਸੋ ਪਉਣ ਹੈ। ਤਬ ਗਰਾੜ ਕਹਤਾ ਹੈ ਏਹਿ ਕਿਉ ਕਰਿ ਜਾਣੀਐ ਜੀ ਧਰਤੀ ਤੇ ਜੋ ਅੰਗੂਰ ਨਿਕਸਤਾ ਹੈ ਜੀਉ। ਪਾਣੀ ਪੜਤਾ ਹੈ ਤਬ ਅੰਗੂਰੁ ਨਿਕਸਤਾ ਹੈ ਜੀਉ। ਪਾਣੀ ਨਹੀ ਪੜਤਾ ਤਬ ਅੰਗੂਰੁ ਨਿਕਸਤੀ ਨਾਹੀ।ਅਰ ਸੂਕਾ ਹੀ ਰਹਤਾ ਹੈ ਜਉ ਪਾਣੀ ਪੜਤਾਹੈ ਧਰਤੀ ਭੀਨਾ ਅਰੁ ਅੰਗੂਰੁ ਭੀਨਾ ਤਬ ਪਉਣ ਮਿਲਿ ਕੈ ਹਰਿਆ ਹੂਆ।ਬਾਬਾ ਨਾਨਕ ਜੀਤਾ ਗੁਰ ਪ੍ਰਸਾਦਿ। ਜੋ।ਖੰਡੇ ਸੋ ਬ੍ਰਹਮੰਡ ਕਿਤੁ ਬੀਚਾਰਿ ਜਾਣੀਐ। ਪ੍ਰਥਮੈ ਤ੍ਰੈਲੋਅ ਪਿੰਡ ਮੈ ਕਹਾ। ਊਭ ਮਧਿ ਪਇਆਲੁ ਕਹੈ ਸੋ ਕਵਣ ਹੈ। ਸੁਨੀਐ ਜੀ ਗੁਰ ਕੈ ਪ੍ਰਸਾਦਿ। ਊਭ ਊਪਰਿ ਮਧ ਅਰ ਬੀਚ ਪਇਆਲੁ ਤਲੈ। ਏਹਿ ਪਿੰਡ ਮਹਿ ਦਿਖਾਵਹੁ ਜੀ। ਦੇਖੀਐ ਜੀ ਗੁਰ ਕੇ ਪ੍ਰਸਾਦਿ। ਸਿਰ ਊਪਰਿ ਪੇਟੁ ਮਧਿ ਅਹੂ ਪਇਆਲੁ ਪੈਰ ਏ ਪਿੰਡ ਮਹਿ ਤ੍ਰੈ ਲੋਅ ਹੈ। ਅਰ ਸਪਤ ਦੀਪ ਹੈ ਪਿੰਡ ਮੈ ਕਹਾ ਹੈ। ਏਕੁ ਦੀਪੁ ਸਿਰੁ ਹੈ ਏਕੁ ਦੀਪੁ ਮੁਖੁ ਹੈ। ਅਰ ਏਕੁ ਦੀਪੁ ਕੰਠੁ ਹੈ ਏਕੁ ਦੀਪ ਛਾਤੀ ਹੈ ਏਕੁ ਦੀਪੁ ਏਕੁ ਨਾੜਿ ਹੈ ਏਕੁ ਦੀਪ ਪੇਟੁ ਹੈ। ਏਕੁ ਦੀਪ ਤ੍ਰਿਬੇਣੀ ਹੈ ਏਹਿ ਸਪਤ ਦੀਪ ਹੈ। ਅਜੀ ਚਉਦਹੈ ਭਵਨ ਦੁਇ ਜੋੜ ਸਾਤ ਤਬਕ ਬ੍ਰਹਮੰਡ ਮਹਿ ਉਣਵੰਜਹ ਕਰੋੜਿ ਧਰਤੀ ਪਿੰਡ ਮਹਿ ਦਿਖਾਵਹੁ ਜੀ। ਸੁਨੀਐ ਜੀ ਗੁਰ ਕੈ ਪ੍ਰਸਾਦਿ। ਪਿੰਡ ਬਿਖੈ ਸਾਢੇ ਤ੍ਰੈ ਹਥਿ ਦੇਹੀ ਧਰਤੀ ਹੈ। ਬ੍ਰਹਮੰਡ ਬਿਖੇ ਅਠਾਰਹ ਭਾਰ ਬਨਾਸਪਤੀ ਹੈ। ਪਿੰਡ ਮਹਿ ਕਹਾ ਹੈ। ਦੇਹੀ ਕੇ ਰੋਮ ਹੈ ਏਹੀ ਬਨਾਸਪਤੀ ਹੈ। ਏ ਸੁਆਮੀ ਬ੍ਰਹਮੰਡ ਕੇ ਬਿਖੈ ਨਉ ਖੰਡ ਹੈ ਪਿੰਡ ਮੈ ਕਹਾ ਹੈ। ਨਉ ਦਰਵਾਜੇ ਹੈ ਏਈ ਨਉ ਖੰਡ ਹੈ ਅਰੁ ਜੀ ਬ੍ਰਹਮੰਡ ਕੇ ਬਿਖੈ ਚੰਦੁ ਸੂਰਜੁ ਹੈ ਪਹਾੜ ਪਰਬਤ ਹੈ ਦੇਹੀ ਮਹਿ ਕਹਾ ਹੈ। ਅਜੀ ਦੇਹੀ ਕੈ ਬਿਖੈ ਚੰਦੁ ਸੂਰਜੁ ਅਖੀ ਹੈ। ਹਾਡ ਪਰਬਤ ਪਹਾੜ ਹੈ। ਕਹੈ ਜੀ ਬ੍ਰਹਮੰਡ ਕੇ ਬਿਖੈ ਏਕੁ ਗਰਾੜ ਹੈ ਸਾਤ ਸਮੁੰਦ੍ਰ ਹੈ ਨਉ ਸੈ ਨਵਾਸੀ ਨਦੀਆ ਹੈ ਪਿੰਡ ਕੈ ਬਿਖੈ ਦਿਖਾਵਹੁ ਜੀ। ਦੇਖੀਐ ਜੀ ਗੁਰ ਕੈ ਪ੍ਰਸਾਦਿ।

ਪਿੰਡ ਬਿਖੈ ਗਰਾੜੁ ਪੇਟੁ ਹੈ ਸਾਤ ਸਮੁੰਦ੍ਰ ਏਹਿ ਹੈ। ਨਾਸਕਾ ਮੁਖੁ ਸ੍ਰਵਣ

ਇੰਦ੍ਰੀ ਗੁਦਾ ਏ ਸਾਤੇ ਸਮੁੰਦ੍ਰ ਹੈ ਅਰੁ ਨਦੀਆ ਹੈ ਸੋ ਨਾੜੀ ਹੈ। ਅਰੁ ਨਦੀਆ ਕੇ ਗਰਾੜ ਕੀ ਪਰਕਿਰਤਿ ਦਿਖਾਵਹੁ ਜੀ। ਦੇਖੀਐ ਜੀ ਗੁਰ ਕੈ ਪ੍ਰਸਾਦਿ। ਗਰਾੜ ਕੀ ਏਹਿ ਪਰਕਿਰਤਿ ਹੈ। ਨਦੀਆ ਸਭ ਜਾਇ ਪੜਤੀਆ ਹੈ। ਨਉ ਸੈ ਨਵਾਸੀ ਨਦੀਆ ਹੈ। ਸੋ ਨਾੜੀ ਹੈ। ਅਰੁ ਸਪਤ ਸਮੁੰਦ੍ਰ ਏਹਿ ਪੜਤੇ ਹੈ ਜਬ ਓਇ ਜਾਇ ਪੜਤੀ ਹੈ ਤਬ ਗਰਾੜ ਕਹਤਾ ਹੈ ਨਾ ਤ੍ਰਿਪਤਿਓ ਨਾ ਤ੍ਰਿਪਤਿਓ। ਏਹਿ ਪੜਤੇ ਰਹਤੇ ਗਰਾੜ ਲਹਰੀ ਛਡਤਾ ਰਹਿਤਾ ਹੈ ਤਿਵੈ ਇਸ ਪਿੰਡ ਮੇਂ ਹੈ। ਇਨ ਕੀ ਪਰਕਿਰਤਿ ਦਿਖਾਵਹੁ ਜੀ। ਦੇਖੀਐ ਜੀ ਗੁਰ ਕੈ ਪ੍ਰਸਾਦਿ। ਜਿਉ ਨਦੀਆ ਕਾ ਸੁਭਾਉ ਹੈ ਚਲਤੀ ਹੀ ਰਹਤੀ ਹੈ ਏਹਿ ਜੀ ਸਾਤ ਸਮੁੰਦ੍ਰ ਪੜਤੇ ਹੈ ਤਬ ਉਦਰੁ ਗਰਾੜ ਕਹਤਾ ਹੈ ਨਾ ਰਜਿਓ। ਅਰੁ ਸ੍ਰਵਣਿ ਸੁਣੇ ਨਾਹੀ ਰਜਤੇ ਨਾਸਕਾ ਬਾਸਨਾ ਨਾਹੀ ਰਜਤੀ ਸੁਵਾਦ ਜਿਭੀਆ ਨਾਹੀ ਰਜਤੀ ਅਰੁ ਨੇਤ੍ਰ ਦੇਖਨ ਨਾਹੀ ਰਜਤਿ ਸਭ ਉਦਰ ਗਰਾੜ ਮੈ ਜਾਇ ਸਮਾਵਤੇ ਹੈ। ਤਬ ਓਇ ਪਰਿ ਪਰਿ ਨਿਖੁਟਤਾ ਹੈ। ਤਬ ਪੀਛੇ ਓਹੁ ਉਮਡਤਾ ਹੈ। ਤਬ ਲਹਰੀ ਦੇਤਾ ਹੈ। ਕੈਸੀ ਲਹਰਿ ਕਾਮ ਕ੍ਰੋਧ ਕੀ ਪੜਤੀ ਹੈ। ਲੋਭ ਕੀ ਲਹਰਿ ਮੋਹਿ ਕੀ ਲਹਰਿ ਅਹੰਕਾਰ ਕੀ ਲਹਰਿ ਅਨੇਕ ਉਪਾਉ ਚਿਤਵਤਾ ਹੈ ਏਹੀ ਇਸਕ ਲਹਰਿ ਹੈ। ਏਕ ਬਾਤ ਗਰਾੜ ਕੀ ਅਵਰੁ ਭੀ ਹੈ ਜਬ ਲਹਰੀ ਦੇਤਾ ਹੈ ਤਬ ਲਹਿਰ ਸਾਥਿ ਰਤਨ ਜਵਾਹਰ ਮੋਤੀ ਪਰਵਾਲੇ ਲਗਿਤੇ ਜਾਤੇ ਹੈ। ਸੋ ਪਿੰਡ ਮਹਿ ਦਿਖਾਵਹੁ ਜੀ। ਸੁਨੀਐ ਜੀ ਗੁਰ ਕੈ ਪ੍ਰਸਾਦਿ। ਜਬ ਇਸ ਕਉ ਉਦਮੁ ਬਾਤ ਆਵਤੀ ਹੈ ਤਬ ਹਰਿ ਗੁਨ ਬੇਦ ਸਾਸਤ੍ਰ ਹਰਿ ਕਥਾ ਭੀ ਆਵਤੀ ਹੈ। ਜਬ ਜਬ ਏਹੁ ਨਾਮੁ ਜਪੈ ਜਪਾਵੈ ਗਾਵੈ ਸੁਣੈ ਸੁਣਾਵੈ ਸੀਖੇ ਸੋਈ ਲਾਲ ਰਤਨ ਮੋਤੀ ਜਵਾਹਰ ਪਰਵਾਲੇ ਲਾਗਿ ਜਾਤੇ ਹੈ।ਅਰੁ ਜੋ ਉਦਮਾਦ ਕੀ ਲਹਰਿ ਮੈ ਆਵੈ। ਗੁਣ ਗਿਆਨੁ ਸਿਮਰਣੁ ਸਿਫਤਿ ਸਲਾਹ ਸਾਖੀ ਸਬਦੁ ਹਰਿ ਕਥਾ ਸੁਨਣ ਕਉ ਨਾ ਆਵੈ ਓਹੁ ਲਹਰਿ ਉਦਮਾਦ ਕੀਤਾ ਹੈ। ਕੀੜੇ ਪਤੰਗੇ ਘੁਘੇ ਸਿਆਲੇ ਕਉਡੀਆਂ ਰੇਤੁ ਏਹ ਬਸਤੂ ਨਿਕਸਤੀਆ ਹੈਂ। ਕਹੈ ਜੀ ਏਕ ਬਾਤ ਸਮੁੰਦ੍ਰ ਕੀ ਅਵਰੁ ਭੀ ਹੈ। ਉਸ ਕਾ ਪਾਣੀ ਖਾਰਾ ਹੋਤਾ ਹੈ। ਪੀਆ ਨਹੀ ਜਾਤਾ। ਇਸ ਪਿੰਡ ਮਹਿ ਖਾਰਾ ਪਾਨੀ ਕਹਾਂ ਹੈ। ਨਾਸ ਕਾ ਨੀਰੁ ਨੇਤ੍ਰ ਕਾ ਨੀਰੁ ਸ੍ਰਵਣ ਕਾ ਨੀਰੁ ਮੁਖ ਕਾ ਨੀਰੁ ਏ ਜੋ ਹੈ ਸੋ ਖਾਰਾ ਨੀਰੁ ਹੈ। ਏਹੁ

ਨੀਰੁ ਕਾਮ ਕਾ ਨਹੀ ਆਵਤਾ।ਕਹੈ ਸਮੁੰਦ੍ਰ ਮਹਿ ਜਹਾਜ ਹੈ ਇਸ ਮੈ ਕਹਾ ਹੈ।ਇਸ ਮੈਂ ਲੋਹ ਕਾਠ ਹੈ ਇਸ ਮੈ ਬੇੜੇ ਜਤ ਸਤ ਕੇਹੇ ਕੇਹੇ ਜੀ ਬ੍ਰਹਮੰਡ ਮਹਿ ਜੋਨੀ ਹੈ ਇਸ ਮੈ ਕਹਾ ਹੈ। ਕਹੇ ਜੀ ਇਸ ਮੈ ਭੀ ਜੂਨੀ ਹੈ। ਕਹੇ ਜੀ ਦਿਖਾਇ ਦੇਹੁ। ਦੇਖੀਐ ਜੀ ਗੁਰ ਕੈ ਪ੍ਰਸਾਦਿ। ਚਾਰਿ ਜੂਨੀ ਇਸ ਖੰਡ ਮਹਿ। ਜੂੰਆ ਸਿਵ ਕਾਮ ਵੰਸੀ ਸਲਪ। ਕਹੈ ਜੀ ਸਮੁੰਦਰ ਮੁਹਿ ਅਵਰ ਭੀ ਹੈ। ਜੋ ਮਰ ਜੀਵੜੇ ਟੁਭਕੀ ਮਾਰਤੇ ਹੈ। ਪਿੰਜਰਿ ਮਹਿ ਓ ਸਾਤਿ ਹੈ। ਬਾਜੇ ਘੁਘੇ ਨਿਕਸਤੇ ਹੈ ਅਰ ਲਖ ਜੀਅ ਜੂਨੀ ਹੈ। ਇਸ ਪਿੰਡ ਮਹਿ ਕਹਾ ਹੈ ਦਿਖਾਵਹੁ ਜੀ। ਦੇਖੀਐ ਜੀ ਗੁਰ ਕੈ ਪ੍ਰਸਾਦਿ। ਏਕ ਪੁਰਖ ਹੈ ਸੋ ਟੁਭਕੀ ਮਾਰਤਾ ਹੈ। ਮਨ ਕੈ ਬਿਖੇ ਧਿਆਨੁ ਗੁਰੂ ਕੀ ਮੂਰਤਿ ਲਾਲ ਲਗਾਵਤਾ ਹੈ ਪਰਮੇਸਰ ਕਾ ਮੰਤ੍ਰ ਪੜਤਾ ਹੈ। ਏਕੁ ਪਦੁ ਜੋੜਿ ਲੈ ਨਿਕਸਤਾ ਹੈ। ਇਸੁ ਉਦਰ ਸਮੁੰਦਰ ਮਹਿ ਏਹੀ ਲਾਲ ਜਵਾਹਰ ਪਰਵਾਲੇ ਲੈ ਨਿਕਸਤਾ ਹੈ। ਊਨ ਕਉ ਧਿਆਨ ਲਾਗਤਾ ਹੈ। ਸਾਧੂ ਕੈ ਦਰਸਨ ਸਾਥਿ। ਇਸ ਤੇ ਹੋਰ ਧਿਆਨ ਕੋਈ ਨਾਹੀ ਅਰੁ ਜੇ ਇਸ ਉਦਰ ਸਮੁੰਦਰ ਮਹਿ ਟੁਭਕੀ ਮਾਰੀਐ ਅਰੁ ਚਿਤੁ ਲਾਈਐ ਮਾਇਆ ਸਾਥਿ ਮਰਜੀਵੜੇ ਕੀ ਨਿਆਈ। ਘੁਘੇ ਸਿਆਲੇ ਕੀੜੇ ਘਤੰਗੇ ਬਾਲੂ ਸਿਪ ਨਿਕਸਤੇ ਹੈਂ। ਤਬ ਇਸ ਟੁਭਕੀ ਸਾਥਿ ਘੁਘੇ ਸਿਆਲੇ ਕੀੜੇ ਨਿਕਸੈ ਓਹੁ ਧਿਆਨੁ ਬਿਰਥਾ ਗਇਆ।ਜਿਉ ਮਰਜੀਅੜੇ ਕੀ ਨਿਆਂਈ ਟੁਭਕੀ ਬਿਰਥੀ ਗਈ।ਕਹੈ ਜੀ ਬ੍ਰਹਮੰਡ ਕੇ ਬਿਖੇ ਪਉਣ ਪਾਣੀ ਅਗਨਿ ਹੈ ਇਹ ਪਿੰਡ ਮੈ ਕਹਾਂ ਹੈ।ਕਹੇ ਜੀ ਪਿੰਡ ਮਹਿ ਸਾਸੁ ਹੈ ਸੋ ਪਉਨ ਹੈ ਅਰੁ ਜੀ ਜਿਹਬਾ ਪਾਨੀ ਹੈ। ਅਰ ਮੁਖ ਅਗਨਿ ਹੈ। ਕਹੇ ਜੀ ਬ੍ਰਹਮੰਡ ਮਹਿ ਨਾਮੁ ਨਿਰੰਜਨੁ ਹੈ। ਪਿੰਡ ਮਹਿ ਕਹਾਂ ਹੈ। ਇਸ ਪਿੰਡ ਮਹਿ ਆਤਮਾ ਨਾਮੁ ਨਿਰੰਜਨੁ ਹੈ।ਬ੍ਰਹਮਾ ਪ੍ਰਾਣ ਪਾਣੀ ਹੈ। ਬਿਸਨੁ ਪਉਣੁ ਹੈ। ਮਹਾਦੇਉ ਅਗਨਿ ਹੈ।ਕਹੇ ਜੀ ਬ੍ਰਹਮੰਡ ਮਹਿ ਤੇਤੀਸ ਕਰੋੜੀ ਦੇਵਤਾਂ ਹੈ ਪਿੰਡ ਮਹਿ ਕਹਾ ਹੈ। ਕਹੇ ਜੀ ਏਹਿ ਜੁ ਤੇਤੀਸ ਲਛਾਪ ਹੈ ਏਹੀ ਦੇਵਤੇ ਸਮਾਨ ਹੈ। ਕਹੇ ਜੀ ਬ੍ਰਹਮੰਡ ਮਹਿ ਚੰਦਰ ਸੂਰਜ ਹੈ ਅਰੁ ਚਾਂਦਨਾ ਹੈ।ਇਸ ਪਿੰਡ ਮਹਿ ਕਹਾਂ ਚਾਦਨਾ ਹੈ। ਕਹੇ ਨੇਤ੍ਰ ਚੰਦ ਸੂਰਜ ਹੈ ਇਨ ਹੀ ਕਾ ਚਾਂਦਨਾ ਹੈ। ਕਹੇ ਜੀ ਚੰਦ ਸੂਰਜ ਕੀ ਪਰਕਿਰਤਿ ਕਬਹੂੰ ਚੰਦਾਨ ਸੂਰਜ ਕਬਹੂੰ ਅੰਧਿਆਰਾ ਹੋਤਾ ਹੈ। ਇਸਕੀ ਪਰਕਿਰਤਿ ਹੈ ਜਬ ਨੇਤ੍ਰਹੁੰ ਕੇ ਸੁਭਾਉ ਕਰਿਕੈ ਜਬ ਸਮੁੰਦ੍ਰਤ

ਹੈ ਅੰਧਿਆਰਾ ਹੋਤਾ ਹੈ ਜਬ ਉਘਾੜਤਾ ਹੈ ਤਬ ਚਾਂਦਨਾ ਹੋਤਾ ਹੈ। ਕਹੇ ਜੀ ਬ੍ਰਹਮੰਡ ਕੇ ਬਿਖੇ ਦਿਨ ਰਾਤਿ ਹੈ ਪਿੰਡ ਮਹਿ ਕਹਾਂ ਹੈ। ਸੁਨੀਐ ਜੀ ਜਬ ਸੋਤਾ ਹੈ ਤਬ ਰਾਤਿ ਹੋਤੀ ਹੈ ਜਬ ਜਾਗਤਾ ਹੈ ਤਬ ਦਿਨ ਹੋਤਾ ਹੈ। ਕਹੇ ਜੀ ਬ੍ਰਹਮੰਡ ਕੇ ਬਿਖੇ ਦਰੀਆਉ ਹੈ ਪਿੰਡ ਮਹਿ ਕਹਾਂ ਹੈ। ਕਹੈ ਨਾੜੀ ਹੈ ਸੋ ਦਰੀਆਉ ਹੈ।ਚਰਨ ਕਮਲ ਹਸਤ ਕਮਲ ਨਾਭਿ ਕਮਲ ਨੈਨ ਕਮਲ। ਏਹੀ ਚਾਰੇ ਕਵਲ । ਕਹੈ ਬ੍ਰਹਮੰਡ ਕੇ ਬਿਖੇ ਅਠਸਠਿ ਤੀਰਥਿ ਹੈ ਪਿੰਡ ਮਹਿ ਕਹਾਂ ਹੈ। ਕਹੈ ਅਠਸਠਿ ਤੀਰਥਿ ਹੈ। ਕਹੈ ਬ੍ਰਹਮੰਡ ਕੇ ਬਿਖੇ ਨਰਕੁ ਸੁਰਗੁ ਹੈ ਇਸੁ ਪਿੰਡ ਮਹਿ ਕਹਾਂ ਹੈ। ਇਸ ਕਉ ਦੂਖ ਲਾਗਤਾ ਹੈ ਸੋ ਨਰਕੁ ਹੈ ਸੁਖ ਲਾਗਤਾ ਹੈ ਤਬ ਸੁਰਗੁ ਹੋਤਾ ਹੈ।

ਕਹੈ ਬ੍ਰਹਮੰਡ ਕੇ ਬਿਖੇ ਮਹਿ ਚਾਰਿ ਖਾਣੀ ਹੈ ਅੰਡਜ ਜੇਰਜ ਸੇਤਜ ਉਤਭੁਜ ਪਿੰਡ ਮਹਿ ਕਹਾਂ ਹੈ। ਕਹੇ ਜੀ ਜਬ ਹਰਖਮਾਨ ਹੋਤਾ ਹੈ ਤਬ ਹਰਖ ਖਾਨ ਹੈ। ਜਬ ਸੰਸੈ ਮਹਿ ਹੋਤਾ ਹੈ ਤਬ ਸੋਗ ਖਾਨ ਹੈ। ਜਬ ਸਗਲ ਧਰਤੀ ਮਹਿ ਉਦਾਸੁ ਹੋਤਾ ਹੈ ਤਬ ਅਤੀਤ ਖਾਨ ਹੈ। ਜਬ ਦਇਆ ਕੇ ਘਰਿ ਆਵੈ ਤਬ ਇੰਦ੍ਰੀ ਖਾਨ ਹੈ। ਏਹਿ ਚਾਰੇ ਖਾਣੀ ਹੈ। ਕਹੈ ਜੀ ਬ੍ਰਹਮੰਡ ਮਹਿ ਇਕਿ ਮਾੜ ਹੈ ਇਕ ਗਨੀਆਉ ਹੈ। ਪਿੰਡ ਮਹਿ ਕਹਾਂ ਹੈ। ਕਹੇ ਜੀ ਏਹੁ ਸੰਸੇ ਮਹਿ ਆਵਤਾ ਹੈ ਕਹਤਾ ਹੈ ਹਾਇ ਹਾਇ ਕਹਾ ਕਰਉ ਅਰੁ ਕਹਾਂ ਜਾਊਂ। ਰੁਜਗਾਰ ਨਾਹੀ ਮਿਲਿਓ ਕਾਈ ਬਾਤ ਨਾ ਹੂਈ। ਜਿਤਨੇ ਸਾਸਿ ਲੇਤਾ ਹੈ ਤਿਤਨੇ ਮਾੜੇ ਹੈਂ। ਅਰੁ ਜੇਤੇ ਅਨਹਦ ਕੇ ਘਰਿ ਆਵਤਾ ਹੈ ਅਰੁ ਕਹਤਾ ਹੈ ਜੋ ਕਿਛੂ ਕਰਤਾ ਹੈ ਸੋ ਪਰਮੇਸਰ ਕਰਤਾ ਹੈ। ਹਮਾਰੇ ਹਾਥਿ ਕਿਛੁ ਨਾਹੀ। ਪਰਮੇਸਰੁ ਦੇਵਣਹਾਰੁ ਹੈ । ਉਸ ਹੀ ਕਉ ਚਿੰਤਾ ਹੈ। ਅਨੰਦੁ ਹੈ ਥੋੜਾ ਕਿਛੁ ਨਾਹੀ ਸਭੁ ਕਿਛੁ ਬਹੁਤ ਹੈ। ਏਹਿ ਜੋ ਅਨੰਦ ਮਹਿ ਸਾਸੁ ਲੇਤਾ ਹੈ ਸੋ ਗਨੀਆਹੁ ਹੈ। ਕਹੈ ਜੀ ਬ੍ਰਹਮੰਡ ਮਹਿ ਕਈ ਉਜਾੜੀ ਹੈ ਅਰੁ ਕਈ ਬਸਤੀ ਹੈ। ਪਿੰਡ ਮਹਿ ਕਹਾਂ ਹੈ। ਕਹੈ ਜੀ ਪ੍ਰਾਨ ਪਿੰਡ ਮਹਿ ਸਭ ਕਿਛੁ ਹੈ। ਜਿਤਨਾ ਨਾ ਬੂਝੈ ਤਿਤਨੀ ਉਜਾੜਿ ਹੈ। ਜਿਤਨਾ ਸਮਝੈ ਤਿਤਨੀ ਵਸਤੀ ਹੈ। ਕਹੇ ਜੀ ਬ੍ਰਹਮੰਡ ਮਹਿ ਮੇਘ ਬਰਸਤਾ ਹੈ ਅਰੁ ਖੇਤੀਆਂ ਬੋਈਤੀਆਂ ਹੈਂ। ਏਕ ਕੀ ਜਮਤੀ ਹੈ। ਏਕ ਕੀ ਨਾਹੀ ਜਮਤੀ ਪਿੰਡ ਮਹਿ ਕਉਨ ਖੇਤੀ ਅਰੁ ਕਉਨ ਮੇਘ ਹੈ। ਸੋ ਕਉਨ ਬਾਹਤਾ ਹੈ ਕਿਸ ਕੀ ਜਮਤੀ ਹੈ ਕਿਸ ਕੀ ਨਾਂਹੀ ਜਮਤੀ ਹੈ। ਕਹੈ

ਜੀ ਪਿੰਡ ਕੈ ਬਿਖੈ ਸਚੁ ਮੇਘੁ ਹੈ ਨਾਮੁ ਖੇਤੀ ਹੈ ਅਮਲੁ ਧਰਤੀ ਹੈ ਮਨੁ ਹਾਲੀ ਹੈ ਧਰਮ ਕਾ ਨਾਉ ਹੈ ਕਰਮ ਕਾ ਬੀਜੁ ਹੈ। ਸੰਤੋਖੁ ਸੁਹਾਗਾ ਹੈ ਸੇਵਾ ਕਾ ਹਲੁ ਹੈ ਭਾਉ ਭਗਤਿ ਕਾ ਬੈਲੁ ਹੈ।ਗਰੀਬੀ ਰਾਖਾ ਹੈ ਸੰਜਮ ਕੀ ਬਾੜਿ ਹੈ ਜਉ ਐਸੀ ਖੇਤੀ ਹੋਇ ਤਉ ਐਸੀ ਜੰਮੈ। ਜਉ ਐਸੀ ਨ ਹੋਇ ਤਉ ਉਜਾੜਿ ਹੋਇ ਜਾਇ। ਏਹਿ ਖੇਤੀ ਇਸਿ ਪ੍ਰਾਨ ਪਿੰਡ ਮਹਿ ਹੈ। ਕਹੈ ਜੀ ਬ੍ਰਹਮੰਡ ਮਹਿ ਮੁਕਤਿ ਹੈ ਪਿੰਡ ਮਹਿ ਕਹਾ ਹੈ।

ਕਹੈ ਜੀ ਅੰਤਰਿ ਕੇ ਬਿਖੈ ਸੁਧੁ ਹੋਇ ਸਬੁਧਿ ਹੋਇ ਅਰੁ ਬੁਧਿਨ ਛੋੜੀਐ ਕਬੁਧਿ ਨ ਚਿਤਵਉ ਦਇਆ ਕੈ ਘਰਿ ਰਹੀਐ ਏਹੀ ਮੁਕਤਿ ਹੈ। ਕਹੈ ਜੀ ਕਿਉ ਕਰਿ ਪਾਈਐ। ਕਹੈ ਜੀ ਗੁਰ ਕਿਰਪਾ ਤੇ ਸਾਧ ਸੰਗਤਿ ਤੇ ਪਾਈਐ। ਕਹੈ ਜੀ ਬ੍ਰਹਮੰਡ ਮਹਿ ਸਿਵ ਪੁਰੀ ਬ੍ਰਹਮ ਪੁਰੀ ਬਿਸਨ ਪੁਰੀ ਦੇਵ ਪੁਰੀ ਧਰਮ ਪੁਰੀ ਇੰਦ੍ਰ ਪੁਰੀ ਹਰਿ ਚੰਦਉਰੀ ਏਹਿ ਸਪਤਿ ਪੁਰੀਆ ਹੈ ਸੋ ਪਿੰਡ ਮਹਿ ਕਹਾ ਹੈ।ਕਹੈ ਜੀ ਸੇਵਾ ਇਸ ਮਹਿ ਸਿਵ ਪੁਰੀ ਹੈ। ਗੋਬਿੰਦ ਸਿਮਰਨੁ ਇਸ ਮਹਿ ਬੈਕੁੰਠ ਪੁਰੀ ਹੈ। ਸੁਕ੍ਰਿਤੁ ਇਸ ਮਹਿ ਦੇਵ ਪੁਰੀ ਹੈ। ਨਾਚਨਾ ਗਾਵਨਾ ਬਜਾਵਨਾ ਇਸ ਮਹਿ ਇੰਦ੍ਰ ਪੁਰੀ ਹੈ। ਸੰਸਾਰ ਕੀ ਚਤੁਰਾਈ ਇਸ ਮਹਿ ਹਰਿ ਚੰਦਉਰੀ ਹੈ ਏਹ ਸਪਤਿ ਪੁਰੀਆ ਹੈਂ। ਕਹੇ ਜੀ ਬ੍ਰਹਮੰਡ ਕੈ ਬਿਖੈ ਮਾਤਾ ਪਿਤਾ ਹੈ ਭਾਈ ਬਹਨ ਹੈ ਪਿੰਡ ਮਹਿ ਕਹਾਂ ਹੈ। ਧੀਰਜੁ ਪਿਤਾ ਹੈ ਖਿਮਾ ਮਾਤਾ ਹੈ। ਸੰਜਮੁ ਭਾਈ ਹੈ ਮਾਇਆ ਬਹਨ ਹੈ ਸੇਵਾ ਇਸਤਰੀ ਹੈ ਸੀਲੁ ਪੁਤੁ ਹੈ।ਕਹੇ ਬ੍ਰਹਮੰਡ ਕੈ ਬਿਖੈ ਇਕਿ ਜਮ ਹੈ ਇਕਿ ਬੈਰੀ ਹੈ। ਇਕਿ ਮਿਤ੍ਰ ਹੈ ਪਿੰਡ ਮਹਿ ਕਹਾਂ ਹੈ। ਬਦ ਅਮਲ ਬੈਰੀ ਹੈ ਬਲੁ ਜਮੁ ਹੈ। ਕਹੇ ਜੀ ਬ੍ਰਹਮੰਡ ਕੈ ਬਿਖੈ ਪਰਮੇਸਰ ਕਾ ਟਿਕਾਣਾ ਕਉਣ ਹੈ। ਅਕਾਸ ਬਿਖੈ ਨਿਵਾਸ ਹੈ ਬੈਕੁੰਠ ਬਿਖੈ ਨਿਵਾਸੁ ਜੋਤੀ ਸਰੂਪ ਹੈ ਸੋ ਪਿੰਡ ਮਹਿ ਪ੍ਰਾਨ ਕਹਾਂ ਹੈ। ਕਹੇ ਜੀ ਪਿੰਡ ਕੈ ਬਿਖੈ ਪਰਮੇਸਰ ਕਾ ਟਿਕਾਣਾ ਸਿਰ ਬਿਖੈ ਹੈ ਦਸਵੈ ਦੁਆਰਿ। ਬਿਸਨੁ ਅਖੀ ਬਿਖੈ ਹੈ। ਜੋਤਿ ਸਾਰੀ ਦੇਹੀ ਕੈ ਬਿਖੈ ਹੈ। ਕਹੈ ਜੀ ਬ੍ਰਹਮਡ ਕੇ ਬਿਖੈ ਸਾਰੀ ਸ੍ਰਿਸਟੀ ਪਰਲਉ ਕਰੇਗਾ। ਤਬ ਸਾਰੀ ਜੋਤਿ ਆਪਿ ਮਹਿ ਸਮਾਇ ਲੇਵੈਗਾ। ਆਪਿ ਅਕਾਸ ਪੁਰਿ ਹੋਵੇਗਾ। ਇਸਿ ਪ੍ਰਾਨ ਪਿੰਡ ਕੀ ਕਿਉ ਕਰਿ ਹੋਇਗੀ। ਕਹੇ ਜੀ ਜਿਤਨੇ ਤੋਲ ਕਰਿ ਕਰਿ ਸਰੀਰੁ ਕੀਆ ਹੈ ਤਿਤਨੇ

ਤਿਆਗਿ ਪਵਨੁ ਪਾਨੀ ਖਿਚ ਕਰਿ ਕੇ ਦਸਵੈ ਦੁਆਰਿ ਰਖੀਐਗਾ ਜੀ। ਸਿਰ
ਬਿਖੈ ਜਿਤਨੀ ਬਸਤੁ ਹੈ ਸੋ ਨਿਰੰਜਨ ਕੀ ਜੋਤਿ ਬਿਖੈ ਸਮਾਇ ਜਾਤੀ ਹੈ। ਨਾ
ਬ੍ਰਹਮੰਡ ਨਾ ਖੰਡ ਨਾ ਮਿਲਨਾ ਨਾ ਜੁਦਾ।ਤਬ ਇਕਿ ਨਿਰੰਜਨ ਪੁਰਖ ਕੀ ਕਥ
ਆਦਿ ਪੁਰਬਾਲੀ ਹੈ। ਤਬ ਕਈਕੁ ਜੁਗ ਨਿਰਾਹਾਰੁ ਰਹਤਾ ਹੈ। ਤਬ ਕਈ
ਜੁਗ ਓਅੰਕਾਰਿ ਮੈ ਰਹਤਾ ਹੈ। ਤਬ ਓਅੰਕਾਰੁ ਮਥਿਆ ਤਬ ਗਗਨੁ ਫੁਟਾ
ਅਪਨੇ ਧੀਰਜ ਤੇ ਧਰਤੀ ਤਬ ਸਾਜੀ। ਅਪਨੇ ਅਕਾਰ ਤੇ ਅਕਾਸੁ ਸਾਜਿਆ
ਪ੍ਰਾਨ ਤੇ ਪਵਨੁ ਨਿਕਾਲਿਆ। ਅੰਤਰਿ ਤੇਰੀ ਜੋਤਿ ਅਗਨਿ ਨਿਕਾਲਿਆ। ਅੰਤਰਿ
ਤੇਰੀ ਜੋਤਿ ਅਗਨਿ ਨਿਰਾਲੀ ਹੈ। ਮਨਸਾ ਤੇ ਦੇਵੀ ਨਿਕਾਲੀ ਹੈ। ਜੁਗਾ ਤੇ ਤੀਨ
ਬ੍ਰਹਮ ਬਿਸਨੁ ਮਹਾ ਦੇਉ ਕੀਏ। ਤੀਨਿ ਦੇਵ ਕੇ ਬੈਠਨੇ ਕਉ ਏਕੁ ਮਹਲੁ ਕੀਆ
ਹੈ ਜੀ। ਉਨ ਕੀ ਨਿਬਾਹੀਐ ਜੀ। ਊਭ ਮਧਿ ਪਇਆਲੁ ਹੈ। ਤੀਨਿ ਛਤ੍ਰ ਮਧਿ
ਪਵਨ ਕਾ ਥੰਭ ਦੀਆ ਹੈ ਜੀ। ਪਵਨ ਕਾ ਛਤ੍ਰ ਕੀਆ ਦੀਆ ਕਾ ਗਗਨੁ ਕੀਆ
ਹੈ। ਸੰਤੋਖ ਕੀ ਇਟ ਲਗਾਈ ਆਪਣੀ ਜੋਤਿ ਤੇ ਚਉਰਾਸੀ ਲਖ ਚਾਰਿ ਠਉਰਿ
ਕੀਏ। ਜੋ ਚਾਰਿ ਖਾਣੀ ਜੀ ॥੧॥ ਧਿਆਉ ਸੰਪੂਰਣ ਹੋਇਆ।

ਸਤਿਗੁਰ ਪ੍ਰਸਾਦਿ ਵਾਹਗੁਰੂ ਕੇ ਮਥੰਤ ਕਾ ਧਿਆਉ ॥ ਮਹਲਾ ੧ ॥
ਆਦਿ ਅੰਤਿ ਮਧ ਨਿਰੰਕਾਰਾ। ਦੂਸਰ ਅਵਰੁ ਨ ਕਰਨੈਹਾਰਾ। ਨਿਰੰਕਾਰ ਹੈ
ਆਪ ਹੀ ਆਪਿ।ਤਦਿ ਨਾ ਕੁਛ ਮਹਰਿ ਨਹੀ ਕੁਛ ਛਪਾਏ। ਏਕ ਸੌ ਤਿਤਾਲੀਸ
ਜੁਗ ਵਰਤਾਏ। ਤੇ ਵਾਹਗੁਰੂ ਆਗੇ ਤੇ ਆਏ। ਧੁੰਧੂਕਾਰੁ ਮਹਿ ਪ੍ਰਗਟ ਭਇਆ
ਨਉ ਨਉ ਜੁਗ ਕਾ ਮੇਲੁ ਤਬ ਕੀਆ।ਹਰਿ ਸਿਮਰਨ ਏਕੋ ਅਧਾਰ।।ਤਬ ਵਾਹਗੁਰੂ
ਪ੍ਰਗਟੇ ਸੰਸਾਰਾ। ਏਕ ਅਖਰ ਕੀ ਜੁਗਤਿ ਬਤਾਈ। ਨਾਨਕ ਜੁਗਤਿ ਬਹੰਗਮ
ਪਾਈ॥੧॥ਭਇਆ ਪਰਗਾਸ ਵਾਹ ਵਾਹ ਕਰੈ। ਕਵਨ ਜੁਗਤਿ ਵਾਵਾ ਨਿਸਤਰੈ।
ਏਕ ਅਖਰ ਕੀਆ ਬੀਚਾਰਾ। ਸੁੰਨਿ ਮੰਡਲ ਆਪੇ ਨਿਰੰਕਾਰ। ਤਬਿ ਧਿਆਨੁ
ਲਗਾਇਆ ਅਪਰੰਪਰ ਬੀਚਾਰ।।ਸੁਰਗੰਧਤ ਕਾ ਤਬ ਕੀਆ ਅਹਾਰ।ਹੂਆ ਅਹਾਰ
ਤ੍ਰਿਪਤੇ ਬਿਚਾਰੁ। ਨਾਨਕ ਜੁਗਤਿ ਬਿਹੰਗਮ ਸਾਰੁ ॥੨॥ ਏਕ ਅਛਰ ਕਾ ਕੀਆ
ਬਖਾਨੁ। ਸੁਰਤਿ ਜੋਤਿ ਮਨ ਮਾਹਿ ਸਮਾਨ। ਇਸ ਕਾ ਜਨਮੁ ਬਤਾਵੈ ਕੋਈ।
ਨਿਰਮਲ ਮੰਤੁ ਸਦਾ ਸਤਿ ਹੋਈ॥ ਮਾਤ ਪਿਤਾ ਬਿਨ ਪ੍ਰਗਟੇ ਨਾਹੀ। ਇਹੁ ਮੰਤ੍ਰ

ਹੈ ਗੁਹਜਿ ਬਾਣੀ। ਇਹ ਮੰਤਤੁ ਜਾਨੈ ਜੇ ਕੋਈ। ਬਿਨਾ ਜਪੇ ਤਿਸਕੀ ਗਤਿ ਕਿਉ ਹੋਇ। ਸ੍ਰਵਨ ਧਿਆਨ ਰਹੈ ਲਿਵ ਲਾਇ। ਨਾਨਕ ਵਾਵੇ ਕਾ ਜਨਮੁ ਬਤਾਇ॥ ੩ ॥ ਅਗਮ ਪੰਥ ਬਤਾਵੈ ਕੋਈ। ਫਿਰਿ ਹਾਹੈ ਕੀ ਕੀਮਤਿ ਹੋਈ। ਅਧਕ ਜੋਤਿ ਰਹੈ ਲਿਵ ਲਾਇ । ਅਧਕ ਥਾਨ ਪ੍ਰਭ ਰਹੇ ਸਮਾਇ। ਹਾਹੇ ਕਉ ਪਾਤਾਲ ਤੇ ਸਦਾਇਆ। ਪਾਤਾਲ ਪੁਰੀ ਤੇ ਹਾਹਾ ਆਇਆ। ਤਿਸੁ ਹਾਹੇ ਕਾ ਕਰਹੁ ਬਖਾਨ। ਕਵਨ ਜੁਗਤਿ ਤੇ ਹਾਹਾ ਪਰਵਾਨ । ਧਿਆਨ ਬਹੇ ਕੇ ਕਰੇ ਬਖਾਨ। ਤਉ ਨਾਨਕ ਵਾਹ ਵਾਹ ਪਰਵਾਨ॥੪॥ ਨਉ ਜੁਗ ਧਿਆਨੁ ਲਗਾਇਆ ਨੀਕਾ। ਅਠਾਰਹਿ ਜੁਗ ਮਹਿ ਨ ਤਪਹੂਤਾ। ਤਬਿ ਅਹਾਰੁ ਕਵਨ ਭਾਂਤ ਕਾ ਹੋਈ। ਬਿਦਿਆ ਅਹਾਰੁ ਕਰੇ ਜਨੁ ਸੋਈ। ਤਬ ਮਨੁ ਤ੍ਰਿਪਤਿ ਰਹੈ ਅਘਾਇ। ਤਬ ਵਾਹ ਵਾਹ ਕੀ ਤਾੜੀ ਲਾਇ। ਅਠਾਰਹਿ ਜੁਗ ਨਿਰਮਲੁ ਹੋਇ ਰਹੇ। ਅਵਰ ਧਿਆਨੁ ਤਬਿ ਕਿਛੁ ਨ ਗਏ। ਮਨੁ ਤ੍ਰਿਪਤੇ ਸੁਖਮਨਿ ਅਸਥਾਨ। ਤਬ ਨਾਨਕ ਵਾਹ ਵਾਹ ਪਰਵਾਨ ॥ ੫ ॥ ਫੇਰਿ ਧਿਆਨ ਕੀ ਜੁਗਤਿ ਬਤਾਈ। ਧਰਤੀ ਛੋਡਿ ਅਕਾਸ ਕੋ ਧਾਈ। ਗਰਜੈ ਗਾਗਾ ਗਗਨ ਪੁਰ ਜਾਇਆ। ਗਾਗੇ ਕਉ ਪ੍ਰਭ ਗਗਨ ਸਦਾਇਆ। ਗਰਜ ਗਰਜ ਗਰਜੈ ਸੰਤੋਖੁ। ਮਨੁ ਨਿਰਮਲੁ ਮੁਖਿ ਅੰਮ੍ਰਿਤੁ ਹੋਗੁ। ਹਰਿ ਬਿਨੁ ਦੂਜਾ ਅਵਰੁ ਨ ਕੋਈ । ਗਾਗਾ ਉਪਜੇ ਤਉ ਸੁਖੁ ਹੋਈ। ਗਾਗੇ ਕਾ ਜੋ ਜਨਮੁ ਬਤਾਵੈ। ਉਆ ਕੀ ਚਰਨੀਂ ਨਾਨਕੁ ਆਵੈ॥੬॥ ਗਰਜੇ ਜੁਗਤਿ ਕਹੁ ਬੀਚਾਰੁ। ਕਵਨ ਜੁਗਤਿ ਕਾ ਹੂਆ ਅਹਾਰੁ। ਗਿਆਨ ਮੁਖ ਮਹਿ ਸੁੰਨਿ ਅਸਥਾਨੁ। ਅਹਾਰ ਕਰਤਾ ਪ੍ਰਭ ਸੁੰਨਿ ਸਮਾਨ। ਇਹੁ ਆਹਾਰੁ ਗਾਗੇ ਕਾ ਹੋਇਆ। ਉਪਦੇਸ ਜੁਗਤਿ ਤੇ ਗਗਾ ਹੋਇਆ। ਜੋ ਉਪਜੇ ਸੋ ਸਦਾ ਨਿਰਮਾਇਆ। ਸਤਾਈਸਿ ਜੁਗ ਮਹਿ ਮਿਹਨਤ ਕੀਨੀ। ਤਬ ਗਗੇ ਕੀ ਜੁਗਤਿ ਚੀਨੀ। ਤੀਨ ਅਖਰ ਤੇ ਕੀਆ ਸੰਸਾਰੁ। ਨਾਨਕ ਅੰਤੁ ਨ ਪਾਰਾਵਾਰੁ ॥ ੭ ॥ ਅਪਨੇ ਰੂਪ ਤੇ ਰਾਰਾ ਕੀਆ । ਕਵਨ ਧਿਆਨ ਤੇ ਰਾਰਾ ਹੂਆ। ਨਉ ਜੁਗ ਤਾੜੀ ਰਹਿਓ ਸਮਾਇ। ਰਾਰਾ ਰੰਗਿ ਕਰੇ ਬਹੁ ਭਾਇ। ਮਨੁ ਖੋਜੇ ਰਾਰਾ ਬੀਚਾਰ। ਸੁੰਨਿ ਮੰਡਲ ਮਹਿ ਕਵਨ ਅਹਾਰ। ਤਬ ਰਾਰੇ ਕਾ ਥਾਨੁ ਬਤਾਇਆ। ਤੀਨ ਭਾਂਤ ਤੇ ਰਾਰਾ ਆਇਆ। ਰਸਨ ਰੂਪਦ੍ਰਿਸਟ ਅਰੁ ਜੀਆ। ਚੇਤਨ ਨਾਮੁ ਅਹਾਰ ਮੁਖਿ ਦੀਆ। ਚਾਰਿ ਅਖਰ ਤੇ ਭਇਆ

ਪਰਗਾਸ। ਹਰਿ ਸਿਮਰਹਿ ਨਾਨਕ ਹਰਿ ਦਾਸ॥੮॥ ਸਗਲ ਦੇਹਿ ਕਉ ਖੋ
ਬੀਚਾਰੀ। ਛਤੀ ਜੁਗ ਲਗਾਈ ਤਾੜੀ । ਇਹ ਮਤੰਤੁ ਤਥਿ ਅਵਰੁ ਨ ਕੀਆ
ਤਬ ਵਾਹਿਗੁਰੂ ਸੰਪੂਰਨ ਥੀਆ। ਛਤੀ ਜੁਗ ਰਹੈ ਨਿਰਬਾਨ।ਤਦ ਨ ਕੁਛੁ ਪੀਵ
ਨਾ ਕੁਛੁ ਖਾਨ। ਸਦਾ ਰੂਪ ਰਹੈ ਲਿਵਲਾਇ । ਠਾਕੁਰ ਕਵਨ ਵਰਨ ਦੇ
ਦਿਖਾਇ। ਸੇਤ ਰੰਗ ਫਿਰਿ ਨਾ ਦੇਹਿ ਨ ਖਾਈ । ਸਿਆਮ ਰੰਗ ਮਹਿ ਮੂਰ
ਆਈ। ਪ੍ਰੀਤ ਰੰਗ ਮਹਿ ਦਰਸਨੁ ਪਰਤੱਖਾ। ਜਨ ਨਾਨਕ ਅਚਰਜ ਰੂਪ ਨੈ
ਮਹਿ ਦੇਖਾ॥੯॥ ਸਹੰਸਰ ਨਾਮ ਕਾ ਮਰਮੁ ਬਤਾਇਆ। ਤਬ ਵਾਹਗੁਰੂ ਸਭ ਜੁ
ਪ੍ਰਗਟਾਇਆ। ਤਬ ਵਾਹਿਗੁਰੂ ਕਾ ਮੰਤ੍ਰ ਜਪੁ ਨੀਕਾ। ਚਹੁ ਅਖਰਾਂ ਮਹਿ ਨਿਰਮ
ਗੀਤਾ। ਜਿਨ ਸੁਨਿਆ ਤੇ ਪਾਰਗਿਰਾਮੀ। ਜੋ ਜਪੈ ਸੋ ਅੰਤਰਜਾਮੀ। ਜੋ ਚ
ਅਖਰਾ ਭੇਦੁ ਬਤਾਵੈ। ਕਵਨੁ ਧਿਆਨ ਜਬ ਤਾੜੀ ਲਾਵੈ। ਤਬ ਵਾਹਗੁਰੂ ਕ
ਜਾਨੈ ਕੋਈ। ਤਿਸ ਮਹਿ ਮੈਲੁ ਨ ਰਤੀ ਹੋਈ। ਨਾ ਤਦ ਧਰਤੀ ਨਾ ਆਕਾਸ
ਨਾ ਤਦ ਰੂਪ ਰੰਗ ਕਾ ਬਾਸ। ਸੁੰਨ ਮੰਡਲ ਮਹਿ ਰੂਪ ਨਹੀ ਕੋਈ। ਸਿਧਿ ਤ
ਨਾਥੁ ਨਹੀ ਹੋਈ। ਏਕੋ ਕਰਤਾ ਆਪੇ ਆਪ। ਮੁਹਰ ਛਾਪ ਨਾਨਕ ਕੇ ਹਾਥ
੧੦॥ ਸੋ ਸੇਵਕੁ ਜੋ ਨਿਰਮਲੁ ਹੋਇ ਰਹੇ। ਤਥਿ ਨਾਨਕ ਕਰਤਾ ਏਕੋ ਕਹੈ।ਹ
ਸਿਮਰਨ ਨਾਨਕ ਕਹਿ ਬੀਚਾਰ। ਤਬ ਵਾਹਗੁਰੂ ਜਪਤੇ ਸੰਸਾਰ।ਦਸ ਦੁਆ
ਦਸੈ ਅਸਥਾਨ। ਅਸੰਖ ਲੋਇ ਤ੍ਰਿਭਵਨ ਸੁਖਮਾਨ। ਏਕਸ ਤੇ ਉਨਤਾਲੀਸ ਜੁ
ਵਰਤਾਏ। ਤਿਨ ਕੇ ਨਾਮ ਫਿਰ ਗਨੇ ਨ ਆਏ। ਸੁੰਦਰ ਰੂਪ ਕਨਕ ਨਹੀ ਭੇਦੁ
ਅਛਲ ਛਲੈ ਮਾਇਆ ਨਹੀ ਹੇਤੁ। ਜੇ ਚਹੁ ਅਖਰਾਂ ਕਾ ਕਰੇ ਬਿਬੇਕ। ਸਰ
ਗੁਣਾਂ ਕਾ ਦਾਤਾ ਏਕੁ। ਜੇ ਚਹੁ ਅਖਰਾਂ ਕਾ ਜਨਮੁ ਬਤਾਵੈ।ਧਿਆਨ ਰੂਪੁ ਅੰਤਿ
ਗਤਿ ਪਾਵੈ। ਨਾਨਕ ਤਥਿ ਵਾਹਗੁਰੂ ਪਰਵਾਨ। ਤੇ ਵਾਹਗੁਰੂ ਕਾ ਮੰਤ੍ਰ ਬਖਾਨ
ਪ੍ਰਭ ਕੀ ਭਗਤਿ ਚ ਲਾਵੈ ਧਿਆਨ। ਪੰਖੀ ਕੇ ਜਬ ਹੋਇ ਸਮਾਨ। ਮਨਿ
ਮਾਰਗਿ ਪਾਵੈ ਜੇ ਕੋਈ। ਤਬ ਸੁੰਨਿ ਸਰੋਵਰ ਸੁਰਤਿ ਨਹੀ ਤ੍ਰਿਹੁ ਲੋਈ।ਨਿਰੰਕਾ
ਪਰਤਖ ਸਿਮਾਨਾ। ਤਉ ਨਾਨਕ ਤਾਂ ਏਕੋ ਜਾਨਾ॥ ੧੧॥ ਸਦਾ ਰੂਪ ਰਹੇ ਨਿ
ਨੀਤ। ਵਾਹਗੁਰੂ ਜਬ ਪਾਏ ਮੀਤ। ਸਬਦਿ ਮੁਖ ਅਖਰ ਪਰਵਾਨ। ਛਤੀਹ ਜੁ
ਲਗਾਇਆ ਧਿਆਨ। ਸਗਲ ਸਮਗਰੀ ਏਕਸ ਮਹਿ ਕਰੀ । ਪਿਛਲੇ ਸੰਧਿ

ਆਗੇ ਭਈ ਹਰੀ। ਤਹਾਂ ਵਾਹਗੁਰੂ ਕਾ ਵਡਾ ਮੰਤ੍ਰ।ਇਸਕਾ ਕਿਨਹੁ ਨ ਪਾਇਆ ਅੰਤ। ਕਹਤਾ ਨਾਨਕ ਏਕੋ ਭਇਆ। ਤਬ ਵਾਹਗੁਰੂ ਸਭਿ ਜਗੁ ਪ੍ਰਗਟਇਆ। ਨਿਸਿ ਦਿਨ ਤਰਨਿ ਆਇਆ ਸਦਾ ਬਿਹੰਗਮ ਰਹੈ ਲਿਵ ਲਾਇ। ਤਬਿ ਨਾਨਕ ਅੰਮ੍ਰਿਤ ਫਲ ਫਲਿਆ ਪਾਇਆ ਖਾਇ॥ ੧੨॥

੧ ਓ ਸਤਿਗੁਰ ਪ੍ਰਸਾਦਿ॥

ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਮਃ ੧ ਪ੍ਰਾਣ ਸੰਗਲੀ॥

ਪ੍ਰਾਨ ਪਿੰਡ ਕਾ ਬੰਧੇਜੁ। ਗੁਹਜੀ ਬਾਣੀ। ਸਲੋਕੁ॥ ਰਾਗੁ ਰਾਮਕਲੀ॥

ਆਤਨ ਪਰਬੋਧੁ ਤਤੁ ਅਗਮੁ ਬੀਚਾਰੁ।ਪਰਮਾਰਥੁ ਪ੍ਰਾਣ ਸੰਗਲੀ ਗਿਆਨ ਬਿਬੇਕੁ ਅਪਾਰੁ। ਅਗਮੁ ਖਾਣੀ ਅਗਮੁ ਗੁਰ ਗਿਆਨੁ। ਆਦਿ ਅੰਤ ਜਪਿ ਏਕੋ ਧਿਆਨੁ॥ ੧॥ ਓਨਮ ਆਦਿ ਸੁੰਨ ਆਪਾਰੰ। ਗਗਨਿ ਉਤਪਤਿ ਤੇ ਪਵਨ ਨਿਰਾਰੰ। ਪਵਨੁ ਉਤਪਤਿ ਤੇ ਜਲ ਬਿੰਬ ਅਕਾਰੰ। ਸਰਬ ਨਿਰੰਤਰਿ ਅਲਖ ਅਨੂਪ ਪਸਾਰੰ। ਸੁਰਤਿ ਸਬਦਿ ਧੁਨਿ ਓਅੰਕਾਰੰ। ਆਦਿ ਅਨੂਪ ਪ੍ਰਾਣ ਆਧਾਰੰ ॥੧॥ ਐਸਾ ਅਲਖੁ ਆਪਾਰ ਨਿਰਾਲਾ। ਸੋ ਅਮਰੁ ਅਡੋਲ ਸਰਬ ਸਿਰਿ ਕਾਲਾ ॥ ਰਹਾਉ॥ ਸੁੰਨਹੁ ਸਬਦੁ ਉਠੈ ਝਨਕਾਰਾ। ਸੁੰਨਿ ਸਬਦਿ ਤੇ ਓਅੰਕਾਰਾ। ਸੁੰਨਿ ਸਬਦਿ ਤੇ ਪਵਨੁ ਬਿਚਾਰਾ। ਸੁੰਨਿ ਸਬਦਿ ਤੇ ਅਗਨੀ ਚਾਰਾ। ਓਅੰਕਾਰ ਲੈ ਬ੍ਰਹਮਾ ਭਇਆ। ਦੇਵੀ ਦੇਵ ਉਪੰਨੇ ਮਇਆ॥ ੨॥ ਜੀਅ ਜੋਤਿ ਘਟਿ ਘਟਹਿ ਸਮਾਨਾ। ਕੂਚੁ ਮੁਕਾਮੁ ਹੁਕਮੁ ਨੀਸਾਨਾ। ਸੋ ਆਦਿ ਜੁਗਾਦੀ ਅਬਗਤੁ ਭਇਆ। ਸੋ ਅਕੁਲ ਅਲੇਖੁ ਸਦਾ ਥਿਰ ਰਹਿਆ। ਸੋਗੁ ਬਿਜੋਗੁ ਨ ਤਿਸੁ ਕਦੇ ਸੋ ਨਾਇਕ ਨਾਥੁ ਅਪਾਰੁ। ਅਦ੍ਰਿਸਟੁ ਅਲਿਪਤੁ ਅਲੇਖੁ ਸੋ ਤਾਕਾ ਕਥਨੁ ਨ ਪਾਰਾਵਾਰੁ। ਘਟਿ ਘਟਿ ਬੈਸਿ ਨ ਦੀਸਈ ਜਹਾਂ ਦੇਖਾਂ ਤਹ ਸੋਇ। ਜਿਨਿ ਕਰਿ ਬੀਚਾਰੁ ਜਗੁ ਥਾਪਿਆ ਓਹੁ ਮਰੇ ਨ ਬੂਢਾ ਹੋਇ॥੩॥ਅਪਰੰ ਪੁਰਖੁ ਅਪਾਰੁ ਸੋ ਬ੍ਰਹਮ ਵਿਧਾਤਾ ਰਾਇ। ਅਦ੍ਰਿਸਟ ਅਲਿਪਤੁ ਅਲੇਖੁ ਸੋ ਅਲਖੁ ਲਖਣਾ ਜਾਇ। ਉਹੁ ਨਾਰਿ ਨ ਪੁਰਖੁ ਨ ਜਾਤਿ ਤਿਸੁ ਸਿਰਿ ਨਾਹੀ ਕਾਲੁ। ਸੁਪਨੇ ਬਾਜੀ ਜਗੁ ਕੀਆ ਸਿਰਿ ਸਿਰਿ ਮਾਇਆ ਜਾਲੁ। ਗਤਿ ਮਿਤਿ ਬੇਦੁ ਨ ਪਾਵਹੀ ਬੇਦੁ ਕਤੇਬਾਂ ਨਾਹਿ। ਪੜਿ

ਪੁਸਤਕੁ ਅੰਤੁ ਨ ਪਾਈਐ ਸਿਧ ਸਾਧਕ ਤਿਣ ਗਾਹਿ ॥ ੪ ॥ ਬੇਦ ਕਤੇਬਾ ਪਾਪ
ਹੇ ਤੈ ਗੁਣ ਕਥਿ ਬਿਸਥਾਰੁ। ਅੰਤੁ ਨ ਪਾਵੈ ਬਪੁੜੇ ਉਹੁ ਊਚਾ ਅਗਮੁ ਅਪਾਰੁ।
ਓਹੁ ਆਦਿ ਪੁਰਖੁ ਅਪਰੰਪਰੋ ਤਿਸੁ ਹਾਥਿਨਾਹੀ ਨਾ ਪਾਰੁ।ਚਹੁ ਜੁਗਾਂ ਸਾਲਾਹਿਆ
ਕੀਮਤਿ ਕਿਨੈ ਨ ਪਾਇ। ਸੋ ਸਤਿ ਅਲਖੁ ਲਖਾਇਆ ਘਟਿ ਘਟਿ ਰਹਿਆ
ਸਮਾਇ॥੫॥ ਸਿਵ ਸਨਕਾਦਿ ਬ੍ਰਹਮਾਦਿਕਾ ਇੰਦ੍ਰਾਦਿਕ ਮੁਨਿ ਦੇਵ। ਸਨਕਾਦਿਕ
ਜਨਕਾਦਿਕਾ ਹਰਿ ਚਰਣ ਸਾਧ ਗੁਰ ਸੇਵ। ਸੁਰ ਨਰ ਮੁਨਿ ਵਰ ਸੁਕ ਬਿਆਸ
ਬ੍ਰਹਮੇ ਬਿਸਨ ਮਹੇਸ। ਅੰਤ ਨ ਪਾਵਹਿ ਬਪੁੜੇ ਅਪਰੰਪਰ ਪੁਰਖ ਅਲੇਖ
ਕਿਲ ਵਿਖ ਹੰਤਾ ਗੁਣ ਨਿਧਾਨ ਸੁਰਨਰ ਦੇਵ ਅਪਾਰ। ਪ੍ਰਾਣ ਪੁਰਖ ਪੁਰਖੋਤਮ
ਉਤਭੁਜ ਚਲਿਤ ਨਿਹਾਰੁ ॥ ੬ ॥ ਬ੍ਰਹਮਾ ਬਿਸ਼ਨੁ ਮਹੇਸੁ ਮੁਨਿ ਕਵਲਾ ਕੰਤੁ
ਮੁਰਾਰਿ। ਨ ਕਿਰਤੁ ਲਖਿਆ ਰਚਨ ਰਚਾਇਆ ਤ੍ਰੈ ਗੁਣ ਕਰਿ ਬਿਸਥਾਰੁ । ਸੋ
ਆਦਿ ਨਿਰੰਜਨੁ ਤ੍ਰਿਭਵਣ ਧਨੀ ਘਟਿ ਘਟਿ ਰਹਤੁ ਨਿਰਾਰੁ।ਗਿਆਨੀ ਧਿਆਨੀ
ਕਥਿ ਰਹੇ ਅੰਤੁ ਨ ਪਾਰਾਵਾਰੁ।ਆਪੇ ਆਪੁ ਉਪਾਇ ਕਰਿ ਬ੍ਰਹਮ ਕਵਲੁ ਪ੍ਰਗਾਸ
ਨਾਨਕ ਸਰਬੈ ਰਵਿ ਰਹਿਆ ਉਰਧ ਕਵਲ ਬਿਗਾਸੁ ॥ ੭ ॥ ਦੁਇ ਪੁੜ ਜੋੜਿ
ਵਿਛੋੜਿਆ ਧਰਤਿ ਕੀਆ ਆਕਾਸੁ। ਆਪੇ ਕਰਣ ਸਮਰਥੁ ਹੈ ਆਪ ਉਪੰਨਿ
ਤਾਸੁ। ਖੰਡ ਦੀਪ ਕਈ ਲੋਅ ਕਰਿ ਗਗਨੁ ਮੰਡਲ ਪਾਤਾਲ । ਸਰਬ ਨਿਰੰਤਰਿ
ਏਕੁ ਤੂੰ ਅਬਿਨਾਸੀ ਅਬ ਦਾਲ। ਕਰੇ ਕਰਾਵੈ ਕਰਮੁ ਸਭ ਕਰਿ ਕਰਿ ਵੇਖੈ ਸੋਇ
ਨਾਨਕ ਏਕੋ ਰਵਿ ਰਹਿਆ ਅਵਰੁ ਨ ਦੂਜਾ ਕੋਇ ॥ ੮ ॥ ਜਲ ਬਿੰਬੁ ਅਪਾਰੁ
ਘੋਰੁ ਤਹ ਕੀਓ ਚਰਿਤ ਆਪਾਰ। ਸਿਵ ਸਕਤੀ ਘਰਿ ਅਵਤਰੇ ਰਕਤ ਬਿੰਦੁ
ਆਕਾਰੁ। ਚੰਦੁ ਸੂਰਜੁ ਦੁਇ ਸਾਖੀਆਂ ਕਰਿ ਨਿਰਮਲ ਜੋਤਿ ਉਜੀਆਰ । ਕਰਿ
ਕਰਿ ਵੇਖੈ ਸੋ ਪਾਤਿਸਾਹੁ ਸੁਰਗ ਨਰਕ ਪਾਤਾਲ। ਕਿਰਤੁ ਨ ਜਾਈ ਮੇਟਿਆ ਜੋ
ਲਿਖਿਆ ਸੋ ਨਾਲਿ। ਆਪੇ ਕਹਿ ਬੂਝੇ ਸੁਨੈ ਆਪੇ ਕਰੇ ਵੀਚਾਰੁ। ਨਾਨਕ ਦੂਜਾ
ਕੋ ਨਹੀ ਸਿਰਿ ਸਿਰਿ ਸਿਰਜਨਹਾਰ ॥੯॥ ਪ੍ਰਾਨ ਮੁਕਤਿ ਪ੍ਰਾਪਤਿ ਗੁਰ ਗਿਆਨ।
ਗਿਆਨੁ ਧਿਆਨੁ ਗੁਰ ਸਬਦੁ ਪਛਾਨੁ। ਅਕੁਲ ਅਬਿਨਾਸੀ ਕਰਨੈ ਹਾਰੁ।
ਅਕਥ ਕਥਾ ਅਗਮ ਬੀਚਾਰੁ। ਘਟਿ ਘਟਿ ਆਦਿ ਅਦ੍ਰਿਸਟ ਸਬਾਇਆ। ਆਪਿ
ਕਰਿ ਵੇਖੈ ਜਗੁ ਕਿਰਤੁ ਉਪਾਇਆ ॥ ੧੦ ॥ ਜਹਾ ਦੇਖਾ ਤਹਾ ਤੇਰਾ ਖੇਲੁ।

ਪਉਣੁ ਪਾਣੀ ਅਗਨੀ ਕਾ ਮੇਲੁ । ਇਸੁ ਦੇਹੀ ਮਹਿ ਅਲਖੁ ਸਮਾਣਾ। ਬੂਝਹੁ ਗੁਰ ਗਿਆਨੀ ਇਹੁ ਪਦੁ ਨਿਰਬਾਣਾ। ਤ੍ਰੈ ਬਿਧਿ ਉਪਰ ਸੋ ਬ੍ਰਹਮ ਗਿਆਨੀ। ਨਾਨਕ ਬੂਝੀਅਲੇ ਇਹ ਅਕਥ ਕਹਾਨੀ ॥੧੧॥ ਸੋ ਆਦਿ ਪੁਰਖੁ ਅਵਗਤੁ ਸੁਜਾਨ। ਜਿਨਿ ਜਗੁ ਥਾਪਿਆ ਚਲਿਤੁ ਵਿਡਾਨੁ । ਪੰਚ ਤਤੁ ਲੈ ਇਹੁ ਘਟਿ ਥਾਪ। ਜੋ ਕਿਛੁ ਕੀਨੋ ਸੁ ਆਪੇ ਆਪਿ। ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ। ਪੰਚਿ ਮਿਲੈ ਜੀਉ ਜੋਤਿ ਪਰਗਾਸਾ। ਸੋਹੰ ਆਦਿ ਨਿਰੰਜਨੁ ਸੋਈ। ਨਾਨਕ ਅਵਰ ਨ ਦੂਜਾ ਕੋਈ ॥ ੧੨ ॥ ਦੁਇ ਮਿਲਿ ਜਗਤੁ ਉਪਾਇਆ ਮਾਤ ਪਿਤਾ ਹੇਤੁ ਮਿਲਾਇ। ਜੋ ਉਪਜੈ ਸੋ ਬਿਨਸਸੀ ਕਿਰਤੁ ਨ ਮੇਟਿਆ ਜਾਇ। ਗਰਭ ਵਾਸਿ ਮਹਿ ਆਇਓ ਚੰਚਲੁ ਕਰ ਸੰਜੋਗੁ। ਸਿਵ ਸਕਤੀ ਘਰਿ ਆਇਓ ਪੰਚਿ ਅਗਨਿ ਤਨਿ ਰੋਗੁ। ਜੀਉ ਜੋਤਿ ਪਵਨ ਮਿਲੈ ਮਾਤ ਪਿਤਾ ਰਸ ਭੋਗ। ਨਾਨਕ ਸਰਨਿ ਅਪਾਰ ਕੀ ਕਾਟਹਿ ਸੋਗ ਬਿਜੋਗੁ ॥੧੩॥ ਸਾਗਰ ਮਹਿ ਬੂੰਦ ਕੀਓ ਬਿਸਥਾਰੁ। ਤਾਕਾ ਕੋਇ ਨ ਪਾਵੈ ਪਾਰੁ। ਵਰਨ ਜਾਤਿ ਕੁਲੁ ਕਿਆ ਤਿਸੁ ਕਹੀਐ। ਜਿਨਿ ਕਰਿ ਦੇਖਿਆ ਸੋ ਅਬਿਨਾਸੀ ਗੁਰ ਕੀ ਮਤਿ ਲਹੀਐ। ਸਾਸੁ ਸਾਸੁ ਤਨੁ ਧਨੁ ਸਭ ਤਾਕਉ। ਸੋ ਅਲਖੁ ਪੁਰਖੁ ਅਪਰੰਪਰ ਸਾਕਉ ॥੧੪॥ ਸਾਠ ਦਿਨਸ ਮਹਿ ਪਿੰਡੁ ਭਇਆ ਰਕਤੁ ਬਿੰਦੁ ਜੀਉ ਪਾਇ । ਪਵਨੁ ਮਾਇਆ ਅਕਾਰੁ ਹੈ ਜਬ ਪਵਨਾ ਤਬ ਦੇਹਿ। ਜਬ ਦੇਹਿ ਛੋਡਿ ਪਵਨਾ ਚਲੈ ਤਬ ਭਸਮੁ ਭਇਆ ਤਨੁ ਖੇਹਿ। ਸਰਬਾ ਊਪਰਿ ਹੁਕਮੁ ਹੈ ਸਰਬ ਨਿਰੰਤਰਿ ਸੋਇ। ਨਾਨਕ ਮਨ ਤਨ ਪ੍ਰਭਿ ਬਸੈ ਅੰਤਿ ਸਹਾਈ ਹੋਇ ॥੧੫॥ ਕਰੈ ਕਰਾਵੈ ਕਰਨੈਹਾਰੁ। ਕਰਿ ਕਰਿ ਵੇਖੈ ਸਿਰਜਨਹਾਰੁ। ਆਨੰਦ ਰੂਪੁ ਆਨੂਪੁ ਆਪਾਰਾ। ਕੀਤੇ ਕਾ ਨਾਹੀ ਕੁਛ ਚਾਰਾ। ਚੇਤਨਾ ਸੁਖੀ ਸਦਾ ਦਰਿ ਸੁਖੀ। ਅਚੇਤ ਪਿੰਡੁ ਨਾਨਕ ਦਰਿ ਦੁਖੀ ॥੧੬॥ ਤੀਨ ਚਾਰ ਮਾਸ ਉਦਰ ਮਹਿ ਭਏ ਚਕ੍ਰ ਧਾਰੇ ਸਰਬ ਸਰੀਰੁ ਅਕਾਰੁ।ਖਾਨ ਪਾਨ ਤਬਿ ਨਾਹਿ ਕਿਛੁ ਅਪਿਉ ਪਵਨੁ ਅਹਾਰੁ। ਸੁਖ ਦੁਖ ਕੀ ਸਾਰ ਨ ਜਾਣਈ ਹਰਖੁ ਸੋਗੁ ਤਿਸੁ ਨਾਹਿ। ਪਾਪੁ ਪੁੰਨੁ ਨਹੀ ਮਨਿ ਬਸੈ ਸੁਚਿ ਸੰਜਮ ਨਹੀ ਤਾਹਿ। ਜੋ ਕਿਛੁ ਕੀਓ ਕਮਾਇਓ ਤੈਸੇ ਬੰਧਨ ਕੀ ਪਾਇ। ਕਰਮ ਬੰਧਨ ਕੀ ਜੇਵਰੀ ਨਰਿ ਸਾਕਤ ਦੂਖ ਸਹਾਇ ॥੧੭॥ ਖਟ ਪੰਚ ਮਾਸ ਬਿਧਨੈ ਕੀਓ ਮੁਖ ਮਸਤਕਿ ਪਗ ਹਾਥ। ਨਾਕੁ

ਕਾਨੁ ਜੀਭ ਤਿਸੁ ਨਾਰ ਪੁਰਖ ਕਾ ਰਾਥੁ। ਭਵਨ ਗਗਨੁ ਸਭ ਤਨ ਕੀਓ ਸਪ
ਸਮੁੰਦਰ ਸਧੀਰੁ। ਪਰਮ ਜੋਤਿ ਆਨੰਤ ਰੂਪੁ ਮਨੁ ਤਨਿ ਦੇਹ ਸਰੀਰੁ।ਮੁਖੁ ਸਮੁੰਦ
ਰਚਨਾ ਕਰੀ ਨਿਰੰਕਾਰ ਅਕਾਰਾ । ਪੰਚ ਤਤੁ ਕਰਿ ਸਾਜਿਓ ਬੰਕ ਏਹ ਦ
ਦੁਆਰਾ। ਤ੍ਰੈਈ ਲੋਕ ਨਾਥ ਸਚਾ ਧਨੀ ਨਿਰਮਲ ਜੋਤਿ ਅਪਾਰੁ ॥ ੧੮ ॥ ਨੈ
ਉਦਰੁ ਸਭੁ ਤਨੁ ਕੀਅਓ ਸੋ ਸਮਰਥੁ ਕਰਨੈ ਜੋਗੁ । ਅਸਤ ਚਰਮਨਿ ਮੁਖ ਰੋ
ਤਿਸੁ ਘਟਿ ਮਹਿ ਕੀਓ ਸੰਜੋਗੁ। ਕਾਂਇਆ ਨਗਰ ਗੜ੍ਹ ਸਾਜਿ ਕਰ ਵਿਚਿ ਬਾ
ਕਾਲੁ ਭੋਗੈ ਭੋਗੁ । ਆਤਮ ਜੋਤਿ ਸੰਜੋਗੁ ਕਰਿ ਸਿਵ ਸਕਤੀ ਘਰਿ ਆਨੁ ॥ ਜੋ
ਬਿਜੋਗੁ ਘਰੁ ਪਾਪੁ ਪੁੰਨੁ ਹੁਕਮਿ ਮਿਲਿਆ ਨੀਸਾਨ ॥ ੧੯ ॥ ਰਸੁ ਅੰਤਰਿ ਤਿ
ਕਿਛੁ ਫਲੁ ਗਰਭਿ ਅੰਧਿ ਨ ਸੂਝੈਂ ਭੋਗੁ। ਬਾਟ ਬਟਾਊ ਆਇਓ ਹਉਮੈ ਦੁਬਿਧ
ਸੋਗੁ। ਰੰਗੁ ਚਿਹਨ ਚਕ੍ਰ ਘਰ ਘਾਟੁ । ਇਹੁ ਜਗੁ ਖੇਲੈ ਨਟੂਆ ਨਾਟੁ। ਜਿ
ਤਸਕਰੁ ਪਰ ਘਰਿ ਬਸੈ ਪਰ ਧ਼ਨ ਚਾਹੈ ਚੀਤ। ਭੋਰੁ ਭਇਆ ਬੰਧਨ ਪਰੈ ਤਿ
ਸਾਕਤਿ ਗੁਰ ਭਿ ਬਸਤਿ। ਨਾਨਕ ਗੁਰਮਤਿ ਛੁਟੀਐ ਪ੍ਰੇਮ ਭਗਤ ਮਨਿ ਚੀਤ
੨੦॥ ਸਪਤ ਅਸਟ ਮਾਹ ਭਏ ਸੰਪੂਰਨ ਦੇਹ ਸਰੀਰੁ। ਉਪਧਿ ਧਿਆਨੁ ਤੇ ਅੰ
ਕਸਟ ਦੁਖੀ ਤਨੁ ਪੀਰੁ । ਨਵ ਦਸ ਮਾਸ ਉਦਰ ਮਹਿ ਭਏ ਮਾਇ ਬਾਲ ਦੁ
ਦੂਖੁ। ਬਾਹਰਿ ਨਿਕਸਿ ਨ ਪਾਵਈ ਗਰਰਿ ਨਰਕਿ ਕਹ ਸੂਖੁ। ਰਾਤ ਦਿਨਸ ਪ
ਗਣੈ ਜਿਤਨੇ ਅਨਦਿਨ ਸੂਹੁ । ਗਰਭ ਜਠਰ ਕੁੰਡ ਮਹਿ ਕਲ ਮਲ ਕਰੈ ਜਿ
ਜਲਤੇ ਮਨਾ ਦੂਰ ॥੨੧॥ ਤਬ ਗਿਆਨੁ ਧਿਆਨੁ ਕਿਛੁ ਨਾਹਿ ਮਨਿ ਗੀ
ਕਵਿਤ ਨ ਸੁਆਦ। ਤ੍ਰਿਸਨਾ ਤਾਮਸ ਲੋਭ ਮੋਹ ਕਾਮ ਕ੍ਰੋਧ ਬਿਖੁ ਬਾਦੁ। ਅਕੁ
ਪੁਰਖ ਨਹੀ ਮਨ ਬਸੈ ਸਾਧ ਸੰਤ ਨਹੀ ਸੇਵ।ਆਤਮ ਰਾਮੁ ਨ ਚੀਨਿਓ ਨਾ ਹ
ਭਗਤਿ ਗੁਰਦੇਵ। ਨਿਰ ਦਇਆ ਮੁਖ ਝੂਠ ਮਨਿ ਆਇਆ ਉਦਰ ਮਝਾਰ
ਨਾਨਕ ਸਚੇ ਨਾਮ ਬਿਨੁ ਨਾ ਉਰਵਾਰ ਨ ਪਾਰ ॥੨੨॥ ਮਾਇਆ ਮਗਨੁ ਮ
ਅਪਰਾਧੀ ਸੰਸੈ ਰੋਗ ਸੰਤਾਪੈ। ਸਾਧ ਸੰਗਤਿ ਗੁਰ ਦਰਸੁ ਨ ਸੇਵਾ ਮਨ ਝੂਠੈ ਧੰ
ਬਿਆਪੈ। ਲਾਲਚਿ ਲਾਗੈ ਨਾਮੁ ਬਿਸਾਰਿਓ ਲੋਭ ਪਾਪ ਮਨੁ ਲਾਇਆ। ਨਾਨ
ਮੇਲ ਲੇਹੁ ਕਰਿ ਕਿਰਪਾ ਗੁਰਮਤਿ ਭਰਮੁ ਚੁਕਾਇਆ ॥੨੩॥ ਸੁਧ ਕਰ
ਨਹੀ ਕਰ ਸਕਿਓ ਮਨ ਭੂਲਿਓ ਸੋ ਧਨੀ ਬਿਸਾਰਿ। ਭਰਮਿ ਭੂਲੋ ਮਨ ਬਾਵ

ਛਉਪੜਿ ਬਾਜੀ ਹਾਰਿ। ਬਿਬਲਾ ਨਦੀ ਭਰਾਵਣੀ ਕਿਉ ਪਾਈਐ ਭਵਜਲੁ ਘਾਰਿ। ਜਾਲ ਕਾਲੁ ਕਰਮੁ ਫੁਨਿ ਪਾਇਅਉ ਉਦਰਿ ਮੰਝਾਰਿ । ਹਰਿ ਮੁਖ ਤੇ ਬੇਮੁਖੁ ਸਹੀ ਨ ਜਾਤੀ ਹਰਿ ਭਗਤਿ ਗਿਆਨੁ। ਨਾਮੁ ਨਿਰੰਜਨੁ ਬੀਸਰੇ ਮਨਿ ਗਰਭਿ ਬਸਿਓ ਅਭਿਮਾਨੁ॥ ੨੪ ॥ ਸੁਚੁ ਸੰਜਮ ਨਾਮੁ ਨ ਮਨ ਬਸੈ ਮਨ ਮੈਲਾ ਦੇਹ ਸਰੀਰੁ। ਮਨਮੁਖੁ ਅੰਧਾ ਮੈਲਾ ਮੂੜਾ ਨ ਗੁਰ ਸਬਦੁ ਨ ਪੀਰੁ।ਕਿਸੁ ਸਰਨਾਗਤਿ ਛੁਟੀਐ ਕਿਉ ਬਚੈਂ ਜਮੁ ਤੀਗਹਰਿ ਗੁਰਸਰਨਾਗਤਿ ਛੁਟੀਐ ਸਾਧ ਸੰਗਤਿ ਬਸਿ ਚੀਤਿ। ਜਮ ਕੰਕਰੁ ਨੇੜਿ ਨ ਆਵਈ ਟੂਟੇ ਨ ਸਚੀ ਪ੍ਰੀਤਿ। ਹਰਿ ਭਗਤਿ ਹੇਤਿ ਮਨੁ ਬੇਧੀਐ ਜਬ ਪਾਈਐ ਹਰਿ ਵਰ ਮੀਤ। ਨਰ ਸਾਕਤਿ ਦੂਖ ਨ ਚੁਕਈ ਕਾਲੁ ਸਦਾ ਸਿਰਿ ਵੇਖੁ। ਨਾਨਕ ਪ੍ਰਭ ਸਰਣਾਗਤੀ ਜਿਸੁ ਨਾਹੀ ਮਸਤਕਿ ਲੇਖੁ ੨੫॥ ਮਾਤ ਪਿਤਾ ਕਰਿ ਦੇਹੁ ਉਪਾਇਆ । ਨੇਕ ਕਰਮ ਕਰਿ ਇਹੁ ਤਨੁ ਪਾਇਆ। ਗਰਭਵਾਸ ਮਹਿ ਕਵਨੁ ਸਹਾਈ। ਅਲਖ ਅਪਾਰੁ ਘਟਿ ਘਟਿ ਜੁਗ ਭਾਈ। ਤਹ ਦੂਸਰ ਅਨਤ ਨ ਦੇਵਨਹਾਰੁ। ਅਪਰੰਪਰੁ ਠਾਕੁਰ ਅਪਰ ਅਪਾਰੁ। ਕਿਸ ਪਹਿ ਮਾਗਉ ਦੇ ਆਧਾਰੁ। ਮਨ ਮਹਿ ਕਾਮ ਕ੍ਰੋਧੁ ਚੰਡਾਰੁ । ਸਾਧ ਸੰਗਤਿ ਬਿਨੁ ਜਨਮੁ ਵਿਕਾਰੁ ॥ ੨੬ ॥ ਅਗਨ ਕੁੰਡ ਮਲਿ ਮੂੰਹ ਮਹਿ ਸੋ ਦਾਤਾ ਪੂਰਨੁ ਦੇਹ। ਸਭ ਜੀਅ ਤਿਸ ਕੈ ਸੋ ਤ੍ਰਈ ਲੋਕ ਨਾਥ ਪ੍ਰਭ ਦੀਨ ਕੀ ਰਖਿ ਕਰੇਗ।ਤਿਸੁ ਤੇ ਮਸੂਰਤ ਕੋ ਨਹੀ ਪੁਨ ਲੇਵੈ ਦੇਗ।ਤਿਸੁ ਅੰਬੜਿ ਕੋਇ ਨ ਸਕਈ ਓਹੁ ਊਚਾ ਅਪਰ ਅਪਾਰੁ। ਓਹੁ ਆਦਿ ਨਿਰੰਜਨ ਆਦਿ ਗੁਰ ਆਦਿ ਅੰਤ ਸਚੁ ਸਾਰੁ। ਸਤਿਗੁਰ ਮਿਲਿ ਨਦਰਿ ਕਰਿ ਨਾਨਕ ਮੁਕਤ ਦੁਆਰ ॥੨੭॥ ਤਹਾ ਸਖਾ ਸੈਨੁ ਨਹੀ ਮੀਤ ਕੋ ਨਾ ਸੁਤ ਬੰਧਪੁ ਨਰ ਨਾਰਿ। ਬਿਕਰਮ ਅਧਰਮ ਕਮਾਇਆ ਮਨ ਆਇਓ ਉਧਰਿ ਮਝਾਰਿ। ਲਖ ਚਉਰਾਸੀਹ ਜੋਨਿ ਭ੍ਰਮਿਤ ਪਾਇਓ ਦੇਹੁ ਸਰੀਰੁ। ਤਿਸ ਮਹਿ ਅਲਖੁ ਅਪਾਰੁ ਸੋ ਚੀਨਹਿ ਗੁਨੀ ਗੰਭੀਰੁ।ਮਿਲੋ ਸਤਿਸੰਗਤ ਸਾਧ ਕੀ ਦੁਖੁ ਹਉਮੈ ਦੂਰਿ ਕਰੇਇ। ਜਨਮ ਮਰਨ ਭਉ ਮੇਟਿਆ ਜਨ ਵਾਸਾ ਸਹਜਿ ਘਰੇਇ॥ ੨੮॥ ਤਹ ਭਾਈ ਕੁਟੰਬੁ ਪੂਤੁ ਨਹੀ ਧੀਆ।ਤਹ ਨੇਬੁ ਖਵਾਸੁ ਲ ਬੀਬੀ ਮੀਆ। ਤਹ ਅੰਨ ਧਨ ਲਖਮੀ ਨਹੀ ਪਰਵਾਰੁ । ਨਹੀ ਤਹਾ ਖੜਗੁ ਬਾਨੁ ਅਉਧ ਹਥੀਆਰੁ। ਨਹੀ ਸ੍ਰਵਨ ਸੁਰਤਿ ਧੁਨਿ ਓਅੰਕਾਰੁ ਵੀਚਾਰੁ।

ਨਹੀਂ ਮਨੁ ਮਨਸਾ ਅਸਥਿਰੁ ਗੁਰ ਸਬਦੁ ਪਿਆਰੁ । ਮਨੁ ਮੁਗਧੁ ਇੰਦ੍ਰੀ ਨਹੀ
ਗੁਰ ਗਿਆਨੁ ਪਰਗਾਸੁ ਦੋਆ ਭਉ ਪਤਿ ਸਤਿ ਨਹੀਂ ਨਹੀਂ ਗੁਰਚਰਨ ਨਿਵਾਸੁ
ਹਉਮੈ ਕੇ ਬੰਧਨ ਗਰਭਿ ਨਿਵਾਸ ॥੨੯॥ ਤਹਾ ਨੇਬੁ ਖਵਾਸ ਚੇਰੀ ਨਹੀ ਦੇਰਾ।
ਰਸ ਭੋਗਣਿ ਨਹੀ ਨਰਕਿ ਬਸੇਰਾ । ਤਹਾ ਹੁਕਮੁ ਸਲਾਮੁ ਨਹੀ ਕਿਛੁ ਤੇਰਾ । ਤਹਾ
ਗਜੇ ਹੈਵਰ ਨਹੀ ਸਾਲੁ ਘਨੇਰਾ । ਤਹਾ ਪਹਿਰਨੁ ਓਢਨੁ ਕਛੂਓ ਨਾਹੀ । ਪਾਨ
ਤੰਬੋਲ ਕਹਾ ਤੇ ਖਾਹੀ । ਸੇ ਕਲਿ ਗਿਦਾ ਸੋ ਜਮਪੁਰਿ ਜਾਹੀ । ਨਾਨਕ ਭਗਤਿ
ਰਤੇ ਗੁਨ ਗਾਹੀ ॥ ੩੦ ॥ ਤਹਾ ਚੋਆ ਚੰਦਨ ਮਰਦਨੁ ਨਹੀ ਅੰਕਿ । ਤਹਾ ਖੋੜ
ਸੀਗਾਰ ਮਣੀ ਨਹੀ ਬੰਕਿ । ਸਿਰਿ ਜਮਕਾਲੁ ਜਿਉ ਕਲੰਕਿ । ਤ੍ਰਿਸਨਾ ਤਾਮਸੁ ਸਹੇ
ਸਜਾਇ । ਭੂਖਿ ਪਿਆਸੇ ਨੀਦ ਨ ਪਾਈ । ਬੰਕਿ ਨਾੜਿ ਰਸੁ ਕਛੂ ਓ ਜਾਇ ।
ਨਾਨਕ ਸੋ ਦਾਨਾ ਕਰੇ ਰਜਾਇ ॥ ੩੧ ॥ ਇੜਾ ਪਿੰਗੁਲਾ ਇਸੁ ਦੇਹੀ ਮਹਿ
ਪਰਧਾਨ । ਤਿਸੁ ਧਿਆਨਿ ਅਹਿਨਿਸਿ ਜਪੈ ਅਜਰੁ ਜਰੈ ਗੁਰਿ ਗਿਆਨ । ਅਖੀ
ਅੰਧੁ ਨ ਸੁਨਹੀ ਗੰਧੁ । ਕੰਨੀ ਸੁਰਤਿ ਨਾਹੀ ਬਾਧੇ ਬਹੁ ਫੰਧੁ । ਜਿਹਬਾ ਨਾਮ ਰਸਨ
ਨਹੀ ਚਾਖਿਆ । ਬਿਖੁ ਅਨ ਰਸੁ ਮੀਠੇ ਅੰਮ੍ਰਿਤੁ ਭਾਖਿਆ ॥ ੩੨ ॥ ਇੰਦਰੀ
ਸਬਲੁ ਮਨੁ ਤਾਕੈ ਭਾਇ । ਇੰਦਰੀ ਕਾ ਪੀੜਿਆ ਮਨੁ ਦਹਦਿਸਿ ਧਾਇ । ਫੇੜ
ਫੇੜੂ ਨ ਬੂਝੈ ਅੰਧੁ । ਸਾਕਤ ਮੂੜਾ ਭਰਮੁ ਦੁਖੁ ਬੰਧੁ । ਭੂਲੈ ਸਮਝੈ ਸਤਿਗੁਰ ਮਤਿ
ਪਾਵੈ । ਨਾਨਕ ਪੁਨਰਪਿ ਜਨਮਿ ਨ ਆਵੈ ॥ ੩੩ ॥ ਮਨੁ ਪਵਨੈ ਕੀ ਸੁਧਿ ਨ
ਬੁਧਿ ਨਾਹੀ ਮਤਿ ਹੀਨੁ । ਮਨਮੁਖ ਮਤਿ ਫੀਕੀ ਬਾਵਰੀ ਆਤਮ ਰਾਮੁ ਨ ਚੀਨੁ
ਗਰਭਿ ਵਾਸਿ ਤਨੁ ਪੀੜੀਐ ਜਿਵ ਤਿਲ ਕੋਲੂ ਲਠਿ ਸਹੀਨੁ । ਬਿਨੁ ਅਗਨੀ
ਤਨੁ ਤਪੈ ਜਿਉ ਜਲ ਬਿਨੁ ਹੈ ਮੀਨੁ । ਕਰਮ ਕਲਾ ਕੀ ਜੇਵਰੀ ਪਸੂ ਬਾਧਿਓ
ਕਾਲ ਅਧੀਨੁ ॥ ੩੪ ॥ ਤਹਾ ਅਬਿਨਾਸੀ ਪੂਰਨ ਦੇਇ ਖਿਨੁ ਖਿਨੁ ਪਹੁਚਾਵੈ
ਸੋਇ । ਤਿਸੁ ਕੁੰਭਰ ਕੁੰਟ ਮਹਿ ਕਰੈ ਪ੍ਰਤਿਪਾਲਾ । ਦੀਨਾ ਪ੍ਰਭ ਬੰਧਪੁ ਦੀਨ
ਦਿਆਲਾ । ਬ੍ਰਹਮ ਬਿਧਾਤੇ ਲਿਖਿਆ ਸਿਰਿ ਲੇਖੁ । ਤਿਸੁ ਕੋਇ ਨ ਮੇਟੈ ਸਿਰਿ
ਸਿਰਿ ਦੇਖੁ । ਤਿਸਕਾ ਕੀਆ ਤ੍ਰਿਭਵਣ ਪਰਵਨੁ । ਨਾਨਕ ਸੋ ਆਪੇ ਜਾਨੈ ਜਾਨੁ
॥ ੩੫ ॥ ਬੰਧਨਾ ਬਾਂਧਿਓ ਉਦਰਿ ਮੰਝਾਰਿ । ਸਾਗਰ ਤੇ ਸਾਇਰੁ ਉਪਜਿਓ
ਪਿਆਰਿ । ਜਨਮ ਮਰਨ ਕੀ ਸੋਝੀ ਨਾਹਿ । ਸਤਿਗੁਰ ਤੇ ਭੂਲਾ ਆਵੈ ਜਾਹਿ ।

ਕਾਲ ਕਰਾਲ ਕੀ ਨਾਹੀ ਸਾਰਾ। ਊਧੈ ਕਵਲ ਸੀਸ ਜਮੁ ਮਾਰਾ। ਤ੍ਰਿਸਨਾ ਤਾਮ
ਲੋਭੁ ਵਿਕਾਰਾ। ਨਾਨਕ ਜਨਮ ਮਹਿ ਸਕਤਿ ਅਨੇਕ ਵਾਰਾ ॥੩੬॥ ਬਿਨੁ ਗੁ
ਸਬਦਿ ਨ ਮਨੁ ਪਤੀਆਇ। ਜਨਮਿ ਮਰੈ ਫਿਰਿ ਆਵੈ ਜਾਇ। ਲਖ ਚਉਰਾਸੀ
ਭਰਮਿ ਕਈ ਵਾਰਾ। ਬਿਨੁ ਹਰਿ ਭਗਤਿ ਨ ਮੁਕਤਿ ਦੁਆਰਾ। ਭੂਖ ਪਿਆ
ਸਾਂਤਿ ਨ ਆਵੈ। ਨਾਨਕ ਨਦਰੀ ਨਦਰਿ ਸਮਾਵੈ ॥੩੭॥ ਗਰਬੁ ਗੁਮਾਨੁ ਮ
ਬਲ ਵੰਤੁ। ਦੁਰਮਤਿ ਵਿਸਰੈ ਸਹਜਿ ਸੁਮੰਤੁ। ਜੀਵਨ ਧਨ ਸੰਤਨ ਕੀ ਆਸਾ ਕੀਨੀ
ਆਤਮ ਤਤੁ ਵੀਚਾਰੁ ਨ ਚੀਨੀ। ਨਿਰਗੁਣ ਸਰਗੁਣ ਕੀ ਸਾਰ ਨ ਜਾਨੀ। ਨਾਨ
ਅੰਧੁਲੇ ਧੰਧੁ ਪਰਾਨੀ ॥ ੩੮ ॥ ਉਤਮ ਜਨ ਭਗਤਿ ਨ ਜਾਨਸਿ ਮੂੜਾ। ਭਵਜਲ
ਡੂਬੋ ਸਾਕਤੁ ਕੂੜਾ। ਬਹੁ ਜੂਨਿ ਭਵੈ ਇਹੁ ਪੁਰਬਿ ਕਮਾਇਆ। ਆਪਨਾ ਕੀਆ
ਆਪੇ ਹੀ ਖਾਇਆ। ਹਰਿ ਰਸਿ ਮਾਤੇ ਮੁਕਤਿ ਦੁਆਰੁ। ਨਾਨਕ ਗੁਰਮਤਿ ਤ
ਵੀਚਾਰੁ ॥ ੩੯ ॥ ਜਿਉ ਮੀਨਾ ਜਲ ਬਾਹਰੇ ਜਿਉ ਚਾਤ੍ਰਿਕ ਜਲੈ ਅਧੀਨੁ। ਤਿ
ਉਦਰ ਮਹਿ ਦੁਖੁ ਸਹੈ ਅੰਧਲਉ ਕਾਲਿ ਸਿਰ ਜੀਨੁ। ਸਹੇ ਕਮਾਇਓ ਅਪਨੇ ਹਰਿ
ਗੁਰ ਤੇ ਬੇਮੁਖ ਤਾਸ। ਤਿਉ ਨਰਕਿ ਉਦਰਿ ਮਹਿ ਦੁਖ ਸਹੈ ਜੋ ਲਿਖਿਆ ਭੋਗ
ਬਿਲਾਸੁ। ਮਾਤਾ ਪੂਛੇ ਪੰਡਿਤਾਂ ਜੋਤਕੁ ਪਵਹਿ ਅਨੇਕ। ਜੋ ਬਿਧਿ ਨੇ ਲਿਖਿ
ਪਾਇਆ ਕੋ ਬੂਝੈ ਨ ਗਿਆਨੁ ਬਿਬੇਕ ॥੪੦॥ ਮਾਇ ਸਹੇ ਦੁਖੁ ਆਪਨੇ ਬਾਲਕੁ
ਸਹੈ ਕਮਾਇ। ਜਿਨਿ ਕੀਆ ਤਿਸੁ ਭਾਇਆ ਤਿਸ ਕੀਮਤਿ ਕਹੀ ਨ ਜਾਇ। ਪਵਿ
ਗੁਣ ਅੰਤ ਨ ਪਾਈਐ ਹਉਮੈ ਖਪੈ ਖਪੰਤਿ। ਲੇਖੈ ਅੰਤੁ ਨ ਪਾਈਐ ਬਿਨ ਹਰਿ
ਭਗਤਿ ਨ ਪ੍ਰਾਪੰਤਿ। ਸੂਰਤਿ ਮੂਰਤਿ ਏਕ ਤਿਸ ਜਿਸੈ ਜਨਾਵੈ ਸੋਇ। ਨਾਨ
ਤਾਕਾ ਦਾਸੁ ਹੈ ਜੁਗੁ ਜੁਗੁ ਹਰਿ ਸੇਵਕੁ ਹੋਇ ॥ ੪੧ ॥ ਜਿਵ ਤਿਲ ਈਖ ਤਰ
ਪੀੜੀਐ ਦੁਖੁ ਸਹੈ ਬਿਖੁ ਖਾਇ। ਜਿਵ ਆਰਣ ਲੋਹਾ ਪਾਈਐ ਤਪੈ ਭਖੈ ਭਖਾਇ
ਜਿਤਨਾ ਵਾਸਾ ਗਰਬੁ ਕੁੰਡ ਐਸੀ ਸਹੈ ਸਜਾਇ। ਸੁਖੁ ਦੁਖੁ ਸਹੁ ਤੂੰ ਆਪਨੋ ਜੈਸ
ਪੁਰਬਿ ਕਮਾਇ। ਨਾ ਓਹੁ ਵਧੈ ਵਧਾਇਆ ਨਾ ਓਹੁ ਮੇਟਿਆ ਜਾਇ। ਐਸ
ਸੰਮ੍ਰਥੁ ਕੋ ਨਹੀ ਕਿਸੁ ਪਹਿ ਕਰਉ ਬਿਨੰਤੁ। ਪੂਰਾ ਸਤਿਗੁਰ ਸੇਵ ਤੂੰ ਗੁਰਮ
ਸੋਹੰ ਮੰਤੁ ॥੪੨॥ ਸੁਖੁ ਦੁਖੁ ਅਰੁ ਪੁੰਨੁ ਪਾਪੁ ਭਲਾ ਬੁਰਾ ਵਾਪਾਰੁ। ਸਾਧ ਸੰਗ
ਸਤਿਗੁਰ ਨਹੀਂ ਭਾਇਓ ਇਉ ਵਸਿਓ ਗਰਭਿ ਗੁਬਾਰੁ। ਦਰੁ ਦਰਸਨੁ ਨਦਰਿ

ਆਵਈ ਘਰਿ ਦਰ ਕੀ ਸੋਝੀ ਨਾਹਿ। ਅੰਧੁ ਗੁਪਤੁ ਦੁਰਗੰਧ ਵਾਸੁ ਨਰ ਸਾਕਤਿ ਗਰਬਿ ਗਲਾਹਿ। ਤੂੰ ਭੋਗ ਕਮਾਇਓ ਆਪਨੇ ਭਾਗਿ ਕਹਾ ਪਹਿ ਜਾਹਿ। ਨਾਨਕ ਸਾਕਤ ਕਰਮਾ ਬਾਹਰੇ ਮਰਿ ਜਨਮਹਿ ਜੋਨੀ ਪਾਹਿ ॥ ੪੩ ॥ ਪੰਚ ਪ੍ਰਾਨ ਤੇ ਨਾਹਿ ਤਨੁ ਨਾ ਗੁਰ ਸਬਦੁ ਨਾ ਪਛਾਨੁ। ਵਸਿ ਤਿਸਕੈ ਜੀਉ ਦੇਹਿ ਓਹੁ ਪੂਰਾ ਪੁਰਖੁ ਭਗਵਾਨੁ।ਸੁਖੁ ਦੁਖੁ ਰੋਗੁ ਬਿਕਾਰੁ ਮਨਿ ਲੈਇ ਲੈਇ ਆਇਓ ਭਾਰੁ। ਬੰਧਨ ਬੰਧ ਭਵਾਈਐ ਲਖ ਚਉਰਾਸੀਹ ਵਾਰ । ਹਰਿ ਭਾਉ ਭਗਤਿ ਨਹੀ ਮਨਿ ਵਸੈ ਸਾਧ ਸੰਗਤਿ ਨਹੀ ਪਿਆਰੁ।ਕਰਿ ਸਾਧੂ ਕੀ ਨਿੰਦ ਲੋਭੁ ਮਨਿ ਆਇਓ ਉਦਰ ਮੰਝਾਰਿ ॥੪੪॥ਜੋ ਗਰਭਿਕੁੰਡ ਤੇ ਨੀਕਸੇ ਏ ਗੁਣ ਕਰਮ ਕਰੇਉ।ਸਰਬ ਜੀਆ ਪ੍ਰਤਿਪਾਲ ਸਰਿ ਅਹਿਨਿਸਿ ਭਗਤਿ ਕਰੇਉ। ਤਨੁ ਮਨੁ ਬੁਧਿ ਤਿਸੁ ਦੇਸਿ ਲਉ ਗੁਰ ਮਿਲਿ ਮੁਕਤਿ ਸਰਿਨੇਉ। ਸੇਵ ਨ ਛੋਡਉ ਗੁਰਦੇਵ ਕੀ ਜਬ ਲਗਿ ਜੀਅ ਜੰਤਿ ਸਮੇਉ। ਬੁਰਾ ਨ ਕਾਹੂ ਚਿਤਵਉ ਦੁਖੁ ਸੰਤਾਪੁ ਨ ਦੇਉ । ਨਾਨਕ ਸੰਗਤਿ ਸਾਧਿ ਮਿਲਿ ਅਮਿਉ ਮਹਾਰਸੁ ਪੇਉ॥੪੫॥ਕਰਉ ਪ੍ਰਭੁ ਬੇਨਤੀ ਆਇਕੁ ਬੰਧਿਕੁ ਗਰਬਗੁਬਾਰਿ। ਅਨਾਥੁ ਅਤੀਤੁ ਸੰਪੰਥਿ ਸਿਰਿ ਪ੍ਰਭ ਦੀਜੈ ਮੁਕਤਿ ਦੁਆਰਿ। ਅਹਿਨਿਸਿ ਜਾਚਉ ਸਚੁ ਨਾਮੁ ਸਤਿਗੁਰ ਕੀ ਸੇਵ ਕਰੇਉ। ਹਰਿ ਗੁਰ ਕੀ ਟੇਕ ਨ ਛੋਡਸਾ ਸਚੁ ਘੋਲਿ ਮੁਹਾ ਰਸੁ ਪ੍ਰੇਉ। ਆਪੇ ਹੀ ਆਪੁ ਪਛਾਣਿਆ ਦੇਖੁ ਗੁਰਮਤਿ ਪਾਵੈ ਭੇਉ ॥੫੬॥ ਖੋਟੁ ਕਪਟੁ ਨਹੀ ਮਨਿ ਕਰਉ ਪਰ ਧਨ ਨਾਹਿ ਲੇਉ। ਬਲਬੰਚੁ ਨ ਕਰਉ ਕਿਸੈ ਸਾਥਿ ਕਿਛੁ ਸੁਕ੍ਰਿਤੁ ਕਰਮੁ ਕਰੇਉ । ਚੋਰੀ ਚੰਚਲ ਮਤਿ ਹਰਉ ਜਾਣਉ ਅਤੀਤ ਸਰੂਪ।ਦਇਆ ਦਗੰਬਰ ਨਾਮੁ ਏਕੁ ਮਨਿ ਏਕੋ ਆਦਿ ਅਨੂਪ।ਹਰਿ ਚਰਨ ਕਵਲ ਉਰਿਧਾਰਿ ਸਉ ਆਦਿ ਅੰਤਿ ਪ੍ਰਭੁ ਸੇਵ। ਮੁਕਤਿ ਪਦਾਰਥੁ ਦੇਹਿ ਪ੍ਰਭਿ ਸਫਲ ਜਨਮੁ ਗੁਰ ਸੇਵ ॥ ੪੭ ॥ ਅੰਧ ਕੂਪ ਤੇ ਕਾਢੁ ਪ੍ਰਭ ਏਹੁ ਬੰਧਿਕੁ ਮਹਾ ਅਨਾਥੁ। ਅਨਾਥੁ ਅਤੀਤੁ ਤਿਸੁ ਪੰਥਿ ਸਿਰਿ ਪ੍ਰਭ ਕੀਜੈ ਮੁਕਤਿ ਖਲਾਸੁ। ਗਰਭਿ ਕੁੰਡ ਮਲ ਮੂਤ੍ਰ ਮਹਿ ਰਖਿਓ ਕਿਰਪਾ ਧਾਰਿ। ਉਰਧ ਧਿਆਨੁ ਅੰਤਰਿ ਕਰੈ ਏਕ ਨਿਮਖ ਨ ਮਨਹੁ ਬਿਸਾਰਿ।ਭਈ ਕਿਰਪਾ ਦਰਿ ਆਇਓ ਜਨਮ ਪਦਾਰਥੁ ਪਾਇ। ਮੁਕਤਿ ਪਦਾਰਥ ਦੇਹਿ ਪ੍ਰਭ ਸੁਫਲ ਜਨਮੁ ਗੁਰ ਭਾਇ ॥ ੪੮ ॥ ਭਈ ਕਿਰਪਾ ਬੰਧਨ ਕਟੈ ਦਰਿ ਆਇਓ ਦੁਖੁ ਜਾਣੁ । ਕਰਮ ਬਿਧਾਤੇ ਲਿਖਿਆ ਚਾਰ ਰਤਨ

ਨੀਸਾਣੁ। ਜਨਮੁ ਪਦਾਰਥੁ ਪਾਇਓ ਮਨੁਖ ਰੂਪ ਸਰੀਰ। ਅੰਧਾ ਮੁਗਧ ਅਚੇਤ ਮਤਿ ਬਾਹਰਿ ਮਨੁ ਨਹੀ ਧੀਰੁ।ਮੁਕਤਿ ਪਦਾਰਥੁ ਛੋਡਿਓ ਕਰਣ ਪਲਾਹ ਕਰੇਇ। ਜੈਸੇ ਕਰਮ ਕਮਾਈਅਹਿ ਤੈਸੇ ਬੰਧਨਿ ਪਰੇਇ॥ ੪੯॥ ਜਨਮਿ ਲੈਇ ਅਵਤਾਰੁ ਕਰਿ ਖੁਲੈ ਕਪਾਟ ਕਿਵਾਰੁ।ਸਿਵ ਸਕਤੀ ਘਰਿ ਆਇਓ ਮੋਹਿ ਚਲਿਤੁ ਆਪਾਰੁ। ਚਾਰ ਪਦਾਰਥੁ ਪਰੇਮ ਹਿਤੁ ਸੁਖੁ ਦੁਖੁ ਲਿਖਿਆ ਲਿਲਾਰਿ। ਮਿਰਤੁ ਮੰਡਲੁ ਮਾਇਆ ਮੈ ਹੀ ਮੋਹਿਓ ਮੋਹਨ ਹਾਰਿ।ਮੁਕਤਿ ਪਦਾਰਥੁ ਮੁਕਤਿ ਘਰਿ ਤ੍ਰਿਹੁ ਗੁਣ ਕਾ ਸਿਰਿ ਭਾਰੁ। ਨਾਨਕ ਭਰਮਿ ਵਿਗੁਚੀਐ ਕਿਉ ਤਰੀਐ ਭਵਜਲੁ ਸੰਸਾਰੁ॥ ੫੦॥ ਕਰਮੀ ਬਾਧੋ ਆਇਓ ਕਰਮੀ ਬਾਧੋ ਜਾਇ। ਨਾਨਕ ਮੁਕਤਿ ਪ੍ਰਾਨ ਸੋ ਜੋਗੀ ਚੀਨੈ ਆਪੁ ਗਵਾਇ। ਰਾਜੁ ਰੂਪੁ ਰਸੁ ਭੋਗਨਾ ਮਾਇਆ ਭਰਮਿ ਭੁਲਾਇ। ਸੋ ਸੂਰਾ ਪੂਰਾ ਸਾਧੁ ਗੁਰ ਸਹਜਿ ਰਹੇ ਲਿਵਲਾਇ। ਤਿਸ ਸਰਣਾਈ ਨਾਨਕਾ ਸਹਜਿ ਭਾਇ ਗੁਣ ਗਾਇ॥ ੫੧॥ ਭੂਖ ਤ੍ਰਿਖਾ ਦੁਇ ਲਗੀਆ ਰੁਦਨੁ ਕਰੈ ਬਿਲਲਾਇ। ਖਰੁ ਬਿਸਟਾ ਜਲੁ ਰਸੁ ਘੋਲਿਆ ਪੀਵੈ ਸਦਿਨ ਸਾਇ। ਭੀ ਫੁਨਿ ਦੁਧੁ ਪੀਆਈਐ ਤਿਉ ਸੁਭ ਕਹੈ ਜੀਵਨ ਮਾਇ।ਸੋਇਸ ਰਸੀ ਬਲੁ ਪੇਖਿ ਸੁਪਰੁ ਵਾਰੁ ਸਬਾਇ। ਆਙਨਿ ਖੇਲੈ ਦਰਿ ਘਰਿ ਫਿਰੈ ਮਾਤ ਪਿਤਾ ਮਨਿ ਚਾਇ।ਗਰਭਿ ਵਾਸ ਤੇ ਨਿਕਸਿਓ ਜਨਮਿਓ ਕਰਿ ਅਵਤਾਰਿ। ਨਾਨਕ ਸਚੇ ਨਾਮ ਬਿਨੁ ਨ ਉਰਵਾਰ ਨ ਪਾਰਿ॥ ੫੨॥ ਜੋ ਸਰਨਿ ਪ੍ਰਭ ਏਕ ਕੀ ਛੂਟੇ ਸਤਿਗੁਰ ਸੇਵ। ਹਉਮੈ ਤ੍ਰਿਸਨਾ ਪਰਿਹਰਿ ਚੀਨਹਿ ਆਤਮੁ ਦੇਵ।ਹਰਿ ਦਰਸਨ ਕੀਆ ਅਹਿਨਿਸ ਜਪੈ ਹਾਰੈ ਆਪੁ ਗਵਾਇ। ਮਸਤਕਿ ਹਾਥੁ ਸਤਿਗੁਰੂ ਕਾ ਤਉ ਆਸਾ ਮਨਸਾ ਖਾਇ। ਰਾਮ ਰਸੁ ਮਨਿ ਬਸੈ ਰਹੈ ਅਤੀਤੁ ਸੁਭਾਇ। ਮਨੁ ਜੀਤੈ ਤ੍ਰਿਭਵਣੁ ਜਿਣੈ ਨਾਨਕ ਪ੍ਰਭਿ ਸਰਨਾਇ॥ ੫੩॥ ਬਹਨ ਭਾਇ ਬਿਗਸੈ ਸੁਖ ਜਬ ਦੇਖਿਓ ਬਾਲ ਸੁਭਾਇ। ਦਾਦੀ ਨਾਨੀ ਫੁਫੀ ਮਾਮੀ ਮਾਮਾ ਨਾਨਾ ਮਨਿ ਚਾਇ। ਗਾਇ ਮੰਗਲੁ ਬਾਜੰਤ ਤੁਰੈ ਖਰਚਿਓਦਰਬੁ ਸੀਗਾਰੁ।ਸੋ ਦਿਨ ਬਿਸਰਿਓ ਆਪ ਤੇ ਪਸੂ ਬਾਂਧਿਓ ਮੋਹਿ ਪਿਆਰੁ। ਜਨਮ ਮਰੇ ਜੋ ਆਇਓ ਹਉਮੈ ਖਪੈ ਖਪਾਇ। ਨਾਨਕ ਕਿਸ ਹੀ ਕਾ ਕੋ ਨਹੀ ਜਗੁ ਅੰਧਾ ਧੰਧ ਭੁਲਾਇ॥ ੫੪॥ ਏਕ ਇਕੇਲਾ ਗਰਭ ਮਹਿ ਤਹਾ ਅਵਰੁ ਨ ਕੋਈ ਮੀਤੁ।ਜਬ ਜਰੁ ਜਰੂਵੈ ਤਨ ਪੀੜੀਐ ਤਬ ਕਹਹੁ ਕਵਨ ਸੰਗੀਤੁ।

ਮਾਤ ਗਰਭ ਤੇ ਨਿਕਸਿਓ ਮਹਾ ਅਨਾਥੁ ਅਤੀਤੁ। ਜਬ ਰੋਗਿ ਸੋਗਿ ਮਨੁ ਤਨੁ ਖਪੈ ਤਬਹਿ ਨ ਬੇਲੀ ਕੋਇ। ਜਬ ਮਨ ਪੰਥ ਭਵਾਈਐ ਤਬ ਸੈਨੁ ਸਖਾ ਕਹ ਸੋਇ। ਜਬ ਜਮ ਪੁਰਿ ਬਧੇ ਮਾਰੀਅਹਿ ਕਿਸਹਿ ਸੁਣਾਵਹਿ ਰੋਇ।ਜਬ ਭਵਜਲ ਬਧੇ ਮਾਰੀਅਹਿ ਕੋਇ ਨ ਰਾਖਨਹਾਰ। ਨਾਨਕ ਸਚੇ ਨਾਮ ਬਿਨੁ ਧ੍ਰਿਗੁ ਜੀਵਨੁ ਸੰਸਾਰਿ ॥ ੫੫ ॥ ਜਬ ਦਰਗਹ ਲੇਖਾ ਮੰਗੀਐ ਬਹਿ ਧਰਮੁ ਕਰੈ ਵੀਚਾਰੁ। ਤਹਾਂ ਜੀਉ ਇਕੇਲਾ ਮਾਰੀਐ ਕਹਾਂ ਸੁ ਕੂਕ ਪੁਕਾਰ । ਬਿਨੁ ਸਚੇ ਬੇਲੀ ਕੋ ਨਹੀ ਸੋ ਨਿਧਰਿਆ ਆਧਾਰੁ। ਪੰਚ ਪੰਖੇਰੂ ਉਡਰੇ ਮਨੁ ਝੂਠਾ ਅਹੰਕਾਰਿ। ਪਾਪ ਪੁੰਨੁ ਦੁਇ ਸਾਖੀਆ ਤਿਸੁ ਸਚੇ ਕੇ ਦਰਬਾਰਿ।ਨਦਰਿ ਤੇਰੀ ਸੁਖ ਪਾਇਆ ਸਚੇ ਸਬਦਿ ਅਧਾਰਿ। ਜੋ ਦੀਆ ਕੀਆ ਪਾਈਐ ਠਾਕਿ ਨ ਸਕੈ ਕੋਇ । ਨਾਨਕ ਗੁਰਮੁਖਿ ਛੁਟੀਐ ਜਨਮ ਸੁਆਰਥ ਹੋਇ॥੫੬॥ ਜਬ ਦਰਗਹ ਲੇਖਾ ਮੰਗੀਐ ਤਹਾ ਹਾਜਰ ਕੀਜੈ ਜੀਉ। ਤਹਾ ਸਚਾ ਸਬਦੁ ਵੀਚਾਰੀਐ ਤਹਾਂ ਸਚੇ ਸਬਦਿ ਪਤੀਉ। ਤਹਾ ਸਬਦੁ ਸਹਾਈ ਜੀਅ ਕਾ ਸਤਿਗੁਰੁ ਪੂਰਾ ਨਾਲਿ। ਗੁਰ ਸਰਨਿ ਪਰੈ ਸੋ ਉਬਰੈ ਭਉਜਲ ਉਤਰੈ ਪਾਰ। ਭਵਜਲ ਬਿਖਮੁ ਡਰਾਵਣਾ ਸਤਿਗੁਰ ਬੋਹਿਥ ਆਦਿ। ਦਰਸੰਨਿ ਦੇਖਿ ਵਿਗਸਿਆ ਸਚੈ ਦਰਿ ਸਾਬਾਸਿ ॥ ੫੭ ॥ ਅਬ ਲੋਕ ਸਬਾਏ ਮੀਤ ਕਰਿ ਸੁ ਪਰਵਾਰ ਕਹਾਇ। ਜਿਉ ਆਇਆ ਤਿਉ ਜਾਵਸੀ ਕੋ ਸੰਗਿ ਨ ਸਾਥੀ ਮਾਇ। ਦਿਨੁ ਦਿਨੁ ਖੁਲੈ ਗੰਠੜੀ ਲੜੁ ਟੁਕ ਮੂਸਾ ਖਾਇ। ਗਿਣਵੈ ਸਾਸ ਮੁਖਿ ਅੰਧ ਨ ਸੋਝੀ ਪਾਇ। ਬਿਨੁ ਗੁਰ ਗਿਆਨ ਨ ਛੁਟਸੀ ਜਾਸੀ ਜਨਮੁ ਗਵਾਇ। ਨਾਨਕ ਗੁਰਮਤਿ ਉਬਰੇ ਰਹੇ ਏਕ ਲਿਵਲਾਇ ॥ ੫੮ ॥ ਏਕੋ ਏਕੀ ਆਇਓ ਏਕੋ ਏਕੀ ਜਾਹਿ। ਏਕੋ ਜਨਮੀਓ ਮਰਹੀ ਏਕ ਏਕੋ ਗਰਭ ਦੁਖੁ ਪਾਹਿ। ਏਕੋ ਦੁਖੁ ਸੁਖੁ ਮਨਿ ਬਸੈ ਏਕੁ ਦੁਖੁ ਜਨਮਹਿ ਸਹਾਮੁ॥ ਹਉਮੈ ਜੂਠਾ ਜਗੁ ਭ੍ਰਮ ਖਪੈ ਜਬ ਮਨ ਤੇ ਬਿਸਰੈ ਰਾਮੁ। ਏਕੈ ਰਚਹਿ ਤ ਸੁਖ ਸਵਹਿ ਸਰਬ ਨਿਰੰਤਰਿ ਸੋਇ। ਆਦਿ ਨਿਰੰਜਨੁ ਅਕੁਲ ਧਨੀ ਅੰਤਿ ਸਹਾਈ ਹੋਇ ॥੫੯॥ ਓਹ ਪ੍ਰਾਣ ਪੁਰਖੁ ਪੁਰਖੋਤਮਾ ਜਾਤਿ ਵਰਨੁ ਕੁਲਿ ਨਾਹਿ। ਅਕੁਲੁ ਅਲੇਖੁ ਅਥਾਹੁ ਸੋ ਆਦਿ ਅੰਤਿ ਮਨ ਮਾਹਿ। ਖੰਡ ਮੰਡਲ ਬ੍ਰਹਮੰਡਿ ਸੋ ਤ੍ਰਿਭਵਣ ਕਰਣੇਹਾਰ। ਅਬਚਲੁ ਅਬਿਨਾਸੀ ਨਾਨਕਾ ਨਿਰਭਊ ਹਿਰਦੈ ਧਾਰਿ ॥੬੦॥ ਬਾਲਕੁ ਖੇਲੈ ਖੇਲ ਨਾਮ

ਤਬ ਪਿਤ ਮਨਿ ਚਾਉ। ਗਹਲੀ ਭੋਲੀ ਬਾਵਲੀ ਇਹੁ ਜਗੁ ਸੁਪਨਾ ਵਾਉ। ਕਾਲੁ ਕੜਕੇ ਸਿਰਿ ਖੜਾ ਜਿਉ ਬਾਜੀ ਗੁਰ ਖੇਲੈ ਦਾਉ। ਜੋ ਜਨਮਿਓ ਸੋ ਜਾਇਸੀ ਜੀਵਦਿਆ ਸੰਨਾਇ। ਵਾਰੀ ਆਪੋ ਆਪਨੀ ਤਨੁ ਦੇਹੀ ਭਸਮ ਰਲਾਇ।ਜੋ ਦੀਸੈ ਸੋ ਬਿਨਸਸੀ ਸਿਰਿ ਦੀਸੈ ਕਾਲੁ ਬਲਾਇ। ਕਾਲੁ ਅਥਰਬਣੁ ਮਹਾ ਬਲੀ ਅੰਤਿ ਕਾਲਿ ਲੈ ਜਾਇ। ਮਾਤਾ ਮਨ ਆਨੰਦੁ ਹੈ ਜਬ ਦੇਖਿਓ ਬਾਲਕ ਪਿਆਰਿ। ਚਉਪੜਿ ਖੇਲੈ ਖੇਲਨਾ ਹਰਿ ਗੁਨ ਮਨਹੁ ਵਿਸਾਰਿ ॥੬੧॥ ਬਿਖੁ ਮਾਇਆ ਮਨੁ ਬੇਧਿਆ ਮਰਿ ਜਨਮੈ ਆਵੈ ਜਾਇ। ਜਿਨਿ ਮਾਇਆ ਜਗੁ ਮੋਹਿਆ ਮੋਹਿ ਰਲੀ ਲਪਟਾਇ। ਕਾਟੀ ਕਟੈ ਨ ਮਰਿ ਰਹੈ ਮੰਨੈ ਪ੍ਰਭੁ ਰਜਾਇ। ਕਰਮ ਕਾਲ ਕੀ ਜੇਵਰੀ ਜਨਮੁ ਬਿਰਥੋ ਜਾਇ। ਜਿਉ ਬਨੁ ਫੂਲੇ ਕੇਤਕੀ ਕਿਤਹੀ ਕਾਮ ਨ ਆਇ। ਗੁਰ ਸੇਵਾ ਹਰਿ ਲਿਵ ਉਬਰੇ ਨਾਨਕ ਸਹਜਿ ਸੁਭਾਇ ॥੬੨॥ ਜਿਨਿ ਮਾਇਆ ਜਗੁ ਮੋਹਿਆ ਬ੍ਰਹਮਾ ਬਿਸ਼ਨੁ ਮਹੇਸ਼।ਬ੍ਰਹਮਾਦਿਕ ਸਨਕਾਦਿਕਾ ਇੰਦ੍ਰਾਦਿਕ ਮੁਨਿ ਬੇਸ। ਜਤੀ ਸਤੀ ਭੇਖੀ ਕਈ ਮੋਹੇ ਮੋਹਨਹਾਰ। ਸਿਧ ਸਾਧਿਕ ਅਰੁ ਜੋਗੀ ਜੰਗਮ ਗ੍ਰਿਹ ਬਨਿ ਚਿੰਤਾ ਧਾਰ। ਦੇਵੀ ਦੇਵ ਸਬਾਇਆ ਸਿਧ ਸਾਧਿਕ ਮੁਨੀ ਧਿਆਨ। ਜਾਲਿ ਕਾਲਿ ਵਸਿ ਪਾਂਹਿ ਸੋ ਹੁਕਮਿ ਸਚੇ ਨੀਸਾਨਿ। ਹਰਿ ਭਗਤਿ ਕੀਏ ਹਰਿ ਰਾਖਸੇ ਸਚੁ ਅਪਰੰਪਰੁ ਮਾਨਿ॥੬੩॥ ਬੇਦ ਕਤੇਬ ਤਿਨ ਮੋਹਿਆ ਸੋ ਕੂਕ ਸੁਣਾ-ਵਹਿ ਲੋਇ। ਨਰਕੁ ਸੁਰਗੁ ਪਥਰੁ ਦਿਸੈ ਤ੍ਰਿਹੁ ਗੁਣ ਸਹਸਾ ਹੋਇ। ਪੁਛਹੁ ਬੇਦ ਪੜੰਤਿਆਂ ਵਿਣੁ ਨਾਵੈ ਮੁਠੀ ਰੋਇ। ਸੁਰਗ ਲੋਕ ਤਿਨ ਮੋਹਿਆ ਗਗਨ ਮੰਡਲ ਪਤਾਲ। ਗੁਰ ਸਰਨਿ ਪਰੇ ਸੇ ਉਬਰੇ ਹਰਿ ਹਿਰਦੈ ਏਕੁ ਸਮਾਲਿ। ਨਾਨਕ ਸੋ ਦਰੁ ਦਰਸ਼ਨ ਪਾਇਸੀ ਅਬਿਨਾਸੀ ਨਦਰਿ ਨਿਹਾਲੁ ॥ ੬੪ ॥ ਸਾਥ ਲਧੇ ਤਿਨਾ ਪਾਧੀਆ ਗੁਰ ਕੀ ਸੰਤ ਮਤਿ ਧੀਰ। ਪ੍ਰੀਤਮ ਪ੍ਰਾਨ ਪਿਆਰਿਆ ਮਨੁ ਤਨਿ ਬਸਹਿ ਸਰੀਰ। ਗੂੜੀ ਬਾਣੀ ਪ੍ਰੇਮੁ ਪਦੁ ਗੁਰ ਕੀ ਮਤਿ ਅਗਾਹੁ। ਵਿਣੁ ਨਾਵੈ ਕੋ ਥਿਰ ਨਹੀ ਬਿਨੁ ਨਾਵੈ ਕਿਆ ਵੇਸਾਹੁ। ਵਿਣੁ ਨਾਵੈ ਸਭੁ ਅਪਵਿਤ੍ਰ ਹੈ ਵਿਣੁ ਨਾਵੈ ਨਾਪਾਕੁ। ਵਿਣੁ ਨਾਵੈ ਕਿਆ ਗਲਿ ਮਿਲਾ ਮਿਣੁ ਨਾਵੈ ਕਿਆ ਸਾਕੁ ॥ ੬੫ ॥ ਵਿਣੁ ਨਾਵੈ ਕਿਆ ਮੰਨਿਆ ਕੋਇ ਨ ਆਦਰੁ ਆਖਿ। ਵਿਣੁ ਨਾਵੈ ਜਮ ਮਾਰਸੀ ਨਾ ਕੋ ਸੰਗੀ ਸਾਥਿ। ਵਿਣੁ ਨਾਵੈ ਕਿਆ ਸੁਖ ਵਸਾ ਕਿਉ

ਨਾਮ ਬਿਨਾ ਘਰਿ ਜਾਉ। ਨਾਮਿ ਬਿਨਾ ਦੋਹਾਗਣੀ ਭੂਲੀ ਆਵਉ ਜਾਉ। ਗੁਰ ਕੈ ਸਬਦਿ ਸੰਤੋਖੀਆ ਸਚੁ ਦਰਗਹ ਪਾਈ ਮਾਨੁ। ਸਤਿਗੁਰ ਕਉ ਸਾਬਾਸਿ ਹੈ ਨਾਮੁ ਦੀਆਂ ਜਿਨਿ ਦਾਨੁ ॥ ੬੬ ॥ ਦੇਹਾ ਨਗਰੁ ਤਹਾ ਰਾਜਨੁ ਸੋਇ। ਜਿਸ ਕਾ ਕੀਆ ਸਭ ਕਿਛੁ ਹੋਇ। ਜੋ ਕਿਛੁ ਕਰ ਪਾਇਆ ਸੋ ਏਕਾ ਵਾਰਾ। ਬਹੁਰ ਨ ਪਾਈਐ ਏਹੁ ਜਨਮੁ ਅਪਾਰਾ। ਕਾਮ ਕ੍ਰੋਧੁ ਤਨਿ ਲੋਭੁ ਵਧਾਇਆ। ਤਨੁ ਧਨੁ ਸੁਤੁ ਪਿਆਰਾ ਕਾਮਣਿ ਚਿਤੁ ਲਾਇਆ। ਕਾਪੜ ਪਹਿਰੇ ਸੋਹਣੇ ਖਟ ਰਸ ਮੀਠੇ ਖਾਇ। ਨਾਨਕ ਲੇਖੇ ਮਾਗੀਐ ਅਉਤ ਜਣੇਦੀ ਜਾਇ ॥ ੬੭ ॥ ਘਰੁ ਬਾਲੂ ਕਾ ਦੇਹ ਮੜੋਲੀ ਕਾਚੀ ਗਾਗਰਿ ਜਾਣੁ। ਕਾਲੁ ਸਦਾ ਸਰ ਸਾਧੈ ਜਿਉ ਪੰਖੀ ਸਿਰਿ ਸੀਚਾਣੁ। ਜਬ ਜਮੁ ਪਕੜੇ ਤਬ ਕਉਨੁ ਛੁਡਾਏ। ਸੁਪਨੇ ਜਿਉ ਭੂਲੇ ਫਿਰਿ ਪਛੁਤਾਏ। ਆਪੇ ਜਿਸੁ ਬਖਸੈ ਤਿਸੁ ਮੇਲਿ ਮਿਲਾਏ। ਨਾਨਕ ਸਹਜਿ ਭਾਇ ਲਿਵ ਲਾਏ ॥ ੬੮ ॥ ਦੂਧੁ ਮਖਨੁ ਰੋਟੀ ਖਾਇ ਬਾਲਕੁ ਭੋਗੈ ਰਸ ਕਸ ਭੋਗ। ਸੇ ਦਿਨ ਮਨ ਤੇ ਬਿਸਰੈ ਮਾਤ ਪਿਤਾ ਸੰਜੋਗ॥ ਖਾਵੈ ਭੋਗੈ ਮੀਠ ਰਸ ਨਾਮ ਬਿਨਾ ਸਭ ਰੋਗੁ। ਝੂਠੇ ਖੇਲੈ ਖੇਲਣਾ ਝੂਠੇ ਨਾਲਿ ਪਿਆਰੁ। ਜਿਉ ਆਇਆ ਤਿਉ ਜਾਇਸੀ ਮਿਟੈ ਨ ਲੇਖੁ ਲਿਲਾਰੁ ॥੬੯॥ ਜਨਮੁ ਮਰਣੁ ਦੁਖੁ ਕਾਲੁ ਸਿਰਿ ਘਰਿ ਘਰਿ ਮਾਈ ਬਾਪੁ। ਗਰਭ ਪਵਹਿ ਮਰਿ ਊਤਰਹਿ ਸਿਰਿ ਮਾਰੈ ਕਾਲੁ ਸੰਤਾਪੁ। ਧਰਮੁ ਧੀਰਾ ਧਰਮਾ ਪੂਰੈ ਪਾਪੀ ਪਿਆਰਾ ਪਾਪੁ।ਵੇਸਵਾ ਕੇਰੇ ਪੂਤ ਜਿਉ ਕਿਸਹਿ ਕਹਹਿਗੇ ਬਾਪੁ। ਜਮ ਦਰ ਬਾਧੇ ਮਾਰੀਅਹਿ ਦਰਗਹ ਨਾਹੀ ਮਾਨੁ। ਜਮ ਜਰੂਐ ਇਹੁ ਗੜੁ ਜੋਹਿਆ ਬਿਨੁ ਸਾਧਿ ਸੰਗਤਿ ਹਰਿ ਧਿਆਨੁ। ਮਨਮੁਖ ਨਾਮ ਵਿਸਾਰਿਆ ਦਰਗਹ ਚਲਿਆ ਹਾਰਿ। ਨਾਨਕ ਸਚੇ ਨਾਮ ਬਿਨੁ ਅੰਧਾ ਨਰਕਿ ਗੁਬਾਰ ॥ ੭੦ ॥ ਬਾਲ ਬਿਨੋਦ ਅਚੇਤ ਭੈ ਸੁਤਿਆਂ ਗਈ ਵਿਹਾਇ। ਘਰ ਦਰੁ ਰਖਿ ਨ ਸਕਿਓ ਗਾਫਲੁ ਭਇਆ ਰਜਾਇ। ਭਵਜਲੁ ਬਿਖਮੁ ਡਰਾਵਣਾ ਕਿਉ ਤਰੀਐ ਮੇਰੀ ਮਾਇ। ਜੋ ਦੁਖੁ ਸਹੀਐ ਗਰਭ ਕੁੰਡਿ ਸੋ ਦੁਖ ਤੇਰੇ ਨਾਲਿ।ਸੋ ਦਾਤਾ ਭੁਗਤਾ ਧਨੀ ਹੋਰਿ ਹਉਮੈ ਬਾਧੇ ਕਾਲਿ। ਤੂ ਸਹੁ ਕਮਾਇਆ ਆਪਨਾ ਕਿਸ ਕਉ ਦੋਸੁ ਧਰੇਹਿ। ਤਿਸੁ ਅੰਬੜਿ ਕੋਇ ਨ ਸਕਈ ਮਰਿ ਜਨਮਹਿ ਹੋਵਹਿ ਖੇਹਿ ॥ ੭੧ ॥ ਸ਼ਿਵ ਸ਼ੰਕਰ ਮੁਖ ਸਬਾਏ ਦੇਵਾ। ਬਹੁ ਕਰਮ ਕਮਾਵਹਿ ਅੰਤ ਨ ਸੇਵਾ

ਸਿਧ ਸਾਧਕ ਤ੍ਰੈ ਤੀਸ ਸੁਭਾਇ। ਜੋ ਹਉਮੈ ਤਿਆਗੈ ਸੋ ਦਰਸਨੁ ਪਾਏ । ਭਗਤੁ ਗਿਆਨੀ ਸਾਧੂ ਸੋਇ। ਨਾਨਕ ਜਿਸੁ ਮਨਿ ਸਾਚਾ ਅਵਰੁ ਨ ਕੋਇ ॥੭੨॥ਬੀਰ ਨਾਥ ਨਾਰਦ ਮੁਨਿ ਸਾਰੇ। ਜੋਗੀ ਜਤੀ ਪੰਡਿਤ ਵੀਚਾਰੇ। ਜੋ ਆਤਮੁ ਚੀਨੈ ਸੋ ਤਤੁ ਲਖਾਰੇ। ਆਦਿ ਪੁਰਖੁ ਅਪਰੰਪਰੁ ਪਾਇਆ। ਸਤਿਗੁਰ ਪਰਚੈ ਪਰਮਪਦੁ ਪਾਇਆ। ਆਪੁ ਪਛਾਣੈ ਸੋ ਲਹੈ ਨਿਧਾਨੁ। ਨਾਨਕ ਸੋ ਪਾਵੈ ਭਗਤ ਨੀਸਾਨੁ ॥੭੩॥ ਹਠੀਐ ਤਪੀਏ ਕੇਤੇ ਬਨਿ ਵਾਸੀ। ਨਗਨ ਸੋਨਿ ਤੇ ਪਵਨੁ ਅਭਿਆਸੀ। ਇਕਿ ਨਿਰਾਹਾਰੀ ਪਵਨਹਾਰ ਉਦਾਸੀ । ਬਿਨੁ ਸਤਿਗੁਰ ਸਹਜਿ ਸੰਤੋਖੁ ਨ ਅਵਾਸੀ। ਸਕਤਿ ਅੰਧੁਲੈ ਸਬਦੁ ਨ ਜਾਣਿਆ । ਨਾਨਕ ਕੇਵਲ ਭਗਤਿ ਮਨੁ ਮਾਨਿਆ॥੭੪॥ ਅਕੁਲ ਪੁਰਖੁ ਕੇਵਲ ਗੁਰ ਗਿਆਨੁ। ਨਾਮ ਨਿਰੰਜਨੁ ਅੰਤਰਿ ਧਿਆਨੁ। ਪ੍ਰੇਮ ਪਰਾਇਣੁ ਪ੍ਰੀਤਮ ਮਾਨੁ। ਨਰੁ ਨਿਹਕੇਵਲੁ ਨਿਰਭਉ ਦੀਵਾਨ। ਜੀਵਨੁ ਮੁਕਤਿ ਅੰਮ੍ਰਿਤ ਫਲੁ ਪਾਏ। ਸਰਬ ਨਿਰੰਤਰਿ ਰਹਿਓ ਸਮਾਏ। ਆਦਿ ਅਤੀਤੁ ਪੂਰਾ ਗੁਰ ਗਿਆਨੁ। ਨਾਨਕ ਮਾਨੈ ਪਰਮ ਨਿਧਾਨੁ ॥ ੭੫ ॥ ਪਰਮ ਨਿਧਾਨ ਪਦਾਰਥੁ ਨਾਉ। ਪਰਮ ਤਤੁ ਸਚਾ ਬਿਸਮਾਉ। ਅਮਰ ਅਜੋਨੀ ਆਦਿ ਜੁਗਾਦਿ। ਪਰਮ ਨਿਧਾਨ ਪੂਰਨੁ ਪਰਮਾਦਿ। ਆਦਿ ਅਤੀਤੁ ਸਚੁ ਪੂਰਨ ਖੂਰ। ਨਾਨਕ ਜੁਗੁ ਅਸਥਿਰੁ ਅਸਥੂਲ ॥ ੭੬ ॥ ਧਿਆਓ ਪੂਰਾ ਹੋਇਆ।

ੴ ਸਤਿਗੁਰ ਪ੍ਰਸਾਦਿ॥

ਰਾਗੁ ਰਾਮਕਲੀ॥ ਜੋਗ ਮਾਰਗੁ ਸੁਨਿਹੋ ਜੋਗੀ ਕੀ ਚਾਲਾ । ਗੁਰਮੁਖਿ ਜੋਗੁ ਕਮਾਵਹੁ ਜੋਗੀ ਜਿਉ ਜਲ ਭੀਤਰਿ ਕਵਲੁ ਨਿਰਾਲਾ ॥ ੧ ॥ ਆਸਨੁ ਸੋਧਿ ਨਰਾਲਮੁ ਬਹੇ। ਪੰਚਿ ਤਤੁ ਕਾਇਆ ਮਹਿ ਦਹੇ। ਅਰਚੇ ਕੇ ਘਰਿ ਪਰਚੇ ਜਾਇ। ਤ੍ਰਿਕੁਟੀ ਮੈ ਸੁੰਨਿ ਸਮਾਇ।ਸਸੀਅਰੁ ਫੂਟਾ ਕਵਲੁ ਬਿਗਾਸੁ। ਤ੍ਰਿਕੁਟੀ ਫੂਟੀ ਨਿਜ ਘਰਿ ਵਾਸੁ। ਨਾਭ ਕਵਲੁ ਪਵਨੁ ਅਰੰਭੁ।ਮੂਲ ਪਵਨੁ ਨਾਭ ਅਸਥੰਭੁ। ਪੰਚਿਤਤੂ ਕਰਿ ਕੀਏ ਬਿਡਾਨੁ। ਜੋਤਿ ਜਗਾਇ ਪਤਿ ਮਤਿ ਗਤਿ ਦਾਨੁ। ਘਟ ਮਟ ਪਾਏ ਦੇਹ ਸਵਾਰੀ। ਸਚੀ ਜੋਤਿ ਤ੍ਰਿਭਵਣ ਪ੍ਰਭਿ ਧਾਰੀ॥੨॥ ਗੁਰ ਕੈ ਸਬਦਿ ਪ੍ਰਤੀਤਿ ਮਨੁ ਰਚੇ। ਤ੍ਰਿਗੁਣ ਚੰਚਲੁ ਤਿਆਗੇ ਚਰਚੇ। ਚੋਰੀ ਚੰਚਲੁ ਕਰੇ ਤਿਆਗੁ। ਕਰਮੁ

ਮਣੀ ਸਚੁ ਮਸਤਕਿ ਭਾਗੁ। ਐਸਾ ਜੋਗੁ ਜੁਗਤ ਪਛਾਣੁ। ਪੰਚ ਮਾਰਿ ਹੋਵਹਿ ਪਰਵਾਣੁ। ਏਕ ਨਾੜਿ ਰਸੁ ਭੇਦੁ ਨ ਪਾਇ। ਪ੍ਰਣਵਤਿ ਨਾਨਕੁ ਜੋ ਨਿਜ ਘਰਿ ਜਾਇ॥ ੩॥ ਇੜਾ ਪਿੰਗਲਾ ਸੁਖਮਨਾ ਤਨ ਬੁਧਿ। ਤੀਨ ਤਪੇ ਸਹੰਸਾ ਕੀ ਸੁਧਿ। ਤ੍ਰਿਗੁਣ ਤਿਆਗਿ ਚਉਥਾ ਪਦੁ ਜਾਣੈ। ਨਉ ਘਰਿ ਢੂਢਿ ਦਸਵੈ ਘਰਿ ਆਣੈ। ਐਸਾ ਜੋਗੀ ਜੁਗਤਿ ਨਿਰਾਲਾ। ਦਇਆਵੰਤੁ ਪੂਰਨੁ ਕ੍ਰਿਪਾਲਾ। ਰਹੈ ਬਿਹੰਗਮ ਕਤਹੂ ਨ ਜਾਇ। ਸੁਣਿ ਅਵਧੂ ਸਚੁ ਜੋਗੁ ਕਮਾਇ। ਓਊ ਓਨਮੋ ਅਪਰੰਪਰ ਧਾਰੇ। ਸੁ ਅਉਧੂ ਏਹੁ ਸਚੇ ਵੀਚਾਰੇ॥ ੪॥ ਅਕਥ ਕਥਾ ਕਾ ਕਿਆ ਵੀਚਾਰੁ। ਆਪੇ ਜਾਣੈ ਅਪਰਿ ਅਪਾਰੁ। ਗੁਰ ਕੇ ਸਬਦਿ ਰਤੇ ਮਨ ਮਾਹੀ। ਸਚੁ ਜੋਗੀ ਸਾਰੁ ਨਿਜ ਘਰੁ ਜਾਹੀ। ਗੁਰਪ੍ਰਸਾਦਿ ਪਰਮ ਪਦੁ ਪਾਵੈ। ਨਾਨਕ ਜਾ ਕੋ ਆਪਿ ਮਿਲਾਵੈ॥੫॥ ਲਾਲੁ ਗੁਲਾਲੁ ਸਬਦਿ ਗੁਰ ਗੂੜਾ। ਗੁਰ ਕੀ ਭਗਤਿ ਕਰੇ ਜਨੁ ਰੂੜਾ। ਰੂੜੀ ਬਾਣੀ ਮਨ ਕੰਠੇ ਰਹਾਵੈ। ਗੁਰ ਕਾ ਸਬਦੁ ਤ੍ਰਿਪਤਿ ਆਘਾਵੈ। ਊਚੀ ਪਵੜੀ ਚੜੇ ਨਿਰਾਰਾ। ਗੁਰਮੁਖਿ ਜੋਗੀ ਪਾਵਹਿ ਪਦੁ ਸਾਰਾ। ਓਪਤਿ ਪਰਲੋ ਨਿਮਖ ਮਝਾਰਿ। ਨਾਨਕ ਜਪੀਏ ਸਬਦਿ ਪਿਆਰਿ॥੬॥ਨਿਰੰਜਨ ਜੋਤਿ ਸਬਦ ਸਿਰਿ ਸੋਰ। ਏਕੋ ਹੀ ਆਪਿ ਦੂਜਾ ਨਹੀ ਹੋਰਿ। ਤਾਕਾ ਅੰਤੁ ਨ ਪਾਰਾਵਾਰੁ। ਅਗਮ ਅਗਾਧਿ ਬਿਅੰਤ ਅਪਾਰੁ। ਗੁਰਮੁਖਿ ਜੋਗੀ ਜੋਗੁ ਕਮਾਉ। ਸਿਫਤੀ ਰਤਾ ਆਤਮ ਗੁਨ ਗਾਉ।ਦਰਸਨੁ ਆਪਿਸਹਜਿ ਘਰਿ ਪਾਇ।ਨਿਰਮਲ ਬਾਣੀ ਨਾਦੁ ਵਜਾਇ॥ ੭॥ ਸੁਣਿ ਭਰਥਰਿ ਨਾਨਕ ਏਹ ਬਾਣੀ ਸਚੁ ਨਿਰੰਤਰਿ ਰਹੇ ਸਮਾਇ। ਜਿਤੁ ਪਾਵਹਿ ਪਦੁ ਨਿਰਬਾਣੀ ਕਾਲੁ ਨਗਰ ਸੇ ਪਿੰਡ ਨ ਪਾਇ। ਗੁਰ ਮਿਲਿ ਜੋਤ ਸਮਾਇ। ਨਾਨਕ ਭਰਥਰਿ ਗੋਸਟਿ ਹੋਈ। ਮਨੁ ਮਾਨਿਆ ਨਾਨਕ ਸਚੁ ਸੋਈ॥ ੮॥ ਰਤਨ ਪਦਾਰਥ ਬ੍ਰਹਮ ਗਿਆਨੁ। ਗਿਆਨ ਧਿਆਨ ਗੁਰ ਸਬਦੁ ਪਛਾਨੁ। ਗੁਰ ਕੈ ਸਬਦਿ ਰਤਾ ਜਨ ਤੇਰਾ। ਉਰਵਾਰੁ ਪਾਰੁ ਸਭ ਉਸ ਹੀ ਕੇਰਾ। ਤੰਤੁ ਮੰਤ ਪਖੰਡ ਨ ਛਾਇਆ। ਆਦਿ ਪੁਰਖ ਗੁਰ ਪੁਰਖੁ ਮਿਲਾਇਆ॥ ੯॥ ਕੰਚਨ ਕੋਟ ਰੀਸਾਲ ਅਨੂਪ। ਸਚ ਕੋਟ ਕੰਚਨੁ ਰੀਸਾਲੁ। ਹੀਰਾ ਰਤਨੁ ਮਾਣਕੁ ਵਿਚ ਲਾਲ। ਹੀਰਾ ਰਤਨੁ ਜਵੇਹਰ ਸੁਭਰੁ ਮਾਣਕ ਮੋਤੀ ਭਰਿਆ ਸਤਸਰ। ਗੁਰ ਸਬਦੀ ਅਚਰਜੁ ਡਿਠਾ ਸੋਇ। ਨਾਨਕ ਕੀ ਮਤਿ ਕਹਣੁ

ਨ ਹੋਇ ॥੧੭॥ ਕੰਚਨ ਕੋਟ ਸਚੇ ਰੀਸਾਲੇ । ਦਰਸਨੁ ਪਾਇਆ ਲਾਲ ਗੁਲਾਲੇ। ਲਾਲੁ ਗੁਲਾਲੁ ਸਚ ਗਹਰ ਗੰਭੀਰੇ । ਸਚੁ ਠਕੁਰਾਈ ਸਚੇ ਮੀਰੇ । ਅਮਰ ਪੁਰਿ ਨਗਰੀ ਸਚੁ ਅਸਥਾਨ । ਤਹ ਜਰਾ ਨ ਮਰਨ ਨ ਆਵਣ ਜਾਣੁ । ਤਹ ਨਾਨਕ ਜੁਗ ਜੁਗ ਪ੍ਰੇਮ ਨਿਧਾਨੁ ॥ ੧੧ ॥

ਅਕਥੁ ਅਪਾਰੁ ਅੰਤੁ ਕਛੁ ਨਾਹੀ । ਏਹੁ ਅੰਤੁ ਨ ਕੀਮਤ ਪਾਹੀ। ਅੰਤੁ ਨ ਪਾਇਐ ਬਿਅੰਤੁ ਨ ਅੰਤ। ਤਾਕਾ ਅੰਤ ਨਾ ਜਾਣੇ ਮੰਤ। ਅਗਮ ਅਗਾਧਿ ਬਿਅੰਤੁ ਅਤੋਲਾ। ਨਾਨਕ ਮੁਲਿ ਨ ਪਾਇਐ ਗੁਣੀ ਅਮੋਲਾ ॥ ੧੨॥ ਅਸੰਖ ਬ੍ਰਹਮੇ ਤਿਸ ਕੇਰੀ ਸੇਵਾ॥ਬਿਸਨ ਮਹੇਸ ਨ ਪਾਵਹਿ ਭੇਵਾ॥ ਸਨਿਕਾਦਿਕ ਜਨਕਾ-ਦਿਕ ਦੇਵਾ। ਜਖ ਕਿਨਰ ਅਰੁ ਪਿਸਾਚ ਪਰੇਵਾ। ਤਾਲਾ ਬਾਲੀ ਅਰੁ ਸੁਰਿ ਨਰ ਗੰਧ੍ਰਿਪ। ਨਾਨਕ ਅੰਤੁ ਨ ਪਾਵਹਿ ਸੰਮ੍ਰਿਥ ॥੧੩॥ ਏਹ ਤਤੁ ਵੀਚਾਰੁ ਮੰਤ ਜਨ ਬੋਲੇ। ਘਰਿ ਦਰਿ ਸੁਰਤੀ ਨਾਹੀ ਡੋਲੇ।ਅਕਥ ਕਥਾ ਕੀ ਅਕਥ ਕਹਾਨੀ।ਅੰਬ੍ਰਿਤ ਮਥਿ ਮਥਿ ਕਾ ਤਤੁ। ਬੋਲੇ ਨਾਨਕ ਅਗਮੁ ਬਿਅੰਤੁ ॥ ੧੪ ॥ ਨਾਭ ਕਵਲ ਸਤੁ ਸਰੁ ਸਮੁੰਦੁ। ਧਰ ਹਰ ਤ੍ਰਿਪਤੇ ਬਰਖੇ ਇੰਦੁ। ਧਰ ਹਰ ਬਰਖੇ ਸਰ ਸਰੇ ਸਹਜਿ ਉਪਜੇ ਕਉਲੁ । ਗਗਨਿ ਦੁਆਰ ਘਰਿ ਚੜੇ ਗਗਨੰਤਰਿ।ਅੰਬ੍ਰਿਤੁ ਪੀਵੈ ਸਹਜਿ ਨਿਰੰਤਰਿ। ਦਰਸਨੁ ਪਰਸੇ ਗੁਰ ਪ੍ਰਸਾਦਿ । ਅਸਥਿਰੁ ਜੋਗੀ ਆਦਿ ਜੁਗਾਦਿ ॥ ੧੫ ॥ ਤ੍ਰੈਇ ਸਤ ਉਂਗਲ ਵਾਈ ਖੇਲੁ। ਮਨਿ ਸਚੁ ਅਹਾਰੁ ਕਰ ਮੇਲੁ। ਬੋਲੇ ਖੇਲੇ ਅਸਥਿਰੁ ਜਾਣੁ। ਆਤਮ ਰਾਮ ਸਿਵਰਨ ਸਰੂਪ।ਆਦਿ ਅਨੀਲ ਅਨਾਹਦਿ ਧੂਪੁ। ਐਸਾ ਜੋਗੀ ਜੋਗ ਜੁਗਤ ਪਤੀਨਾ। ਨਿਜ ਮਹਲੀ ਅਪੁਣੇ ਘਰਿ ਲੀਣਾ ॥ ੧੬ ॥ ਪੂਰਬਿ ਚੜੇ ਫਿਰਿ ਦੇਖੈ ਦਖਣੁ। ਪਛਮਿ ਆਵੈ ਗੁਰ ਕੀ ਲਖਣੁ। ਪਛਮਿ ਤੇ ਫਿਰਿ ਚੜੇ ਸੁਮੇਰਿ। ਆਵੇ ਪਰ ਦਖਣ ਕੇ ਫੇਰਿ । ਦਹਦਿਸਿ ਖੋਜਿ ਢੂਢਿ ਫਿਰਿ ਆਵੈ । ਨਾਨਕ ਸੁੰਨਿ ਸਮਾਧਿ ਸਮਾਵੈ। ਐਸਾ ਜੋਗੁ ਕਮਾਈਐ ਜੋਗੀ । ਬਹੁਰ ਜਨਮ ਨ ਹੋਈਐ ਰੋਗੀ ॥ ੧੭ ॥ ਜਪੁ ਤਪੁ ਸੰਜਮੁ ਸੁਰਤ ਬਿਚਖਣੁ। ਜੋਗ ਮਾਰਗੁ ਕਾ ਏਹੋ ਲਖਣੁ। ਬਿਖਮੁ ਜੋਗੁ ਅਗਮ ਕੋ ਪਾਇ। ਸਤਿ ਗੁਰ ਭੇਟੇ ਨਾਮੁ ਧਿਆਏ। ਅਗਮੁ ਨਿਗਮੁ ਜਾਣੇ ਵਾਹਿਗੁਰ ਪ੍ਰਸਾਦਿ ਕਾਲ ਕੋ ਬਾਹਿ। ਮਾਇਆ ਮੋਹੁ ਬਿਆਪੇ ਸੋਗੁ। ਨਾਨਕ ਪ੍ਰਣਵੈ ਐਸਾ ਜੋਗੁ ॥ ੧੮॥

ਕਿਉਂ ਕਰਿ ਖੋਜੀ ਕਿਉ ਕਰਿ ਬਾਦੀ। ਕਿਉ ਕਰਿ ਦੁਭਰ ਦੁਰਮਤਿ ਤਿਆਗੀ।
ਕਿਉ ਕਰਿ ਦੁਬਿਧਾ ਦੁਤਰੁ ਤਰਿਆ। ਕਿਉ ਕਰਿ ਬਾਲੇ ਜੀਵਤੁ ਮਰਿਆ। ਕਵਨ
ਗੁਰੂ ਜਿਸੁ ਦੀਖਿਆ ਦੀਨ। ਭੰਰਥਰ ਪ੍ਰਣਵੇ ਤਤੁ ਪ੍ਰਬੀਨ ॥ ੧੯ ॥ ਗੁਰਮੁਖਿ
ਖੋਜਤ ਰਾਹੁ ਦਸਾਇਆ। ਗੁਰ ਮਿਲੇ ਜਗਜੀਵਨੁ ਪਾਇਆ। ਦੁਬਿਧਾ ਦੁਰਮਤਿ
ਤਿਆਗੀ ਸਮਾਇਆ। ਗੁਰਮੁਖਿ ਸੋਗੁ ਵਿਜੋਗੁ ਪ੍ਰਜਾਲੇ। ਗੁਰਮੁਖਿ ਗਤਿ ਪਤਿ
ਪ੍ਰਵਾਲੇ।ਗੁਰਮੁਖਿ ਦੁਨੀਆ ਦੁਤਰੁ ਤਰਿਆ।ਸਬਦ ਮੁਏ ਫਿਰ ਬਹੁੜਿ ਨ ਮਰਿਆ
॥ ੨੦ ॥ ਸਬਦੁ ਗੁਰੂ ਸਚੁ ਦੀਨੀ ਦੀਖਿਆ। ਸਤਿਗੁਰ ਪੂਰੇ ਸਚੁ ਪਰੀਖਿਆ
ਗੁਰਮੁਖਿ ਖੋਜੀ ਸਚੁ ਪਛਾਣੈ। ਮਨਮੁਖਿ ਵਾਦੀ ਤਤੁ ਨ ਜਾਣੈ। ਚੀਨੇ ਤਤੁ ਗੁਰ
ਸਬਦੀ ਮੇਲਾ। ਸਬਦੁ ਗੁਰੂ ਸੁਰਤਿ ਧੁਨਿ ਚੇਲਾ। ਅੰਤਰਿ ਰਤਨੁ ਗਿਆਨ ਪ੍ਰਚੰਡੁ
ਅੰਤਰਿ ਨਾਮੁ ਨਿਧਾਨੁ ਅਖੰਡੁ । ਸੁਣਿ ਭਰਥਰ ਨਾਨਕ ਬੋਲੈ। ਸਚ ਨਿਰੰਤਰਿ
ਤਤੁ ਵਰੋਲੈ ॥ ੨੧ ॥ ਨਉ ਸਰ ਸੁਭਰ ਦਸਵੇ ਚੜਿਆ । ਗਗਨ ਮੰਡਲ ਮਹਿ
ਬਰਖਾ ਭਰਿਆ। ਤੀਨਿ ਮੇਟਿ ਚਉਥੇ ਚਉਬਾਰੇ । ਸਚ ਸਦਾ ਜਿਣਿ ਮਨ ਕੋ
ਮਾਰੇ। ਗਗਨ ਮੰਡਲ ਮਹਿ ਧਰੇ ਧਿਆਨੁ। ਪਾਰਸੁ ਪਰਸੈ ਤ੍ਰਿਭਵਣਿ ਥਾਨੁ
ਪੁਰੀਆ ਸਪਤਿ ਉਪਰ ਕਲਵਾਸੁ। ਤਹ ਜੋਗੀ ਬੈਸੈ ਨਿਰੰਜਨ ਦਾਸੁ॥ ੨੦
ਆਠ ਅਠਾਰਹ ਬਾਰਹ ਬੀਸਾ।ਬੰਕਿ ਨਾੜੀ ਤਿਆਗੀ ਹੈ ਤੀਸਾ । ਬੰਕ ਨਾੜ ਤੇ
ਬਾਹਰਿ ਬੀਸਾ । ਬੰਕਿ ਨਾੜਿ ਤਿਆਗੀ ਹੈ ਤੀਸਾ। ਬੰਕ ਨਾੜ ਤੇ ਬਾਹਰਿ
ਭਇਆ। ਸੋ ਬ੍ਰਹਮ ਗਿਆਨੀ ਬ੍ਰਹਮ ਕੀ ਮਇਆ। ਸੁਣਿਹੋ ਭਰਥਰਿ ਨਾਨਕ
ਬੋਲੈ। ਆਤਮ ਚੀਨ ਤਤੁ ਵਿਰੋਲੇ । ਊਰਮੁ ਧੂਰਮ ਲਾਗੀ ਤਾੜੀ।ਨਾਨਕ ਜੋਗ
ਜੁਗਤ ਵਿਚਾਰੀ ॥ ੨੩ ॥ ਆਸਾ ਪਾਸਾ ਮਨਸਾ ਖਾਇ। ਪਰ ਦਰਬ ਨ ਹੇਰੇ ਨ
ਪਰ ਘਰਿ ਜਾਇ। ਚੋਰੀ ਚੰਚਲੁ ਚਿਤੁ ਨ ਲਾਵੈ। ਗੁਰ ਪ੍ਰਸਾਦੀ ਸਹਜ ਸਮਾਵੈ
ਐਸਾ ਜੋਗੀ ਜੋਗੁ ਪਛਾਤਾ।ਸਚੇ ਸਬਦਿ ਅਨਾਹਦ ਰਾਤਾ। ਸਹਜਿ ਰਹੇ ਨਿਮਾਣੀ
ਸੂਤਾ। ਨਾਨਕ ਕਹੈ ਸੋਈ ਅਵਧੂਤਾ ॥ ੨੪ ॥ ਜਤਿ ਸਤਿ ਸਤਵੰਤਾ ਸਾੜਾ।
ਪੰਚ ਇੰਦਰ ਮਾਰਿ ਨਿਵਾੜਾ। ਨਾਮੁ ਦਾਨੁ ਗੁਰਮੁਖਿ ਇਸਨਾਨੀ । ਬ੍ਰਹਮ ਕਾ
ਵੇਤਾ ਬ੍ਰਹਮ ਗਿਆਨੀ। ਬੋਲੇ ਸਚੁ ਨ ਰਾਈ ਮਿਥਿਆ। ਸਤਿਗੁਰ ਕੀ ਏਹ ਆਦਿ
ਪਰੀਖਿਆ। ਜੋਗ ਕੇ ਲਛਣ ਸੁਣਿਅਹੁ ਪੂਤਾ। ਨਾਨਕ ਕਹੈ ਸੋਈ ਅਵਧੂਤਾ ॥

੨੫ ॥ ਚੰਚਲ ਚਾਇ ਨ ਪਾਸੇ ਖੇਲੇ। ਕਾਮਨਿ ਦਾਮਨਿ ਗਇਆ ਗੁਰ ਮੇਲੇ। ਚੰਚਲ ਨ ਕਰਨ ਜਾਇ ਅਖਾੜੇ। ਗਗਨੰਤਰਿ ਧਨਖੁ ਸਹਜਿ ਸਹਿ ਹਾੜੇ। ਰਹੈ. ਇਕੰਤ ਸਬਦੁ ਨਿਰਬਾਨੁ। ਦਰਗਹ ਪੈਧੇ ਪਤਿ ਪਰਵਾਨੁ। ਐਸੇ ਸੰਜਮ ਰਹੈ ਗੁਰ ਪੂਤਾ। ਨਾਨਕ ਕਹੈ ਸੋਈ ਅਵਧੂਤਾ॥੨੬॥ ਕਨਕ ਕਾਮਨੀ ਸਿਉ ਨਾਹੀ ਗਾਤੁ। ਪਰਦਰਬੁ ਨ ਹਿਰੇ ਨ ਪਰਤ੍ਰਿਆ ਰਾਤੁ। ਜਿਹਬਾ ਮੁਖਹੁ ਨ ਬੋਲੇ ਅਸਤੁ। ਮਨੁ ਮਾਣਕੁ ਮਨ ਤੇ ਪਤੀਆਨਾ। ਮਨ ਤੇ ਮਨੁ ਮਾਨਿਆ ਗੁਰਮਤਿ ਸਮਾਨਾ। ਘਰ ਦਰ ਕੀ ਖਬਰਿ ਸਚਿ ਸਬਦੀ ਸਿਞਾਤੀ। ਜੋਗ ਮਾਰਗ ਕੀ ਐਸੀ ਚਾਲਾ। ਪ੍ਰਣਵਤ ਨਾਨਕ ਸੁਣਿਹੋ ਬਾਲਾ ॥ ੨੭ ॥ ਸਿਭੂ ਕੀ ਨਗਰੀਆ ਅਪਰੰਪਰ ਥਾਉ। ਸੁੰਨਿ ਤੇ ਉਪਜੀ ਅਚਰਜੁ ਬਿਸਮਾਦੁ। ਨਿਰਭਉ ਜੋਗੀ ਨਗਰੀ ਮਹਿ ਬੈਸੇ। ਸਚੁ ਭੋਜਨ ਤ੍ਰਿਪਤੇ ਅੰਮ੍ਰਿਤ ਰਸੈ। ਸੁਣਿ ਭਰਥਰ ਐਸਾ ਜੋਗੁ। ਮੂੰਡ ਮੁੰਡਾਏ ਜੋਗੁ ਨ ਹੋਗੁ ॥ ੨੮ ॥ ਨਾਨਕ ਬੋਲੇ ਸਚੀ ਬਾਣੀ। ਸੁਣਿਹੋ ਭਰਥਰ ਅਕਥ ਕਹਾਣੀ। ਕਹਾ ਭਇਆ ਜੇ ਪਿੰਡੁ ਨ ਪੜਿਆ। ਜੇ ਜੁਗ ਚਾਰੇ ਭਰਮਤੁ ਫਿਰਿਆ। ਜੇ ਅਵਰਦ ਸੁਣੀ ਅਵਧ ਲਿਖਾਈ। ਅੰਤ ਕਾਲਿ ਪਿੰਡੁ ਪੜੇਗਾ ਭਾਈ॥੨੯॥ ਗੋਰਖ ਵਾਚ ॥ ਕਵਨੁ ਰੂਪ ਕਵਨ ਬਿਥਾਰੁ। ਕਵਨੁ ਅਰੰਧ ਕਵਨੁ ਅਕਾਰੁ। ਕਿਤੁ ਸਰਿ ਬੈਸੇ ਕਵਨ ਅਚਾਰੁ। ਕਵਨੁ ਸੁ ਰਾਜਾ ਕਵਨ ਸੁ ਰਹਤਾ। ਕਵਨ ਪੁਰਖੁ ਪੁਰਖੁ ਪਤਿ ਹੋਤਾ। ਕਵਨ ਸੁ ਬੋਲੇ ਕਵਨ ਪੇਖੈ। ਕਵਨੁ ਜੋਤਿ ਨਿਰੰਜਨੁ ਦੇਖੈ। ਕਹਾ ਤੇ ਆਵੈ ਕਹਾ ਤੇ ਜਾਇ। ਪਿੰਡੁ ਪੜੇ ਜੀਉ ਕਹਿ ਸਮਾਇ। ਏਸੁ ਕਥਾ ਕਾ ਦੇਹੁ ਬੀਚਾਰੁ। ਬੋਲੇ ਗੋਰਖੁ ਤਤੁ ਵੀਚਾਰੁ॥ ੩੦ ॥ ਸਚੁ ਰੂਪੁ ਪਵਨ ਬਿਸਥਾਰੁ। ਪਵਨੁ ਅਰੰਭੁ ਸਬਦੁ ਅਕਾਰੁ। ਗੁਰਮਤਿ ਸਚੀ ਸਚੁ ਅਚਾਰੁ। ਗੁਰਮੁਖਿ ਨਿਜ ਘਰਿ ਮਹਲੀ ਬੈਸੈ। ਅਮਰ ਭਇਆ ਫਿਰਿ ਕਾਲੁ ਨ ਗ੍ਰਾਸੈ। ਮਨੁ ਰਾਜਾ ਪਵਨੁ ਹੋਇ ਮਹਤਾ। ਨਿਰੰਜਨ ਪੁਰਖੁ ਪੁਰਖੁ ਪਤਿ ਹੋਤਾ। ਬੋਲੇ ਪਵਨ ਅਗਨਿ ਭੜਵਾਉ। ਸਚਾ ਪੇਖੇ ਜੋਤਿ ਨਿਝਨੁਰਾਉ। ਹੁਕਮੈ ਆਵੈ ਹੁਕਮੈ ਜਾਇ। ਪੜੇ ਪਿੰਡੁ ਜੀਉ ਸਚਿ ਸਮਾਇ। ਅਗਮ ਕਥਾ ਏਹ ਕਥਾ ਨ ਜਾਇ। ਸਤਗੁਰ ਪੂਰੇ ਦੀਈ ਬੁਝਾਇ। ਨਾਨਕ ਬੋਲੇ ਸਾਰੀ ਗਾਥਾ। ਸੁਣਿਹੋ ਭਰਥਰ ਗੋਰਖ ਨਾਥਾ॥ ੩੧ ॥ ਘਰ ਹੀ ਰਤਨ ਜਵੇਹਰ ਲਾਲਾ। ਦਰਸਨੁ ਪੇਖਤ ਭਏ ਨਿਹਾਲਾ। ਆਦਿ ਪੁਰਖੁ ਕੇਵਲ ਗੁਰ ਗਿਆਨ।

ਅਗਮੁ ਅਤੀਤੁ ਨਿਰੰਜਨ ਪ੍ਰਾਨ ॥ ੩੨ ॥ ਨਵ ਨਿਧਿ ਨਾਮੁ ਅੰਬ੍ਰਿਤ ਭਰਪੂਰਿ। ਸਤਿਗੁਰ ਪੂਰੇ ਭੇਟਿਆ ਸੂਰਿ। ਸੁਣਿਹੋ ਭਰਥਰ ਨਾਨਕ ਬੋਲੇ। ਸਹਜ ਸੁਭਾਇ ਤਤੁ ਵਿਰੋਲੇ॥ ੩੩ ॥ ਸਚੁ ਜੋਗ ਮਨਿ ਵਸਿ ਆਇ। ਭੁੜੀ ਬਾਣੀ ਆਤਮੁ ਰੀਝਾਇ। ਜੋਗੀ ਮਰੇ ਨ ਆਵੈ ਜਾਇ । ਦਰਸਨੁ ਪਾਇਆ ਗੁਰ ਪ੍ਰਸਾਦਿ। ਅਸਥਿਰੁ ਜੋਗੀ ਆਦਿ ਜੁਗਾਦਿ। ਨਾਨਕ ਬੋਲੇ ਸਚੁ ਵੀਚਾਰੁ।ਜੋਗ ਜੁਗਤਿ ਸਚੁ ਕਰਨੀ ਸਾਰੁ ॥ ੩੪ ॥ ਸੁੰਨਿ ਸਮਾਧਿ ਅਨਹਦਿ ਰਾਤੇ । ਸਤਿਗੁਰੂ ਕੇ ਚਰਨ ਪਰਾਤੇ। ਨਿਧਿ ਗੁਣ ਗਾਇ ਨ ਵੇਖਹੁ ਸੂਰਿ।ਨਾਨਕ ਗੁਰਮਤਿ ਸਚੁ ਆਸਾ ਪੂਰਿ ॥ ੩੫॥ ਆਠ ਪਹਰ ਹਰਿ ਰੰਗ ਚਲੂਲਾ। ਗੁਰ ਕੇ ਸਬਦਿ ਅਭੂਲੁ ਨ ਭੂਲਾ। ਸੂਰਜ ਤ੍ਰਿਣਿ ਜਿਉ ਜੋਤਿ ਉਜਾਲਾ। ਹਰਿ ਸਿਮਰਣੁ ਹੈ ਜਨ ਕੀ ਮਾਲਾ। ਆਠ ਪਹਰ ਹਰਿ ਨਾਲਿ ਧਿਆਨੁ। ਬ੍ਰਹਮ ਗਿਆਨੀ ਕਾ ਬ੍ਰਹਮ ਗਿਆਨ ॥ ੩੬ ॥ ਅੰਬ੍ਰਿਤ ਦ੍ਰਿਸਟਿ ਸਮਸਰਿ ਸਭ ਦੇਖੇ। ਸਭ ਤੇ ਨੀਚੁ ਨ ਕਿਸ ਹੀ ਤੇ ਲੇਖੈ।ਸਗਲ ਕੀ ਰੇਨੁ ਸਗਲ ਕੀ ਧੂਰਿ। ਸਗਲ ਕਾ ਪ੍ਰੀਤਮੁ ਨਾ ਕਿਸਹੂ ਤੇ ਦੂਰਿ। ਸਗਲ ਕਥਨ ਕਾ ਸਖਾ ਸਹਾਈ। ਨਾਨਕ ਰਾਮ ਨਾਮ ਲਿਉਲਾਈ॥ ੩੭ ॥ ਪੰਚਿ ਤੀਨਿ ਨਉ ਚਾਰਿ ਸਮਾਵੈ। ਧਰਨਿ ਗਗਨਿ ਕਲਾ ਧਾਰਿ ਰਹਾਵੈ॥ਜਲੁ ਅਕਾਸ ਸੁੰਨਿ ਸਮਾਵੈ। ਜੋਗੀ ਸਬਦੁ ਵਜਾਏ ਬੀਣਾ। ਗੁਰ ਕੈ ਸਬਦੀ ਅਨਹਦਿ ਲੀਣਾ ਨਾਨਕ ਸਚੇ ਸਚ ਪਤੀਣਾ ॥ ੩੮ ॥ ਅਕਥ ਕਥਾ ਅਗਮ ਵੀਚਾਰੁ। ਤ੍ਰਿਕੁਟੀ ਛੂਟੀ ਮੁਕਤਿ ਦੁਆਰੁ। ਅੰਮ੍ਰਿਤ ਪੀਵੈ ਨਿਰਮਲ ਧਾਰ। ਗੁਰਮੁਖਿ ਦੇਖੈ ਦਸਵੈ ਦੁਆਰ।ਸਹਜਿ ਸੁਭਾਇ ਹਰਿ ਗੁਣ ਗਾਵੈ। ਨਾਭ ਕਵਲ ਸਤ ਸਰਿ ਘਰਿ ਸਮਾਵੈ ॥ ੩੯ ॥ ਸਬਦ ਸੁਰਤਿ ਕੀ ਸਾਖੀ ਬੂਝੈ। ਮਰਮੁ ਦਸਾ ਪੰਚਾ ਕਾ ਸੂਝੈ। ਦਸਵੈ ਦੁਆਰੇ ਚੌਥੇ ਭਾਣੀ।ਤੀਰਥ ਪਰਸੈ ਤ੍ਰੈਇ ਸੈ ਸਾਠੀ। ਗਗਨੰਤਰਿ ਗਗਨਿ ਗਵਨੁ ਕਰਿ ਫਿਰੇ। ਜਾਇ ਤ੍ਰਿਬੇਣੀ ਮਜਨੁ ਕਰੈ । ਸਹਜਿ ਨਿਰੰਤਰਿ ਧਰੇ ਧਿਆਨੁ। ਨਾਨਕ ਐਸਾ ਬ੍ਰਹਮ ਗਿਆਨ ॥ ੪੦ ॥ ਉਲਟੇ ਕਵਲੁ ਜੋਤਿ ਪਰਗਾਸੁ। ਹਰਿ ਗੁਣ ਗਾਵੈ ਸਹਜਿ ਬਿਗਾਸੁ। ਸਹਜੇ ਸਿਫਤੀ ਧਣਖੁ ਚੜਾਏ। ਗੁਰ ਕੈ ਸਬਦਿ ਅਨਾਹਦੁ ਵਾਏ। ਸਬਦਿ ਸੁਰਤਿ ਕੀ ਸਾਖੀ ਪੜਿਆ। ਨਾਨਕ ਗਰਭ ਕੁੰਡਿ ਨਹੀ ਗਲਿਆ ॥ ੪੧ ॥ ਅਗਮੁ ਨਿਗਮੁ ਗੁਰਮੁਖਿ ਬੂਝੇ। ਗੁਰਮੁਖਿ ਜਾਣੇ ਸਭ ਕਿਛੁ

ਸੂਝੈ। ਗੁਰਮੁਖਿ ਰਣੁ ਆਤਮ ਗੜੁ ਜੀਤੇ। ਪੰਚ ਮਾਰਿ ਸੁਖਿ ਸਹਜਿ ਸਮੀਪੇ। ਗੁਰਮੁਖਿ ਪਾਵੈ ਦਰਗਹ ਮਾਨੁ। ਗੁਰਮੁਖਿ ਉਰਵਾਰ ਪਾਰ ਕਾ ਧਨੀ॥ ਊਚਾ ਗੜੁ ਨਿਜ ਮਹਿਲ ਬਿਜਮੰਦਾਰੁ। ਨਾਨਕ ਗੁਰਮੁਖਿ ਪਾਵੈ ਆਚਾਰ ॥੪੨॥ ਗੁਰਮੁਖਿ ਸਚੁ ਮਹਲੀ ਮੈ ਵਾਸੁ।ਗੁਰਮੁਖਿ ਸਚੁ ਸਬਦੁ ਗੁਣ ਤਾਸੁ। ਗੁਰਮੁਖਿ ਅੰਭੈ ਅੰਭਿ ਮਿਲਾਇ।ਗੁਰਮੁਖਿ ਮੰਨੇ ਹੁਕਮ ਰਜਾਇ। ਗੁਰਮੁਖਿ ਘਰਿ ਦਰਿ ਪਤਿ ਪਰਵਾਣੁ। ਗੁਰਮੁਖਿ ਸਚੁ ਸਬਦੁ ਨੀਸਾਣੁ। ਗੁਰਮੁਖਿ ਕੰਚਨ ਕਾਇਆ ਸਚੀ। ਗੁਰਮੁਖਿ ਘਉੜੀ ਊਚੋ ਊਚੀ। ਗੁਰਮੁਖਿ ਸਚਿ ਸਬਦਿ ਨਿਸਤਾਰਾ। ਨਾਨਕ ਗੁਰਮੁਖਿ ਘਾਰਿ ਉਤਾਰਾ ॥੪੩॥ ਜਪੁ ਤਪੁ ਸੰਜਮੁ ਸੁਰਤਿ ਬਿਚਖਣੁ।ਸਤਿਗੁਰ ਸਾਧ ਭਲਾ ਏਹ ਲਖਣ। ਅੰਮ੍ਰਿਤ ਦ੍ਰਿਸਟਿ ਬਰਖੇ ਤਹ ਬਰਖਾ। ਪੂਰੀ ਮਤਿ ਪੂਰਾ ਪੁਰਖਾ। ਜੋਗ ਮਾਰਗ ਕਾ ਏਹੋ ਲਖਣ। ਨਾਨਕ ਜੋਗੀ ਜੁਗਤ ਬਿਚਖਣ ॥੪੪॥ ਅਗਮੁ ਨਿਗਮੁ ਅਗਮੁ ਵੀਚਾਰੇ। ਤ੍ਰਿਕੁਟੀ ਛੂਟੀ ਬਿਬਲ ਮਝਾਰੇ। ਮਿਲੇ ਸੇ ਪ੍ਰੀਤਮ ਰਾਮ ਪਿਆਰੇ। ਲਸਕਰੀਆ ਘਰ ਸੰਮਲਿ ਸਾਗੇ।ਸਰਵਰਿ ਖੋਜਿ ਪਾਇ ਨਾਮ ਮਣੀਆ। ਤਾਕੀ ਕਿਸੈ ਨ ਕੀਮਤਿ ਗਣੀਆ। ਵਖਰੁ ਸਚੁ ਕਰੇ ਵਾਪਾਰੁ। ਨਾਨਕ ਪਾਏ ਮੁਕਤਿ ਦੁਆਰੁ ॥ ੪੫ ॥ ਕਰਤਾ ਭੁਗਤਾ ਕਰਨੈ ਜੋਗੁ। ਕਰਨ ਕਰਾਵਨਹਾਰੁ ਸਭੁ ਹੋਗੁ॥ ਆਦਿ ਨਿਰੰਜਨ ਤ੍ਰਿਭਵਣ ਧਣੀ॥ ਬਿਨ ਸਚੇ ਨਿਰੰਕਾਰ ਕਿਸ ਗਣੀ॥ ਨਿਰਗੁਣ ਸਰਗੁਣ ਤ੍ਰਿਹੁ ਗੁਣ ਤੇ ਦੂਰਿ। ਨਾਨਕ ਅਲਿਪਤੁ ਰਹਿਆ ਭਰਪੂਰਿ ॥੪੬॥ ਧਰ ਹਰਿ ਵੁਠਾ ਸਰ ਭਰੇ ਸਰਿ ਭਰਿ ਕਵਲੁ ਉਪੰਨੁ। ਭਉਰੁ ਜਿ ਆਵੈ ਆਸ ਕਰਿ ਤਿਸ ਵਿਚਿ ਹੰਸ ਇਵੰਨੁ। ਬਿਨ ਸਬਦੇ ਭਰਮੀਐ ਭਉਰੁ ਨਿਰਾਸਾ ਜਾਇ। ਬਿਖੁ ਕੀ ਬਾੜਿ ਬੇਧਿਆ ਜਮਪੁਰਿ ਚੋਟਾ ਖਾਇ।ਭਉਰ ਭਵੰਤਾ ਭਾਲੀਏ ਭਰਮੀ ਭੁਲਾ ਉਦਿਆਨਿ।ਬਿਖੁ ਰਸੁ ਚਾਖੀ ਭਵਰੜੇ ਮਨਮੁਖਿ ਅੰਧਿਅਗਿਆਨ ॥੪੭॥ ਧਰ ਹਰੀ ਵਸੇ ਭਰੇ ਹੰਸ ਨਿਰਾਲਮੁ ਲਾਲ। ਮਾਣਕ ਮੋਤੀ ਵਿਕਣੇ ਗੁਰਮੁਖਿ ਖੋਜਿ ਨਿਹਾਲ।ਸੋ ਸਰ ਹੰਸਲਾ ਨ ਹੋਇ ਸਰਵਰੁ ਹੰਸਨ ਤਾਲੁ। ਨਜਰਿ ਪੜੈ ਸਰਾਫ ਕੀ ਮੋਤੀ ਮਨ ਹੈ ਸੀਲੁ।ਸਰਵਰਿ ਹੰਸ ਪਛਾਣਿਆ ਚੁਣ ਮੁਕਤਾਹਲ ਖਾਇ। ਹੁਕਮੀ ਬਾਧਾ ਦਰਿ ਖੜਾ ਮੰਨੈ ਹੁਕਮ ਰਜਾਇ ॥ ੪੮ ॥ ਉਡਹ ਹੰਸਾ ਗਵਨ ਕਰਿ ਗੁਰਮੁਖਿ ਪੰਖ ਸਵਾਰਿ। ਘਰੁ ਦਰੁ ਸੰਮਲ ਹੰਸਲੇ ਜਾਇ ਮਿਲੀਏ

ਰਾਮ ਮੁਰਾਰਿ। ਦੇਸ ਪਰਾਏ ਹੰਸਲਾ ਭਇਆ ਉਡੀਣਾ ਆਥਿ। ਹੰਸ ਉਡਾਰ
ਸੰਮਲੀ ਜਾਇ ਮਿਲੀਏ ਸੰਗਿ ਸਾਥਿ। ਹੰਸ ਸੁ ਮਾਨ ਸਰੋਵਰੀ ਛਪੜਿ ਆਇਆ
ਵਾਸੁ। ਸੰਗਤਿ ਕਾਗ ਕੁਪੰਖ ਕੀ ਕਿਉ ਛੂਟੈ ਤਿਨ ਪਾਸੁ। ਹੰਸੁ ਉਡਾਰੀ ਸੰਮਲ
ਗੁਰਮੁਖਿ ਮਨੂਆ ਵਾਰਿ। ਸਚੁ ਖਟੋਲੀ ਪ੍ਰੇਮ ਕੀ ਅਤਿ ਅਨੂਪ ਹੈ ਸਾਲੁ
ਉਡੈ ਸੋ ਪੁਰਖ ਨਿਰੰਜਨੀ ਨਾਨਕ ਜਨਮੁ ਸਵਾਰਿ ॥ ੪੯ ॥

ਭਾਰਿ ਭਰਿਆ ਡੂਬਸੀ ਪਉਸੀ ਪਾਰਿ ਮਹੂਲੁ। ਧਰ ਹਰਿ ਵਸ ਸਰ ਭ
ਸਹਿਜ ਨਿਪਜੈ ਕਉਲੁ। ਉਨ ਮਨਿ ਕ੍ਰੀ ਵਰਖਾ ਕਰੇ ਸਹਿਜ ਮਨਾਏ ਸਉਲ
ਪੰਚੇ ਮਾਰੇ ਮਨੁ ਜਿਣੇ ਸਗਲੀ ਸਿਸਟ ਕਾ ਭਉਣੁ। ਅਮਰੁ ਅਜੂਨੀ ਥਿਰੁ ਧਨ
ਕਾਲ ਕਰਮੁ ਸਿਰਿ ਨਾਹਿ। ਨਾਨਕ ਅਜਰਾਵਰੁ ਅਮਰ ਹੈ ਨਾ ਆਵੈ ਨ ਜਾ
॥ ੫੦ ॥ ਗੁਰਮੁਖਿ ਕਵਲੁ ਵਿਗਾਸੀਏ ਸਹਜਿ ਕਰੇ ਪ੍ਰਗਾਸੁ। ਗੁਰ ਕੇ ਸਬ
ਰਹਸੀਏ ਚੂਕੇ ਮੋਹ ਪਿਆਸੁ।ਚਉਪੜਿ ਬਾਜੀ ਜਿਨਿ ਚਲੇ ਘਰਿ ਆਏ ਪਤਿਵੰ
ਅਮਰ ਅਜਾਚੀ ਪ੍ਰਭੁ ਮਿਲੇ ਸਚੇ ਸਬਦਿ ਸੁਹੰਤਾ।ਗੜਿ ਦੋਹੀ ਪਾਤਸਾਹ ਕੀ ਵਜ
ਹੋਇਆ ਬਖਸੀਸ। ਗੁਰਮੁਖਿ ਪ੍ਰੀਤਮੁ ਗਲਿ ਮਿਲੇ ਨਾਨਕ ਬੀਸ ਇਕੀਸ॥੫
ਗੁਰਮੁਖਿ ਸਚੁ ਕਰੇ ਵਪਾਰੁ। ਗੁਰਮੁਖਿ ਪਾਏ ਮਹਿਲ ਦੁਆਰੁ। ਗੁਰਮੁਖਿ ਦਾ
ਗੁਰਮੁਖਿ ਬੀਨਾ। ਗੁਰਮੁਖਿ ਸਬਦੇ ਸਬਦਿ ਹੈ ਭੀਨਾ। ਅਗਮੁ ਨਿਗਮੁ ਗੁਰਮੁ
ਜਾਣ। ਨਾਨਕ ਸਬਦੁ ਸਚੁ ਨੀਸਾਣ ॥ ੫੨ ॥ ਗੁਰਮੁਖਿ ਪਰਖੇ ਪਰਖਿ ਹੀਰਾ
ਗੁਰ ਕਾ ਸਬਦੁ ਸੁਣੇ ਮਨ ਧੀਰਾ। ਗੁਰਮੁਖਿ ਮਨੁ ਮਾਣਕ ਪਰਖਾਏ। ਗੁਰਮੁ
ਕਹੀ ਨ ਆਵੈ ਜਾਏ। ਗੁਰਮੁਖਿ ਅਸਥਿਰੁ ਕਦੇ ਨ ਮਰੈ। ਨਾਨਕ ਗੁਰਮੁਖਿ ਗੁ
ਗੁਰੂ ਕਰੇ॥ ੫੩ ॥ ਗੁਰਮੁਖਿ ਪਵਿਤ੍ਰ ਪਰਮਪਦੁ ਪਾਏ। ਗੁਰਮੁਖਿ ਪਤਿ ਸੇ
ਘਰ ਪੈਧਾ ਜਾਏ। ਗੁਰਮੁਖਿ ਜਾਇ ਵਸੇ ਨਿਜ ਮਹਲੀ। ਰਚੇ ਅਨਾਹਦਿ ਸ
ਸਿਫਤਿ ਸੁ ਸਹਿਲੀ। ਸਚੀ ਗੋਸਟਿ ਸੁਣਿਹੋ ਭਰਥਰ। ਬੋਲੇ ਨਾਨਕ ਅੰ
ਨਿਰੰਤਰਿ ॥੫੪॥ ਏਹ ਸਚੀ ਗੋਸਟਿ ਗੁਰਮੁਖਿ ਹੋਈ। ਗੁਰਮੁਖਿ ਵਿਰਲ
ਚੀਨੈ ਕੋਈ। ਸਚ ਖੰਡ ਕੀ ਬਾਣੀ ਅਖੰਡ। ਗੁਰਮੁਖਿ ਜਪਹਿ ਖੰਡ ਬ੍ਰਹਮੰਡ
ਸੇਤੁ ਬੰਧਿ ਰਮੇਸਰ ਹੋਈ। ਪ੍ਰਣਵਤ ਨਾਨਕ ਤਾਰੇ ਸੋਈ ॥੫੫॥ ਸੇਤ ਬੰ
ਰਮੇਸਰ ਮੇਲਾ। ਗੋਰਖ ਭਰਥਰ ਇਕੁ ਗੁਰ ਇਕੁ ਚੇਲਾ। ਗੋਰਖ ਬੋਲੇ ਸਹਜਿ

ਸੁਭਾਇ। ਹਮਿ ਭੂਲੇ ਤੂ ਰਾਹੁ ਦਸਾਇ ॥ ੫੬ ॥ ਨਾਨਕ ਬੋਲੇ ਸਚੀ ਬਾਨੀ। ਸੁਣਿਹੋ ਗੋਰਖ ਨਿਰੰਜਨ ਪ੍ਰਾਣੀ। ਗੁਰਮੁਖਿ ਸਚ ਜੋਗੁ ਕਮਾਉ । ਨਿਜ ਘਰਿ ਮਹਿਲੀ ਪਾਵਹਿ ਥਾਉ।ਸਤਿਗੁਰ ਪੂਰੇ ਕੀ ਦੀਖਿਆ ਲੇਹਿ।ਅਮਰ ਪੁਰਿ ਨਗਰੀ ਵਸਹਿ ਘਰਿ ਏਹਿ ॥ ੫੭ ॥ ਤੀਨ ਚਾਰ ਚਉਪੜ ਚਉ ਮੇਲੇ। ਪੰਜ ਸਤ ਗੁਣ ਗਿਆਨ ਅਮੁਲੇ। ਨਵ ਘਰਿ ਢੂਢਿ ਦਸਵੇ ਦੁਆਰਿ। ਤਹ ਅੰਬ੍ਰਿਤ ਪੀਵਹਿ ਸਬਦਿ ਅਧਾਰਿ। ਤਹ ਅਨਹਦ ਵਾਜੇ ਧੁਨਿ ਅਕਾਰਾ। ਨਾਨਕ ਜੋਗੀ ਜੋਤਿ ਧਿਆਰਾ ॥ ੫੮ ॥ ਸਤਿਗੁਰ ਪੂਰਾ ਵੇਪਰਵਾਹੁ। ਦਹਦਿਸਿ ਮੇਟਿ ਦਸਾਏ ਰਾਹੁ। ਸਚ ਬਿਭੂਤ. ਦਰਸਨ ਘਰਿ ਆਉ। ਐਸਾ ਜੋਗੀ ਜੋਗੁ ਕਮਾਉ। ਪੂਰੈ ਭਾਗਿ ਗੁਰ ਸੁਣਿ ਉਪਦੇਸ। ਸਤਿਗੁਰ ਸੇਵਿ ਮਿਟੈ ਸਭ ਕਲੇਸ।ਨਾਨਕ ਬੋਲੇ ਬ੍ਰਹਮ ਬੀਚਾਰਿ। ਐਸਾ ਜੋਗ ਜੁਗਤਿ ਸਚੁ ਸਾਰੁ ॥ ੫੯ ॥ ਬੇਦ ਕਤੇਬ ਸੋਧਿ ਕੁਰਾਣੁ । ਪੰਡਿਤ ਪੋਥੀ ਪੂਜਾ ਪੁਰਾਣ। ਨਉ ਖੰਡ ਧਰਤੀ ਸਗਲੀ ਫਿਰਹਿ।ਜੋਗ ਜੋ ਪਾਵਹਿ ਭਰਮਿ ਮਰਹਿ। ਸਤਿਗੁਰ ਪੂਰੇ ਸਰਨੀ ਆਉ। ਲਖ ਚਉਰਾਸੀਹ ਜੂਨਿ ਨ ਪਾਉ। ਸਾਧ ਸੰਗਤਿ ਮਹਿ ਵਾਸਾ ਪਾਇ।ਆਠ ਪਹਰ ਹਰਿ ਨਾਮੁ ਧਿਆਇ। ਸਚੁ ਜੋਗ ਅਚਲੁ ਧਿਆਇ ਅਸਥਾਨੁ। ਨਾਨਕ ਬੋਲੇ ਸਬਦੁ ਕੁਰਬਾਨੁ ॥੬੦॥ ਸੁਣਿ ਰੇ ਭਰਥਰ ਗੋਰਖ ਨਾਥਾ। ਨਾਮ ਬਿਨਾ ਡੂਬੇ ਬਹੁ ਸਾਥਾ। ਸਾਧਿਕ ਸਿਧ ਗੁਰੂ ਬਹੁ ਚੇਲੇ। ਗੁਰ ਸਬਦੁ ਬਿਨਾ ਦੁਖੀਏ ਦੁਹੇਲੇ। ਅੰਮ੍ਰਿਤ ਬਾਣੀ ਨਾਨਕ ਬੋਲੇ । ਗੁਰਮੁਖਿ ਨਿਰੰਤਰਿ ਤਤੁ ਵਿਰੋਲੇ ॥ ੬੧ ॥ ਕਹਾ ਸੁ ਗਗਨ ਦਇਆ ਕਾ ਭਉਣੁ । ਕਹਾ ਸੁ ਨਿਜ ਘਰੁ ਜਹਾ ਸੁਖਿ ਸਉਣੁ।ਗੁਰਮੁਖਿ ਖੋਜਿ ਕਰੋ ਵਿਚਾਰ। ਐਸਾ ਗਿਆਨ ਨਿਰੰਜਨੁ ਸਾਰ। ਪਾਰਸੁ ਪਰਸੈ ਦਸਵੈ ਦੁਆਰਾ। ਅੰਮ੍ਰਿਤ ਪੀਵੈ ਨਿਝਰ ਧਾਰਾ। ਸਤਿ ਸਰ ਨਾਵਣੁ ਪੂਰਾ ਹੋਇ। ਦੁਰਮਤਿ ਮੈਲੁ ਨ ਲਾਗੇ ਕੋਇ ॥੬੨॥ ਗੁਰ ਕੇ ਸਬਦਿ ਗਗਨੰਤਰਿ ਵਾਸੁ। ਨਾਮੁ ਜਪੇ ਨਿਜ ਮਹਿਲੀ ਵਾਸੁ।ਦਇਆ ਨਿਰਭਉ ਹੋਇ ਸਮਾਇ। ਭੈ ਮਾਨੀਐ ਨਿਰਭਉ ਮੇਰੀ ਮਾਇ । ਭੈ ਤੇ ਨਿਰਭਉ ਪਤਿ ਪਰਵਾਣ। ਭੈ ਤੇ ਨਿਰਭਉ ਦਰਿ ਨੀਸਾਣ ॥ ੬੩ ॥ ਤ੍ਰਿਕੁਟੀ ਸੰਧਿ ਤ੍ਰਿਬੇਣੀ ਰਹੈ। ਨਾਭ ਕਰਲ ਸਤਿ ਸਰਿ ਘਰਿ ਬਹੈ। ਅਦਲੁ ਕਰੇ ਰਾਜਾ ਪੰਚਾਇਣ । ਪਰਚੇ ਗੁਰਮੁਖਿ ਪਰਮ ਪਰਾਇਣ। ਆਪ ਵੀਚਾਰੇ ਪਰਖੇ ਹੀਰਾ। ਐਸਾ ਪੁਰਖ

ਗੁਣੀ ਗਹੀਰਾ। ਐਸਾ ਸਾਹੁ ਸਰਾਫੁ ਸੁਭਾਇ। ਸਚੀ ਦਰਗਹ ਮਹਲਿ ਬੁਲਾਇ
॥ ੬੪ ॥ ਆਠ ਪਹਰ ਹਹਿ ਰੰਗਿ ਗੁਲਾਲੁ। ਸਹਜਿ ਧਿਆਨੀ ਸਦਾ ਨਿਹਾਲੁ।
ਰਹੇ ਨਿਮਾਣਾ ਸਭ ਕੀ ਰੇਣਾ। ਰਹੇ ਅਲੇਪੁ ਜਿਉ ਜਲਿ ਕਵਲੇਣਾ। ਦਰਸਨ
ਤਿਸ ਕਾ ਅਪਰ ਅਪਾਰੁ। ਨਾਨਕ ਸਾਧੂ ਆਪ ਨਿਰੰਕਾਰੁ॥੬੫॥ ਸੰਸਾਰ ਸਾਗਰ
ਤੇ ਰਹੇ ਨਿਰਾਲਾ। ਜਿਉ ਜਲ ਭੀਤਰਿ ਕਵਲੁ ਨਿਰਾਲਾ।ਸੂਰਜ ਕਿਰਣਿ ਜਿਉ
ਜੋਤਿ ਉਜਾਲਾ। ਮਨ ਬਚ ਕਰਮ ਮਤਿ ਦ੍ਰਿੜ ਸਾਚਾ। ਅੰਤਰਿ ਪ੍ਰੀਤਿ ਰਾਮ ਰਸਿ
ਮਾਤਾ। ਅਬ੍ਰਿਤ ਦ੍ਰਿਸਟਿ ਸਚਾ ਦਇਆਲਾ। ਦਇਆਵੰਤ ਸਚਾ ਕ੍ਰਿਪਾਲਾ।ਹਰਿ
ਗੁਣ ਗਾਵੈ ਸਦ ਬਿਗਾਸਾ। ਨਾਨਕ ਇਹ ਬਿਧਿ ਕਵਲ ਪਰਗਾਸਾ ॥ ੬੬ ॥
ਅਕੁਲ ਪੁਰਖ ਕੇਵਲ ਗੁਰ ਗਿਆਨੁ। ਗੁਰਮੁਖਿ ਬਾਣੀ ਪਰਮ ਨਿਧਾਨੁ। ਅਨੰਦ
ਰੂਪ ਕੋ ਸਦਾ ਜੈਕਾਰੁ। ਆਦਿ ਅੰਤ ਤ੍ਰਿਭਵਣ ਸਚੁ ਸਾਰੁ।ਸਤਿ ਸਰੂਪ ਘਟਿ ਘਟਿ
ਭੋਗੁ। ਨਾਨਕ ਆਦਿ ਜੁਗਾਦਿ ਜੁਗੁ ਜੁਗੁ ਹੋਗੁ ॥੬੭॥ ਪ੍ਰਿਥਮੇ ਮਾਨ ਸਰੋਵਰਿ
ਕਰੈ ਇਸਨਾਨੁ। ਦੁਤੀਏ ਦਖਣਿ ਧਰੇ ਧਿਆਨੁ। ਦਖਣ ਤੇ ਜਾ ਪਛਮ ਚੜੈ।
ਤਉ ਹਾਟ ਪਟਣ ਕੀ ਸੋਝੀ ਪੜੈ। ਪਰਦਖਣ ਦੇ ਚੜੈ ਗਗਨੰਤਰਿ।ਤਹ ਨਾਨਕ
ਬੈਸੈ ਤਖਤਿ ਨਿਰੰਤਰਿ॥੬੮॥ ਨਾਭ ਕਵਲ ਪਵਨ ਅਕਾਰ। ਮਨ ਬੁਧਿ ਇੰਦਰਿ
ਮੁਕਤਿ ਦੁਆਰ। ਬ੍ਰਹਮ ਕਮੰਡਲੁ ਅੰਬ੍ਰਿਤਸਰਿ ਪੂਰਾ। ਗਗਨਿ ਅਕਾਸਿ ਵਜਾਏ
ਤੂਰਾ। ਇੰਦੁ ਬਿੰਦੁ ਸੁਫਨੇ ਨਹੀ ਦੇਖ। ਤਾਂ ਨਾਨਕ ਪਾਇਆ ਅਲਖ ਅਲੇਖ।
੬੯॥ ਅਰਚੈ ਪਰਚੈ ਰਹੈ ਗੁਰ ਗਿਆਨੀ। ਅਗਮ ਨਿਗਮ ਕੀ ਸੋ ਬਿਧਿ ਜਾਨੀ।
ਮਨੁ ਮਾਨਿਆ ਇਕਤੁ ਪਰੋਵੈ ਸੂਤਿ। ਵਸਿ ਗਤਿ ਕੀਤੇ ਪੰਚੇ ਦੂਤ। ਊਪਰਿ ਚੜੈ
ਗਗਨਿ ਅਕਾਸ। ਗਗਨੰਤਰਿ ਬੈਸੈ ਤਖਤਿ ਨਿਵਾਸਿ ॥੭੦॥ ਤਖਤਿ ਨਿਵਾਸੀ
ਸੰਤ ਸੰਗਿ ਭਾਉ।ਆਤਮ ਜੀਤੇ ਨਿਜ ਘਰਿ ਜਾਉ। ਆਦਿ ਜੁਗਾਦੀ ਸਚ ਪਸਾਉ।
ਨਰ ਨਿਹਕੇਵਲੁ ਨਿਰਭੈ ਭਾਉ। ਸਚੁ ਜੋਗੁ ਨਿਜ ਮਹਲੀ ਥਾਉ। ਅਮਰੁ ਅਤੀਤੁ
ਅਲੇਖ ਪਰਵਾਣੁ। ਨਾਨਕ ਰਾਮ ਨਾਮੁ ਸਚੁ ਨੀਸਾਣੁ॥ ੭੧ ॥ ਅਨਹਦਿ ਚੀਨੈ
ਪਦੁ ਨਿਰਬਾਣੁ। ਅਗਮ ਨਿਗਮ ਜੋ ਜਾਣੈ ਜਾਣੁ। ਐਸੀ ਜੁਗਤਿ ਜੋਗੁ ਪਛਾਣੁ।
ਸਤਿ ਸਰਿ ਨਾਵਣ ਪੂਰਾ ਹੋਇ। ਦੁਰਮਤਿ ਮੈਲ ਕਾਟੇ ਸਭ ਧੋਇ। ਐਸੀ ਜੁਗਤਿ
ਜੋਗੁ ਕਮਾਇਆ। ਗੁਰ ਪਰਸਾਦੀ ਮਨੁ ਉਲਟਾਇਆ ॥ ੭੨ ॥ ਚੀਨੈ ਆਪੁ

ਸਬਦੁ ਨਿਰਬਾਣੁ। ਗਗਨੰਤਰਿ ਤਖਤਿ ਲਾਏ ਦੀਬਾਣੁ। ਅਗਨਿ ਕਰੇ ਕਾਇਆ ਨਿਭਰਾਤਿ। ਅਸਥਿਰੁ ਕੰਧ ਅਜਰਾਵਰੁ ਤਾਕੁ। ਮਾਨ ਸਰੋਵਰਿ ਕਰੇ ਇਸਨਾਨੁ। ਨਾਨਕ ਐਸਾ ਅਗਮ ਗਿਆਨੁ ॥੭੩॥ ਅਗਮ ਨਿਗਮ ਜਾਣੇ ਜੋ ਵਾਚਿ। ਪੰਚੇ ਦੂਤ ਰਹਾਏ ਠਾਕਿ। ਪੰਚੇ ਸਾਧ ਜਨਾ ਗੁਰ ਭਾਈ। ਪੰਚੇ ਜੀਤੇ ਘਰਿ ਨਵ ਨਿਧਿ ਪਾਈ ॥ ੭੪ ॥ ਭਇਆ ਨਗਰ ਮਹਿ ਨਾਮੁ ਨਿਧਾਨਾ। ਪਾਇਆ ਸਚੁ ਜੋਗੁ ਕੇਵਲ ਗੁਰ ਗਿਆਨਾ। ਮਸਤਕਿ ਲਿਖਿਆ ਨਾਮੁ ਨਿਧਾਨਾ। ਸਚੁ ਜੋਗੁ ਗਿਆਨੁ ਰਤਨੁ ਅਮੋਲਕੁ ਪਾਇਆ ॥ ੭੫ ॥ ਨਿਰਬਾਣ ਸਬਦੁ ਅਨਾਹਦੁ ਵਾਜਾ। ਗਗਨਿ ਤਖਤਿ ਬੈਠਾ ਸਚੁ ਰਾਜਾ । ਨਾਭ ਕਵਲੁ ਸਚੁ ਜਿਨਿ ਪੰਨਾ। ਸਬਦੁ ਅਨਾਹਦੁ ਸੁੰਨਿ ਸੁੰਨਿ ਭਿੰਨਾ। ਸੁੰਨਿ ਗੁਫਾ ਮਹਿ ਲਾਗੀ ਤਾਰੀ। ਨਾਨਕ ਜੋਗਜੁਗਤਿ ਏਹ ਸਾਰੀ ॥ ੭੬ ॥ ਜੋਗ ਬੈਰਾਗੁ ਸਹਜਿ ਘਰਿ ਆਸਣੁ। ਆਸਾ ਭੀਤਰਿ ਰਹੇ ਨਿਰਾਸਣੁ। ਮੁੰਦ੍ਰਾ ਸੰਤੋਖ ਸਰਮ ਪਤਿ ਝੋਲੀ। ਗੁਰਮੁਖਿ ਜੋਗੀ ਤਤੁ ਵਿਰੋਲੀ। ਇਨਿ ਬਿਧਿ ਪਾਇਆ ਜੋਗੀ ਸਚੁ ਜੋਗੁ। ਨਾਨਕ ਜੋਗੀ ਜੁਗੁ ਜੁਗੁ ਹੋਗੁ ॥੭੭॥ ਅਸਥਿਰੁ ਪਿੰਡੁ ਫਿਰਿ ਪਵੈ ਨ ਸੋਇ। ਲਖ ਚਉਰਾਸੀਹ ਗਰਭਿ ਨ ਲੇਟੇ। ਕੰਟਕ ਕਾਲੁ ਫਿਰਿ ਕਦੇ ਨ ਤੂਟੇ। ਨਾ ਤਿਸੁ ਖਿੰਥਾ ਨ ਤਿਸ ਬਸਤਰੁ। ਨਾਨਕ ਜੋਗੀ ਹੋਇਆ ਅਸਥਿਰੁ ॥੭੮॥ ਖਿੰਥਾ ਖਿਮਾ ਸਬਦੁ ਮਨਿ ਮੁੰਦ੍ਰਾ । ਨਾਨਕ ਭੁਗਤਿ ਗਿਆਨ ਅਉਧੂ ਜੋਗਿੰਦ੍ਰਾ। ਨਾਭ ਕਵਲ ਜੀ ਅਸਥੰਭ। ਪਵਨ ਸਹਤ ਕੀਜਾ ਅਰੰਭੁ। ਮਨ ਪਵਨੇ ਕੀ ਲਹੇ ਸੋਖ ਸੁਰ ਕੋ ਖਾਇ। ਨਾਨਕ ਜੋਗੀ ਧਨੁ ਹੈ ਐਸਾ ਜੋਗੁ ਕਮਾਇ ॥੭੯॥ ਆਸਣ ਸੁਧੁ ਮਨ ਸਚ ਸੋ ਚੀਤ। ਗੁਰ ਕੇ ਸਬਦਿ ਸਚਿ ਰਹੇ ਅਤੀਤ। ਧਰਮ ਧੀਰਜੁ ਕਰਿ ਆਸਣਿ ਬਹੈ। ਗੁਰ ਕੀ ਆਗਿਆ ਮਨ ਮਹਿ ਸਹੈ। ਆਏ ਹਰਖੁ ਨ ਗਏ ਸੋਗੁ। ਨਾਨਕ ਪਾਈਐ ਸਚੁ ਐਸਾ ਜੋਗੁ ॥੮੦॥ ਨਾਮ ਰਤਨੁ ਸਚੁ ਜੋਗੁ ਪਾਇਆ। ਅਨਹਦਿ ਰਾਤਾ ਮਹਿਲ ਬੁਲਾਇਆ। ਅਨਹਦਿ ਸਬਦੁ ਗਗਨੰਤਰਿ ਵਾਜਾ। ਬੈਠਾ ਤਖਤਿ ਅਦਲ ਸਚੁ ਰਾਜਾ। ਸਚੁ ਜੋਗ ਪ੍ਰਾਨ ਪਤਿ ਪਾਈ। ਜੋਗ ਕੇ ਪ੍ਰਾਨ ਅੰਬਰਿ ਰਖਾਈ॥੮੧॥ ਅਨਹਦੁ ਨਾਦੁ ਗੁਰ ਸਬਦੁ ਵਜਾਏ। ਦਸਵੈ ਦੁਆਰੇ ਰਹੇ ਸਮਾਏ। ਸਬਦਿ ਅਨਾਹਦਿ ਰਾਤਾ ਆਦਿ। ਅਸਥਿਰੁ ਜੋਗੀ ਆਦਿ ਜੁਗਾਦਿ। ਅਨਹਦਿ ਰਾਤਾ ਗੁਣੀ ਗਹੀਰੁ। ਨਾਨਕ ਜੋਗੀ ਗਹਰ

ਗੰਭੀਰੁ ॥੯੨॥ ਤ੍ਰੈਇ ਬਲ ਸਾਧੇ ਮਟੁਕੀ ਛੂਟੇ। ਅਨਹਦਿ ਰਾਤੇ ਤ੍ਰਿਕੁਟੀ ਰੂਟੇ। ਤੰਤੁ ਮੰਤੁ ਪਾਖੰਡੁ ਨ ਕੋਈ॥ ਅੰਞਨ ਨਾਮੁ ਮਨੁ ਮਾਨਿਆ ਸੋਈ॥ਤ੍ਰੈਈ ਦਲ ਸਾਧਿ ਵਜਾਏ ਤੂਰਾ। ਤਹ ਕਾਰਜੁ ਸੀਧਾ ਗੁਰਮੁਖਿ ਪੂਰਾ। ਅਸਥਿਰੁ ਪਿੰਡੁ ਸਚ ਜੋਗੁ ਅਖੰਡ। ਨਿਰਭਉ ਜੋਗੀ ਨਹੀ ਜਮਡੰਡੁ ॥੯੩॥ ਤਰੇਟਕੁ ਭੇਖੁ ਨ ਚੇਤਕੁ ਕੋਈ। ਖਿੰਥਾ ਚਕਰ ਬਿਭੂਤ ਨ ਹੋਈ। ਗੁਰਮੁਖਿ ਆਦਿ ਇਆ ਉਪਦੇਸੁ ਜੋਗੀ ਸਹਜਿ ਪਤੀਣਾ।ਪਰੇਮ ਭਗਤਿ ਮਨੁ ਸਹਜੇ ਮਾਨਿਆ ਨਾਨਕ ਹਰਿ ਰਸਿ ਲੀਣਾ ॥੯੪॥ ਕੰਨ ਪੜਾਇ ਨ ਮੂੰਡ ਮੁੰਡਾਇਆ। ਘਰਿ ਘਰਿ ਫਿਰਤ ਨ ਭੂਕਣੁ ਵਾਇਆ।ਮਨੁ ਅਸਥਿਰੁ ਗੁਰ ਸਬਦਿ ਸੁਹੇਲਾ। ਪੰਚਿ ਮਾਰਿ ਤਤੁ ਲਹੇ ਇਕੇਲਾ। ਤਤੁ ਤ੍ਰਿਬੇਣੀ ਖੁਲੈ ਦੁਆਰੁ। ਨਿਝਰ ਝਰੇ ਅਨਹਦ ਧੁਨਿ ਕਾਰਿ। ਆਦਿ ਪੁਰਖ ਕੋ ਮਿਲਿਆ ਜਾਣੁ। ਨਾਨਕ ਜੋਗੀ ਨਿਰੰਜਨ ਪ੍ਰਾਣ ॥ ੯੫ ॥ ਅਸਥਿਰੁ ਪਿੰਡ ਅਜਰਾਵਰ ਭਇਆ। ਜਨਮ ਮਰਨ ਦੁਖੁ ਤਹਾ ਸਭੁ ਗਇਆ। ਮਿਟੇ ਕਲੇਸੁ ਉਤਰੇ ਸੰਤਾਪ। ਫਲ ਕੋਟ ਪ੍ਰਾਪਤਿ ਗੁਰ ਪ੍ਰਤਾਪ। ਸਚੁ ਜੋਗੁ ਮੁੰਦਰਾ ਮਨ ਮਾਹੀ । ਨਾਨਕ ਅਸਥਿਰੁ ਸੰਤ ਰੰਗ ਸਮਾਹੀ ॥ ੯੬॥ ਨਿਰਾਹਾਰ ਨਿਰਭਉ ਸੰਤ ਜੋਗ ਕਮਾਈ। ਜਨਮ ਮਰਨ ਕੀ ਚੂਕੀ ਧਾਈ। ਭਗਤਿ ਗਿਆਨ ਜੋਗੀ ਕਉ ਆਈ। ਜੋਗੀ ਗੁਰਮੁਖਿ ਤ੍ਰਿਪਤਿ ਅਘਾਈ। ਆਤਮ ਰਾਮ ਚੀਨਿ ਪਾਇਆ ਜੋਗ॥ ਨਾਨਕ ਜੋਗੀ ਜੁਗੁ ਜੁਗੁ ਹੋਗੁ॥ ੯੭ ॥ ਸਤਿਗੁਰ ਤੇ ਜੋਗੀ ਜੋਗੁ ਪਾਇਆ। ਅਸਥਿਰ ਜੋਗੀ ਫਿਰਿ ਜੂਨਿ ਨ ਆਇਆ॥ ਸੁੰਨਿ ਨਿਰੰਤਰਿ ਰਹਿਆ ਸਮਾਈ। ਅਸਥਿਰੁ ਜੋਗੁ ਨ ਆਵੈ ਜਾਈ। ਅਜਪਾ ਜਾਪੁ ਕੌ ਜਪੈ ਜਾਪੁ॥ ਉਨਿ ਮਨਿ ਕਾਲ ਕੌ ਮਾਰੇ ਚਾਪਿ ॥ ੯੮ ॥ ਸੂਰ ਸੂਰ ਸਸਿ ਸਸਿ ਕੇ ਘਰਿ ਬਹੈ। ਨਾਭ ਕਵਲ ਠਹਰਾਇ ਮਨ ਰਹੈ। ਬੰਕਿ ਨਾੜਿ ਕੀ ਤਿਆਗੀ ਰੀਤਿ। ਗੁਰਮੁਖਿ ਲਾਗੀ ਸਚੀ ਪ੍ਰੀਤਿ। ਤ੍ਰੈਇ ਦਲ ਸਾਧਿ ਬਹੇ ਸਿੰਘਾਸਨਿ। ਨਾਨਕ ਤਖਤਿ ਨਿਵਾਸੀ ਆਸਣਿ॥ ੯੯ ॥ ਗੁਰ ਕਾ ਭਗਤ ਸਦਾ ਇਕ ਰੰਗਾ। ਅਸਰਾ ਤਰਿਆ ਉਲਟੀ ਗੰਗਾ। ਨਉ ਸਰ ਸੁਭਰ ਦਸਵੈ ਪੂਰੇ। ਅਨਹਦ ਸੁੰਨ ਵਜਾਵੈ ਤੂਰੇ। ਪਤਾਲਹੁ ਨੀਰੁ ਚੜੈ ਗਗਨਿ ਪੂਰਿ। ਨਿਜ ਘਰ ਮਹਲਿ ਚੜੇ ਅਮਰਾ ਪੂਰਿ॥੧੦੦॥ਚੰਚਲ ਚਾਇ ਨ ਪਰ ਘਰ ਚਲਾਇ। ਮਨੂਆ ਅਸਥਿਰੁ ਗੁਰ ਸਬਦਿ ਟਿਕਾਏ। ਮਾਨ ਸਰੋਵਰ ਹੰਸ ਉਜਾਲਾ। ਸਿਫਤੀ

ਰਤਾ ਲਾਲ ਗੁਲਾਲਾ। ਨ ਪਹਿਰੈ ਜਾਇ ਨ ਦੇਖੈ ਚੰਚਲਿ। ਗੁਰਮੁਖਿ
ਮਾਇਆ ਪਟਲਿ। ਨਾਨਕ ਪੂਰੇ ਗੁਰ ਕੇ ਅੰਚਲਿ॥੯੧॥ ਤ੍ਰਿਕੁਟੀ ਸੰਧਿ
ਰਹਤਾ। ਨਾਭ ਕਮਲ ਮਹਿ ਮਨ ਘਰਿ ਸਹਤਾ। ਅਸਥਿਰ ਪਵਨ ਨਾ
ਰਹੈ। ਸੁੰਨਿ ਸਮਾਵੈ ਮਨ ਮਹਿ ਗਾਵੈ। ਬੰਕ ਨਾੜਿ ਤ੍ਰਿਬਿਧਿ ਤਿਆਗੇ।
ਆਦਿ ਜੁਗਾਦੀ ਜਾਗੇ ॥ ੯੨ ॥ ਐਸਾ ਜੋਗੀ ਜੁਗਤਿ ਪਰਵਾਣੁ। ਸਚੀ
ਸਚੁ ਨੀਸਾਣੁ। ਸਚੀ ਦਰਗਹ ਮਹਲਿ ਬੁਲਾਇਆ। ਸਿਰਿ ਖੁਰਿ ਪੈ
ਪੈਨਾਇਆ। ਅਸਥਿਰੁ ਜੋਗੁ ਨ ਆਵੈ ਜਾਈ। ਨਾਨਕ ਜੋਗੀ ਸਚਿ ਸ
੯੩॥ ਸੁੰਨਿ ਸਮਾਧਿ ਅਨਹਦਿ ਬਾਣੀ। ਸਚਾ ਰਾਜੁ ਰੂਪ ਅਕਥ ਕਹਾਣੀ
ਅਨੀਲੁ ਜੁਗ ਜੁਗ ਸਾਹਬੁ। ਮਿਤਿ ਕੀਮਤਿ ਕਿਨੈ ਨ ਪਾਈਆ ਤਾ
ਬ੍ਰਹਮੰਡ ਰਚਨਾ ਜਿਨ ਰਾਚੀ। ਤਾਕੇ ਅੰਤ ਨ ਪਾਰਾਵਾਰ ॥੯੪॥ ਅਪ
ਮਿਤਿ ਆਪੇ ਜਾਣੈ। ਆਪਣੇ ਰੰਗ ਸਬਦਿ ਨਿਰਬਾਣੈ॥ਆਪੇ ਏਕ ਅਨੇਕ
ਆਪੇ ਬਹੁ ਬਿਧਿ ਕਰੇ ਬਿਸਥਾਰਾ॥ ਅਗਮ ਅਗਾਧਿ ਬਿਅੰਤ ਅਤੋਲੈ। ਕੁ
ਕਾਦਰ ਕਰਤੇ ਮਉਲੈ ॥ ੯੫ ॥ ਨਾਨਕ ਜੰਪੈ ਦਰਿ ਬੇਨੰਤੀ। ਏਹ ਅਕ
ਸਚੁ ਸਤਿ ਸੋਹੰਤੀ। ਅਕੁਲ ਨਿਰੰਜਨੁ ਲਾਲ ਗੁਲਾਲੁ। ਅਕਲਪਤਿ
ਪੂਰਾਂ ਭਗਵਾਨੁ। ਅਮਰ ਅਜੂਨੀ ਪਰਮ ਨਿਧਾਨ। ਅਮਰ ਅਤੀਤੁ ਕੇਵ
ਗਿਆਨ। ਨਾਨਕ ਜੁਗ ਜੁਗ ਪਰਮ ਨਿਧਾਨ ॥ ੯੬ ॥

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਜੋਗੁ ਬੈਰਾਗ ਸਾਚੇ ਖੰਡ ਕੀ ਜੁਗਤਿ। ਬਾਣੀ ਉਪਮਾ ਧਿ

ਜੋਗ ਬੈਰਾਗ ਸਹਜਿ ਘਰਿ ਪਾਯੈ। ਆਤਮੁ ਚੀਨਿ ਪਰਾਤਮੁ ਚੀਨੋ
ਸਮਾਧਿ ਲਗਾਯੈ। ਬੋਲੈ ਸਤਿ ਅਸਤੁ ਨ ਭਾਖੈ। ਅੰਮ੍ਰਿਤ ਰਸ ਗਗਨੰਤਿ
ਕਾਰਨ ਕਰਨ ਸਮਰਥੁ ਨਿਰਾਰਾ। ਆਪੇ ਕਰਿ ਵੇਖੈ ਚਰਤੁ ਅਪਾਰਾ॥ਜਨ
ਦੂਖ ਦੂਰਿ ਕਰੇਇ। ਨਾਨਕ ਪੂਛਿ ਨ ਲੇਵੈ ਦੇਇ॥ ੧ ॥ ਏਹ ਨਿਹਚਲੁ
ਗੁਰਮਤਿ ਗਤਿ ਪਾਯੈ। ਜੀਵਤੁ ਮਰਹਿ ਸਹਜਿ ਲਿਵਲਾਯੈ। ਦਰ ਦਰ
ਜਿਨੀ ਸਾਰਿ ਨ ਜਾਨੀ॥ਸੇ ਬੂਡਿ ਮੂਏ ਬਿਨੁ ਸਰਵਰ ਪਾਨੀ॥ ਬੂਡਤ ਕਉ

ਹਰਿ ਗੁਰਮਤਿ ਨਾਉ। ਨਾਨਕ ਦਰਸਨ ਕੋ ਬਲਿ ਜਾਉ ॥ ੨ ॥ ਜੈਸੀ ਸੁਰਤਿ ਤੈਸੀ ਤਿਸੁ ਮੁਕਤਿ। ਜੈਸਾ ਭਾਉ ਤੈਸੀ ਤਿਸੁ ਭਗਤਿ। ਭਏ ਅਬਿਨਾਸੀ ਅਲਖ ਨਿਵਾਸੀ। ਬੰਧਨ ਮੁਕਤਾ ਨਿਰਭਉ ਰਾਸੀ। ਗਗਨ ਮੰਡਲ ਅੰਮ੍ਰਿਤਸਰੁ ਕੂਆ। ਨਾਨਕ ਸੇ ਰਸੁ ਪੀਵੈ ਜੋ ਜੀਵਤ ਮੂਆ ॥੩॥ ਅੰਬ੍ਰਿਤ ਬੂੰਦ ਸੁੰਨ ਤੇ ਹੋਇ। ਤ੍ਰਿਭਵਨੁ ਜਗਤੁ ਉਸੈ ਕਾ ਸੋਇ। ਆਕੁਲ ਚੀਨੇ ਏ ਤਤੁ ਵਿਚਾਰਾ। ਤ੍ਰਿਭਵਣਿ ਜੋਤਿ ਸਚੀ ਸਿਰਕਾਰ।ਦੀਪ ਲੋਅ ਪੁਰੀਆ ਪਾਤਾਲ।ਨਾਨਕ ਸੋ ਦਾਤਾ ਗੁਰਮਤਿ ਨਾਲਿ ॥ ੪ ॥ ਅਕਥੁ ਕਥੈ ਬਿਚਾਰੇ ਗੁਰ ਗਿਆਨੁ। ਅਜਪਾ ਜਾਪ ਜਪੈ ਅਨਹਦਿ ਮਨੁ ਮਾਨੁ। ਪੀਵੈ ਅਮ੍ਰਿਤ ਗੁਰ ਗਿਆਨੁ ਧਿਆਨੁ। ਮਨਿ ਨਿਰਮਲ ਭਉ ਭੰਜਨੁ ਜਾਨੁ। ਗੁਰ ਸੇਵਕ ਮਿਲਿ ਅਲਖੁ ਪਛਾਨਾ। ਨਾਨਕ ਸਹਜਿ ਭਏ ਮੇਰਾ ਮਨੁ ਮਾਨਾ ॥੫॥ ਕਿਉ ਕਰਿ ਬ੍ਰਹਮ ਗਿਆਨੀ ਹੋਇ। ਹਉਮੈ ਮੈਲੁ ਗੁਰਮਤਿ ਬਿਖੁ ਖੋਇ। ਸੰਤਨ ਕੀ ਰੇਨ ਸਾਧ ਪਗ ਸੇਵੈ। ਰਹੈ ਅਤੀਤੁ ਅਲਪ ਘਰਿ ਦੇਵੈ। ਘਰਿ ਮੰਦਰ ਮਹਿ ਹੀਰਾ ਲਾਲੁ। ਨਾਨਕ ਸੋ ਪਾਵੈ ਨਦਰਿ ਨਿਹਾਲੁ ॥ ੬ ॥ ਸਭ ਗੁਨ ਗਿਆਨੁ ਧਿਆਨੁ ਬੁਧਿ ਪਾਵੈ। ਸਾਧ ਸੰਗਤਿ ਮਹਿ ਤਤੁ ਪਰਾਵੈ। ਮਨੁ ਨਿਹਚਲੁ ਹਰਿ ਸੰਗਤਿ ਅਚਾਰੁ। ਨਿਹਚਲੁ ਨਾਮੁ ਨਿਰੰਜਨੁ ਸਾਰੁ। ਹਰਿ ਜਨ ਠਾਕਰੁ ਏਕ ਅਕਾਰੁ। ਗਿਆਨੁ ਮੁਕਤਿ ਕਾ ਗੁਰ ਮਹਲ ਪਛਾਨੁ। ਨਾਨਕ ਜੁਗੁ ਜੁਗੁ ਭਗਤਿ ਨੀਸਾਨੁ ॥ ੭ ॥ ਸਤਿਗੁਰ ਸਰਨਿ ਹਰਿ ਕਾ ਜਸੁ ਭਾਲਾ। ਜਬ ਸਤਿਗੁਰ ਪੁਰਖ ਭਏ ਕਿਰਪਾਲਾ। ਹਰਿ ਹਰਿ ਰਤਨ ਜਵੇਹਰ ਲਾਲਾ। ਅਲਖ ਨਿਰੰਜਨ ਦੀਨ ਦਿਆਲਾ। ਕਾਯਾ ਮਟੁ ਨਿਰਮਲ ਹੋਇ ਸਮਾਲਾ। ਤਿਸੁ ਮਹਿ ਅਲਖੁ ਨ ਲਖਨੋ ਜਾਇ। ਆਦਿ ਨਿਰੰਜਨੁ ਸਹਜਿ ਸੁਭਾਇ।ਨਾਨਕ ਸੋ ਸਤਿਗੁਰ ਦੀਆ ਦਿਖਾਇ ॥ ੮ ॥ ਸਭ ਰਸੁ ਸੰਜਮ ਅਲਖ ਧਿਆਨਾ। ਸਭ ਘਟ ਤਾਂਕੇ ਓਹੁ ਪੁਰਖੁ ਪਰਧਾਨਾ। ਸੋ ਅਬਿਨਾਸੀ ਕਰੇ ਪ੍ਰਤਪਾਲ।ਘਟਿ ਘਟਿ ਪੂਰਨੁ ਦੇਇ ਦਿਆਲ। ਅਠਿਸਠ ਮਜਨ ਸਭ ਤੀਰਥ ਤਹ ਹੀ। ਨਾਨਕ ਖੋਜਿ ਗੁਰਮਤਿ ਘਰ ਲਹ ਹੀ ॥ ੯ ॥ ਦੇਹੀ ਨਗਰ ਮਹਾ ਅਸਥਾਨਾ। ਤਹ ਕੇਵਲ ਬ੍ਰਹਮ ਸਮਾਨਾ। ਤਹ ਹੀ ਸਤਿਗੁਰ ਅੰਬ੍ਰਿਤ ਭਰਪੂਰ।ਤਹ ਹੀ ਵਾਜਹਿ ਅਨਹਦ ਧੁਨਿ ਤੂਰ।ਤਹ ਹੀ ਜੋਗ ਜੁਗਤਿ ਕੀ ਗਰਮਾ। ਨਾਨਕ ਮੋਖ ਮੁਕਤਿ ਤਹ ਧਰਮਾ ॥ ੧੦ ॥ ਤਹ ਹੀ ਕੇਵਲ

ਤਹ ਹੀ ਕਵਲਾਸੁ। ਤਹ ਹੀ ਕਾਮ ਕ੍ਰੋਧ ਕਾ ਨਾਸੁ।ਤਹ ਹੀ ਆਦਿ ਪੁਰਖ ਕਾ ਵਾਸੁ। ਤਹ ਹੀ ਸੁਰਗ ਮਿਰਤ ਅਕਾਸੁ।ਤਹ ਹੀ ਸਰਗੁਨੁ ਨਿਰਗੁਨੁ ਸੋਇ।ਤਹ ਹੀ ਭਗਤਿ ਭਾਉ ਸਹਸਾ ਦੁਖੁ ਨ ਹੋਇ ॥ ੧੧॥ ਦੂਖ ਭੂਖ ਤਿਖਾ ਤਹ ਨਾਹਿ। ਤਹ ਜੰਠਰ ਰੋਗ ਸੋਗ ਸਹਸਾ ਭਉ ਕਾਹਿ।ਤਹ ਪਾਪ ਪੁੰਨ ਨਾਹੀ ਕੋ ਧਰਮਾ।ਤਹ ਨੇਮ ਬਰਤ ਨਾਹੀ ਕੋ ਕਰਮਾ। ਤਹ ਰਕਤ ਬਿੰਦੁ ਨਾਹੀ ਇਹ ਕਾਯਾਂ। ਤਹ ਨਿਰਮਲ ਜੋਤਿ ਅਨੂਪ ਸਮਾਯਾ ॥ ੧੨ ॥ ਤਹ ਅਸਥਿਰੁ ਮਨੂਆ ਕਤਹੂ ਨ ਧਾਇਆ । ਤਹ ਮਮਤਾ ਮੋਹੁ ਨ ਛਾਯਾ ਮਾਯਾ। ਤਹ ਆਦਿ ਨਿਰੰਜਨੁ ਗੁਰ ਅਲਖੁ ਲਖਾਇਅ। ਇੰਦ੍ਰੀ ਸਬਲੁ ਨਹੀ ਦੁਖੁ ਭਾਯਾ । ਨਾਨਕ ਸਾਹਿਬ ਸਚਾ ਸੋਇ । ਅਲਖੁ ਨਿਰੰਜਨੁ ਅਨਤ ਨ ਕੋਇ॥ ੧੩ ॥ ਤਹ ਹੋਮ ਨ ਜਗ ਨਹੀ ਅਨ ਪੂਜਾ। ਤਹ ਏਕੁ ਨਿਰੰਜਨੁ ਅਵਰੁ ਨ ਦੂਜਾ। ਵੇਦ ਕਤੇਬ ਨਹੀ ਗੁਣ ਗਣੀ । ਤੋ ਅੰਕਾਰ ਸਬਦੁ ਸੋ ਸੁਨਣੀ। ਤਹ ਪੋਥੀ ਪਾਠ ਨ ਪੂਜਾ ਅਰਚਾ। ਤਹ ਖੇਤੀ ਵਣਜ ਨਹੀ ਕੋ ਪਰਚਾ। ਤਹ ਤੀਰਥ ਤਟ ਨਾਹੀ ਕਤਿ ਨਾਯੇ । ਨਾਨਕ ਅਨਹਦਿ ਸਬਦਿ ਸਮਾਯੇ॥ ੧੪ ॥ ਤਹ ਸਾਧਿਕ ਮੀਤੁ ਨਹੀ ਕੋਈ ਪਿਆਰਾ। ਤਹ ਏਕੁ ਨਿਰੰਜਨੁ ਅਲਖੁ ਨਿਰਾਰਾ । ਤਹਾ ਕਾਲ ਕਰਮੁ ਜਰਾ ਰੋਗ ਨ ਬਿਆਪੇ। ਤਹਾ ਆਪ ਪਛਾਨਿਆ ਜੁਗੁ ਜੁਗੁ ਆਪੈ। ਤਹ ਰਾਜਸੁ ਤਾਮਸੁ ਨਾਹੀ ਅਹੰਕਾਰਾ । ਨਾਨਕ ਤਹ ਏਕੋ ਅਲਖ ਅਪਾਰਾ॥ ੧੫ ॥ ਤਹ ਕਾਮ ਕ੍ਰੋਧ ਨਾਹੀ ਅਭਮਾਨਾ। ਤਹ ਉਖ ਤਿਖ ਪਤਿ ਨਹੀ ਬਿਗਾਨਾ। ਤਹ ਸਕਤਿ ਸਗੀਰੁ ਨਹੀ ਕੁਲ ਜਾਯਾ। ਤਹ ਤੇਜੁ ਨਹੀ ਮਤਿ ਮਾਯਾ। ਤਹ ਧੰਧੁ ਬੰਧ ਨਾਹੀ ਸਿਰਿ ਕਾਗਾ । ਤਹ ਸਹਸਾ ਸੋਗੁ ਨਹੀ ਬੈਰਾਗਾ। ਤਹ ਸੰਤ ਭਗਤ ਹਰਿ ਹੇਤਿ ਪਿਆਰੇ। ਨਾਨਕ ਸਰਨ ਪਰੇ ਆਤਮ ਬੀਚਾਰੇ॥ ੧੬ ॥ ਤਹ ਜਪੁ ਤਪੁ ਸੰਜਮ ਨਹੀ ਬਨਵਾਸਾ । ਤਹ ਖਟ ਸਾਸਤ੍ਰ ਭਰਮ ਨ ਪਵਨ ਅਭਿਆਸਾ। ਤਹਾ ਹਠ ਨਿਗਰਹੁ ਨਾਹੀ ਪਖੰਡਾ। ਤਹਾ ਆਦਿ ਨਿਰੰਜਨੁ ਮਹਾ ਬਲਵੰਡਾ। ਤਹ ਸਸੀਅਰ ਸੂਰ ਨਹੀ ਅੰਧਿਆਰਾ। ਤਹ ਨਰਕ ਸੁਰਗ ਨਹੀ ਸਿਰਿ ਮਾਰਾ॥ ੧੭॥ ਤਹ ਕੂੜ ਕੁਸਤ ਨਹੀ ਝੂਠੀਆਰਾ। ਤਹ ਸਚੀ ਦਰਗਹ ਸਚੁ ਪਿਆਰਾ । ਤਹਾ ਜੋਤਿ ਅਨੂਪੁ ਅਤੀਤੁ ਸਭਾਯਾ। ਤਹ ਵਰਨੁ ਭੇਖੁ ਨਹੀ ਬਾਪੁ ਮਾਯਾ। ਤਹ ਉਤਮੁ ਨੀਚੁ ਨਹੀ ਕੋ ਅੰਤਰਾ। ਨਾਨਕ ਸੋ

ਨਿਰਮਲੁ ਸਰਬ ਨਿਰੰਤਰਾ ॥ ੧੮ ॥ ਤਹਾ ਨਾਰਿ ਕੁਟੰਬੁ ਨਾਹੀ ਸੁਤੁ ਧੀਆ
ਤਹ ਬੰਧਿਪੁ ਮੀਤ ਨਾਹੀ ਕੋਈ ਬੀਆ। ਤਹਾ ਖੇਤੀ ਵਣਜੁ ਨਹੀ ਬਿਉਹਾਰਾ
ਸੇਵ ਭਗਤਿ ਕਾ ਮੁਕਤਿ ਦੁਆਰਾ। ਤਹ ਜਮੁ ਜਗਾਤਿ ਨਹੀ ਕਰ ਲੀਜੈ। ਨਾਨਕ
ਤਹ ਸਚਾ ਸਚਿ ਪਤੀਜੈ ॥੧੯॥ ਤਾਂਕੀ ਜੋਤਿ ਤ੍ਰਿਭਵਣ ਪ੍ਰਭ ਧਾਰੇ। ਤਾਂਕੀ ਜੋਤਿ
ਗਗਨ ਧਰ ਤਾਰੇ। ਤਾਂਕੀ ਜੋਤ ਸਸਿ ਸੂਰ ਉਜੀਆਰੇ । ਤਾਂਕੀ ਜੋਤਿ ਚੰਦਿ
ਉਧਾਰੇ। ਸੋ ਅਬਿਨਾਸੀ ਅਲਖੁ ਅਪਾਰੇ। ਤਾਂਕੀ ਜੋਤਿ ਧਰਤਿ ਆਕਾਸਾ।ਨਾਨਕ
ਮਿਲਿ ਜੋਤਿ ਕਵਲ ਬਿਗਾਸਾ ॥ ੨੦ ॥

ਤਾਂਕੀ ਜੋਤਿ ਬ੍ਰਹਮੇ ਕਈ ਕੀਆ। ਤਾਂਕੀ ਜੋਤਿ ਬਿਸਨ ਸਭ ਥੀਆ। ਜੋਤਿ
ਅਤੀਤ ਤ੍ਰੈਗੁਨ ਵਸਿ ਕਾਲ।ਦੇਵ ਦਾਨਿਵ ਵਸਿ ਸਰਨਿ ਦਇਆਲ।ਘਟਿ ਘ
ਜੋਤਿ ਰਹੇ ਲਿਵਲਾਈ। ਨਾਨਕ ਸੁੰਨ ਸਮਾਧਿ ਲਗਾਈ॥੨੧॥ਤਹ ਜੋਤਿ ਅਨੂ
ਸਬਦ ਨਿਰਬਾਣੁ। ਤੁਮ ਹੀ ਕੇਵਲ ਬ੍ਰਹਮ ਸੋ ਸਬਦ ਪਛਾਨੁ। ਤੁਮ ਹੀ ਪ੍ਰਭ
ਅਵਰੁ ਨ ਕੋਇ। ਆਪੇ ਕਰੇ ਕਰਾਵੈ ਸੋਇ। ਸੋ ਅਬਿਨਾਸੀ ਚੀਨੈ ਜਨੁ ਕੋਇ
ਨਾਨਕ ਪੁਨਰਪ ਜਨਮੁ ਨ ਹੋਇ॥੨੨॥ ਹਉਮੈ ਤਿਆਗੈ ਭਰਮੁ ਚੁਕਾਵੈ।ਆਤਮ
ਕਉ ਚੀਨੈ ਸੁਰਤਿ ਸਮਾਵੈ। ਆਸਾ ਮਨਸਾ ਸਹਸਾ ਮੋਹੁ ਜਾਇ।ਰਹੇ ਅਤੀਤੁ ਤ
ਗਤਿ ਸਰਨਾਇ। ਤਾਂਕੀ ਜੋਤਿ ਕਈ ਮੁਨੀ ਮਹੇਸਾ। ਨਾਨਕ ਦੇਖਿ ਦਿਖਾਵੈ ਗੁ
ਐਸਾ ॥ ੨੩ ॥ ਸਾਧ ਸੰਗਤਿ ਮਿਲਿ ਬੁਧਿ ਪ੍ਰਗਾਸੁ। ਪ੍ਰਾਨ ਮੁਕਤਿ ਮੇਲਾ ਪ੍ਰ
ਤਾਸੁ। ਦੇ ਪ੍ਰਦਖਣਾ ਚੜੇ ਅਕਾਸਿ। ਗਗਨੰਤਰਿ ਬੈਸੈ ਤਖਤ ਨਿਵਾਸੁ। ਅੰਤਰਿ
ਬਾਹਿਰ ਏਕੋ ਆਦਿ। ਨਾਨਕ ਸੋ ਗੁਰੁ ਆਦਿ ਜੁਗਾਦਿ ॥੨੪॥ ਆਦਿ ਜੁਗਾਦਿ
ਰਹਿਓ ਸਮਾਇ। ਅਕੁਲ ਅਬਿਨਾਸੀ ਤਿਸ ਤਿਲੁ ਨ ਸਮਾਇ। ਤ੍ਰਿਭਵਣ ਜੀਅ
ਜੋਤਿ ਸਭ ਤਾਂਕੀ। ਗੁਰ ਗਿਆਨ ਬੁਧਿ ਅਸਥਿਰ ਮਤਿ ਜਾਂਕੀ। ਸਾਕਤ ਮੁਗ
ਕਾਲ ਵਸਿ ਕੀਨੇ। ਸੋ ਮੁਕਤਾ ਜੋ ਆਤਮ ਕਉ ਚੀਨੇ। ਸੋ ਚੀਨੇ ਜਿਸੁ ਆਪਿ
ਦਇਆਲੁ। ਨਾਨਕ ਅਨਹਦਿ ਸਬਦਿ ਨਿਹਾਲੁ ॥੨੫॥

॥ ਧਿਆਉ ਸੰਪੂਰਨ ਹੋਆ॥

ਅਗੇ ਹੋਰ ਚਲਿਆ। ਰਾਗੁ ਮਾਲੀ ਗਉੜੀ ਨਿਹਸੰਸਣੀ।

ਸਤਿਗੁਰ ਪੁਰਖ ਬਿਖਯਾ ਏਕੁ ਦੇਸੁ ਦੂਇ ਗਾਉ।ਪੂਛਹੁ ਪੂਰਨ ਦੇਵਿ

ਕਰਹੁ ਕਿਆ ਹੈ ਇਨ ਕਾ ਨਾਉ॥ ਜੋ ਕਿਛੁ ਸਰ ਅਕਾਰ ਹੈ ਸੋ ਉਸ ਦੇਸ ਸਮਾਉ॥ ਇਕਿ ਦੂਤੀ ਇਕਿ ਸਾਧ ਜਨ ਏਹ ਇਉ ਦੁਇ ਬਸਤੇ ਗਾਉ । ਦੂਤੀ ਕੋ ਕੋ ਆਖੀਅਹਿ ਮੋਹਿ ਕਹਹੁ ਸਮਝਾਇ ॥ ੧ ॥ ਕਾਮ ਕ੍ਰੋਧ ਅਰ ਲੋਭ ਮੋਹ ਦੁਬਿਧਾ ਦੂਜਾ ਭਾਉ । ਅਹੰਕਾਰੁ ਅਭਿਮਾਨੁ ਕੂੜੁ ਦੁਰਮਤਿ ਬਿਖਮ ਬਲਾਉ । ਤ੍ਰਿਸਨਾ ਚਿਤਵਤ ਅਨਦਿਨੋ ਮਨਸਾ ਮਨਿ ਨ ਸਮਾਉ । ਹਉਮੈ ਮਮਤਾ ਮੋਹਣੀ ਮਨੁ ਰਹਿਆ ਮੂਰਛਾਇ। ਨਿੰਦਾ ਤਾਤਿ ਚਤੁਰਾਈਆ ਚਿੰਤਾ ਤਨ ਕੋ ਖਾਇ ॥ ੨ ॥ ਆਸਾ ਅੰਦੇਸਾ ਅਰੁ ਪਾਪੁ ਪੁੰਨੁ ਬਕੁਣ ਬਹੁਤ ਬੇਕਾਰ।ਭੂਖ ਤ੍ਰਿਖਾ ਦੁਇ ਭਉਕਨੀ ਕਰਦੀ ਨਿੰਦਾ ਖੁਆਰ । ਜੋ ਕਿਛ ਇਨ ਉਪਜੇ ਸੋ ਸਗਲਾ ਹੈ ਛਾਰੁ । ਆਧਿ ਬਿਆਧਿ ਉਪਾਧਰੋ ਸੋ ਤੀਨੇ ਤੁਧੁ ਸਿਰਿ ਭਾਰੁ। ਰੇਤ ਕੇ ਬੰਧਨ ਬਾਂਧਿਆ ਸਿਵ ਸਕਤੀ ਅਵਤਾਰ । ਇਨ ਦੂਤਨ ਵਸਿ ਜਾਕੋ ਕਰੇ ਮੂਰਖ ਸੋ ਸਿਕਦਾਰੁ ॥ ੩ ॥ ਸੰਤ ਜਨਾ ਰਹੁਰਾਸਿ ਕਿਆ ਏਹੁ ਬਤਾਵਹੁ ਮੋਹਿ । ਸਤ ਸੰਤੋਖੁ ਅਰੁ ਭਾਉ ਬਹੁਤੁ ਤਿਤ ਘਟਿ ਧੀਰਜੁ ਮੋਹਿ । ਧਰਮ ਦਇਆ ਖਿਮਾ ਸਚੀ ਏ ਜਿਉ ਪਰਮਲ ਬਿਨੁ ਬੋਇ । ਸਾਂਤਿ ਸਹਜਿ ਠਹਰਾਈਐ ਅਨਦਿਨ ਇਨ ਕਉ ਜੋਇ ॥ ੪ ॥ ਪੰਚ ਤਤ ਕਾ ਸੰਜੋਗ ਹੈ ਅਪੁ ਤੇਜੁ ਵਾਇ ਪ੍ਰਿਥਮੀ ਅਕਾਸ । ਖਾਣੀ ਬਾਣੀ ਸੰਜੀਏ ਕੋਈ ਠਾਕੁਰ ਕੋਈ ਦਾਸ।ਜਬ ਲਗਦੇਹ ਸੰਗਿ ਸਬਦੁ ਹੈ ਤਬ ਲਗਿ ਕਿਆ ਰਹੁਰਾਸਿ। ਨਵ ਖੰਡ ਕਾ ਰਾਜੁ ਹੋਇ ਭੋਗੰ ਭੋਗ ਬਿਲਾਸ ॥੫॥ ਜੇ ਦੇਹੈ ਦੁਖੁ ਲਾਈਐ ਕੋਈ ਬਹਣਿ ਨ ਦੇਵੈ ਪਾਸਿ । ਸੁਖ ਦੁਖ ਸਮਿ ਕਰਿ ਜਾਣੀਅਹਿ ਏਹੀ ਚੋਜ ਤਮਾਸ । ਇਨਿ ਬਿਧਿ ਜਿਨਿ ਮਨੁ ਮਾਨਿਆ ਸਤਿਗੁਰ ਕੋ ਬਿਸਵਾਸਿ। ਨਾਨਕ ਏਕੋ ਏਕ ਹੈ ਆਪੋ ਆਪਿ ਪਰਗਾਸਿ ॥੬॥ ਤੀਨ ਗੁਣਾ ਮਹਿ ਬਿਆਪਿਆ ਰਾਜਸ ਤਾਮਸ ਸਾਤਕ ਕੀ ਛਾਯਾ। ਚਉਥੇ ਮਹਿ ਪ੍ਰਭੁ ਆਪਿ ਹੈ ਜਿਨਿ ਏਹੁ ਰਚਨੁ ਰਚਾਇਆ। ਕਿਆ ਭਵੀਏ ਕਿਆ ਢੂੰਢੀਏ ਸਭ ਕਿਛੁ ਏਕਾ ਏਕੀ।ਗੁਰਮੁਖਿ ਸਬਦੁ ਵੀਚਾਰਸੀ ਕੋਈ ਪੁਰਖ ਬਿਬੇਕੀ ॥ ੭ ॥ ਨਉ ਦਰਵਾਜੇ ਦੇਸ ਕੇ ਸੋ ਤੂੰ ਬੰਧਿ ਕਰਿ ਇਨਿ ਰਾਖੁ। ਦਸਵੇ ਜੋਤਿ ਅਪਾਰ ਹੈ ਨਿਰਖਿ ਨਿਰਖਿ ਅਲਖੁ ਅਲਾਖੁ। ਖੁਲੇ ਬੰਧਨ ਬ੍ਰਿਖਮੁ ਹੈ ਬੰਧੇ ਕਰਹੁ ਨ ਜਾਨਿ। ਨਾਨਕ ਕਵਲ ਪਰਗਾਸਿਆ ਤਿਨਿ ਪਾਇਆ ਇਨਿ ਮਾਨਿ ॥ ੮ ॥ ਦਮਿ ਦਮਿ ਜਪੁ ਮਨਿ ਜਪੀਏ ਏਹੁ ਕਰਿ ਅਹਾਰੁ । ਕਰਨ

ਅਚਰਜੁ ਸਬਦੁ ਸੁਨਿ ਅਨਹਦ ਰੁਣੁ ਝੁਣਕਾਰੁ।ਨੈਨਨ ਭੀਤਰਿ ਪੁਤ੍ਰੀ ਤਹ ਦੇਖਹੁ ਸਿਰਜਨਹਾਰੁ। ਗੁਰ ਗੋਬਿੰਦ ਗੁਨ ਗਾਈਅਹਿ ਨਿਸਿ ਦਿਨਿ ਏਹ ਅਚਾਰੁ। ਇੰਦ੍ਰੀ ਜੀਤਿ ਮਨੁ ਜੀਤਿਆ ਜੀਤੁ ਰਹਿਆ ਸਗਲ ਸੰਸਾਰ।ਮੂਲ ਬੰਧਿ ਮਨੁ ਉਲਟਾਇਆ ਤਬਿ ਨਿਝਰੁ ਝਰੇ ਅਪਾਰੁ॥੯॥ ਅਜਰੁ ਜਰੀਏ ਨ ਆਖੀਏ ਕਹੀਏ ਇਹੈ ਵਧਾਉ। ਕਹਿ ਕਹਿ ਜਗਿਤ ਸੁਣਾਵਣਾ ਸਭ ਮਾਇਆ ਕੇ ਉਪਾਉ। ਗਿਆਨੁ ਧਿਆਨੁ ਅਰੁ ਸੂਝੀਏ ਇਨ ਕਾ ਏਹੀ ਸੁਭਾਉ।ਭਾਉ ਬੈਰਾਗ। ਇਹੁ ਖੋਜੁ ਹੈ ਮਿਲੀਏ ਸਹਜਿ ਸੁਭਾਉ॥ ੧੦॥ ਜਨਮ ਮਰਨੁ ਸਭ ਭਰਮੁ ਹੈ ਕਹ ਆਵਹੁ ਕਹ ਜਾਉ। ਤਨ ਮਹਿ ਮਨੁ ਨਹੀ ਪੇਖੀਏ ਜੋਤੀ ਜੋਤਿ ਸਮਾਉ। ਸੁੰਨ ਤੇ ਸਭ ਊਪਜੈ ਅੰਤਿ ਸੁੰਨ ਗਲਿ ਜਾਉ। ਅਕਥ ਕਥਾ ਮਨੁ ਮਾਨਿਆ ਰਸਕਿ ਰਸਕਿ ਬਿਗਸਾਉ। ਆਤਮਾ ਪਰਾਤਮਾ ਏਕੁ ਭਇਆ ਜਿਉ ਸਲਲੈ ਸਲਲੁ ਮਿਲਾਉ। ਗੁਰ ਗੋਬਿੰਦ ਗੋਬਿੰਦੁ ਗੁਰ ਨਾਨਕ ਏਕਹਿ ਨਾਉ॥ ੧੧॥

॥ ਧਿਆਉ ਸੰਪੂਰਨ ਹੋਇਆ॥

ਆਗੇ ਧਿਆਉ ਹੋਰ ਚਲਿਆ। ਰਾਗੁ ਕਿਦਾਰਾ ਮਹਲੁ ੧॥

ਕਾਲ ਬਲੁ ਨਿਰਜੋਗ ਭਗਤਿ॥

ਸਾਗਰੁ ਗਹਰਾ ਗਹਿ ਚਲਾ ਅਗਨਿ ਬਿੰਬੁ ਅਸਰਾਲੁ। ਮਨਮੁਖ ਨਿਗੁਰੇ ਬੂਡੀਅਹਿ ਸੀਸ ਮਾਰੇ ਜਮਕਾਲੁ। ਭਾਇ ਭੜਕੇ ਤਿਤੁ ਤਨਿ ਪਰਿ ਤੀਆ ਸੰਗਿ ਰਉਨੁ। ਤਪਤਿ ਖਮਾ ਗਲਿ ਲਾਈਅਹਿ ਤਹ ਸੰਗਿ ਨ ਸਾਥੀ ਕਉਣੁ। ਆਪੇ ਬਖਸੇ ਨਾਨਕਾ ਤਿਨ ਗੁਰਮੁਖਿ ਕਰਣੀ ਸਾਰੁ। ਨਾਨਕ ਨਾਮੁ ਅਰਾਧਿ ਤੂ ਸਚਿ ਸਵਾਰਣਹਾਰੁ॥੧॥ ਜੋ ਜਨਮੈ ਸੋ ਜਾਇ ਮਰਿ ਜੋ ਆਵੈ ਸੋ ਜਾਇ। ਕਿਸ ਕੇ ਕਹੀਅਹਿ ਘਰਿ ਮੰਦਰ ਹਉਮੈ ਸੰਗਿ ਕਾਲੁ ਬਲਾਇ। ਤ੍ਰਿਸਨਾ ਤਾਮਸੁ ਲਾਲਚੀ ਜਾਸੀ ਮੂਲੁ ਗਵਾਇ। ਤਨੁ ਧਨੁ ਸਾਥਿ ਨ ਚਲਸੀ ਰਾਜ ਰੂਪ ਸਭ ਛਾਇ।ਕਾਲੁ ਕੜਾਕੈ ਸਿਰਿ ਖੜੋ ਜਰੁ ਜੀਤੇ ਜੋਬਨੁ ਹਾਰਿ। ਨਾਨਕ ਗੁਰ ਬਿਨੁ ਵਿਗੁਚੀਐ ਸੋ ਮੁਕਤਿ ਨਹੀ ਕੁੜੀਆਰਿ॥੨॥ ਸਭ ਸੈ ਉਪਰਿ ਕਾਲੁ ਸਿਆਣਾ। ਲਿਖਿਆ ਲੇਖੁ ਧੁਰੇ ਪਰਵਾਣਾ। ਸਚੇ ਹੁਕਮਿ ਕਾਲੁ ਸੰਘਾਰੇ। ਮਨਮੁਖਿ ਨਿਗੁਰੇ ਸੀਸ

ਜਮੁ ਮਾਰੇ। ਪਿੰਡੁ ਪੜੇ ਜਿਉ ਲੈਸੀ ਸਿਰਿ ਕਾਲੁ ਕਰਕੇ ਆਇ। ਨਾਨਕ ਸਚੇ ਨਾਮ ਬਿਨੁ ਜਮਪੁਰਿ ਬਾਂਧਾ ਜਾਇ ॥੩॥ ਨਵ ਤਨ ਕਾਲੁ ਸਿਰਿ ਸਦਾ ਕੜਕੇ। ਜਿਉ ਨਿਸੁ ਦਾਮਨਿ ਬਿਜੁਲੀ ਚਮਕੇ। ਜਿਉ ਅਹਰਣਿ ਮਾਰੇ ਲੋਹਾਰੁ । ਜਿਉ ਗਈਅਰਿ ਅੰਕਸੁ ਸਿਰਿ ਭਾਰੁ। ਜਿਉ ਅਨਦਿਨੁ ਅਗਨ ਭਖੇ ਦਿਨੁ ਰਾਤਿ।ਤਿਉ ਨਾਮ ਬਿਨਾ ਮੁਖੁ ਨਾਹੀ ਸਾਂਤਿ ॥੪॥ ਸਿਰਿ ਜਮਕੰਕਰ ਮਾਰੇ ਕਾਲੁ। ਬਿਨ ਗੁਰਿ ਆਇ ਗਇਆ ਬੇਹਾਲੁ। ਬਿਨੁ ਗੁਰ ਜਮ ਕੀ ਪਾਵੈ ਪਾੜਿ। ਬਿਨੁ ਗੁਰ ਡੂਬੈ ਪਵੈ ਅਸਰਾਲਿ।ਬਿਨ ਗੁਰ ਅਤੀਅਰੁ ਮਹਾਂ ਅਤਤਾਈ। ਨਾਨਕ ਗੁਰ ਬਿਨੁ ਮਹਾਂ ਅਤਤਾਈ ॥੫॥ ਬਿਨੁ ਗੁਰ ਅਤੀਅਰੁ ਤਪਤਿ ਬਹੁਤਾਤਾ । ਜਲਤ ਫਿਰੇ ਮਾਇਆ ਮਦਿ ਮਾਤਾ। ਪਾਰਿ ਨਹਿ ਜਾਇ ਨਰਕਿ ਬਿਸਰਾਮੀ। ਬਿਖੁ ਭੋਗੈ ਹਰਿ ਬਿਸਰਤੁ ਸੁਆਮੀ।ਕੁਭ ਪਗਿ ਜਮ ਸੂਲ ਸੰਘਾਰਾ। ਤਹ ਜਮ ਮਾਰਗੁ ਪੰਥ ਕਰਾਰਾ ॥੬॥ ਤਹ ਨ ਕੋ ਸਖਾ ਸੰਗਿ ਸਹਾਈ। ਮਹਾ ਅਗਨਿ ਮਹਿ ਤਹ ਤੂ ਜਲੈ । ਤਹ ਸਿਰਿ ਜਮਕੰਕਰੁ ਅਟਲੁ ਨ ਟਲੈ। ਸਚੇ ਨਿਆਇ ਬਹੈ ਧਰਮ ਰਾਇ। ਨਾਨਕ ਤਹ ਆਪੇ ਬਖਸੇ ਹੁਕਮਿ ਰਜਾਇ ॥੭॥ ਜਿਸੁ ਗੁਰਮੁਖਿ ਹਿਰਦੇ ਸਚਾ ਨਾਉ। ਸੋ ਤਖਤ ਨਿਵਾਸੀ ਮਹਲੀ ਥਾਉ।ਕਾਲੁ ਜਾਲੁ ਹੁਕਮੇ ਹੈ ਕੀਨੇ।ਸਿਰਿਸਿਰਿ ਜੀਆ ਸੁਖੁ ਦੁਖ ਦੀਨੇ। ਜੋਤੀ ਅਤੇ ਤੇਜ ਸਭ ਓਈ। ਨਾਨਕ ਸਰਬ ਤੇ ਇਕ ਓਹੀ॥੮॥ ਆਪੇ ਰਤਨ ਜਵੇਹਰ ਲਾਲੁ। ਆਪੇ ਮਾਣਕੁ ਮੋਤੀ ਮਾਲੁ। ਆਪੇ ਗਉਹਰ ਆਪੇ ਹੀਰਾ। ਆਪੇ ਪਰਖਿ ਵਿਸਾਹੇ ਹੀਰਾ। ਆਪੇ ਤਖਤਿ ਦਲੂਚੇ ਪਾਉ। ਨਾਨਕ ਸਚੇ ਸਚ ਪਸਾਉ ॥੯॥ ਆਪੇ ਸਾਹੁ ਸਰਾਫੁ ਅਪਾਰੁ। ਆਪੇ ਵਣਜੁ ਕਰੇ ਵਾਪਾਰੁ। ਆਪੇ ਪੂਰਾ ਤੋਲੇ ਤੋਲ। ਆਪਿ ਅਤੋਲੁ ਅਡੋਲੁ ਅਮੋਲ। ਆਪੇ ਸਚਾ ਸਦਾ ਬਖਸਿੰਦੁ ॥੧੦॥ ਆਪੇ ਰਤਨੁ ਜਵੇਹਰੁ ਕੀਨਾ। ਆਪੇ ਪਰਪੈ ਆਪਿ ਕਸਿ ਲੀਨਾ। ਆਪੇ ਦੇਵੈ ਆਪੇ ਲੇਇ। ਆਪੇ ਕੀਮਤਿ ਨਦਰਿ ਕਰੇਇ। ਆਪਿ ਅਤੀਤੁ ਹੁਕਮਿ ਟਕਸਾਲਾ। ਨਾਨਕ ਨਦਰੀ ਨਦਰਿ ਨਿਹਾਲਾ। ਨਦਰਿ ਨਿਹਾਲਿ ਰਹੇ ਲਿਵ ਲਾਇ। ਅਬਗਤ ਨਾਥੁ ਲਖੇ ਨ ਜਾਇ ॥ ੧੧ ॥ ਉਤਮ ਜਨ ਸੰਗਤਿ ਉਤਮ ਗੁਰ ਗਿਆਨ। ਉਤਮ ਗੁਣ ਗਾਵੈ ਦਰਗਾਹ ਪਰਵਾਨ।ਜੇ ਤਿਸ ਭਾਵੈ ਸਤ ਸੰਗੁ ਮਿਲਾਵੈ।ਸੋਈ ਕਰੇ ਜਿ ਸਚੇ ਭਾਵੈ। ਜੋ ਤਿਨਿ ਕੀਆ ਤ੍ਰਿਭਵਣਿ ਪਰਵਾਣੁ।

ਨਾਨਕ ਸਮਝਿ ਰਹੇ ਜਾਣੈ ਓਹੁ ਮਾਣੁ ॥ ੧੨ ॥ ਤਿਨ ਮੁਕਤਿ ਪਰਾਪਤਿ ਕਰੇ ਨਿਧਾਨੁ । ਸੋ ਜਨਮ ਸਕਾਰਥੁ ਭਗਤਿ ਨੀਸਾਨ । ਜੈਸਾ ਹੈ ਤੈਸੇ ਹੀ ਰਚੇ । ਅਕੁਲ ਚੀਨੇ ਕਾਲ ਤੇ ਬਚੇ । ਰਹੇ ਅਤੀਤੁ ਕਲਪਤਿ ਬਿਖੁ ਤਿਆਗੇ । ਨਾਨਕ ਤਿਤੁ ਘਟਿ ਜਮਦੂਤ ਨ ਲਾਗੇ ॥ ੧੩ ॥ ਇਹੁ ਮਨੁ ਮੈਗਲੁ ਸਬਦਿ ਵਸਿ ਕੀਤਾ । ਗੁਰਮੁਖ ਬੋਲਹਿ ਸਚੁ ਪਵੀਤਾ । ਗੁਰ ਕੇ ਸਬਦਿ ਕਾਯਾਂ ਗੜੁ ਜੀਤਾ । ਆਪ ਕਉ ਚੀਨਹਿ ਪੂਰੇ ਗੁਰ ਮੀਤਾ । ਅੰਮ੍ਰਿਤ ਨਾਮੁ ਮਹਾ ਰਸੁ ਪੀਤਾ । ਨਾਨਕ ਜੁਗੁ ਜੁਗੁ ਅਮਰੁ ਅਤੀਤਾ ॥ ੧੪ ॥

ਨਿਰਮਲ ਘਰੁ ਸਤਿਗੁਰ ਮਤਿ ਪਾਵਹਿ।ਸਤਿਗੁਰੁ ਸੇਵਿ ਸਬਦਿ ਸਮਾਵਹਿ। ਸਚੀ ਨਦਰਿ ਸਚੁ ਸਬਦੁ ਪਰਵਾਣੁ।ਗੁਰ ਗਿਆਨਪਦਾਰਥੁ ਤਤੁ ਬਖਰਣੁ।ਨਾਨਕ ਸਾਧ ਗੁਰੂ ਏਹ ਲਖਣੁ ॥੧੫॥ਘਟਿ ਘਟਿ ਮੁਕਤਾ ਮੁਕਤਿ ਦੁਆਰੁ । ਉਰਵਾਰਿ ਪਾਰਿ ਜਿਸ ਕੀ ਸਿਰਿ ਕਾਰਿ । ਬੂਝਹੁ ਗੁਰ ਗਿਆਨੀ ਕਰਹੁ ਬੀਚਾਰੁ । ਸਰਬੇ ਊਪਰਿ ਕਰਨੈ ਹਾਰੁ। ਸਬਦਿ ਅਨਾਹਦਿ ਜੋਤਿ ਅਤੀਤਾ।ਨਾਨਕ ਜੁਗ ਜੁਗ ਰੰਗਿ ਰੰਗੀਤਾ ॥੧੬॥ ਤੇ ਬੇਮੁਖ ਉਰਵਾਰਿ ਨ ਪਾਰਿ। ਗੁਰ ਦਰਸਨੁ ਪਾਇਆ ਸਚਿ ਵੀਚਾਰਿ । ਸਬਦੁ ਨ ਸਾਖੀ ਸਚੀ ਨਹੀਂ ਪ੍ਰੀਤਿ। ਜਮਪੁਰ ਜਾਹਿ ਦੁਖਾਂ ਕੀ ਰੀਤਿ। ਕਊਏ ਕੂਕਰ ਸੂਕਰ ਗਰਧਪ ਸਰਪ ਸਿਆਲ। ਨਾਨਕ ਕ੍ਰਿਮ ਬਿਸਟਾ ਮੋ ਪਰੇ ਬਿਹਾਲ ॥ ੧੭॥ ਮਨੁ ਮਾਨਿਆ ਨਿਰਭਉ ਘਰਿ ਵਾਸੁ । ਸਚਿ ਸਬਦ ਸੁਖਿ ਸਹਜਿ ਨਿਵਾਸੁ। ਊਚੇ ਗੜੁ ਅਪਰੰਪਰ ਥਾਨ। ਅਮਰ ਅਜੋਨੀ ਸਚ ਪਰਧਾਨ ਸਚ ਸੁਭਾਇ ਕੀਆ ਸਚਿ ਤਖਤਿ ਪਾਉ। ਨਾਨਕ ਸਚੇ ਸਚੁ ਪਸਾਉ ॥ ੧੮। ਸਿਖਾ ਸਰੋਵਰ ਅੰਬ੍ਰਿਤ ਸਰਿ ਭਰਿਆ। ਸੇ ਪੀਵਹਿ ਸੰਤ ਭਗਤ ਜਨ ਤਰਿਆ ਗਿਆਨੁ ਅੰਜਨੁ ਸਾਰ ਨਿਰੰਜਨੁ ਪਾਇਆ। ਸੋ ਆਸਾ ਮਾਹਿ ਨਿਰਾਸੁ ਦਿਖਾਯਾ ਜਨਮ ਮਰਨ ਕਾ ਗਵਨੁ ਮਿਟਾਇਆ। ਨਾਨਕ ਜਿਨਿ ਪੂਰਾ ਦਰਸਨੁ ਪਾਇਆ। ੧੯ ॥ ਸਤਿਗੁਰ ਪੂਰੇ ਦੀਖਿਆ ਦੀਨੀ। ਸਬਦਿ ਗੁਰੂ ਅੰਬ੍ਰਿਤ ਬਿਧਿ ਚੀਨੀ ਸਚੁ ਜੋਗੁ ਬੈਰਾਗੀ ਜੋਗੀ। ਭਗਤੁ ਗਿਆਨੀ ਕਾਇਆਂ ਰਸ ਭੋਗੀ। ਘਟ ਮਟਹੋ ਮਹਿ ਜੀਵਤੁ ਮੂਆ। ਨਾਨਕ ਸੋ ਜੋਗੀ ਅਸਥਿਰੁ ਹੂਆ ॥ ੨੦ ॥

ਰਾਗ ਸੂਹਬਿ ਮਹਲਾ ੧ ॥

ਉਦਾਸ ਕਰਮ ਜੋਗ ਬੈਰਾਗ । ਅਧਿਕ ਪਿਆਸ ਮਾਇਆ ਮਦਿ ਲੀਨਾ । ਜਿਹਬਿਆ ਸੁਆਦਿ ਕੁੰਡੀ ਕੰਠਿ ਮੀਨਾ । ਨਾਨਕ ਤ੍ਰਿਸਨਾ ਜਲੈ ਭੂਖ ਮਹਿ ਹੀਨਾ ॥ ੧ ॥ ਕਾਮ ਸੁਆਦਿ ਬਾਂਧਿਓ ਗਜਿ ਹਸਤਿ । ਸੀਸਿ ਸਹੇ ਅੰਕਸੁ ਮਾਰੇ ਅਤਿ । ਮਨਮੁਖ ਅੰਧੁਲੇ ਅੰਧੁਲੀ ਮਤਿ । ਸਬਦੁ ਨ ਚੀਨੇ ਹੋਇ ਅਸਤਿ । ਬਿਨੁ ਉਪਜੈ ਬਿਨਸੈ ਆਵੈ ਜਾਇ । ਨਾਨਕ ਗੁਰ ਬਿਨੁ ਨਰਕਿ ਪਚਾਇ ॥ ੨ ॥ ਏਕੇ ਕਉ ਏਕਾ ਪਤੀਆਇ । ਦਰਿ ਮਹਿਲੀ ਘਰਿ ਸਚਿ ਵਡਿਆਈ । ਸਤਿਗੁਰੁ ਪਾਇਆ ਸੁਰਤ ਸਮਾਈ । ਇਹੁ ਮਨੁ ਮਾਨਿਆ ਅਗਨਿ ਨਿਵਾਰੀ । ਨਾਨਕ ਆਤਮ ਤਤੁ ਵੀਚਾਰੀ ॥ ੩ ॥ ਤ੍ਰਿਸਨਾ ਤ੍ਰਿਪਤਿ ਤਪੈ ਬਹੁ ਭਾਰੀ । ਪਰਦਰਬ ਹਿਰੈ ਕਾਮਣ ਸੁਤ ਨਾਰੀ । ਬਹੁ ਚਿੰਤਾ ਪੀੜੀ ਜਲੇ ਅਹੰਕਾਰੀ । ਜੂਏ ਖੇਲਣੁ ਕਚੀ ਸਾਰੀ । ਨਾਨਕ ਬੂਡਤ ਗਿਰਤ ਕਿਉ ਤਰੀਐ ਭਾਰੀ । ਉਤਮੁ ਖੋਜੈ ਸਚੈ ਕਾਰੀ ॥ ੪ ॥ ਬਿਖੁ ਖਾਵੈ ਬਿਖੁ ਭੋਗੈ ਭੋਗ । ਬਿਖੁ ਪਹਿਰੈ ਬਿਖੁ ਪੇਖੈ ਰੋਗ । ਬਿਖੁ ਮੰਚੇ ਬਿਖ ਕੀ ਸਭ ਵਾੜੀ।ਬਿਖਮੁ ਭਇਆ ਭੂਲੇ ਉਜਾੜੀ । ਜਮਕੰਕਰ ਕਾਲ ਪਰੋਤੇ ਪ੍ਰਾਨ ਨਾਨਕ ਅੰਤਿ ਕਾਲਿ ਦੁਖ ਸਹੇ ਨਿਦਾਨਿ ॥ ੫ ॥ ਦਾਸ ਉਦਾਸੀ ਗੁਰਮੁਖਿ ਭਾਇ । ਜਾਂ ਘਰਿ ਬਸੈ ਫਿਰਿ ਕਾਲੁ ਨ ਖਾਇ । ਪੇਖਿ ਅਚਰਜੁ ਬਿਸਮ ਹੋਇ ਜਾਇ । ਐਸਾ ਦਾਸ ਉਦਾਸੀ ਜਾਣੁ । ਸੋ ਉਦਾਸ ਜਾਣੇ ਮਿਹਮਾਣੁ।ਨਾਨਕ ਐਸਾ ਦਾਸ ਦਰਗਹ ਪਰਵਾਣੁ ॥ ੬ ॥ ਪਤਿ ਪਰਵਾਣ ਦਰਗਹ ਪਤਿ ਪਾਈ । ਆਦਿ ਅੰਤਿ ਗੁਰੂ ਭਇਆ ਸਹਾਈ । ਹੀਰੇ ਰਤਨ ਜਵੇਹਰ ਲਾਲ । ਸਚੁ ਸਚੁ ਸਾਚੀ ਟਕਸਾਲ । ਸਚੁ ਸਰਾਫੁ ਸਰਾਫੀ ਕੋਲੇ । ਨਾਨਕ ਸਚ ਕਸਵਟੀ ਪੂਰਾ ਤੋਲੇ ॥੭॥ ਸਹਜ ਉਦਾਸੀ ਰਹੈ ਅਤੀਤੁ।ਅਕਲਪਤ ਸਰੋਵਰ ਅਪੀਉ ਪੀਤੁ । ਰੂਖ ਬਿਰਖ ਇਕੰਤ ਕੋ ਵਾਸਾ । ਏਕ ਉਪਰਿ ਤਿਸੁ ਜਨ ਕੀ ਆਸਾ । ਐਸਾ ਦਾਸੁ ਉਦਾਸੀ ਮਿਲਿਆ । ਨਾਨਕ ਪੂਣਵੈ ਗਰਬਿ ਨ ਗਲਿਆ ॥ ੮ ॥ ਚੰਚਲ ਕਾਲਿ ਨ ਪ੍ਰਗਟਹਿ ਜਾਇ । ਪਰ ਰੂਪੁ ਨ ਦੇਖੈ ਨਹੀ ਪਰਦਰਬੁ ਹਿਰਾਇ।ਜੈਸਾ ਅੰਮ੍ਰਿਤ ਐਸਾ ਬਿਖੁ ਤੈਸਾ । ਐਸਾ ਦਾਸੁ ਉਦਾਸੀ ਜੈਸਾ।ਸਹਜਿ ਉਦਾਸੁ ਮਨਾਏ ਸਉਣੁ। ਗੁਰਮੁਖਿ ਪਰਖੈ ਤ੍ਰਿਭਵਣ ਭਉਣੁ ॥ ੯ ॥ ਤੀਨ ਭਵਨ ਸਚੁ ਜਾਣੇ ਥਾਨੁ । ਤ੍ਰਿਕੁਟੀ ਛੂਟੀ ਗੁਣੀ ਨਿਧਾਨੁ ।

ਨਿਰਮਲ ਪਾਧਰੁ ਨਦਰੀ ਆਇਆ। ਐਸਾ ਦਾਸ ਉਦਾਸੀ ਪਾਇਆ। ਸਹਜਿ ਉਦਾਸੀ ਗੁਰਮੁਖਿ ਹੋਇ। ਅਸਥਿਰੁ ਕੰਧੁ ਨਾਨਕ ਸਚੁ ਸੋਇ॥ ੧੦॥

ਸਹਜਿ ਉਦਾਸੀ ਬਸੈ ਅਕਾਸਿ। ਦਾਸ ਉਦਾਸੀ ਤਖਤਿ ਨਿਵਾਸੁ। ਦਾਸ ਉਦਾਸੀ ਰਹੈ ਨਿਰਾਸੁ। ਗਗਨ ਮੰਡਲ ਤ੍ਰੈ ਲੋਕ ਨਿਵਾਸੁ। ਅਹਿਨਿਸ ਜਾਗੇ ਗੁਰ ਗਿਆਨ ਅਭਿਆਸਿ। ਸਗਲੇ ਕਰਮ ਧਰਮ ਹਰਿ ਭਗਤਿ ਨਿਵਾਸਿ ਅੰਮ੍ਰਿਤ ਗੁਰ ਚਰਨ ਸੋ ਕਵਲ ਬਿਗਾਸ। ਨਾਨਕ ਬਿਰਲੇ ਦਾਸ ਉਦਾਸ ॥ ੧੧॥ ਗੁਰਮੁਖ ਐਸਾ ਦਾਸ ਉਦਾਸੀ। ਚੀਨੇ ਸਬਦੁ ਸੋ ਤਖਤ ਨਿਵਾਸੀ ਪੰਜੇ ਇੰਦ੍ਰੀ ਗੁਰਮੁਖਿ ਜਿਤੁ। ਅੰਮ੍ਰਿਤੁ ਨਾਮੁ ਪ੍ਰਾਪਤਿ ਤਿਤੁ। ਜੈਸਾ ਜਲ ਕਵਲ ਅਸਨੇਹੁ। ਤਿਉ ਨਾਨਕ ਪ੍ਰੀਤ ਨ ਤੂਟਸਿ ਨੇਹੁ॥੧੨॥ ਐਸਾ ਦਾਸ ਮਿਲੈ ਸੁ ਪਾਯਾ। ਜਨਮ ਮਰਣ ਕਾ ਗਵਣੁ ਮਿਟਾਯਾ।ਅਚਿੰਤ ਭੋਜਨੁ ਪਤਿ ਕਪੜੁ ਪੂਰਾ ਗੁਰਮੁਖਿ ਪੈਧਾ ਸਬਦੁ ਹਜੂਰਾ। ਐਸਾ ਦਾਸ ਮਿਲੈ ਸੁਭ ਲਖਣੁ। ਨਾਨਕ ਕ ਉਦਾਸੀ ਲਖਣ॥ ੧੩॥ ਕੰਚਨ ਕੋਟ ਅਨੂਪ ਅਪਾਰੇ। ਗੁਰਮੁਖਿ ਦਾਸ ਵਸ ਹਰਿ ਪਿਆਰੇ। ਉਚੀ ਪਵੜੀ ਅਪਰੰਪਰ ਥਾਨ। ਤਹ ਪਾਰਬ੍ਰਹਮ ਸਚਾ ਦੀਬਾ ਸਹਿਜ ਉਦਾਸੁ ਸਚੁ ਨਦਰਿ ਪਰਵਾਣੁ। ਨਾਨਕ ਕਹੇ ਉਦਾਸੀ ਜਾਣੁ॥ ੧੪ ਸਹਜਿ ਉਦਾਸੀ ਤਤੁ ਬੀਚਾਰਿ। ਬੰਧਨ ਤੇ ਮੁਕਤਾ ਮੋਖ ਦੁਆਰੁ। ਰਹੇ ਅਤ ਪਛਾਣੇ ਬ੍ਰਹਮੁ। ਜੀਵਤ ਮਰੇ ਰਹੇ ਨਿਹਕਰਮੁ। ਜੁਗਤਿ ਜਤਨੁ ਸੰਜਮੁ ਸੀ ਰਖਣੁ। ਨਾਨਕੁ ਕਹੈ ਉਦਾਸੀ ਲਖਣੁ॥੧੫॥ਬਾਹਰਿ ਜਾਇ ਨ ਮੜ੍ਹੀ ਮਸਾਣਿ ਗੁਰ ਮੁਕਤੇ ਕੀਏ ਸਚੇ ਤਾਣਿ। ਸਚਾ ਉਦਾਸੁ ਸਬਦਿ ਮਨਿ ਚਾਉ। ਸਿਫਤੀ ਰ ਆਤਮ ਰਾਉ।ਗੁਰ ਕੀ ਮਤਿ ਲੈ ਸਿਖਿਆ ਸਖਣੁ। ਨਾਨਕੁ ਕਹੇ ਉਦਾਸੀ ਲਖ ॥ ੧੬॥ ਥੋੜੀ ਨਿੰਦ੍ਰਾ ਅਲਪੁ ਅਹਾਰਾ। ਸਦਾ ਸੁਚੇਤ ਪਰਗਟੁ ਪਸਾਰਾ। ਘਰਿ ਜਾਇ ਨ ਭਿਖਿਆ ਲੇ। ਬਿਖਿਆ ਬਿਖੁ ਤਿਆਗੇ ਅੰਮ੍ਰਿਤ ਸਚੁ ਲੇ। ਸ ਸਬਦ ਕੀ ਸਚੀ ਜਖਣੁ। ਨਾਨਕ ਕਹੇ ਉਦਾਸੀ ਲਖਣ॥੧੭॥ ਦੇ ਪਰਦਖ ਚੜੇ ਅਕਾਸਿ। ਪਾਰਸੁ ਮਿਲੇ ਸੁ ਪ੍ਰਭ ਤਾਸੁ। ਇੜਾ ਪਿੰਗੁਲਾ ਸੁਖਮਨਾ ਨਾੜੀ ਸਸਿ ਘਰਿ ਸੂਰੁ ਵਸੇ ਗੈਣਾਰੀ। ਪੰਜਿ ਸਤਿ ਨਉ ਲਗਾ ਰਖਣਿ। ਨਾਨਕ ਕ ਉਦਾਸੀ ਲਖਣਿ॥ ੧੮॥ ਦੀਪਕ ਜੋਤਿ ਗੁਰ ਸਬਦਿ ਬਿਗਾਸੁ। ਅਸਥਿ

ਮਨੂਆ ਗੁਰ ਚਰਨਿ ਨਿਵਾਸੁ। ਬੋਲੇ ਸਤਿ ਅਸਤਿ ਨ ਵਾਕੁ। ਸਚੇ ਘਰਿ ਸਚੁ ਸਚੁ ਉਤਾਕੁ। ਜਪੁ ਤਪੁ ਸੰਜਮੁ ਸੁਰਤ ਬਖਚਣੁ। ਨਾਨਕ ਕਹੇ ਉਦਾਸੀ ਲਖਣੁ ॥੧੯॥ ਜੋਗੀ ਜੋਗੁ ਜੁਗਤਿ ਘਰੁ ਪਾਵੈ। ਗਿਆਨ ਭੁਗਤਿ ਲੈ ਮਨੁ ਤ੍ਰਿਪਤਾਵੈ ਕਲਪਿ ਤਿਆਗੀ ਗੁਰ ਸਬਦ ਸੁਹੇਲਾ। ਆਏ ਹਰਖੁ ਨ ਗਏ ਭੈਲਾ। ਜੁਗਤਿ ਜਤਨੁ ਅੰਬ੍ਰਿਤ ਰਖਣੁ। ਨਾਨਕ ਕਹੇ ਉਦਾਸੀ ਲਖਣੁ ॥੨੦॥ ਨਉਸਰ ਸੁਭਰੁ ਦਸਵੈ ਪੂਰਾ। ਤਹ ਅਨਹਦ ਸੁੰਨਿ ਵਜਾਏ ਤੂਰਾ। ਤਹ ਸੰਭੂ ਕੀ ਨਗਰੀ ਅਨਹਦਿ ਘਰਿ ਰਹੇ। ਜੋਗੀ ਹੋਇ ਸੋ ਨਗਰੀ ਲਹੈ। ਐਸਾ ਦਾਸੁ ਉਦਾਸੀ ਕੋਇ। ਦਾਸ ਉਦਾਸੁ ਨਿਰਾਰਾ ਸੋਇ। ਸੁੰਨ ਤੇ ਸੰਭੂ ਆਦਿ ਗੁਰ ਰਖਣ। ਨਾਨਕ ਕਹੇ ਉਦਾਸੀ ਲਖਨ ॥੨੧॥ ਸੁੰਨ ਤੇ ਸੰਭੂ ਹੋਯਾ ਆਦਿ। ਸੁੰਨ ਤੇ ਨੀਲੁ ਅਨੀਲੁ ਅਨਾਦਿ। ਸੁੰਨ ਤੇ ਸੰਭੂ ਲਿਖਿਆ ਨੀਸਾਨੁ। ਸੁੰਨਿ ਤੇ ਸਹਿਜ ਕਲਾ ਪਰਵਾਨੁ। ਸੁੰਨ ਸੰਭੂ ਕਾ ਜਾਣੇ ਭੇਉ। ਸੋ ਐਸਾ ਉਦਾਸੁ ਨਿਰੰਜਨ ਦੇਉ। ਐਸਾ ਜੋਗੁ ਜੁਗਤਿ ਕਰਿ ਰਖਣੁ। ਨਾਨਕ ਕਹੇ ਉਦਾਸੀ ਲਖਣੁ ॥੨੨॥ ਗੁਰਮੁਖਿ ਗਿਆਨੁ ਦ੍ਰਿੜੇ ਸਚੁ ਧਰਮੁ। ਊਚਾ ਕਰਿ ਪੂਜੇ ਸਗਲਾ ਪਾਰਬ੍ਰਹਮੁ। ਊਚੀ ਪਵੜੀ ਚੜੇ ਨਿਰਾਰਾ। ਅੰਬ੍ਰਿਤ ਪੀਵੈ ਨਿਰਮਲ ਧਾਰਾ। ਨਿਰਮਲ ਜੋਤਿ ਸਚੁ ਨਦਰਿ ਪਰਖਣੁ। ਨਾਨਕ ਕਹੇ ਉਦਾਸੀ ਲਖਣੁ ॥੨੩॥ ਕਾਯਾਂ ਨਗਰੁ ਉਦਾਸੀ ਥਾਨ। ਪੰਚੇ ਇੰਦ੍ਰੀ ਮਾਰਿ ਮਸਾਨੁ। ਮਾਨ ਸਰੋਵਰਿ ਕਰ ਇਸਨਾਨੁ। ਐਸਾ ਦਾਸੁ ਉਦਾਸੀ ਜਾਨੁ। ਗਿਆਨੁ ਖੜਗੁ ਲੈ ਦੂਤਾ ਰਖਣੁ। ਨਾਨਕੁ ਕਹੇ ਉਦਾਸੀ ਲਖਣੁ ॥੨੪॥ ਗਿਆਨੁ ਖੜਗੁ ਲੈ ਮਨ ਕਉ ਮਾਰਿ। ਗੁਰ ਕੇ ਸਬਦਿ ਸਚੇ ਵੀਚਾਰਿ। ਊਪਰਿ ਤ੍ਰਿਭਵਣੁ ਸਚਾ ਸਚੁ ਥਾਨੁ। ਭਰਿਪੁਰਿ ਲੀਣਾ ਗੁਣੀ ਨਿਧਾਨੁ। ਉਦਾਸ ਕਰਮ ਰਸੁ ਸੁਆਨ ਰਸ ਚਖਣੁ। ਨਾਨਕ ਕਹੇ ਉਦਾਸੀ ਲਖਣ ॥੨੫॥

ਉਲਟ ਪਵਨੁ ਮਨੁ ਸੁੰਨਿ ਸਮਾਵੈ। ਲੈ ਪੰਚ ਬਾਣ ਗਗਨਿ ਧਨਖੁ ਚੜਾਵੈ। ਉਪਰ ਚੜੇ ਅਕਾਸੀ ਸੁਮੇਰਿ। ਦੇ ਪਰਦਖਣਾ ਆਵੈ ਫੇਰਿ। ਲਹੈ ਨਿਧਾਨੁ ਲਿਖੇ ਨਿਧਿ ਨਾਮੁ। ਦਰਗਹ ਪੈਝੇ ਪਤਿ ਪਰਵਾਨੁ। ਗਿਆਨ ਰਤਨੁ ਘਟਿ ਭੀਤਰਿ ਰਖਣੁ। ਨਾਨਕ ਕਹੈ ਉਦਾਸੀ ਲਖਣੁ ॥੨੬॥ ਉਲਟੀ ਗੰਗਿ ਵਹਾਵੈ ਨੀਰੁ। ਪਲਟਿ ਸਿਧੀਰੇ ਧੀਰ ਸਿਧੀਰੁ। ਗਿਆਨੁ ਖੜਗੁ ਲੈ ਸੰਨੈ ਬਾਣੁ। ਅਗਮਿ

ਨਿਗਮੁ ਜੋ ਜਾਨੈ ਜਾਣੁ।ਅਠਸਠ ਮਜਨ ਕਾਇਆ ਮਾਰੁ ਕਾਂਸੀ। ਪ੍ਰਣਵਤ ਨਾਨਕ ਦਾਸ ਉਦਾਸੀ ॥ ੨੭ ॥ ਉੰਦਰ ਦੂੰਦਰ ਪਰਹਰਿ ਠਾਕਿ। ਮੁਕਤਿ ਪਰਾਇਣੁ ਸਤਿਗੁਰ ਕੇ ਵਾਕਿ। ਉਤਰ ਸਰੋਵਰ ਅਉਘਟਿ ਘਾਟਿ।ਅਠਸਠਿ ਮਜਨੁ ਤਿਲਕੁ ਲਿਲਾਟਿ। ਅਘੜੁ ਘੜਾਵੈ ਉਲਟੇ ਚਾਕਿ। ਸਚਿ ਘਰਿ ਮਹਲਿ ਬਸੈ ਉਤਾਕਿ। ਗੁਰ ਕੀ ਮਲੈ ਭਇਆ ਉਦਾਸੀ। ਪ੍ਰਣਵਤਿ ਨਾਨਕ ਦਾਸ ਉਦਾਸੀ॥ ੨੮ ॥ ਮਨੁ ਪ੍ਵਣਾ ਘਰਿ ਸਹਜਿ ਸਮਾਇ। ਤੀਨ ਸੁੰਨ ਕੀ ਸੋਝੀ ਪਾਇ।ਗੁਰ ਕੈ ਸਬਦਿ ਰਖੇ ਭੈ ਭਾਇ। ਅਨਦਿਨੁ ਮਜਨੁ ਕਾਇਆਂ ਮਟੁ ਕਾਸੀ। ਤ੍ਰਿਕੁਟੀ ਛੂਟੀ ਸੁੰਨਿ ਸਮਾਸੀ। ਗੁਰਮੁਖਿ ਚੀਨੈ ਸੋ ਅਬਿਨਾਸੀ। ਪ੍ਰਣਵਤਿ ਨਾਨਕੁ ਦਾਸ ਉਦਾਸੀ ॥ ੨੯ ॥ ਤੀਨ ਭਵਨ ਕਾ ਜੋ ਜਾਨੈ ਥਾਨੁ। ਆਦਿ ਨਿਰੰਜਨੁ ਪੂਰਾ ਪਰਧਾਨੁ। ਪੂਰੇ ਗੁਰ ਕੀ ਪੂਰੀ ਮਤਿ। ਏਕੋ ਸਤਿ ਸਤਿ ਸੁਮਤਿ। ਸੋ ਦਾਨਾ ਅਦਲੀ ਬਹੇ ਤਖਤਿ। ਨਿਹਚਲੁ ਮਨੁ ਨ ਆਵੈ ਜਾਸੀ । ਪ੍ਰਣਵਤ ਨਾਨਕ ਦਾਸ ਉਦਾਸੀ ॥ ੩੦ ॥ ਆਸਾ ਦਾਸੁ ਮਿਲੇ ਮਨੁ ਮਾਨਿਆ। ਸਹਜਿ ਉਦਾਸੀ ਬ੍ਰਹਮ ਪਛਾਨਿਆ। ਅਮਰੁ ਭਇਆ ਅਮਰਾਪਦ ਪਾਇਆ। ਨਵੂਏ ਰੂਪ ਸਭ ਨਦਰੀ ਆਇਆ। ਗੁਰਮੁਖਿ ਗਿਰਹੀ ਮਾਹਿ ਉਦਾਸੀ। ਪ੍ਰਣਵਤਿ ਨਾਨਕ ਦਾਸ ਉਦਾਸੀ ॥ ੩੧ ॥ ਸਹਜਿ ਉਦਾਸੀ ਸਚਿ ਸੁਹਾਇਆ। ਸਚੀ ਦਰਗਹ ਮਹਿਲ ਬੁਲਾਇਆ। ਸਚਾ ਭੋਜਨ ਕਪੜੁ ਆਘਾ। ਸਹਜਿ ਉਦਾਸੀ ਜਾਇ ਸਮਾਇ। ਨਿਜ ਘਰਿ ਬਸੈ ਫਿਰਿ ਕਾਲੁ ਨ ਖਾਇ। ਅਚਰਜ ਰੂਪ ਭੇਖਿ ਸਚਿ ਸਮਾਸੀ। ਪ੍ਰਣਵਤ ਨਾਨਕੁ ਦਾਸ ਉਦਾਸੀ ॥ ੩੨ ॥ ਮੋਹਨੀ ਮੋਹਿ ਨ ਸਕੈ ਤਾਸੁ। ਤਬ ਜਰਾ ਮਰਨ ਕਾ ਭਇਆ ਬਿਨਾਸੁ ਉਰਧਿ ਕਵਲੁ ਮੁਖ ਸਹਜਿ ਬਿਗਾਸੁ।ਗੁਰਮਤਿ ਮਿਲਿਆ ਨਾਨਕ ਪ੍ਰਭ ਗੁਣਤਾਸੁ ॥ ੩੩ ॥ ਆਪੇ ਬੋਲੇ ਬੋਲਣਹਾਰੁ। ਆਪੇ ਸਮਝ ਕਰੇ ਵੀਚਾਰੁ। ਸਤਿਗੁਰ ਮਤਿ ਪਾਈ ਮਨੁ ਠਹਰਾਨਾ। ਆਦਿ ਅਨੂਪੁ ਨਿਰੰਜਨ ਜਾਨਾ। ਕਵਲਾ ਦਾਸੀ ਲਾਗੀ ਪਾਇ। ਚਉਥੇ ਪਦ ਕੋ ਜੋ ਮਨੁ ਪਤੀਆਇ। ਪੰਚ ਦੂਤਾ ਸਿਉ ਗੋਸਟਿ ਖੋਈ। ਨਾਨਕ ਕਹੈ ਉਦਾਸੀ ਸੋਈ।੩੪।ਸੁਭਰ ਸਰੋਵਰ ਗੁਰ ਦਰੀਆਉ।ਅਤਿ ਨਿਰਮਲੁ ਨਿਰਮਲ ਹੈ ਨਾਉ।ਪ੍ਰੇਮ ਪਰਾਇਣ ਪ੍ਰੀਤਮ ਰਾਉ।ਤੂ ਬਖਸਹਿ ਧਕਾ ਨਹੀ ਕੋਇ। ਤੂੰ ਬਖਸਹਿ ਜਮ ਦਰਿ ਨਹੀ ਰੋਇ।ਜਿਸੁ ਬਖਸਹਿ ਸੋ ਪੂਰਾ ਹੋਇ। ਨਾਨਕ ਕਹੈ

ਉਦਾਸੀ ਸੋਇ ॥ ੩੩ ॥ ਅਬਗਤ ਨਾਥ ਚੀਨੇ ਜੋ ਆਪ ਗਵਾਵੇ । ਸੋ ਨਰੁ ਪੁਨਰਪ ਜਨਮਿ ਨ ਆਵੈ । ਜਾਤਿ ਵਰਨ ਕੁਲ ਤਾਰੇ ਇਉਂ । ਅਹਿਨਿਸ ਸਾਧ ਸੰਗਤਿ ਗੁਰ ਸਿਉਂ।ਗੁਰ ਪ੍ਰਸਾਦਿ ਮਿਲੇ ਵਡਿਆਈ।ਇਉ ਮਨ ਨਿਹਚਲੁ ਕਹਤੁ ਨ ਜਾਈ । ਗੁਨਾਹਗਾਰੁ ਲੈ ਕੰਠਿ ਪਰੋਈ । ਨਾਨਕ ਕਹੈ ਉਦਾਸੀ ਸੋਈ ॥੩੬॥ ਪੂਰਾ ਸਤਿਗੁਰ ਸਹਜਿ ਮਿਲਾਇਆ। ਐਸਾ ਦਾਸੁ ਉਦਾਸੀ ਪਾਇਆ । ਸਰਬ ਨਿਰੰਤਰਿ ਅਲਖੁ ਲਖਾਯਾ । ਤ੍ਰਿਸਨਾ ਤਾਮਸ ਠਾਕਿ ਮਨੁ ਮਾਨਿਆ। ਆਸਾ ਮਨਸਾ ਤਿਆਗਿ ਸਮਾਨਿਆ।ਨਿਰੰਕਾਰੁ ਅਕੁਲੀਣੁ ਸਬਾਇਆ।ਨਾਨਕ ਦਰਸਨ ਦਾਸੁ ਸਮਾਇਆ । ਦਰਸਨੁ ਪਰਸ ਪਰਮਗਤਿ ਹੋਈ ॥ ਨਾਨਕ ਕਹੈ ਉਦਾਸੀ ਸੋਈ ॥ ੩੭ ॥ ਦਰਸਨੁ ਪਰਸਿ ਮਨੁ ਸਹਜਿ ਵਿਗਾਸਿਆ। ਅਮਰੁ ਭਇਆ ਜਮ ਕਾਲਿ ਨ ਧਾਸਿਆ । ਅਚਰਜ ਰੂਪ ਹਰਿ ਨਜਰੀ ਆਇਆ । ਪਤਿ ਸਿਉ ਪੈਧਾ ਪ੍ਰਭ ਪਹਿਨਾਇਆ । ਐਸਾ ਉਦਾਸੀ ਐਸੀ ਪਤਿ ਹੋਇ । ਨਾਨਕ ਕਹੈ ਉਦਾਸੀ ਸੋਇ ॥ ੩੮ ॥ ਸੋ ਸ੍ਰਿਸਟਿ ਕਰਤਾ ਕਰਨੈ ਜੋਗੁ। ਸੁੰਨਿ ਸਮਾਧਿ ਨਗਰ ਰਸ ਜੋਗ । ਜਹ ਦੇਖਾ ਤਹ ਰਹਿਆ ਸਮਾਇ । ਅਬਿਨਾਸੀ ਅਲਖੁ ਅਲਖ ਨੋ ਜਾਇ। ਖੰਡ ਬ੍ਰਹਮੰਡ ਜਾਕੀ ਧਰਮਸਾਲਾ । ਨਾਨਕ ਉਤਪਤਿ ਪਰਲੋ ਆਪਿ ਨਿਰਾਲਾ ॥ ੩੯ ॥ ਸਤਿਗੁਰ ਮਿਲਤ ਤਬੀ ਮਨੁ ਮਾਨਿਆ । ਤ੍ਰਿਖਾ ਨਿਵਾਰੀ ਆਪੁ ਪਛਾਨਿਆ । ਰਵਿ ਸਸਿ ਆਦਿ ਨਿਰੰਜਨ ਜੋਤਿ । ਪਵਨੁ ਪਾਨੀ ਅਕਾਰ ਸਰੋਤਿ । ਨ ਜੀਉ ਮਰੈ ਨ ਦੁਤੀਆ ਜਾਵੈ। ਤਿਕੁਟੀ ਫੂਟੀ ਇਉ ਸੁੰਨਿ ਸਮਾਵੈ । ਨਿਰਮਲ ਏਕ ਨਿਰੰਜਨ ਪਾਵੈ। ਨਾਨਕ ਜੋਤੀ ਜੋਤਿ ਸਮਾਵੈ। ਤ੍ਰਿਕੁਟੀ ਫੂਟੀ ਮੁਕਤਿ ਦੁਆਰਾ। ਤਹ ਬਿਅੰਤੁ ਪੀਵੈ ਨਿਰਮਲ ਧਾਰਾ।ਗਗਨਿ ਅਕਾਸਿ ਗਊਆ ਜਿਨਿ ਚੋਈ। ਨਾਨਕ ਕਹੇ ਉਦਾਸੀ ਸੋਈ ॥ ੪੦॥ ਸਗਲ ਭਵਨ ਪਾਤਾਲ ਸਬਾਏ । ਮਿਰਤਿ ਅਕਾਸਿ ਗਗਨਿ ਲਿਉ ਲਾਏ। ਸਰਬ ਨਿਰੰਤਰਿ ਜੋਤਿ ਸਰੂਪ। ਅਲਖੁ ਅਤੀਤੁ ਅਦ੍ਰਿਸ਼ਟ ਅਨੂਪ । ਨਿਰਮਲੁ ਜੋਤਿ ਨਹੀ ਮਲੁ ਕਾਈ। ਨਾਨਕ ਅਨਹਦਿ ਸਬਦਿ ਸਮਾਈ॥ ੪੧ ॥ ਸਗਲ ਭਵਨ ਪਤਿ ਅਲਖੁ ਸਬਾਇਆ । ਚਹੁ ਦਿਸਿ ਖੋਜਿ ਅਕਲਪਤ ਘਰੁ ਪਾਇਆ । ਬਿਬੇਕੁ ਬੁਧਿ ਪਾਇਆ ਗੁਰ ਗਿਆਨੁ। ਆਤਮੇ ਕਉ ਚੀਨੇ ਸੋ ਪਰਧਾਨੁ।ਤ੍ਰੈ ਸੈ ਸੱਠਿ ਗੰਠੀ ਬੂਝੈ ਬਿਰਲਾ ਜਨੁ

ਕੋਇ। ਨਾਨਕ ਮਿਲਤੇ ਮੁਕਤਿ ਵਹੁ ਹੋਇ ॥ ੪੨॥ ਤ੍ਰੈ ਸੈ ਸਠਿ ਗੰਠੀ. ਗੁਰਮੁਖਿ ਖੋਲੈ। ਗੁਰਮੁਖਿ ਸਚਿ ਸਹਜਿ ਘਰਿ ਬੋਲੈ। ਪੀਵੈ ਅੰਬ੍ਰਿਤ ਹਰਿ ਤਤੁ ਵਿਰੋਲੈ। ਮਨੁ ਅਡੋਲੁ ਗੁਰ ਸਬਦਿ ਨਾ ਡੋਲੈ। ਇਹੁ ਮਨ ਮਿਰਗ ਕੋ ਪਾਵੈ ਗੰਠਿ। ਤੀਰਥ ਪਰਸੈ ਤ੍ਰੈ ਸੈ ਸਠਿ। ਚੜੇ ਸੁਮੇਰਿ ਬਸੇ ਅਸਥਾਨਿ। ਹਰਿਜਨੁ ਹਰਿ ਹਰਿ ਏਕ ਸਮਾਨਿ। ਅਜਰੁ ਜਰੇ ਅਗਹੁ ਗਹੈ। ਗੁਰ ਸਬਦਿ ਅਸਥਿਰੁ ਘਰਿ ਬਹੈ। ਏਕ ਦ੍ਰਿਸਟਿ ਸਮ-ਸਰਿ ਸਭੁ ਕੋਈ। ਨਾਨਕੁ ਕਹੈ ਉਦਾਸੀ ਸੋਈ ॥.੪੩ ॥ ਨਿਰਮਲੁ ਨਾਮੁ ਹਿਰਦੇ ਹਰਿ ਕੰਠਿ। ਹਰਿ ਹਰਿ ਹਾਰੁ ਲੈ ਰਿਦੇ ਪਰੰਠਿ। ਮਨੁ ਸਮਝੇ ਅਸਥਿਰੁ ਸਚੁ ਗੰਠਿ। ਸਤਿ ਸਰਿ ਨਾਵਣੁ ਪੂਰਾ ਹੋਇ। ਨਾਨਕ ਕਹੈ ਉਦਾਸੀ ਸੋਇ ॥ ੪੪॥ ਆਸਾ ਮਨਸਾ ਗੁਰ ਸਬਦਿ ਨਿਵਾਰ। ਕਾਮੁ ਕ੍ਰੋਧਿ ਬ੍ਰਹਮ ਅਗਨੀਂ ਜਾਰਿ। ਜਰਾ ਮਰਨੁ ਗਤੁ ਗਰਬੁ ਨਿਵਾਰੇ। ਸਚੇ ਸਬਦਿ ਸਚੁ ਨਿਸਤਾਰੇ । ਲਬੁ ਲੋਭੁ ਮਿਟੇ ਅਭਿਮਾਨੁ। ਜਬ ਸਚੇ ਤਖਤਿ ਬੈਠਾ ਪਰਧਾਨੁ। ਸਬਦੁ ਅਨਾਹਦੁ ਵਾਜੇ ਪੰਜ ਤੂਰਾ। ਸਤਿਗੁਰ ਮਤਿ ਲੈ ਪੂਰੋ ਪੂਰਾ। ਗਗਨਿ ਨਿਵਾਸਿ ਆਸਣੁ ਜਿਸੁ ਹੋਇ। ਨਾਨਕੁ ਕਹੈ ਉਦਾਸੀ ਸੋਇ॥ ੪੫ ॥ ਗਗਨ ਨਿਵਾਸਿ ਆਸਣੁ ਜਿਮ ਵਾਸਾ। ਤੇ ਜਨ ਵਿਰਲੇ ਦਾਸ ਉਦਾਸਾ। ਰਹੇ ਇਕੰਤਿ ਮੜੀ ਮਸਾਣੇ। ਚਲਤੇ ਮਨ ਕਉ ਭੀਤਰਿ ਆਣੇ। ਉਡਰਿ ਭਉਰੁ ਗਗਨੰਤਰਿ ਚੜੇ। ਗੁਰੁ ਪਰਚੇ ਨਾਭੀ ਫਿਰਿ ਵੜੇ। ਉਪਰਿ ਕੂਪੁ ਗਗਨਿ ਪਨਿਹਾਰੀ। ਅੰਬ੍ਰਿਤ ਪੀਵੈ ਦਸਵੈ ਦੁਆਰੀ। ਪਰਚੈ ਪਿੰਡੁ ਐਸਾ ਜੋਗੁ ਹੋਈ। ਨਾਨਕ ਕਹੈ ਉਦਾਸੀ ਸੋਈ ॥੪੬॥ ਸੁਭਰ ਸਰੋਵਰ ਧਰਹਰਿ ਵਾਸੁ। ਸਹਜਿ ਨਿਪੰਨਾ ਕਵਲ ਪਰਗਾਸੁ। ਸਚੀ ਜੋਤਿ ਸਹਿ ਕਵਲੁ ਸਰੂਪ। ਆਦ੍ਰਿਸਟੁ ਅਲਿਪਤੁ ਸੁਆਦਿ ਅਨੂਪੁ। ਸਚੁ ਦਤਾਰੁ ਸਚੁ ਸਹਜਿ ਨਿਪੰਨਾ। ਸਾਚੀ ਜੋਤਿ ਹੰਸੁ ਇਕਵੰਨ। ਚੁਣਿ ਮੁਕਤਾਹਲ ਹੰਸੁ ਚੁਣਿ ਖਾਇ। ਸਚੁ ਚੁਗੇ ਅੰਬ੍ਰਿਤ ਅਘਾਇ। ਜੁਗਤਿ ਜਤਨੁ ਕਹਿ ਗੁਰਮੁਖਿ ਰਖਣੁ। ਨਾਨਕ ਜੋਗ ਬੈਰਾਗ ਕੇ ਲਖਣ ॥ ੪੭ ॥ ਤ੍ਰਿਭਵਣਿ ਜਿਸੁ ਮੇਖੁਲਾ ਅਮਰਾ ਪਦੁ ਡੰਡਾ । ਸੋ ਅਕੁਲ ਪੂਜਹੁ ਸਤਿਗੁਰ ਕੇ ਸੁੰਡਾ। ਜਾਂਕੇ ਬੰਦੇ ਦੇਵੀ ਦੇਵਾ। ਸੋ ਅਕੁਲ ਚੀਨਹੁ ਅਗਮ ਅਪਾਰਾ। ਜਿਨਿ ਖੰਡ ਬ੍ਰਹਮੰਡ ਕੀਏ ਪਰਹਾਰਾ। ਜਿਹਬਾ ਅਨਰਸ ਸੁਆਦਿ ਨ ਚਖਣ। ਨਾਨਕ ਜੋਗ ਬੈਰਾਗ ਕੇ ਲਖਣ॥ ੪੮ ॥ ਤਾਮਸ ਤ੍ਰਿਸਨਾ ਲੋਭ ਨਿਵਾਰੇ। ਪੰਚਿ

ਅਗਨਿ ਘਟਿ ਭੀਤਰਿ ਜਾਰੇ। ਰਹੇ ਅਤੀਤ ਆਤਮੁ ਵੀਚਾਰੇ। ਸੋ ਅਬਿਨਾਸ ਪੁਰਖੁ ਨਿਰਾਰੇ। ਪੰਚ ਮਾਰਿ ਮਨੁ ਨਿਜ ਘਰਿ ਠਾਇ। ਆਪੇ ਮੇਲੇ ਸਹਜਿ ਸੁਭਾਇ। ਗਗਨਿ ਅਕਾਸਿ ਚਿਤਿ ਚੇਤਾ ਰਖਣੁ। ਨਾਨਕੁ ਕਹੇ ਜੋਗ ਕੇ ਲਖਣ ॥੪੯॥ ਨਿਰਮਲੁ ਧਾਰੁ ਸਤਿਗੁਰ ਦਿਖਲਾਇਆ। ਬਿਖੁ ਬਿਖਲਾ ਤਿਆਗਿ ਅੰਮ੍ਰਿਤ ਰਸੁ ਭਾਇਆ। ਮਨੁ ਮਨਸਾ ਸੰਤੋਖੇ ਸਹਜਿ ਸਮਾਇਆ। ਆਪਿ ਵੀਚਾਰਿ ਅਮਰਪਦੁ ਪਾਇਆ। ਧਿਆਨੁ ਨਿਰੰਤਰਿ ਡੋਰੀ ਰਖਣੁ। ਨਾਨਕ ਕਹੇ ਜੋਗ ਕੇ ਲਖਣ ॥੫੦॥ ਅਕੁਲ ਨਿਰੰਜਨੁ ਜੋਤਿ ਅਪਾਰਾ। ਘਟਿ ਘਟਿ ਦਾਤਾ ਸੋ ਪ੍ਰਭੂ ਹਮਾਰਾ। ਅਮਰੁ ਅਜੋਨੀ ਦਾਤਾ ਸੋਇ। ਦੇ ਦੇ ਤੋਟਿ ਨ ਕਬਹੂ ਹੋਇ। ਜੁਗਿ ਜੁਗਿ ਦੇਇ ਨ ਆਵੇ ਤੋਟਿ। ਜਿਸੁ ਬਖਸਹਿ ਤਿਸ ਛੋਟੇ ਛੋਟਿ। ਮੁਕਤਿ ਵਰੁ ਦਾਤਾ ਸਾਚਾ ਸੋਇ। ਨਾਨਕ ਦੂਜਾ ਅਵਰ ਨ ਕੋਇ ॥੫੧॥

ਮਨ ਪਵਣੇ ਕਾ ਜੋ ਜਾਣੈ ਭੇਉ । ਜਿਹਬਾ ਇੰਦਰੀ ਸਚਿ ਸਮੇਉ। ਸਭ ਘਟ ਭੋਗੈ ਰਹੈ ਅਤੀਤੁ।ਆਪੇ ਚਤੁਰ ਬਿਧਾਤੇ ਕੀਤੁ।ਅਜਪਾ ਜਾਪੁ ਘਟ ਪਿੰਡ ਜੀਅ ਕਾ ਰਖਣੁ। ਨਾਨਕ ਸਤਿਗੁਰ ਸਾਧ ਕਾ ਲਖਣ ॥੫੨॥ ਸਭ ਸੈ ਊਪਰਿ ਸਭਨਾ ਮਾਹਿ। ਬੂਝਹੁ ਗੁਰ ਗਿਆਨੀ ਸਬਦੁ ਸਲਾਹਿ। ਸਸਿ ਘਰਿ ਸੂਰ ਸਮਾਨੇ ਭਾਇ। ਤਉ ਦਰਸਨ ਕੀ ਸੋਝੀ ਪਾਇ।ਰਹੈ ਅਲਿਪਤੁ ਨਾ ਮਨੁ ਡੁਲਾਵੈ।ਨਾਨਕ ਪ੍ਰੇਮ ਪਦਾਰਥੁ ਪਾਵੈ ॥੫੩॥ ਨਿਜ ਘਰਿ ਬੈਸਿ ਕਰੇ ਵੀਚਾਰੁ। ਜਤਿ ਦੇਖਾ ਤਤਿ ਏਕੰਕਾਰ। ਏਕ ਅਕਾਰ ਅਨੂਪ ਨਿਰਾਰਾ। ਸਾਧ ਸੰਗਤਿ ਮਹਿ ਮਨੁ ਪਤੀਆਰਾ। ਸੋ ਅਬਿਨਾਸੀ ਜਿਸੁ ਰੂਪੁ ਨ ਰੇਖੋ।ਨਾਨਕ ਆਤਮ ਕੋ ਚੀਨੈ ਜਨਮੁ ਸੁਲੇਖੋ॥੫੪॥ ਅਜਰੁ ਜਰੇ ਗੁਰ ਸਬਦਿ ਨਿਹਾਲਿ। ਅਨਹਦ ਸਬਦਿ ਸਚੀ ਟਕਸਾਲ। ਖਰੇ ਖਜਾਨੇ ਖੋਟੇ ਗਾਲਿ। ਆਪੇ ਪਰਖੇ ਨਜਰਿ ਨਿਹਾਲ। ਪੂਰਾ ਸਚੁ ਤੋਲ ਪੂਰਾ ਗੁਰ ਨਾਲਿ। ਸਚੀ ਰਹਿਰਾਸਿ ਕਰਣੀ ਸਾਲਿ। ਐਸਾ ਘਾਹੁ ਸਰਾਫੀ ਕਰੈ। ਸਚੀ ਨਜਰਿ ਨ ਕਲਵ ਤਰੈ । ਸਚੀ ਕਸਵਟੀ ਪਰਖੇ ਸੋਇ । ਹੀਰਾ ਰਤਨੁ ਲਾਲ ਪਰੋਇ। ਮਨੁ ਮਾਣਕ ਜਿਨਿ ਪਰਖ ਪਛਾਤਾ।ਨਾਨਕ ਐਸਾ ਸਾਹੁ ਸਰਾਫੀ ਜਾਤਾ ॥੫੫॥ ਪੂੰਜੀ ਨਾਮ ਨਿਰੰਜਨੁ ਰਾਤਾ। ਸਚੁ ਪੈਕਾਰੀ ਸਚੇ ਮਾਤਾ ।ਸਚੁ ਕਸਵਟੀ ਪਰਖ ਤੁਲਾਇ। ਖਰਾ ਖਜਾਨੇ ਖੋਟਾ ਨਹੀਂ ਪਾਇ। ਨਉ ਨਿਧਿ ਨਾਮੁ ਅਖੇ

ਨਿਧਿ ਪਲੈ। ਪ੍ਰਣਵਤ ਨਾਨਕ ਦਰਗਹ ਮਲੈ ॥ ੫੬॥ ਦਾਨਾ ਬੀਨਾ ਗੁਰਮ
ਜਾਣ। ਬਹੁੜਿ ਨ ਭਈਐ ਤਿਤੁ ਪਤਿ ਪਰਵਾਣੁ।ਜਿਸੁ ਪਰਖੇ ਸੁ ਖਰਾ ਪਿਆ
ਆਪੇ ਬਖਸੇ ਬਖਸਨਹਾਰ। ਤਿਸ ਕੀ ਕੀਮਤਿ ਕੋਇ ਨ ਪਾਵੈ।ਨਾਨਕ ਸਚੇ ਸ
ਸਮਾਵੈ। ਸਚਿ ਪਤੀਜੈ ਸਿਰਜਣਹਾਰੁ। ਨਾਨਕ ਪੂਰਾ ਤਿਸੁ ਭੰਡਾਰੁ॥੫੭॥ ਅ
ਸਾਹੁ ਸਰਾਫ ਪਜੀਰਾ। ਆਪੇ ਪਰਖਿ ਵਿਸਾਹੇ ਹੀਰਾ। ਆਪੇ ਸੁ ਸਬਦੁ ਸੁਰ
ਗੁਰ ਚੇਲਾ। ਆਦਿ ਅਨਾਹਦਿ ਸਬਦੁ ਨਿਰਾਲਾ। ਨਾਨਕ ਬਖਸੇ ਗੁਰ ਗੋਪਾਲ
॥੫੮॥ਤੂੰਪੂਰਾਸਤਿਗੁਰੁ ਮਾਣਕੁ ਹੀਰਾ।ਤੂੰਨਿਰਮਲ ਤੂੰਗਹਿਰਗੰਭੀਰ।ਸੁਭਰ ਸਰੋਵ
ਧੀਰਸੁਧੀਰੁ।ਆਦਿ ਨਿਰੰਜਨ ਸਗਲ ਕਾ ਗੁਰੁ।ਨਾਮ ਬਿਨਾ ਮੈ ਨਾਹੀ ਕੋਇ।ਨਾ
ਬਿਨਾ ਜਮ ਦਰਿ ਦੁਖੁ ਹੋਇ ॥੫੯॥ ਨਾਮ ਬਿਨਾ ਜਮੁ ਮਾਰੇ ਬਾਟਿ।ਬੇਦ ਪੁਰਾਣ
ਪੜਹਿ ਬਹੁ ਪਾਠ। ਨਾਮ ਬਿਨਾ ਜਮ ਪੰਥੁ ਕਰਾਰ। ਪੁਰਸਲਾਤਿ ਖੰਡੇ ਕੀ ਧਾਰ
ਸਿਰਿ ਜਮ ਕੰਕਰ ਊਭੋ ਮਾਰਾ। ਨਾਨਕ ਜਮ ਮਾਰੇ ਨਾਹੀ ਕਛੁ ਚਾਰਾ ॥ ੬੦ ॥
ਨਾਮੁ ਮਿਲੈ ਚਲੈ ਮੈ ਨਾਲਿ। ਨਾਮੁ ਮਿਲੈ ਦੁਖੁ ਲਹੈ ਦੁਰਾਲਿ। ਨਾਮੁ ਮਿਲੈ ਸਚੀ
ਪਤਿ ਸੋਇ। ਨਾਮੁ ਅੰਤਿ ਕੋ ਬੇਲੀ ਹੋਇ। ਨਾਮੁ ਮਿਲੈ ਦਰਗਹ ਜੈਕਾਰ। ਨਾਮੁ
ਮਿਲੈ ਨਾਨਕ ਸਚਿ ਪਿਆਰੁ ॥ ੬੧ ॥ ਆਦਿ ਜੁਗਾਦੀ ਹੈ ਭੀ ਹੋਗੁ। ਆਪੇ
ਅਲਖੁ ਲਖਾਵਨੁ ਜੋਗੁ। ਜਤ ਸਤ ਕਾ ਪੂਰਾ ਸਬਦ ਕਾ ਸੂਰਾ। ਨਾਨਕ ਤਹ
ਬਾਜਹਿ ਅਨਹਦ ਧੁਨਿ ਤੂਰਾ। ਪੂਰਬ ਪਛਮ ਚੜਿ ਦਖਣਿ ਜਾਇ। ਰਵਿ ਸਸਿ
ਦੋਊ ਇਕਤ੍ਰ ਮਿਲਾਇ। ਇਕਤਿ ਸੂਤਿ ਹਾਰੁ ਪਰੋਵੈ ਮਣੀਆ। ਨਾਨਕ ਸੋ ਐਸਾ
ਦਾਸੁ ਉਦਾਸੀ ਗਣੀਆ ॥ ੬੨ ॥ ਭਉਰੁ ਉਡਰਿ ਗਗਨਿ ਸਰਿ ਧਾਵੈ। ਪੰਚ
ਬਾਣ ਲੈ ਧਨਖ ਚੜਾਵੈ। ਸਹਜਿ ਗਿਆਨੀ ਰਹੈ ਧਿਆਨਿ । ਤ੍ਰਿਕੁਟੀ ਮਿਲਿ
ਛੂਟੀ ਮੁਕਤਿ ਪਰਾਨਿ। ਨਿਜ ਘਰਿ ਰਹੈ ਨ ਆਵਾਗਉਨੁ। ਗੁਰਮੁਖਿ ਸਦਾ
ਮਨਾਏ ਸਉਨੁ। ਤੁਰੀਆ ਤਤੁ ਪਾਵੈ ਗੁਰ ਗਿਆਨੁ। ਨਾਨਕ ਦਾਸੁ ਉਦਾਸੀ
ਜਾਨੁ ॥ ੬੩ ॥ ਐਸਾ ਗਿਆਨੁ ਪਦਾਰਥੁ ਸਾਰੁ। ਆਤਮੁ ਚੀਨਿ ਪਰਾਤਮੁ ਚੀਨੈ
ਅਕਥ ਕਥਾ ਕਾ ਅਗਮੁ ਵੀਚਾਰੁ। ਮਨੁ ਜੇ ਦੇਵੇ ਰਹੈ ਲਿਉਲਾਗੀ। ਸੁਰਨਰ ਨਾਥ
ਕੇਵਲ ਬੈਰਾਗੀ। ਹਰਿ ਭਗਤਿ ਭਾਉ ਤਤ ਰਸ ਲੀਨਾ। ਨਾਨਤ ਤਿਹ ਘਟਿ ਬਾਜੇ
ਅਨਹਦ ਧੁਨਿ ਬੀਨਾ॥੬੪॥ ਅਸਥਿਰ ਥਾਨ ਅਗਮ ਪੁਰ ਵਾਸਾ। ਤੇ ਅਵਧੂਤੀ

ਦਾਸ ਉਦਾਸਾ॥ ਆਤਮ ਰਾਮੁ ਸਰਬ ਮਹਿ ਜਾਨਿਆ॥ ਸਹਜਿ ਸੁਮਤਿ ਗੁਰਸਬਦੁ ਪਛਾਨਿਆ। ਸਤੁ ਸੰਤੋਖ ਸਤਿਗੁਰ ਕਾ ਪੂਤੁ। ਨਾਨਕ ਭਉ ਭੰਜਨੁ ਸਤਿਗੁਰ ਅਵਧੂਤੁ ॥੬੫॥ ਇਹੁ ਮਨੁ ਮਾਰੇ ਤਾ ਪਾਵੈ ਗੁਰ ਗਿਆਨੁ। ਸਬਦੁ ਵੀਚਾਰੇ ਸੋ ਪਾਏ ਧਿਆਨੁ। ਮਨੁ ਮਨਸਾ ਬੁਧਿ ਸੁੰਨਿ ਸਮਾਵੈ। ਜਨਮ ਮਰਨ ਦੁਖੁ ਹਉਮੈ ਜਾਵੈ। ਅਖੰਡ ਮੰਡਲ ਮਹਿ ਡੋਰੀ ਧਰੈ। ਨਾਨਕ ਮਨੁ ਜੀਤੈ ਜੀਵਤੁ ਮਰੈ॥੬੬॥ ਮੂਲ ਮੁਕਟ ਮਣਿ ਹਿਰਦੈ ਰਾਖੈ। ਓਹੁ ਮੁਕਤਿ ਪਰਾਇਣ ਅਹਿਨਿਸ ਰਸੁ ਚਾਖੈ। ਤਪਤਿ ਸੰਤੋਖਿ ਰਹੇ ਲਿਉ ਲਾਈ। ਨਾਨਕ ਜੋਤੀ ਜੋਤਿ ਮਿਲਾਈ। ਜੋਤੀ ਜੋਤਿ ਮਿਲਾਈ ਸਾਚੈ।ਨਾਨਕ ਸੰਗਤਿ ਗੁਰ ਸਾਧ ਮਿਲਤਿ ਜਮ ਕਾ ਭਉ ਬਾਚੈ ॥੬੭॥ ਆਈ ਮਿਟੇ ਕਾਲ ਕਿਉ ਬਾਚੈ।ਅਹਿਨਿਸ ਰਾਮ ਰਸਾਇਣ ਰਾਚੈ। ਅਪਿਉ ਪੀਵੈ ਗੁਰਮਤਿ ਸਚੈ। ਸਚੁ ਜੋਗੁ ਕਮਾਈ ਕਾ ਧਨੀ। ਪਰਚੈ ਪਿੰਡੁ ਜੋਗ ਬਿਧਿ ਬਨੀ। ਐਸਾ ਕਲਾਮ ਬਚਨ ਜੋਗੀ ਪੜੈ। ਅਸਥਿਰੁ ਕੰਧੁ ਕਦੇ ਨ ਪੜੈ ॥ ੬੮ ॥ ਆਈ ਮੇਟਣ ਕਾ ਸਮਰਥੁ। ਅਗਮ ਅਥਾਹੁ ਬਿਅੰਤੁ ਅਲਖੁ। ਤਾਕਾ ਅੰਤੁ ਨ ਕਿਨਹੀ ਪਾਇਆ। ਬਹੁ ਬਿਅੰਤੁ ਜਿਸ ਕੀ ਸਭੁ ਛਾਇਆ। ਗੁਣ ਨਿਧਾਨੁ ਜਿਸ ਗੁਣੀ ਰੀਝਾਯਾ। ਨਾਨਕ ਪੂਰਾ ਦਰਸਨੁ ਪਾਇਆ॥੭੦॥ ਮੁਕਤਿ ਚੰਗੀ ਰਾਤਾ ਰਸਨਿ ਰਸਾਇ। ਆਪਿ ਕਹਿ ਡੂਬੈ ਸੁਰਤਿ ਸਮਾਇ। ਓਹ ਹਰਿ ਰਸਿ ਸੂਚਾ ਸਦਾ ਸਚਿਆਰ। ਉਪਰ ਗੁਰ ਸਬਦੁ ਅਨਹਦ ਸਾਰੁ। ਆਦਿ ਜੁਗਾਦੀ ਹੈਭੀ ਹੋਇ। ਨਾਨਕ ਕਰੇ ਕਰਾਵੈ ਸੋਇ ॥ ੭੨ ॥ ਨਿਜ ਘਰਿ ਥਾਨੁ ਨਿਰਾਲਮ ਹੋਈ। ਤਿਸ ਠਾਕਰ ਤੇ ਭਿੰਨ ਨ ਕੋਈ। ਅਨਹਦ ਰੂਪ ਅਨਾਹਦ ਸੋਈ। ਜਿਨ ਸਿਰਜੀ ਤਿਨ ਹੀ ਫੁਨਿ ਗੋਈ। ਕਥਨਿ ਨ ਪਾਈਐ ਅਕਥੁ ਤਿਹੁ ਲੋਈ। ਗੁਰ ਨਾਨਕ ਮੈ ਭੇਦੁ ਨ ਕੋਈ ॥ ੭੨ ॥

ਸਚੇ ਭਾਵੈ ਤੈ ਪਤਿ ਪਰਵਾਣੁ। ਹਉਮੈ ਜਾਇ ਤਾ ਮਿਲਿਆ ਜਾਣੁ। ਨਿਰਗੁਣ ਗੁਰ ਗਿਆਨੁ ਨ ਜਾਨੇ ਅੰਧੁ। ਸਰਗੁਣ ਸਦਾ ਹਉਮੈ ਦੁਖ ਬੰਧੁ। ਭੂਖ ਪਿਆਸ ਰੈਣਿ ਅੰਧਿਆਰੀ। ਨਾਨਕ ਨਿਰਮਲ ਗਰਬੁ ਨਿਵਾਰੀ ॥੭੩॥ ਮਾਨ ਸਰੋਵਰ ਮਜਨੁ ਜਨਿ ਕੀਨਾ। ਨਾਮੁ ਦਾਨੁ ਗੁਰਮੁਖਿ ਜਨ ਚੀਨਾ। ਨਿਜ ਘਰਿ ਬਸਿ ਅੰਮ੍ਰਿਤ ਰਸ ਭੀਨੇ। ਆਤਮ ਆਦਿ ਅਨੂਪ ਅਨਾਹਦ ਚੀਨੇ। ਤਤੁ ਲਹੋ

ਗੁਰਮੁਖਿ ਪਰਬੀਨਾ। ਅਗਨਿ ਬੁਝੀ ਨਾਨਕ ਠਰੁ ਸੀਨਾ ॥ ੭੪ ॥ ਆਤਮੁ ਚੀਨੀ ਸੁ ਸਬਦੁ ਸਮਾਲਿ। ਜਮੁ ਜਗਾਤਿ ਨ ਲਾਗਸਿ ਕਾਲਿ। ਨਾਮੁ ਮਿਲੈ ਚਲੈ ਮੈ ਨਾਲਿ। ਕਰੈ ਬਿਬੇਕੁ ਬਿਬੇਕੀ ਸੋਇ। ਨਾਨਕ ਜਾ ਮਨਿ ਦੂਜਾ ਅਵਰੁ ਨ ਕੋਇ ॥੭੫॥ ਬਿਬੇਕ ਗਿਆਨ ਆਤਮੇ ਪ੍ਰਗਾਸ। ਆਤਮੇ ਕੋ ਚੀਨੇ ਸੋ ਤਖਤ ਨਿਵਾਸੁ। ਗੁਰਮੁਖਿ ਸਹਜਿ ਸੁਭਾਇ ਰੰਗ ਮਾਣੇ। ਗੁਰਮੁਖਿ ਸਚੁ ਵੰਦੋਆ ਤਾਣੇ।ਆਪੇ ਨਾਥੁ ਨਾਥੁ ਸਬਾਇਆ। ਨਾਨਕ ਆਪੇ ਸ੍ਰੀਧਰੁ ਸਹਜਿ ਸਮਾਇਆ ॥੭੬॥ ਅਮਰ ਪੁਰ ਨਗਰੁ ਮਹਾ ਅਸਥਾਨਾ।ਤਹ ਹਰਿ ਭਗਤ ਵਸਹਿ ਪਰਧਾਨਾ। ਤਹਾ ਅਖੁਟੁ ਭੰਡਾਰੁ ਨਾਮੁ ਖਜਾਨਾ। ਇਹੀ ਤੁਰੀਆ ਤਤੁ ਸਮਾਨਾ। ਤਹ ਹੀ ਠਉਰ ਸਰਬ ਸੁਜਾਨਾ। ਤਹ ਨਾਨਕ ਆਪੇ ਬੀਨਾ ਦਾਨਾ ॥ ੭੭ ॥ ਏਕੁ ਸਬਦੁ ਦੁਇ ਕਥਾ ਬੀਚਾਰੇ। ਸੋ ਆਦਿ ਜੁਗਾਦੀ ਪੁਰਖ ਨਿਰਾਰੇ। ਜਾਗਤੁ ਰਹੇ ਸਮਾਧਿ ਸੁਚੇਤਾ। ਸੋ ਸਮਦਰਸੀ ਤਤ ਕਾ ਬੇਤਾ। ਨਾਨਕ ਤਿਤੁ ਘਟਿ ਕਾਲੁ ਨ ਪੜਤਾ। ਓਹ ਅਨਹਦਿ ਰਾਤਾ ਰਹੈ ਸੁਚੇਤਾ। ਏਕੋ ਏਕੀ ਨਿਰਗੁਨ ਪ੍ਰਭ ਹੇਤਾ ॥ ੭੮ ॥ ਜੋਗ ਮਾਰਗ ਉਦਾਸ ਕਰਮਾ। ਜਪੁ ਤਪੁ ਸੰਜਮੁ ਨਿਰਮਲੁ ਧਰਮਾ। ਪੰਜ ਤਤੁ ਪ੍ਰਾਣ ਕਾ ਬੰਧ। ਜੀਉ ਜੋਤਿ ਮਿਲਿ ਕੀਆ ਕੰਧੁ। ਗੁਰਮੁਖਿ ਜੋਗੀ ਜੁਗਤਿ ਪਛਾਣੁ। ਨਾਨਕ ਲਿਖਿਆ ਲੇਖੁ ਧੁਰੇ ਪਰਵਾਣੁ ॥੭੯॥ ਆਪੇ ਦਾਨਾ ਬੀਨਾ ਜਾਣੇ। ਆਪੇ ਕਹਿ ਬੂਝੇ ਹੁਕਮ ਮਨਿ ਭਾਣੇ।ਤ੍ਰਿਭਵਣ ਜੋਤਿ ਸੁ ਸਬਦਿ ਲਖਾਈ।ਸਰਬ ਜੀਆ ਪਾਲੇ ਸਰਣਾਈ। ਸਰਬ ਜੋਤਿ ਪ੍ਰਭੁ ਰਹਿਓ ਸਮਾਇ। ਨਾਨਕ ਸੋ ਦਾਤਾ ਤਿਸੁ ਤਿਲੁ ਨ ਤਮਾਇ। ੮੦ ॥ ਸਾਕਤ ਭੂਲੇ ਮੋਹੇ ਮਾਇਆ। ਕਨਿਕ ਕਾਮਨੀ ਸਿਉ ਮੋਹ ਵਧਾਇਆ। ਹਉਮੈ ਭਰਮਿ ਮੂਠਾ ਧੰਧੁ ਕਮਾਇਆ। ਘਰਿ ਘਰਿ ਫਿਰੈ ਨ ਆਵੈ ਸ਼ਾਂਤਿ। ਓਹੁ ਜੰਮਹਿ ਮਰਹਿ ਝੂਰਹਿ ਦਿਨੁ ਰਾਤਿ। ਪੂਰਬ ਲਿਖਿਆ ਕਰਮੁ ਕਮਾਵੈ। ਨਾਨਕ ਰਾਮ ਭਗਤਿ ਸੁਖੁ ਪਾਵੈ ॥ ੮੧ ॥ ਗੁਰਮੁਖਿ ਸਤਿ ਸਤਿ ਸਭ ਸਾਧਿਕ। ਗੁਰਮੁਖਿ ਸਨਕਾਦਿਕ ਜਨਕਾਦਿਕ । ਗੁਰਮੁਖਿ ਸਾਇਰੁ ਬਾਧਿਓ ਸੇਤੁ। ਲੰਕਾ ਲੂਟੀ ਸਾਧਿਓ ਦੈਂਤ। ਗੁਰਮੁਖਿ ਧਰੂ ਪ੍ਰਹਿਲਾਦ ਤਰਾਇਓ। ਨਾਨਕ ਹਰਣਾਕਸੁ ਛੇਦਿ ਭਗਤਿ ਜਸੁ ਗਾਇਓ ॥ ੮੨ ॥ ਸਾਕਤ ਦੁਰਮਤਿ ਨਰਕਿ ਪਰਾਣਾ। ਰਾਮ ਭਗਤਿ ਸਤਿਸੰਗ ਨ ਜਾਨਾ। ਗੁਰਮਤਿ ਖੋਜਤ ਪਰਮ ਨਿਧਾਨਾ। ਆਪੇ ਬਖਸੇ ਹਰਿ ਜਸੁ

ਮਾਨਾ । ਅਨਹਦਿ ਆਦਿ ਨਿਰੰਜਨੁ ਪਾਵਹਿ । ਨਾਨਕ ਮੂਏ ਬਹੁੜਿ ਨ ਆਵਹਿ ॥ ੮੩ ॥ ਖੋਜੀ ਉਪਜੇ ਬਾਦੀ ਖਪੈ । ਸੋ ਸੂਰਾ ਜੋ ਅਹਿਨਿਸਿ ਹਰਿ ਜਪੈ । ਨਿਰੰਕਾਰੁ ਨਿਰਭਉ ਮਨਿ ਭਾਵੈ । ਜਹ ਉਪਜੈ ਤਹ ਜਾਇ ਸਮਾਵੈ।ਜਿਨਿ ਨਿਰੰਕਾਰ ਅਕਾਰੁ ਉਪਾਇਆ । ਨਾਨਕ ਬੂਝੈ ਜਿਸੁ ਆਪਿ ਬੁਝਾਇਆ ॥ ੪੮ ॥ ਸਤਿਗੁਰੁ ਪਰਚੈ ਪਾਵੈ ਮਾਨੁ । ਸਰਬਿ ਨਿਰੰਤਰਿ ਅਲਖੁ ਪਛਾਨੁ । ਸੁੰਨ ਸਰੋਵਰ ਸੋਹੈ ਸੋਇ । ਨਦਰਿ ਕਰੇ ਤਾ ਥਿਰ ਪਤਿ ਹੋਇ ॥ ਆਦਿ ਅਤੀਤੁ ਪੂਰਾ ਗੁਰ ਗਿਆਨੁ । ਨਾਨਕ ਜੁਗੁ ਜੁਗੁ ਪਰਮ ਨਿਧਾਨੁ ॥ ੮੫ ॥ ਤਾਂਕੀ ਗਤਿ ਮਿਤਿ ਕਹੀ ਨ ਜਾਇ । ਵੇਦ ਕਤੇਬ ਰਹੇ ਗੁਣ ਗਾਇ । ਜੇਤਾ ਕਹੀਐ ਅੰਤੁ ਨ ਪਾਰੁ । ਅੰਤੁ ਨ ਭਗਤੀ ਕਥਨੈ ਹਾਰੁ । ਜਾਕਉ ਰਾਖਹਿ ਸਹਜਿ ਸੁਭਾਇ । ਨਾਨਕ ਇਹੁ ਮਨੁ ਸੁੰਨਿ ਸਮਾਇ ॥ ੮੬ ॥ ਜਾਣੈ ਆਦਿ ਅੰਤਿ ਤਿਹੁ ਲੋਇ । ਸਰਬ ਜੀਆ ਕਾ ਦਾਤਾ ਸੋਇ । ਚੀਨਹਿ ਗੁਰ ਗਿਆਨੁ ਸਹੰਸਾ ਭਉ ਕਾਇ । ਹਮ ਨਹੀ ਕਾਹੂ ਹਮਰਾ ਨਹੀ ਭਾਇ । ਆਕੁਲ ਸਰਨਿ ਪੂਰੀ ਮਤਿ ਹੋਇ । ਨਾਨਕ ਸਰਨਿ ਪਰੇ ਕੀ ਰਾਖਹੁ ਪ੍ਰਭ ਲਾਜਿ ॥ ੮੭ ॥ ਜੋਗੀ ਕੀ ਨਗਰੀ ਸੁੰਨ ਸਰਿ ਰਹੈ । ਆਇ ਨ ਜਾਇ ਸਬਦਿ ਰਸੁ ਗਹੈ । ਅਚਿੰਤੁ ਤੋਲੁ ਅਪਰੰਪਰੁ ਧਿਆਨੁ। ਗੁਰਮਤਿ ਪੂਰਾ ਬ੍ਰਹਮ ਗਿਆਨ । ਸੰਭੂ ਕੀ ਨਗਰੀ ਸੁੰਨ ਤੇ ਹੋਇ । ਨਾਨਕ ਸੋ ਬੂਝੈ ਜੋ ਜੋਗੀ ਹੋਇ ॥ ੮੮ ॥ ਸੰਭੂ ਕੀ ਨਗਰੀ ਸੁੰਨਹੁ ਪ੍ਰਗਾਸੀ । ਜੋ ਜੋਗੀ ਬਸੈ ਅਤੀਤੁ ਉਦਾਸੀ । ਜਪ ਤਪ ਸੰਜਮ ਰਹੇ ਨਿਰਾਲਾ । ਹਿਵੈ ਘਰੁ ਬੰਧੇ ਲਾਗੇ ਨਹੀ ਪਾਲਾ।ਪੈਹਨੇ ਅੰਜਨਿ ਭੋਜਨੁ ਕਰੇ ਸਾਰੁ । ਨਾਨਕ ਐਸਾ ਜੋਗੁ ਜੁਗਤਿ ਵੀਚਾਰੁ ॥ ੮੯ ॥ ਗੁਰ ਚੇਲੇ ਕਾ ਮੇਲਾ ਭਇਆ । ਸਰਬ ਸੁਮਤਿ ਸਰਬ ਸਿਰਿ ਮਇਆ । ਅਖੰਡ ਮੰਡਲ ਮਨੁ ਸੁੰਨਿ ਸਮਾਨਾ । ਮਨੁ ਪਵਨਾ ਸਚ ਖੰਡਿ ਟਿਕਾਨਾ। ਖਿਮਾ ਧੀਰਜੁ ਸੰਤੋਖ ਵੀਚਾਰੀ । ਨਾਨਕ ਮਨੁ ਮਾਨਿਆ ਤਤੁ ਅਪਾਰੀ ॥ ੯੦ ॥

ਧਿਆਉ ਸੰਪੂਰਨ ਹੋਇਆ ॥

ਆਗੇ ਹੋਰ ਚਲਿਆ ॥ ਰਾਗ ਰਾਮਕਲੀ ਮਹਲਾ ੧ ॥

ਜੋਗ ਚੇਤਨ ਮਾਲਾ ॥ ਜੋਗ ਕਰਮ ਜੋਗ ਕਾ ਜਤਨ । ਅਗਨਿ ਪਰਚੰਡ

ਬਾਬੇ ਕਾ ਗਿਆਨੁ ॥ ਸਚੁ ਸਬਦੁ ਅਨਹਦੁ ਗਾਇਆ। ਅਨਹਦਿ ਰਾਤਾ ਸਚਿ ਸਮਾਇਆ। ਆਸਣੁ ਸਾਧਿ ਨਿਰਾਲਮ ਤਾੜੀ। ਭਿਖਿਆ ਖਾਇ ਸਹਜਿ ਵੀਚਾਰੀ। ਸਿੰਙੀ ਸਬਦੁ ਵਜਾਏ ਨਾਦੁ। ਪਤ੍ਰ ਵੀਚਾਰੀ ਆਦਿ ਜੁਗਾਦਿ। ਡੰਡਾ ਗਿਆਨੁ ਧਿਆਨੁ ਵੇਸ ਧਾਰੀ। ਨਾਨਕ ਜੋਗੀ ਜੁਗਤਿ ਵੀਚਾਰੀ ॥ ੧ ॥ ਸਰਮ ਕੀਆਂ ਮੁੰਦ੍ਰਾਂ ਮਾਯਾ ਤਿਆਗੀ। ਸਿਫਤੀ ਰਤਾ ਸਦਾ ਬੈਰਾਗੀ। ਜੂਏ ਜਨਮੁ ਨ ਹਾਰੇ ਜੋਗੀ। ਆਏ ਹਰਖੁ ਨ ਗਏ ਸੋਗੀ। ਕੰਨੀ ਨਾ ਸੁਣੇ ਕਾਹੂ ਕੀ ਨਿੰਦਾ। ਧਨੁ ਨਾਨਕ ਐਸੇ ਜੋਗਿੰਦ੍ਰਾ ॥ ੨ ॥ ਅਕਲ ਪੜੀ ਮਹਿ ਬਹੇ ਨਿਰਾਲਾ। ਅੰਬ੍ਰਿਤ ਸਚ ਕਾ ਪੀਏ ਪਿਆਲਾ। ਖੀਵਾ ਜੋਗੀ ਅੰਬ੍ਰਿਤੁ ਧਾਰੇ। ਸਚਿ ਰਸਿ ਮਾਤਾ ਸਚੁ ਵੀਚਾਰੇ। ਨਿਰੰਜਨੁ ਪ੍ਰਾਣ ਪਾਰਿ ਗਿਰਾਮੀ। ਐਸੀ ਜੋਗੀ ਜੁਗਤਿ ਪਛਾਨੀ। ਸਚੁ ਬਿਭੂਤਿ ਲਾਇ ਬੈਠਾ ਤਾੜੀ। ਨਾਨਕ ਜੋਗ ਭਗਤਿ ਨਿਰਾਰੀ ॥ ੩ ॥ ਆਸਣੁ ਸਚੁ ਜਪੁ ਤਪੁ ਸਤੁ ਸੰਜਮੁ। ਆਸਾ ਮਾਹਿ ਨਿਰਾਸੁ ਨਿਰੰਜਨੁ। ਦੇ ਪਰਦਖਣਾ ਗਗਨੰਤਰਿ ਤਾੜੀ ਚੜੇ। ਅਸਥਿਰੁ ਪਿੰਡੁ ਜੋਗੀ ਕਦੇ ਨ ਪੜੇ। ਜਨਮ ਮਰਨ ਕੀ ਚੂਕੀ ਧਾਈ। ਨਾਨਕ ਜੋਗ ਜੁਗਤਿ ਕੀ ਕੀਮਤਿ ਪਾਈ ॥ ੪ ॥ ਸਹਜਿ ਗੁਫਾ ਘਰਿ ਕਰੇ ਨਿਵਾਸੁ। ਗੁਰ ਕਾ ਸਬਦੁ ਅਤੀਤੁ ਉਦਾਸੁ। ਗੁਰ ਕਾ ਭਗਤੁ ਹਿਰਦੇ ਕਾ ਮੁਕਤਾ। ਹਿਰਦੇ ਨਾਨਕ ਧਰਮੁ ਨਾਮੁ ਦਾਨੁ ਜੁਗਤਾ ॥ ੫ ॥ ਐਸੀ ਜੁਗਤਿ ਕੋਊ ਜੋਗੀ ਪਾਲੇ। ਅਹਿਨਿਸਿ ਹਿਰਦੇ ਨਾਮੁ ਸਮਾਲੇ। ਅਮਰੁ ਭਇਆ ਨਾਹੀ ਸਿਰ ਕਾਲੇ। ਕਾਯਾਂ ਨਗਰੀ ਭਗਤਿ ਨਾਮੁ ਪਲੈ ਪਾਇ। ਨਾਨਕ ਸਚੁ ਭੋਜਨੁ ਤ੍ਰਿਪਤੇ ਅਘਾਇ ॥ ੬ ॥ ਅਹਿਨਿਸਿ ਧਿਆਨਿ ਨਿਹਿਚਲੁ ਬਹੈ। ਸਹਜਿ ਗੁਫਾ ਮਹਿ ਵਾਹਨੁ ਅਵਾਹੇ। ਮਨੁ ਅਡੋਲੁ ਗੁਰ ਸਬਦਿ ਨ ਡੋਲੈ। ਨਾਨਕ ਚੰਚਲ ਦਾਇ ਨ ਖੇਲੈ ॥ ੭ ॥ ਗੁਰਮੁਖਿ ਤਿਆਗੇ ਪਰਿ ਗ੍ਰਿਹਿ ਨਾਰੀ। ਸਬਦ ਸੁਰਤਿ ਕਾ ਕਰੇ ਬਖਿਆਨੁ। ਘਰ ਹੀ ਲਾਇ ਬੰਹੇ ਦੀਬਾਨੁ। ਬਿਖਮ ਜੋਗ ਅਪਰੰ ਅਪਾਰੁ। ਨਾਨਕ ਕਥਨਾ ਕਰੜਾ ਸਾਰ ॥ ੮ ॥ ਪੂਰਬ ਪਛਮ ਉਤਰ ਦਖਣ। ਚਉਪੜਿ ਖੇਲੇ ਗੁਰ ਕੇ ਲਖਣ। ਤ੍ਰਿਕੁਟੀ ਸੰਗਿ ਮਿਲਾਏ ਬੀਣਾ। ਗੁਰ ਪਰਸਾਦੀ ਸਹਜ ਰਸ ਲੀਣਾ। ਉਤਰਿ ਅਉਘਟਿ ਕਰੇ ਨਿਵਾਸੁ। ਪ੍ਰਣਵਤਿ ਨਾਨਕ ਤਾਂਕਾ ਦਾਸੁ ॥ ੯ ॥ ਦਖਣ ਤੇ ਪਛਮ ਕੋ ਫਿਰੇ। ਪੂਰਬ ਤੇ ਦਖਨ ਕੋ ਗਉਨ ਕਰੇ। ਮਾਨ ਸਰੋਵਰ ਕਰੇ

ਇਸਨਾਨੁ। ਗਗਨ ਮੰਡਲ ਮਹਿ ਧਰੇ ਧਿਆਨੁ। ਨਉਖੰਡ ਢੂੰਢਿ ਫਿਰਿ ਘਰਿ ਆਵੈ। ਨਾਨਕ ਦਸਵੈ ਸਹਜਿ ਸਮਾਵੈ ॥ ੧੦ ॥ ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ। ਗਗਨ ਮੰਡਲ ਮਹਿ ਰਾਖੇ ਹੇਤਾ। ਪੰਜੇ ਇੰਦ੍ਰੀ ਕਰਿ ਰਾਖੈ ਦ੍ਰਿੜੁ।ਗਿਆਨੁ ਖੜਗ ਜਿਣੇ ਕਾਯਾਂ ਗੜੁ। ਉਲਟੇ ਪਵਨੁ ਕਰੇ ਅਹਾਰੁ । ਤ੍ਰੈਗੁਣ ਮੇਟੇ ਪਾਵੈ ਸਾਰੁ। ਨਾਨਕ ਅਗਮ ਕਥਾ ਕਾ ਅਗਮੁ ਵੀਚਾਰੁ ॥੧੧॥ ਆਸਾ ਮਨਸਾ ਹਉਮੈ ਮਾਰੀ। ਚਉਪੜਿ ਖੇਲੇ ਪਕੀ ਸਾਰੀ। ਗੁਰਮੁਖਿ ਸਹਜਿ ਕਰੇ ਵਾਪਾਰੁ। ਅਨਹਦੁ ਵਾਜੇ ਰੁਣੁ ਝੁਣੁਕਾਰੁ।ਤ੍ਰੈ ਗੁਣ ਮੇਟਿ ਤ੍ਰਿਬਾਣੀ ਮਿਣੇ। ਗੁਰਮੁਖਿ ਨਾਨਕ ਤ੍ਰਿਭਵਣੁ ਜਿਣੇ॥ ੧੨ ॥ ਪੰਜਿ ਸਤਿ ਨਉ ਤੇਰਹ ਸਾਧੇ। ਗੁਰ ਪ੍ਰਸਾਦੀ ਦੂਤਹ ਬਾਂਧੇ। ਸੁਰਤਿ ਬਿਖਚਣ ਸੂਰਾ ਪੂਰਾ। ਗੁਰ ਕੇ ਸਬਦਿ ਮਹਾ ਬਲਿ ਸੂਰਾ । ਸਹਜੇ ਰਹੇ ਗੰਭੀਰੁ ਚੜਾਇ। ਦੂਤਾਂ ਦੁਸਟਾਂ ਮਾਰੇ ਧਾਇ। ਬੰਕਿ ਨਾੜਿ ਰਸੁ ਤਿਆਗਿ ਰਸਾਇਣੁ। ਨਾਨਕ ਤ੍ਰਿਕੁਟੀ ਛੂਟੀ ਮੁਕਤਿ ਪਰਾਇਣੁ ॥ ੧੩ ॥ ਤ੍ਰਿਕੁਟੀ ਛੂਟੀ ਸਸੀਅਰੁ ਛੂਟਾ।ਦੁਬਿਧਾ ਕੀ ਮਟੁਕੀ ਫੂਟੀ ਭਉ ਛੂਟਾ।ਸੁੰਨਿ ਸਮਾਧਿ ਗਗਨੰਤਰਿ ਤਾੜੀ। ਬੈਠਾ ਤਖਤਿ ਰਾਜਾ ਪੰਚਿਕਾਰੀ। ਅਦਲੀ ਤਖਤਿ ਬਹੇ ਸਚਿ ਨਿਆਇ। ਸਚੁ ਨਾਨਕ ਐਸਾ ਜੋਗੁ ਜੁਗਤਿ ਕੋ ਪਾਇ ॥ ੧੪ ॥ ਪ੍ਰਥਮੇ ਤਿਆਗੇ ਹਉਮੈ ਸਕਤਿ। ਤਖਤਿ ਨਿਵਾਸੀ ਬੈਠਾ ਤਖਤਿ।ਸਰੁ ਸੁਭਰੁ ਹੈ ਭਰਿਪੁਰ ਲੀਣਾ। ਅਮਿਉ ਮਹਾ ਰਸੁ ਪੀਅ ਅਘੀਣਾ । ਅਨਹਦਿ ਰਾਤਾ ਲਾਲੁ ਗੁਲਾਲੁ। ਅਮਰ ਨਾਨਕ ਅਜੋਨੀ ਸਦਾ ਨਿਹਾਲੁ ॥ ੧੫ ॥ ਕਾਂਯਾ ਨਗਰ ਮਹਿ ਅਸਥਿਰੁ ਹੋਵੈ। ਗੁਰਮੁਖਿ ਜਾਗੇ ਸਹਜੇ ਸੋਵੈ। ਚੰਦ ਸੂਰਜ ਕੀ ਪਾਵੈ ਧੁਣੀਆ। ਹਰਿ ਕੇ ਸੰਗਿ ਸਮਾਵੈ ਗੁਣੀਆ। ਹਰਖੁ ਨ ਸੋਗੁ ਸਦਾ ਅਨੰਦੁ। ਨਾਨਕ ਗਿਆਨ ਬਿਬੇਕੀ ਪਰਮਾਨੰਦੁ ॥ ੧੬ ॥ ਪਰਗ੍ਰਿਹਿ ਜਾਇ ਨ ਭਿਖਿਆ ਕਰੇ। ਪਰ ਰੂਪੁ ਨ ਪੇਖੇ ਪਰ ਦਰਬੁ ਨ ਹਿਰੇ। ਨਿੰਦਿ ਚਿੰਦਿ ਕਿਸੈ ਕਰੇ ਨ ਤਾਤਿ। ਕਾਂਯਾ ਅਗਨਿ ਕਰੇ ਨਿਰਭਾਂਤਿ। ਸਤਿ ਪੁਰਖੁ ਬੋਲੇ ਸਤਿਵਾਦੀ। ਨਾਨਕ ਅਸਥਿਰੁ ਆਦਿ ਜੁਗਾਦੀ॥੧੭॥ਚੰਚਲ ਚਾਇ ਨ ਦੇਖੇ ਰੰਗੁ। ਪਰ ਨਾਰੀ ਨਾਲਿ ਨ ਕਰਈ ਸੰਗੁ। ਨਾਮੁ ਤਤੁ ਉਦਾਸੀ ਪੁਰਖਾ। ਨਿਧਰ ਧਾਰ ਉਨ ਮਨ ਕੀ ਬਰਖਾ। ਬ੍ਰਹਮ ਗਿਆਨ ਕੇ ਦੇਵੇ ਬੰਧੁ। ਪ੍ਰਣਵਤ ਨਾਨਕੁ ਅਸਥਿਰੁ ਕੰਧੁ॥ ੧੮॥ ਪੰਚਿ ਮਾਰਿ ਬਹੇ ਸੰਤੋਖੁ । ਹਉਮੈ

ਦੁਬਿਧਾ ਮੇਟੇ ਦੋਖੁ। ਪੰਚਿ ਅਗਨਿ ਮਹਿ ਕਾਂਯਾਂ ਜਾਲੇ। ਸਤਿਵੰਤਾ ਸਤੀ ਬ
ਧਰਮਸਾਲੇ। ਸਹਜਿ ਸੰਤੋਖ ਕੀ ਭਿਖਿਆ ਲੈ । ਨਾਨਕ ਜੋਗੀ ਸਹਜਿ ਮਿ
॥ ੧੯ ॥ ਸਹਜਿ ਮਿਲੇ ਜੋਗੀ ਪਰਵਾਣੁ। ਸਚੁ ਜੋਗੁ ਗੁਰ ਸਬਦ ਨੀਸਾਣੁ। ਜੋ
ਜੁਗਤਿ ਗੁਰ ਸਬਦੀ ਰਾਤਾ। ਅਮਰੁ ਭਯਾ ਫਿਰਿ ਕਾਲੁ ਨ ਖਾਤਾ। ਸਚੁ ਜੋ
ਪ੍ਰਾਣਪਤਿ ਪੂਰੀ। ਨਾਨਕ ਜੋਗੀ ਭਯਾ ਹਜੂਰੀ ॥ ੨੦ ॥ ਦੇਹਿ ਨਗਰਿ ਮਹਿ ਖੋ
ਦੇਖੇ। ਗੁਰ ਸਬਦੀ ਮਹਲੁ ਘਰੁ ਪੇਖੇ। ਦਸਵੈ ਦੁਆਰੈ ਲਾਵੈ ਡੋਰੀ। ਗੁਰ ਕ
ਸਬਦੁ ਅਨਾਹਦੁ ਲੋਰੀ। ਪਾਰਸੁ ਪਰਸ਼ ਪ੍ਰੇਮ ਪਦ ਪਾਵੈ। ਨਾਨਕ ਸੁੰਨਿ ਸਮਾ
ਲਗਾਵੈ ॥੨੧॥ ਨਉ ਦਸ ਚਉਦਹ ਅਠ ਅਠਾਰਹ ਹਟ ਨਾਲੇ। ਗੁਰ ਪੂ
ਅੰਤਰਿ ਦੇਖਾਲੇ। ਗੁਰਮੁਖਿ ਖੋਜਿਆ ਪਵਿਤ੍ਰ ਸਰੀਰੁ । ਨਾਨਕ ਪਾਯਾ ਗਹ
ਗੰਭੀਰ॥੨੨॥ ਬੋਲੇ ਸਤਿ ਸਤਿ ਸਤਿ ਵਾਦੀ॥ ਦੂਈ ਦੁਬਿਧਾ ਗੁਰਮਤਿ ਤਿਆਗੀ
ਪੰਜਿ ਦੂਤ ਕਰਿ ਰਖੇ ਬੰਨਣ। ਗਗਨ ਮੰਡਲ ਮਹਿ ਰਖੇ ਥੰਮਣੁ। ਗਗਨ ਮੰਡਲ
ਮਹਿ ਅੰਮ੍ਰਿਤ ਕੂਆ। ਨਾਨਕ ਝੋਲਿ ਮਹਾ ਰਸੁ ਪੀਆ ॥੨੩॥

ਸੁੰਨਿ ਸਮਾਧਿ ਅਨਾਹਦ ਧਿਆਨੁ।ਅਕਾਲ ਪੁਰਖ ਪੂਰਾ ਗੁਰ ਗਿਆਨੁ
ਅਗਨਤ ਰੂਪੁ ਤਿਸੁ ਰੂਪੁ ਨ ਰੇਖਿਆ । ਸਤਿਗੁਰ ਪਰਚੈ ਅੰਤਰਿ ਦੇਖਿਆ
ਅਲਿਪਤੁ ਅਦ੍ਰਿਸਟੁ ਤਿਸੁ ਦਰਸਨੁ ਪਾਯਾ। ਆਦਿ ਪੁਰਖ ਗੁਰ ਪੁਰਖ ਲਖਾਯ
ਆਦਿ ਨਿਰੰਜਨੁ ਮਿਲਿਆ ਸੁਭਾਇ । ਨਾਨਕ ਸਚੇ ਮਨੁ ਪਤੀਆਇ ॥ ੨੪
ਬੋਲੇ ਸਤਿ ਸਤਿ ਸਤਿ ਪੂਰਾ। ਸਤਿ ਪੁਰਖੁ ਬਚਨਾ ਕਾ ਸੂਰਾ। ਅਗਮੁ ਨਿਗਮੁ
ਜਾਣੇ ਜਾਣੁ। ਗੁਰ ਕਾ ਸਬਦੁ ਸਚ ਨੀਸਾਣੁ। ਪੂਰੇ ਗੁਰ ਕੀ ਦੀਖਿਆ ਸਚੁ ਦੀਨ
ਚੀਨਸਿ ਆਪੁ ਤਤੁ ਪਰਬੀਨੀ। ਮਨੁ ਮਾਨਿਆ ਪੂਰੇ ਗੁਰ ਏਕਾ। ਨਾਨਕ ਜੋ
ਜੁਗਤਿ ਕੀ ਸਚੀ ਟੇਕਾ ॥ ੨੫ ॥ ਤ੍ਰਿਬਿਧਿ ਉਪਰਿ ਬੈਠਾ ਸਚੁ ਚਉਕਿ। ਨ
ਘਰਿ ਥਾਪਿ ਬੈਠਾ ਨਾਇਕੁ। ਨਾਭ ਕਮਲ ਸਤਿ ਸਤਿ ਪਰਗਾਸੁ। ਸਹਜਿ ਸੁਭਾ
ਰਹੇ ਰੁਣਤਾਸੁ।ਸਚੁ ਸਿਮਰਿ ਬੈਸੈ ਅਸਥਾਨਿ।ਨਿਝਰੁ ਝਰੈ ਪੁੰਨੁ ਸਹਜਿ ਧਿਆਨਿ
ਚੰਚਲ ਚਲਤੁ ਪਰਮ ਤਤੁ ਹੀਰਾ। ਨਾਨਕ ਜੋਤੀ ਜੋਤਿ ਮਿਲਿ ਮਨੁ ਧੀਰਾ ॥੨੬
ਉਲਟੈ ਪਵਨੁ ਮਨੁ ਸੁੰਨਿ ਸਮਾਵੈ। ਗਗਨੰਤਰਿ ਬੈਸੈ ਥਾਨਿ ਸੁਹਾਵੈ।ਚੇਤਨ ਪੁਰ
ਬੈਠਾ ਉਸੀ ਦੁਆਰਿ। ਨਾਨਕ ਰਾਖੈ ਵਸਤੁ ਅਨੂਪੁ ਦੁਆਰਿ ॥੨੭॥ ਜੋਰ

ਜੁਗਤਿ ਨਿਰੰਜਨੁ ਰੂਪ। ਆਤਮੁ ਚੀਨੈ ਦੇਵੈ ਧੂਪੁ। ਧੂਪੈ ਆਪੁ ਗਗਨੰਤਰਿ ਚੜੈ। ਗਿਆਨ ਖੜਗ ਲੈ ਦੂਤਾ ਲੜੇ। ਕਾਇਆਂ ਨਗਰੀ ਮੰਗਣਿ ਚੜਿਆ। ਨਾਨਕ ਅਸਥਿਰੁ ਕੰਧੁ ਨ ਜੋਗੀ ਧੜਿਆ ॥ ੨੮ ॥ ਗੁਰ ਕੈ ਸਬਦਿ ਅਡੋਲੁ ਨ ਡੋਲੈ। ਮਨੂਆ ਜੀਤੈ ਚਉਪੜਿ ਖੇਲੈ। ਹੁਕਮੇ ਬੂਝੇ ਪਾਸਾ ਢਾਲੇ। ਰਹੈ ਅਤੀਤੁ ਨ ਪਵੈ ਜੰਜਾਲੇ। ਥੋੜੀ ਨਿੰਦ੍ਰਾ ਅਲਪ ਅਹਾਰੁ। ਪ੍ਰਣਵਤ ਨਾਨਕ ਤਤੁ ਵੀਚਾਰੁ ॥੨੯॥ ਗ੍ਰਿਹ ਕੁਟੰਬ ਤੇ ਰਹੈ ਅਲਿਪਤਾ। ਗੁਰ ਪ੍ਰਸਾਦੀ ਸਦਾ ਹੀ ਮੁਕਤਾ।ਅਹਰਣਿ ਮਤਿ ਅਚਲੁ ਨਹੀ ਚਲੈ। ਪੰਚਿ ਅਗਨਿ ਮਹਿ ਪੈ ਨਹੀ ਜਲੈ। ਰਹੈ ਅਤੀਤੁ ਜੈਸੇ ਜਲਿ ਕਵਲੁ ਨਿਰਾਲਾ। ਓਹੁ ਦਇਆਵੰਤੁ ਹਰਿ ਦੀਨ ਦਇਆਲਾ। ਧੀਰਜੁ ਧਰਮੁ ਖਿਮਾ ਧਨੁ ਗਹੇ। ਪ੍ਰਣਵਤਿ ਨਾਨਕੁ ਅਸਥਿਰ ਘਰਿ ਬਹੇ ॥ ੩੦ ॥ ਅਸਥਿਰੁ ਮਨੂਆ ਰਾਖੈ ਚਿਤੁ। ਪੰਜੇ ਇੰਦ੍ਰੀ ਦ੍ਰਿੜ ਕਰਿ ਜਿਤੁ। ਕਾਇਆਂ ਅਗਨਿ ਬ੍ਰਹਮ ਪਰਿ ਜਾਲੇ। ਚੰਚਲ ਚਿਤੁ ਨ ਪਰ ਘਰਿ ਚਾਲੇ। ਅਸੁਰ ਨਦੀ ਉਪੁਠੀ ਤਰੈ। ਕਵਲੁ ਬਿਗਾਸੇ ਸਚੁ ਉਚਰੈ। ਜੋਗੀ ਜੁਗਤਿ ਕੀ ਖਾਲਿ ਪਛਾਣੁ । ਸਚੁ ਜੋਗੁ ਨਾਨਕ ਪਰਵਾਣੁ ॥ ੩੧ ॥ ਬੋਲੇ ਸਚੁ ਜਿਹਬਾ ਸਚੁ ਸੂਚਾ । ਸਚੁ ਚੜੇ ਪਉੜੀ ਗੜ ਊਚਾ। ਲੇ ਮਣੀਆ ਲਾਲੁ ਪਰੋਵੈ ਕੰਠਿ। ਅਉਘਟਿ ਘਟਿ ਮਜਨੁ ਅਠ ਸਠਿ। ਹੀਰੇ ਰਤਨ ਪਰੋਵੈ ਮਾਲਾ। ਨਾਨਕ ਧਿਆਨੁ ਨਿਰੰਤਰਿ ਰਹੇ ਨਿਰਾਲਾ॥ ੩੨॥ ਗਿਆਨੁ ਖੜਗੁ ਸਰੁ ਸੰਧੇ ਬਾਣੁ। ਐਸੀ ਜੁਗਤਿ ਜੋਗੀ ਪਰਵਾਣੁ। ਪੰਚਿ ਮਾਰਿ ਜੁਗਤਿ ਪਤਿ ਪਾਵੈ। ਅਕਾਸਿ ਨਿਰੰਤਰਿ ਸੁੰਨਿ ਸਮਾਵੈ। ਨਿਜ ਘਰਿ ਰਹੇ ਅਕਲੀਣੁ ਨਿਰਾਲਾ। ਤਬਿ ਦੇਇ ਸ਼ਬਦੁ ਦੁਆਰੇ ਖੋਲੇ ਤਾਲਾ। ਲਹੇ ਪਦਾਰਥੁ ਨਾਮੁ ਨਿਧਾਨੁ। ਸਤਿ ਸਰਿ ਮਜਨੁ ਕਰੇ ਇਸਨਾਨੁ। ਤਤੁ ਤ੍ਰਿਬੇਣੀ ਤ੍ਰਿਕੁਟੀ ਖੂਲੇ। ਨਾਨਕ ਤਬਿ ਦਰਸਨ ਪਾਏ ਆਇ ਚਲੂਲੇ ॥ ੩੩ ॥ ਲੋਭ ਲਹਿਰਿ ਮਨੁ ਮਾਰਿ ਸੰਤੋਖੀ।ਸਗਲ ਕੀ ਰੇਨ ਨ ਕਿਸੇ ਕਾ ਦੋਖੀ। ਸੁਰਤਿ ਬਿਚਖਣੁ ਪੂਰੀ ਮਤਿ। ਘਟਿ ਘਟਿ ਰਵਿ ਰਹਿਆ ਸਰਬਤਿ। ਸੂਰਜ ਕਿਰਣਿ ਸਗਲ ਜਿਉ ਜੋਤਿ। ਰਾਜਨ ਰੰਕ ਸਮਸਰਿ ਦ੍ਰਿਸਟੇਤਿ ॥ ੩੪ ॥ ਧਾਵਤੁ ਵਰਜਿ ਰਹੇ ਇਕ ਠਾਇ। ਹਰਿ ਰਸ ਰਾਤਾ ਨਿਰਮਲਿ ਨਾਇ । ਕੰਚਨ ਕਾਇਆਂ ਨਿਰਮਲ ਹੰਸ। ਸਚੀ ਜੋਤਿ ਨਿਰੰਜਨ ਅੰਸੁ।ਗੁਰ ਕਾ ਸਬਦੁ ਜਪਿ ਮਿਟੈ ਅੰਧੇਰ। ਲਖ ਚਉਰਾਸੀਹ

ਕਾ ਚੂਕੈ ਫੇਰੁ। ਆਸਾ ਮਨਸਾ ਤੇ ਰਹੈ ਨਿਰਾਸ। ਪ੍ਰਣਵਤ ਨਾਨਕ ਹਉ ਤਾਂਕਾ ਦਾਸੁ ॥੩੫॥ ਪ੍ਰਥਮੇ ਸੋਧੈ ਕਾਇਆਂ ਸੁਧੁ। ਅੰਮ੍ਰਿਤੁ ਨਾਮੁ ਪ੍ਰਾਪਤ ਦੁਧੁ। ਸਹਜ ਸੁਭਾਇ ਅੰਮ੍ਰਿਤੁ ਜੰਮੈ। ਅੰਮ੍ਰਿਤੁ ਮਥੀਐ ਤਤੁ ਅਗੰਮੈ। ਅੰਮ੍ਰਿਤੁ ਖਾਇ ਬਿਖੁ ਵੈਰੀ ਛੇਦੇ। ਮਨੁ ਮਾਣਕੁ ਗੁਰ ਸਬਦੀ ਭੇਦੇ। ਅਸਥਿਰੁ ਕੰਧੁ ਜੋਗੀ ਨਿਜ ਘਰਿ ਰਹੈ। ਕਵਲਾਸਣ ਊਪਰ ਜੋਗੀ ਬਹੈ। ਸਬਦੁ ਅਨਾਹਦੁ ਆਦਿ ਜੁਗਾਦਿ।ਨਾਨਕ ਅਨਹਦਿ ਰਾਤਾ ਗੁਰ ਪਰਸਾਦਿ ॥੩੬॥ ਕਵਲਾਸਣੁ ਉਪਰਿ ਜੋਗੀ ਸਚੁ ਥਾਨੁ। ਤਹ ਤ੍ਰਿਭਵਣੁ ਪ੍ਰੀਤਮ ਅਪਰੰਪਰ ਮਾਨੁ। ਤਹ ਅਸਥਿਰੁ ਜੋਗੀ ਨਿਜ ਘਰਿ ਬਸੈ। ਪੇਖਿ ਅਚਰਜੁ ਅਨਹਦਿ ਰਚੈ। ਤਹ ਅਕਾਲ ਕਾਇਆਂ ਜੋਗੀ ਪ੍ਰਾਪਤਿ ਹੋਇ। ਨਾਨਕ ਤਹ ਅਸਥਿਰੁ ਕੰਧੁ ਫਿਰਿ ਮਰੈ ਨ ਕੋਇ ॥ ੩੭ ॥ ਸੁੰਨ ਸਰੋਵਰ ਮਜਨੁ ਕਰੇ। ਸਹਜ ਗੁਫਾ ਕੇ ਘਸਿ ਮਹਿ ਬਰੇ। ਮਾਣਕ ਲਾਲ ਅਨੂਪੁ ਵਣਜਾਰਾ। ਨਾਨਕ ਪਰਖੈ ਪਰਖਣਹਾਰਾ। ਖਰੇ ਖਜਾਨੇ ਖੋਟੇ ਗਾਲਿ। ਸਚੁ ਸਰਾਫੁ ਸੇਵਾ ਟਕਸਾਲ ॥੩੮॥ ਸੁੰਨ ਗੁਫਾ ਮਹਿ ਤਾੜੀ ਲਾਇ। ਦਸਮੈ ਦੁਆਰੇ ਨਾਦੁ ਵਜਾਇ। ਜੋਤਿ ਪ੍ਰਗਾਸੁ ਗੁਰ ਸਬਦੀ ਹੋਵੈ। ਤ੍ਰੈਗੁਣ ਮੇਟੇ ਚਉਥੇ ਸੁਖਿ ਸੋਵੈ। ਦੇ ਪਰਦਖਣਾ ਕਰੈ ਨਮਸਕਾਰੁ। ਚੜੇ ਸੁਮੇਰਿ ਦੇਖੈ ਨਾਨਕ ਗੈਣਾਰੁ ॥੩੯॥ ਜਪੁ ਤਪੁ ਸੰਜਮੁ ਸੁਰਤਿ ਬਿਚਖਣੁ। ਸਤਿਗੁਰ ਸਾਧ ਕੇ ਏਹੈ ਲਖਣ। ਸਚਾ ਪਿੰਡੁ ਨ ਕਦੇ ਅਚੇਤਾ। ਨਾਨਕ ਸਾਧ ਪਿੰਡ ਕੋ ਸਦਹੀ ਚੇਤਾ ॥੪੦॥ ਹਰਿਗੁਣ ਗਾਵੈ ਸਹਜਿ ਵਿਗਾਸੀ। ਗੁਰ ਕੇ ਸਬਦਿ ਅਤੀਤੁ ਉਦਾਸੀ। ਅਨਹਦ ਬਾਜੇ ਰੁਣ ਝੁਣਕਾਰ।ਤ੍ਰਿਕੁਟੀ ਛੂਟੀ ਮੁਕਤਿ ਦੁਆਰ। ਦਸਵੈ ਦੁਆਰਿ ਚੜਿ ਅੰਬ੍ਰਿਤੁ ਪੀਵੈ। ਨਾਨਕ ਜੁਗੁ ਜੁਗੁ ਅਸਥਿਰੁ ਥੀਵੈ ॥੪੧॥ ਜਪੁ ਤਪੁ ਸੰਜਮੁ ਸਚੁ ਨਿਰਾਲਾ। ਐਸੀ ਰਤਨ ਪਰੋਵੈ ਮਾਲਾ। ਰਹੇ ਇਕੰਤਿ ਅਨੁਗ੍ਰਹਿ ਨਹੀ ਚਾਲੈ। ਏਕ ਟੇਕ ਏਕ ਕਾ ਅੰਚੁ ਚਾਲੈ। ਜੋਗ ਜੁਗਤਿ ਕੀ ਸਚੀ ਚਾਲਾ। ਪ੍ਰਣਵਤਿ ਨਾਨਕ ਸੁਣਹੋ ਬਾਲਾ ॥੪੨॥ਸੁਣਿਹੋ ਅਉਧੂ ਜੋਗੁ ਨ ਪਾਇਆ। ਪਿੰਡ ਅਪਰਚੇ ਭਿਖਿਆ ਪਾਇਆ। ਬਿਨੁ ਗੁਰ ਸਬਦਿ ਅੰਧੇਰੁ ਗੁਬਾਰੁ। ਅੰਤਿ ਕਾਲ ਸਿਰਿ ਆਵੈ ਭਾਰ। ਜੋਗੁ ਨ ਪਾਇਆ ਜੁਗਤਿ ਗਵਾਈ। ਕਿਤੁ ਕਾਰਣਿ ਸਿਰਿ ਛਾਈ ਪਾਈ ॥੪੩॥ ਬਾਰਹ ਪੰਥ ਜੋਗੁ ਨ ਪਾਇਆ। ਬਿਨੁ ਗੁਰ ਸਬਦੇ ਭਰਮਿ ਭੁਲਾਇਆ। ਪਾਖੰਡ ਕੀਨੇ ਜੋਗ

ਲ ਹੋਈ । ਬਿਨੁ ਗੁਰ ਪੂਰੇ ਮੁਕਤਿ ਨ ਕੋਈ । ਬਿਨੁ ਨਾਵੈ ਭੇਖ ਕਰਹਿ ਬਹੁਤੇਰੇ। ਜੋਗੁ ਨ ਪਾਇਆ ਲਿਖਤੁ ਲਿਲੇਰੇ ॥ ੪੪ ॥ ਰੰਗਿ ਨਹੀ ਰਾਤਾ ਰਸਿ ਨਹੀ ਚਲਿਆ । ਬਿਨੁ ਗੁਰ ਸਬਦੇ ਜਲਿਆ ਬਲਿਆ। ਕਨੂਆ ਫਾਟੇ ਸਸੀਅਰੁ ਨਹੀ ਫੂਟਾ । ਜੋਗੁ ਨ ਪਾਇਆ ਸੁਨਿ ਅਵਧੂਤਾ । ਮਾਇਆ ਮਾਂਗਤੁ ਲੋਭਤੁ ਲੁਭਾਨਾ। ਬਿੰਦੁ ਟਾਰਿ ਅੰਤਿ ਪਛੁਤਾਨਾ। ਕਾਚੀ ਪਿੰਡੀ ਸਬਦੁ ਨ ਚੀਨੇ। ਬੂਡਤ ਬੂਡੇ ਭਵਜਲ ਭੀਨੇ। ਪਵਨ ਸਾਧਿ ਸਾਧਨਾ ਕਰੀ। ਨਹੀ ਸਚੁ ਅਰਾਧਿਆ ਤਰੀਏ ਤਾਰੀ॥ ੪੫ ॥ ਅੰਤਰਿ ਦੁਰਮਤਿ ਹਉਮੈ ਰੋਗ। ਬਨਿਤਾ ਛੋਡਿ ਨਦਰਿ ਬਿਓਗੁ । ਕਾਮਿ ਕ੍ਰੋਧਿ ਜਲੈ ਦਿਨ ਰਾਤਿ। ਭੂਖਿ ਸਹੈ ਪਰ ਘਰ ਕੀ ਤਾਤਿ। ਮੂੰਡ ਮੁੰਡਾਏ ਜੋਗੁ ਨ ਹੋਈ । ਘਰਿ ਘਰਿ ਮਾਂਗਤ ਜਨਮੁ ਗਇਓ ਈ। ਨਾਨਕ ਜੋਗੁ ਪਾਇਆ ਜੁਗਤਿ ਗਵਾਈ। ਕਿਤੁ ਕਾਰਣਿ ਸਿਰ ਛਾਈ ਪਾਈ ॥ ੪੬ ॥ ਜੋਗ ਅਭਿਆਸ ਖਟ ਕਰਮ ਕਮਾਵਹਿ। ਦਸਵੈ ਦੁਆਰੇ ਜੀਉ ਪਉਣੁ ਚੜਾਵਹਿ।ਤਟ ਤੀਰਥ ਭਵਹਿ ਦੇਸੰਤਰਾ। ਬਿਨੁ ਗੁਰ ਸਬਦੇ ਝੂਠੇ ਸਭ ਭੇਖਾ ਮੰਤਰਾ। ਮੋਨ ਧਾਰੀ ਬਹੁ ਮੋਨਿ ਧਿਆਨਾ। ਇਕ ਨਿਰਾਹਾਰੀ ਸਭੁ ਝੂਠੁ ਗੁਮਾਨਾ। ਇਕ ਤਪੀ ਹਠੀ ਹਠੀਏ ਇਕ ਨਾਂਗੇ। ਇਕ ਨਗਨ ਫਿਰਹਿ ਸਦ ਸਦ ਹੀ ਨਾਂਗੇ। ਇਕ ਫਿਰਹਿ ਬਿਬਾਣੀ ਮਦ ਮਸਾਣੇ। ਨਾਨਕ ਬਿਨ ਗੁਰ ਪੂਰੇ ਤਤੁ ਨ ਪਛਾਣੇ ॥ ੪੭ ॥ ਗੁਰ ਪਰਸਾਦੀ ਰੰਗਿ ਮਿਲਾਇਆ। ਅਮਰੁ ਭਇਆ ਫਿਰ ਪਿੰਡੁ ਨ ਪਾਇਆ। ਸਚੁ ਜੋਗੁ ਗੁਰ ਸਬਦ ਕਮਾਈ। ਸਬਦੁ ਅਨਾਹਦੁ ਕਿੰਗੁਰੀ ਵਾਈ। ਸਬਦੁ ਅਰਾਧਿਆ ਪਵਨੁ ਵਸ ਕੀਤਾ। ਮਨੁ ਅਜਿਤੁ ਗੁਰ ਸਬਦੀ ਜੀਤਾ। ਸਚੁ ਜੋਗੁ ਸਤਿਗੁਰ ਤੇ ਪਾਇਆ। ਨਾਨਕ ਜੋਗੀ ਸਹਜ ਸਮਾਇਆ ॥ ੪੮ ॥ ਅਕਾਲ ਪੁਰਖ ਪੂਰਾ ਗੁਰ ਗਿਆਨ। ਘਟਿ ਘਟਿ ਅੰਤਰਿ ਬ੍ਰਹਮ ਪਛਾਨ। ਸਾਖਾ ਤਰਵਰ ਜਿਸ ਕੀ ਸਭ ਛਾਇਆ। ਅਚਰਜ ਰੂਪ ਹਰਿ ਨਦਰੀ ਆਇਆ। ਊਚਾ ਰੇ ਸੁਲਤਾਨ ਸਹੀਆ। ਆਪਹੁ ਆਪ ਉਪਾਏ ਜੀਆ। ਆਪਣੀ ਗਤਿ ਮਿਤ ਆਪੇ ਜਾਣੇ। ਪ੍ਰਣਵਤ ਨਾਨਕ ਸਦ ਸਦ ਕੁਰਬਾਣੇ॥ ੪੯ ॥ ਅਗਮ ਅਗਾਧ ਮਿਤ ਕਿਨੈ ਨ ਪਾਈ। ਖੰਡ ਬ੍ਰਹਮੰਡ ਰਹੇ ਲਿਵ ਲਾਈ। ਸਾਧਿਕ ਸਿਧ ਗੁਰੂ ਬਹੁ ਚੇਲੇ। ਅਫਰਿਓ ਕਾਲ ਸਹਜ ਬਿਨੁ ਪੇਲੇ। ਤਾਂਕਾ ਅੰਤੁ ਨ ਕਿਤਹੂ ਪਾਇਆ।

ਬਹੁ ਬਿਅੰਤੁ ਸਚੁ ਸਚਿ ਸਮਾਇਆ। ਏਹੁ ਅੰਤੁ ਨ ਜਾਣੈ ਕੋਈ । ਨਾਨਕ ਕੀ
ਮਤਿ ਕਹਣੁ ਨ ਹੋਈ ॥ ੫੦ ॥ ਧਿਆਉ ਪੂਰਨ ਹੋਇਆ ॥

ਅਗੇ ਧਿਆਉ ਹੋਰ ਚਲਿਆ ॥ ਰਾਗ ਮਾਰੂ ਮਹਲਾ ੧ ॥

ਨਿਰਜੋਗ ਜੁਗਤਿ ਨਿਹਿਕਾਮ। ਸਚ ਖੰਡ ਨੋ ਪ੍ਰਭ ਗੁਣ ਨਿਧਾਨ। ਕੇਵਲ ਰਾਮ ਰਤਨੁ ਮਨ ਭਾਇਆ। ਜਾਕੀ ਸਰਨਿ ਰਹੇ ਸੁਕ ਨਾਰਦ ਧ੍ਰੂਅ ਪ੍ਰਹਿਲਾਦ ਅੰਬਰੀਕ ਜਸੁ ਗਾਇਆ। ਊਧੋ ਦਾਸੁ ਬਿਦਰੁ ਜਨੁ ਸੇਵਕ ਹਰਿ ਭਗਿਤ ਹੇਤਿ ਲਿਵ ਲਾਇਆ।ਦਾਸੁ ਸੁਦਾਮਾ ਅੰਕੂਰ ਭਗਤੁ ਜਨਹਰਿ ਚਰਨੀ ਚਿਤੁ ਲਾਇਆ। ਆਦਿ ਜੁਗਾਦਿ ਕਰੇ ਤਿਸੁ ਭਾਵੈ। ਕਰਿ ਕਰਿ ਵੇਖੇ ਕਰੇ ਕਰਾਵੈ । ਤੁੰਗ ਫਕੀਰ ਸਾਹ ਸੁਲਤਾਨੇ ਸਿਰ ਸਿਰ ਹੁਕਮ ਚਲਾਵੈ। ਭਗਤਿ ਜਨਾ ਸੁਖ ਸਾਰੇ । ਨਾਨਕ ਮੇਲਿ ਲੇਹੁ ਜਨ ਅਪੁਨੇ ਹਰਿ ਸੰਗਤਿ ਸਾਧ ਪਿਆਰੇ ॥ ੧ ॥

ਸੰਤ ਸਭਾ ਸੰਗਤਿ ਪਰਵਾਰੁ। ਤਹ ਜਾਤਿ ਵਰਨੁ ਕੁਲ ਨਾਹਿ ਅਕਾਰੁ। ਤਹ ਦੇਹਿ ਨ ਜੋਤਿ ਨ ਜੋਬਨੁ ਮਾਇਆ। ਨਾਨਕ ਤਹ ਜੋਤਿ ਅਨੂਪ ਏਕ ਲਿਵ ਲਾਇਆ ॥ ੨ ॥ ਤਹ ਰਤਨ ਲਾਲ ਮਾਲ ਪਰੋਈ । ਤਹ ਆਦਿ ਸਿੰਘਾਸਨ ਸਚਾ ਸੋਈ। ਤਹ ਵਾਜੇ ਸਬਦੁ ਅਨਾਹਦਿ ਧੁਨਿ ਤੂਰਾ। ਤਹ ਤ੍ਰਿਭਵਨ ਜੋਤਿ ਰਹੇ ਭਰਿ ਪੂਰਾ। ਜੀਵਨ ਮੁਕਤਿ ਸੁ ਸਬਦ ਲਖਾਈ। ਨਾਨਕ ਜੋਗ ਜੁਗਤਿ ਗੁਰ ਕੀ ਮਤਿ ਪਾਈ ॥ ੩ ॥ ਆਤਮੁ ਚੀਨੇ ਸੋ ਘਰੁ ਦਰੁ ਪਾਇ। ਆਤਮ ਰਾਮ ਸਤਿ ਸਤਿ ਸਮਾਇ। ਤਹ ਜੋਤਿ ਅਨੂਪ ਪਰਗਟੁ ਦਿਖਲਾਇ। ਨਿਰਾਲਮੁ ਮਹਲੁ ਗੁਰ ਸਬਦਿ ਲਿਵਲਾਇ। ਨਾਨਕ ਓਅੰਕਾਰ ਧੁਨਿ ਅਲਖੁ ਲਖਾਇ॥੪॥ ਸੋ ਬੂਝੈ ਜਿਸ ਆਪਿ ਬੁਝਾਵੈ। ਜਿਸ ਮੇਲੇ ਤਿਸੁ ਕਰਮੁ ਚੁਕਾਵੈ। ਸੋ ਚੀਨੈ ਜੋ ਆਪੁ ਗਵਾਵੈ। ਸੋ ਸੇਵਕ ਦਰਿ ਦਰਸ਼ਨ ਪਾਵੈ।ਸੋ ਮਿਲਿ ਸਤਿ ਸੰਗਤਿ ਭਗਤਿ ਅਨੰਦੁ । ਨਾਨਕ ਸੋ ਚੀਨੈ ਪਰਮਾਨੰਦੁ॥੫॥ ਊਧੇ ਕੋਰੇ ਕਾਚੇ ਭਾਂਡੇ। ਇਨਿ ਮਹਿ ਅੰਮ੍ਰਿਤੁ ਟਿਕੇ ਨ ਪਾਂਡੇ। ਓਹ ਭਾਜਹਿ ਫੂਟਹਿ ਕਾਮਿ ਨ ਆਇ।ਓਹ ਆਵਹਿ ਜਾਹਿ ਖਾਕਿ ਸਬਾਇ। ਕਾਚੀ ਗਾਗਰਿ ਟਿਕੇ ਨ ਪਾਨੀ। ਨਾਨਕ ਬੂਝੀਅਲੇ ਇਹੁ ਪਦੁ ਨਿਰਬਾਨੀ ॥੬॥ ਪਾਵੈ ਊਧੇ ਕੋਰੇ ਬਹਿ ਜਾਇ। ਕਾਚੀ ਕਾਮਿ ਨ ਆਵੈ ਠਾਇ । ਹਉਮੈ ਬੰਧਨ ਰੋਗ

ਸਰੀਰਾ। ਆਸਾ ਮਨਸਾ ਕਰਿਮ ਮਨਿ ਧੀਰਾ। ਲੋਭੁ ਮੋਹੁ ਕ੍ਰੋਧ ਚੰਡਾਰਾ।ਤ੍ਰਿਸਨਾ
ਨਾਨਕ ਤਪਸੁ ਬਲੀ ਅਹੰਕਾਰਾ ॥ ੭ ॥ ਜਿਸ ਸਤਿਗੁਰ ਮਿਲੈ ਮਨੁ ਅਨਤਿ ਨ
ਜਾਇ। ਸੋ ਬਿਨਾਸੀ ਕਰੇ ਰਜਾਇ।ਨਹੀ ਕੋ ਊਤਮੁ ਨਾਹੀ ਕੋਈ ਹੀਨਾ।ਸਭ ਮਹਿ
ਏਕ ਜੋਤਿ ਪਰਬੀਨਾ। ਕਿਸਿ ਤੇ ਦੂਰਿ ਕਹੁ ਕਿਸਿ ਤੇ ਨੇਰੇ।ਇਹੁ ਝਗੜਾ ਨਾਨਕ
ਸਤਿਗੁਰੂ ਨਿਬੇਰੇ ॥ ੮ ॥ ਤੇ ਬੇਮੁਖ ਉਰਵਾਰਿ ਨ ਪਾਰਿ। ਏਤੇ ਦਰਸਨ ਨ
ਧਾਵਹਿ ਦੁਆਰਿ। ਓਇ ਜਨਮਿ ਮਰਹਿ ਕਰਮ ਕੇ ਬਾਂਧੇ। ਕਿਰਮ ਜੋਨਿ ਜਾਹਿ
ਤੇ ਦੁਖਿ ਫਾਂਧੇ। ਨਰਕਿ ਪਚਹਿ ਭਵਜਲਿ ਪਚਿ ਜਾਹਿ। ਦੂਖੁ ਸੰਤਾਪੁ ਨ ਚੂਕੇ
ਤਾਹਿ। ਮਨੁ ਕਸੁਧ ਹਿਰਦੇ ਨਹੀ ਰਾਮਾ।ਨਾਨਕ ਤੇ ਜਮਪੁਰਿ ਦੂਖ ਸਹਹਿ ਸਹਾਮੁ
॥ ੯ ॥ ਅਹਨਿਸ ਨਿੰਦਾ ਕਰਹਿ ਬੁਰਿਆਈ।ਚੋਰੀ ਚੰਚਲ ਮਤਿ ਸਾਂਤਿ ਨ ਪਾਈ।
ਸਤਿਗੁਰ ਤੇ ਬੇਮੁਖ ਭਗਤਿ ਨਹੀ ਮਨਿ ਭਾਉ।ਅੰਧੁ ਮੁਗਧੁ ਆਵਉ ਫੁਨਿ ਜਾਉ।
ਪਸੂ ਪਰੇਤ ਨੀਚ ਘਰਿ ਵਾਸਾ।ਨਾਨਕ ਜਿਹ ਘਰਿਗੁਰ ਗਿਆਨ ਨ ਅਭਿਆਸਾ
॥ ੧੦ ॥ ਗੁਰਮਤਿ ਨਿਰਮਲੁ ਭਾਂਡੋ ਭਾਉ। ਓਹ ਫੂਟਿ ਨ ਬਿਨਸੈ ਮੈਲੁ ਨ
ਤਾਉ। ਓਹ ਤਤ ਪਰਾਇਣ ਸਚੁ ਪਸਾਉ। ਜੁਗ ਜੁਗ ਅਸਥਿਰ ਸਚਾ ਨਾਉ।
ਅਵਧੂ ਗਗਨ ਮੰਡਲ ਕਾਮ ਧੇਨ ਦੋਈ। ਨਾਨਕ ਸਰਬ ਜੀਆ ਕਾ ਦਾਤਾ ਸੋਈ
॥ ੧੧ ॥ ਜੋਗ ਜੁਗਤਿ ਨਿਰੰਕਾਰਿ ਸਮਾਵੈ। ਜੁਗਤਿ ਬਿਹੂਨਾ ਤਤੁ ਨ ਪਾਵੈ।ਗੁਰ
ਗਿਆਨੁ ਮਧਾਣਾ ਨੇਤਰੇ ਭਾਉ। ਤਤੁ ਬਿਲੋਇ ਨਾਨਕ ਰਸੁ ਖਾਉ ॥੧੨॥ ਇਹੁ
ਪ੍ਰੇਮ ਰਸ ਭੋਗੇ ਸੋ ਪਾਰਿ ਗਿਰਾਮੀ। ਅੰਤਰਗਤਿ ਬੂਝੀਅਲੇ ਸੁਰਤਿ ਸਮਾਨੀ।
ਸਰਬ ਇੰਦ੍ਰੀ ਦ੍ਰਿੜੁ ਕਰਿ ਰਾਖੈ।ਮਨਿ ਤਨਿ ਜੀਅ ਅਸਤੁ ਨ ਭਾਖੈ।ਕੋਟ ਕੁਟੰਤਰ
ਮਹਿ ਇਸੁ ਤਤੁ ਸਬਦ ਕਾ ਬੇਤਾ । ਆਖੰਡ ਮੰਡਲ ਨਾਨਕ ਸਚੁ ਚੇਤਾ ॥੧੩॥
ਪ੍ਰਵਿਰਤਿ ਸਮਾਇ ਨਿਰਵਿਰਤਿ ਘਰ ਰਹਹੀ । ਤੈਸੇ ਮਰਹਿ ਜਿ ਬਹੁੜਿ ਨ
ਮਰਹੀ। ਅੰਜਨ ਮਾਹਿ ਨਿਰੰਜਨ ਪਾਏ। ਗੁਰ ਵੇਲੇ ਕੀ ਸੰਧਿ ਮਿਲਾਏ।ਤ੍ਰਿਭਵਨ
ਤਿਸੁ ਬੂਝੇ ਗੁਰ ਸਬਦਿ ਲਖਾਏ। ਨਾਨਕ ਸੁੰਨ ਸਮਾਧਿ ਲਗਾਏ ॥ ੧੪ ॥
ਆਪੇ ਆਪ ਪਛਾਨੇ ਸੋਇ । ਆਪੇ ਕਰਿ ਦੇਖੇ ਤ੍ਰਿਭਵਣ ਲੋਇ । ਆਪਿ
ਉਪਾਏ ਦੇਇ ਅਧਾਰੁ। ਆਪੇ ਸ੍ਰਿਸਟਿ ਕੀਓ ਅਕਾਰੁ। ਚਹੁ ਛਤੀ ਸਾਖਾ ਜੋ ਜਾਨੈ
ਭੇਉ। ਨਾਨਕ ਅਲਖ ਅਲੇਖ ਗੁਰ ਦੇਉ ॥ ੧੫॥ ਸੋ ਅਬਿਨਾਸੀ ਤਿਸੁ ਰੂਪੁ ਨ

ਰੇਖਿਆ। ਗੁਪਤ ਪ੍ਰਗਟ ਸਭਿ ਗੁਰਮਤਿ ਦੇਖਿਆ। ਵਰਨੁ ਅਵਰਨੁ ਕੁਲ ਜਾਤਿ
ਨ ਜਾਇਆ। ਆਸਾ ਤ੍ਰਿਸਨਾ ਸਤਿ ਅਲਖੁ ਸਬਾਇਆ। ਸੂਖਮੁ ਅਸਥੂਲ ਇਕ
ਜੋਤਿ ਲਖਾਇਆ। ਅਨੰਦ ਅਨੂਪ ਨਾਨਕ ਲਿਵ ਲਾਇਆ॥ ੧੬ ॥ ਅਨਭਉ
ਘਰਿ ਰਹਹੁ ਉਜੀਆਰਾ ਲੋਇ। ਤਹ ਅਕੁਲ ਨਿਰੰਜਨੁ ਸਚਾ ਸੋਇ। ਪਾਰੁ ਨ
ਦੀਸੈ ਭਵਜਲ ਸੰਸਾਰ। ਗੁਰਮਤਿ ਸੇਵਕ ਮੁਕਤਿ ਦੁਆਰ। ਆਦਿ ਅੰਤਿ ਅਵਰੁ
ਨ ਦੂਆ। ਨਾਨਕ ਸੋ ਚੀਨੇ ਜੋ ਜੀਵਤ ਮੂਆ॥ ੧੭ ॥ ਸਨਕ ਸਨੰਦਨ ਤਪਸੀ
ਮੁਨਿ ਕੇਤੇ। ਬ੍ਰਹਮਾਦਿਕ ਇੰਦ੍ਰਾਦਿਕ ਜੇਤੇ। ਦੇਵ ਮਨੁਖ ਅਪਸਰਾ ਦੇਵੀ। ਤਾਂਕ
ਅੰਤੁ ਨ ਪਾਵਹਿ ਕੋਈ। ਜਨਮਿ ਮਰਹਿ ਫੁਨਿ ਸੋਝੀ ਨਾਹਿ। ਨਾਨਕ ਗੁਰਮਤਿ ਨ
ਸਹਜਿ ਸਮਾਲਹਿ॥੧੮॥ ਜੋਗੀ ਜੰਗਮ ਬਿਕਟ ਜਟ ਧਾਰੀ। ਨਾਨਾ ਭੇਖ ਕਰਿ
ਭਿਖਿਆਰੀ। ਖੇਚਰ ਭੂਚਰ ਅਰ ਪਵਨਧਾਰੀ। ਖਟ ਕਰਮ ਅਭਿਆਸੀ ਡੰਡ
ਧਾਰੀ। ਚਰਪਟ ਗੋਰਖ ਅਰ ਕਨਰੀਪੇ। ਨਾਨਕ ਸੁਰਨਰ ਸੇਵਹਿ ਦਰਿ ਦੀਪੇ
੧੯ ॥ ਦੇਵ ਦਾਨਵ ਗਣ ਗੰਧਰਬ ਸਾਰੇ। ਬਿਨ ਪ੍ਰੇਮ ਭਗਤਿ ਨਹੀ ਮੁਕਤਿ
ਦੁਆਰੇ। ਸੁਕਦੇਵ ਮਹਾਤਮ ਨਾਰਦ ਮੁਨਿ ਬਿਆਸਾ। ਸੁਰਿ ਨਰ ਸੁਰਿ ਜਨ ਜੋਗ
ਅਭਿਆਸਾ। ਸਪਤ ਰਿਖੀ ਚਿਤ ਗੁਪਤ ਦੁਆਰੇ। ਨਾਨਕ ਦਰ ਸੇਵਹਿ ਅਲਖ
ਅਪਾਰੇ॥ ੨੦ ॥ ਉਸਨ ਸੀਤ ਨਾਹੀ ਤਹ ਘਾਮਾ। ਸੂਰਜ ਤਪਤਿ ਨਾਹੀ ਤ
ਬਾਮਾ। ਅਗਨਿ ਬਿੰਬੁ ਨਾਹੀ ਦਿਨ ਰਾਤਿ। ਤਹ ਪਾਪ ਪੁੰਨ ਨਾਹੀ ਕੁਲ ਜਾਤਿ
ਹਉਮੈ ਗਰਬ ਨਾਹੀ ਤਹ ਸੋਇ। ਨਾਨਕ ਤਹ ਸਾਚਾ ਅਵਰ ਨ ਕੋਇ ॥ ੨੧
ਨਾਲੇ ਅਲਖੁ ਗੁਰ ਦੀਆ ਲਖਾਇ। ਸਰਬ ਕਲਾ ਜਾਣੈ ਰੰਗ ਲਾਇ। ਜਿ
ਬੇਧੇ ਕਲੁ ਜੰਜਾਲੁ ਅਨਹਦਿ ਪਤੀਆਇ। ਦੇਖਿ ਬੀਚਾਰਿ ਸਮਝਿ ਮਨੁ ਮਾਨਿਆ
ਨਾਨਕ ਘਟਿ ਘਟਿ ਬ੍ਰਹਮ ਪਛਾਨਿਆ ॥ ੨੨ ॥ ਆਪੇ ਆਪਿ ਨਿਰੰਜਨ ਸੋਇ
ਪ੍ਰੇਮ ਪਦਾਰਥ ਕਰਨੀ ਸਾਰੀ। ਸਹਜਿ ਸੁਭਾਇ ਮਿਲਿਆ ਬਨਵਾਰੀ। ਸਾਚ
ਸਾਹਿਬ ਸਬਦ ਸੁਜਾਨ। ਆਪੇ ਭਗਤਿ ਆਪੇ ਨੀਸਾਨੁ। ਆਪੇ ਸਤਿਗੁਰ ਪੂਰ
ਗੁਰ ਗਿਆਨੁ। ਨਾਨਕ ਮਨੁ ਮਾਨਿਆ ਬ੍ਰਹਮ ਗਿਆਨੁ ॥੨੩॥ ਅਠ ਅਠਾਰ
ਬਾਰਹ ਛਤੀਸਾ। ਜੁਗੁ ਜੁਗੁ ਸੇਵਕ ਪੰਚਿ ਇਕੀਸਾ। ਤੀਨ ਚਾਰਿ ਏਕੇ ਜਾ ਮਹਿ
ਰਾਚਹਿ। ਧਰਤਿ ਅਕਾਸੁ ਕਲਾ ਧਰਿ ਸਾਚਹਿ। ਅੰਤਰਜਾਮੀ ਘਟਿ ਘਟਿ ਜਾਣੁ

ਗੁਰਮਤਿ ਚੀਨੇ ਪਦੁ ਨਿਰਬਾਣੁ। ਉਨਮਨੀ ਕਲਾ ਕੋ ਸਾਰੇ ਚਾਪਿ। ਨਾਨਕ ਸੋ ਦੇਖੇ ਥਾਪਿ ਉਥਾਪਿ॥੨੪॥ਬਿਨੁ ਅਖੀ ਦੇਖੇ ਤ੍ਰੈ ਲੋਇ।ਬਿਨੁ ਕਰਨਾ ਸੁਨੀਐ ਸਭ ਸੋਇ। ਬਿਨੁ ਜਿਹਬਾ ਜਪਿ ਕੇਵਲ ਨਾਉ। ਬਿਨੁ ਚਰਨਾ ਅਚਰਜਿ ਘਰਿ ਜਾਉ। ਬਿਨ ਹਸਤਾ ਅਬਿ ਸੇਵ ਕਮਾਵੈ। ਨਾਨਕ ਨਿਜ ਘਰਿ ਸਹਜਿ ਸਮਾਵੈ ॥੨੫॥ ਦੁਖ ਬਿਨਾਸਨ ਅਘ ਹਰਨ ਕਿਲ ਵਿਖ ਕਾਟਨਹਾਰੁ। ਸੰਤੋਖ ਸਰੋਵਰ ਪੂਰਬੀ ਬਰਖੈ ਅੰਬ੍ਰਿਤ ਧਾਰ। ਮਿਤਿ ਕੀ ਕੀਮਤਿ ਕਿਨੈਂ ਨ ਪਾਈਆ ਅਲਖ ਨਿਰੰਜਨ ਸੋਇ। ਨਾਨਕ ਇਹੁ ਮਨੁ ਮਾਨਿਆ ਸਹਜੇ ਹੋਇ ਸੋ ਹੋਇ ॥ ੨੬ ॥

ਧਿਆਉ ਪੂਰਨ ਹੋਇਆ

ਹੋਰ ਚਲਿਆ ॥ ਰਾਗ ਮਾਰੂ ਮਹਲਾ ੧॥ ਸੰਤ ਉਸਤਤ ॥
ਨਾਮਦੇਉ ਤ੍ਰਿਲੋਚਨ ਕਬੀਰ ਦਾਸਰਾ ॥

ਹਰਿ ਭਗਤਿ ਭਾਇ ਗੁਣ ਗਾਇਆ।ਉਸਤਤਿ ਸੰਤ ਹਰਿ ਨਾਮ ਤਰਾਇਆ। ਹਰਿ ਸੰਤ ਜਨਾ ਭਗਤਿ ਜਸੁ ਗਾਇਆ। ਅਨੇਕ ਭਗਤ ਬੰਦਨ ਨਿਤ ਕਰਹਿ। ਚਰਨ ਕਮਲ ਹਿਰਦੇ ਸਿਮਰਹਿ।ਹਰਿ ਸੰਤ ਜਨਾ ਉਸਤਤਿ ਜੈਕਾਰੁ। ਨਾਨਕ ਸੰਤ ਸਭਾ ਸੰਗਤ ਪਰਵਾਰੁ ॥੧॥ ਤਹ ਰਤਨ ਲਾਲੀ ਮਾਲ ਪਰੋਈ। ਆਦਿ ਸਿੰਘਾਸਨ ਸਚਾ ਸੋਈ। ਤਹ ਵਾਜੇ ਸਬਦੁ ਅਨਾਹਦ ਧੁਨਿ ਤੂਰਾ। ਤਹ ਤ੍ਰਿਭਵਣਿ ਜੋਤਿ ਰਹੈ ਭਰਪੂਰਾ। ਤਹ ਜੀਵਤ ਮੁਕਤਿ ਸੁ ਸਬਦਿ ਲਖਾਈ। ਨਾਨਕ ਜੋਗ ਜੁਗਤਿ ਗੁਰ ਕੀ ਮਤਿ ਪਾਈ॥ ੨ ॥ ਤਹ ਆਦਿ ਸਿੰਘਾਸਨੁ ਸਚਾ ਥਾਨੁ । ਭਰਿਪੁਰਿ ਲੀਣਾ ਗੁਣੀ ਨਿਧਾਨੁ। ਤਹ ਹਰਿ ਕਾ ਮੰਦਰ ਸਚਾ ਮਹਲ। ਤਿਸ ਮਹਿ ਹੀਰਾ ਮਾਣਕੁ ਜਵੇਹਰੁ ਲਾਲ। ਸਚੁ ਪਉੜੀ ਗੜਿ ਚੜੇ ਨਿਹਾਲ। ਨਾਨਕ ਦਰਸਨੁ ਪਰਸੈ ਸੋ ਲਾਲ ਗੁਲਾਲੁ ॥ ੩ ॥

ਤਹ ਆਦਿ ਨਿਰੰਜਨ ਨਿਰਮਲੁ ਨਿਰਮੋਲੁ। ਤਹ ਸਚੁ ਸਰੋਵਰ ਆਦਿ ਅਡੋਲੁ। ਤਹ ਨਾਮ ਨਿਧਾਨੁ ਅੰਬ੍ਰਿਤ ਪਰਕਾਰ। ਤਹ ਘਰ ਮੰਦਰ ਸੁਖੀ ਨਾਮ ਪਰਵਾਰ। ਤਹ ਪੈਨਣੁ ਪਤਿ ਪੂਰਾ ਪਰਧਾਨੁ। ਨਾਨਕ ਤਹ ਆਦਿ ਜੁਗਾਦੀ ਭਗਤਿ ਨੀਸਾਨੁ ॥ ੪ ॥ ਤਹ ਉਸਤਤ ਭਗਤ ਅਨੇਕ ਅਨੰਤਾ। ਤਹ ਅਨੇਕ ਜੋਧ

ਸੂਰ ਬਲਵੰਤਾ। ਤਹ ਅਨੇਕ ਅਨੰਤ ਪਾਤਾਲ ਨਿਰੰਤਾ। ਤਹ ਸੀਤੋ ਸੀਤਾ ਸਚੁ
ਰੂਪ ਅਪਾਰੁ। ਨਾਨਕ ਓਹ ਨ ਮਰਹਿ ਨ ਠਗੀਅਹਿ ਸਚੁ ਕਰਨੀ ਸਾਰੁ ॥ ੫ ।
ਹਰਿ ਸੰਤ ਜਨਾ ਉਸਤਤ ਹਰਿ ਨਾਉ। ਉਸਤਤ ਸਚੁ ਸਚੁ ਅਸਰਾਉ। ਉਸਤ
ਸਚੁ ਸਬਦਿ ਪਰਵਾਣੁ। ਉਸਤਤ ਆਖਿ ਕਰਮੁ ਗੁਰ ਭਾਉ। ਨਾਨਕ ਉਸਤ
ਜੁਗ ਜੁਗ ਸਚੁ ਪਸਾਉ ॥ ੬ ॥ ਉਸਤਤ ਭਗਤਿ ਸਚੁ ਨਾਮੁ ਸਚੁ ਬਾਣੀ
ਉਸਤਤ ਭਗਤਿ ਸਚੁ ਪਦ ਨਿਰਬਾਣੀ। ਉਸਤਤ ਅਨਭਉ ਗੁਰਮੁਖਿ ਆਦਿ
ਉਸਤਤ ਸਚੀ ਆਦਿ ਜੁਗਾਦਿ। ਸੁਅਸਤਿ ਸਚੁ ਉਸਤਤ ਹੋਇ। ਨਾਨ
ਗੁਰਮੁਖਿ ਚੀਨੇ ਜਨੁ ਕੋਇ ॥ ੭ ॥ ਆਤਮ ਚੀਨੇ ਸੋ ਘਰੁ ਦਰੁ ਪਾਏ । ਆਤ
ਰਾਮੁ ਸੁਮਤਿ ਸਬਾਏ। ਤਹ ਜੋਤਿ ਅਨੂਪ ਪਰਗਟੁ ਦਿਖਲਾਏ। ਪਤਿ ਪਰਵਾ
ਪੈਧਾ ਗੁਰ ਭਾਏ। ਨਿਰਮਲੁ ਮਹਲੁ ਗੁਹ ਸਬਦ ਲਿਵਲਾਏ। ਨਾਨਕ ਓਅੰਕਾ
ਧੁਨਿ ਅਲਖੁ ਵਜਾਏ ॥ ੮ ॥ ਸੋ ਬੂਝੇ ਜਿਸ ਆਪਿ ਬੁਝਾਏ। ਜਿਸ ਮਿਲੇ ਤਿ
ਭਰਮੁ ਚੁਕਾਏ। ਸੋ ਚੀਨੇ ਜੋ ਆਪੁ ਗਵਾਏ। ਸੋ ਸੇਵਕੁ ਦਰਿ ਦਰਸਨੁ ਪਾਏ
ਮਿਲਿ ਸਤਸੰਗਤਿ ਭਗਤਿ ਅਨੰਦੁ। ਨਾਨਕ ਸੋ ਜਨ ਚੀਨੇ ਪਰਮਾਨੰਦੁ ॥ ੯
ਸੁਣਿਹੋ ਪੰਡਿਤ ਕਰਿ ਸਾਈ ਕਾਰੀ। ਗਿਆਨੁ ਪਦਾਰਥੁ ਤਤੁ ਵੀਚਾਰੀ। ਦੇ
ਬਿਲੋਵੈ ਨਿਕਸੈ ਤਤੁ। ਜਲੁ ਮਥੀਐ ਜਲੁ ਚੇਖ ਨਿਕਥੁ। ਐਸਾ ਗਿਆਨ ਸੁਨ
ਅਬ ਮੋਰੇ। ਨਾਨਕ ਭਰਪੁਰਿ ਲੀਣਾ ਸਰਬੈ ਠਉਰੇ ॥ ੧੦ ॥ ਕਿਸ ਤੇ ਦੂ
ਕਹਹੁ ਕਿਸ ਨੇਰੇ।ਇਹੁ ਝਗਰਾ ਸਤਿਗੁਰੂ ਨਿਬੇਰੇ। ਗੁਰਮੁਖ ਨੇਰੇ ਮਨਮੁਖ ਦੂਰਿ
ਬਿਨ ਪ੍ਰੀਤਮ ਮਰੀਐ ਝੂਰਿ। ਮਨਮੁਖ ਮਰੀਐ ਗੁਰਮੁਖ ਤਰੀਐ। ਗੁਰ ਸੋ ਬੰ
ਬਿਖੁ ਦੂਖੁ ਪਰਹਰੀਐ। ਗੁਰਮੁਖ ਮੈਲੁ ਨਿਰਭਉ ਜਮਿ ਡਰਿ ਨਹੀ ਡਰੀਐ
ਗੁਰਮੁਖ ਨਿਰਮਲੁ ਮੈਲੁ ਨ ਭਰੀਐ। ਨਾਨਕ ਗੁਰਮੁਖ ਅਜਰੁ ਜਰੀਐ ॥ ੧੧
ਲੇਵੇ ਤਤੁ ਗਗਨ ਸਰ ਭਰੇ। ਆਤਮ ਰਾਮ ਸਿਉ ਗੋਸਟ ਕਰੇ। ਆਤਮ ਰਾ
ਕੋ ਚੀਨੇ ਗੁਰ ਸੁਆਮੀ। ਸਭ ਘਟ ਭੋਗੇ ਅੰਤਰਜਾਮੀ। ਸਹਜ ਬੈਰਾਗੁ ਸਹ
ਸਮਾਵੈ। ਨਾਨਕ ਗੰਗ ਸਮੁੰਦਰ ਲਾਵੇ॥ ੧੨ ॥ ਗੰਗ ਬਨਾਰਸਿ ਪਰਤੀ
ਤੁਮਾਰੀ। ਸਿਫਤੀ ਰਤਾ ਸਹਜਿ ਵੀਚਾਰੀ। ਛਤੀਹ ਅੰਬ੍ਰਿਤ ਭੋਜਨੁ ਭਾਉ।ਨਦਰ
ਕਰਮੁ ਸਚੁ ਪਸਾਉ। ਸਤਿ ਸਰਿ ਨਾਵਣੁ ਗੁਰਮੁਖਿ ਭਾਉ। ਨਾਮੁ ਦਾਨੁ ਨਾਨ

ਮਨਿ ਚਾਉ ॥੧੩॥ ਅਪਿਉ ਪੀਵੈ ਸੁੰਨਿ ਸਮਾਵੈ । ਨਿਜ ਘਰਿ ਬੈਸੈ ਫਿਰਿ ਕਾਲੁ ਨ ਖਾਵੈ । ਅਕਥੁ ਕਥੈ ਗੁਰਮੁਖਿ ਮਨਿ ਧਿਆਨੁ। ਲਹੈ ਪਦਾਰਥੁ ਨਾਮੁ ਨਿਧਾਨੁ। ਦੇ ਪਰਦਖਣਾ ਚੜੈ ਪਿਛਵਾੜਿ । ਨਾਨਕ ਰਸੁ ਸੰਗ੍ਰਹੁ ਤਜਿ ਬੰਕੀ ਨਾੜ॥੧੪॥ ਜਿਹਬਾ ਇੰਦ੍ਰੀ ਤਿਆਗੇ ਬੰਕੀ । ਪ੍ਰਣਵੈ ਨਾਨਕ ਦਰਿ ਠਾਕਿ ਨ ਤਾਂਕੀ ॥ ੧੫॥

ਧਿਆਉ ਸੰਪੂਰਨ ਹੋਆ॥ ਅਗੇ ਹੋਰ ਚਲਿਆ ॥

ਰਾਗ ਰਾਮਕਲੀ ਮਹਲਾ ੧ ਰਤਨ ਮਾਲਾ ॥

ਸਲੋਕ ॥ ਤ੍ਰਿਹੁਕਾ ਮਾਰਿ ਮਿਲਾਵੈ ਮਾਨੁ । ਪੰਚਾ ਮਹਿ ਹੋਵੈ ਪਰਧਾਨੁ । ਪੰਚਾ ਕਾ ਜੋ ਜਾਣੈ ਭੇਉ । ਸੋਈ ਕਰਤਾ ਸੋਈ ਦੇਉ । ਅਗਮੁ ਨਿਗਮੁ ਬੀਚਾਰੈ ਜਾਣਿ । ਨਵ ਗ੍ਰਿਹ ਬਾਂਧੈ ਇਕਤੁ ਘਰਿ ਆਣਿ । ਸਤਿ ਸਤਾਈ ਚਉਦਹ ਚਾਰਿ । ਤਾਂਕੇ ਆਗੈ ਖੜੇ ਦੁਆਰਿ । ਅਠ ਅਠਾਰਹ ਬਾਰਹ ਬੀਸ । ਆਗੇ ਕਾਢਹਿ ਖੜੇ ਹਈਸ । ਊਚੀ ਨਦਰਿ ਸਰਾਫੀ ਹੋਇ । ਨਾਨਕ ਕਹੇ ਉਦਾਸੀ ਹੋਇ ॥ ੧ ॥ ਸੋ ਉਦਾਸੀ ਜੋ ਕਰੇ ਉਦਾਸੁ । ਰੂਖ ਬਿਰਖ ਗ੍ਰਿਹਿ ਅੰਤਰਿ ਵਾਸੁ । ਅਹਿਨਿਸਿ ਰਹੈ ਜੋਗ ਅਭਿਆਸ । ਪਰ ਤ੍ਰੀਆ ਅੰਗੁ ਨ ਲਾਵੈ ਪਾਸ । ਜਿਤੁ ਘਟਿ ਦੁਤੀਆ ਦੁਰਮਤਿ ਮੈਲੁ ਨ ਹੋਈ । ਨਾਨਕ ਕਹੈ ਉਦਾਸੀ ਸੋਈ ॥ ੨ ॥ ਗਿਆਨੁ ਖੜਗੁ ਲੈ ਮਨ ਸੋ ਲੂਝੈ । ਮਰਮ ਦਸਾ ਪਸਚਮ ਕਾ ਬੂਝੈ । ਮਨ ਮਿਤਿ ਕੀ ਜੋ ਪਾਵੈ ਗੰਠਿ । ਤੀਰਥ ਨਾਵੈ ਤ੍ਰੈ ਸੈ ਸਠਿ । ਜਿਨਿ ਏਹੁ ਮੈਲੁ ਮਨੈ ਕੀ ਖੋਈ । ਨਾਨਕ ਕਹੈ ਉਦਾਸੀ ਸੋਈ ॥ ੩ ॥

ਦੇਹੀ ਅੰਤਰਿ ਅਠਸਠ ਹਾਟਾਤਾਂਕੇ ਬਜਰ ਚੜੇ ਕਪਾਟ । ਅਵਘਟ ਘਟ ਬਿਖਮੁ ਹੈ ਬਾਟ । ਐਸਾ ਮਾਰਗੁ ਸਤਿਗੁਰੂ ਦਿਖਾਇਆ। ਦਹਦਿਸਿ ਢੂੰਢਿ ਸਹਜਿ ਘਰਿ ਆਇਆ । ਅਠਸਠਿ ਗੰਢੀ ਖੋਲੇ ਕੋਈ।ਨਾਨਕ ਕਹੈ ਉਦਾਸੀ ਸੋਈ ॥੪॥ ਪ੍ਰਥਮੈ ਪੂਰਬ ਕਉ ਦ੍ਰਿਸਟਿ ਧਰੈ। ਦੁਤੀਆ ਦਖਣ ਕਉ ਗਵਣੁ ਕਰੈ । ਦਖਣ ਤੇ ਜੋ ਪਛਮ ਜਾਇ। ਤਉ ਹਾਟ ਪਟਨ ਕੀ ਸੋਝੀ ਪਾਇ । ਪਛਮ ਤੇ ਜੋ ਚੜੈ ਸੁਮੇਰ। ਆਵੈ ਪਰਦਖਣਾ ਕੈ ਫੇਰ । ਸਪਤ ਪੁਰੀਆ ਉਪਰ ਕਉਲਾਸਨ।ਤਿਥੈ ਪਾਰਬ੍ਰਹਮ

ਕਾ ਆਸਨੁ । ਜਿਨ ਹੀਰੇ ਰਤਨੀ ਮਾਲ ਪਰੋਈ॥ਨਾਨਕ ਕਹੈ ਉਦਾਸੀ ਸੋਈ॥੫॥
ਕਹਾ ਸੁ ਗਗਨੰਤਰ ਕਾ ਭਉਣੁ । ਤਿਸਨੋ ਅਹਿਨਿਸ ਸਦਾ ਮਨਾਵੈ ਸਉਣੁ॥ਏਹ
ਸੂਰਾ ਪੂਰਾ ਕਉਣ । ਅਹਿਨਿਸ ਜਾਗੇ ਦੁਰਜਨ ਦਉਣ । ਬਾਂਧੇ ਬੈਸੰਤਰ ਪਾਣੀ
ਪਉਣੁ । ਗਗਨ ਕੈ ਮੰਡਲ ਜਿਨ ਗਊਆ ਢੋਈ । ਨਾਨਕੁ ਕਹੈ ਉਦਾਸੀ ਸੋਈ ।
੬ ॥ ਗੁਰ ਕਾ ਭਗਤੁ ਇੰਦਰੀ ਕਾ ਜਤੀ । ਹਿਰਦੈ ਕਾ ਮੁਕਤਾ ਮੁਖ ਕਾ ਸਤੀ
ਦ੍ਰਿਸਟਿ ਕਾ ਦਇਆਲੁ ਕਰਿ ਦੇਖੈ ਦਾਨੁ । ਜੇ ਘਟਿ ਨਿਵਿਆਂ ਤਾਂ ਨਿਵਿਆ
ਜਾਣ । ਸਚ ਸਬਦ ਕਾ ਸਫਲਿਓ ਹੋਤਾ । ਨਾਨਕ ਕਹੈ ਸੋਈ ਅਵਧੂਤਾ ॥ ੭ ।
ਚੰਚਲ ਚਾਇ ਨ ਜਾਇ ਤਮਾਸੈ । ਜੂਐ ਜਾਇ ਨ ਖੇਲੈ ਪਾਸੇ । ਅੰਗੈ ਚੰਗੇ ਚਿਤ੍ਰ
ਨਾ ਲਾਏ । ਗੁਰ ਕਾ ਦੀਆ ਅੰਗਿ ਹਢਾਏ । ਪਰ ਘਰ ਜਾਇ ਨ ਕੀਜੈ ਕਥਾ
ਸਤਿਗੁਰ ਕੇਰੀ ਏਹ ਹੈ ਨਥਾ । ਗੁਰ ਕੀ ਸਿਖ ਸੁਣਹੁ ਰੇ ਪੂਤ॥ਨਾਨਕ ਕਹੈ ਸੋਈ
ਅਵਧੂਤਾ ॥ ੮ ॥ ਅਸੁਰਾ ਨਦੀ ਅਪੁਠੀ ਤਰੇ । ਅਹਿਨਿਸ ਧੀਰੇ ਸਦਾ ਹੀ ਸਰੇ
ਕਉਲ ਉਲਟੈ ਪਲਟੈ ਪਉਨਾ । ਇਉ ਨਿਵਾਰੇ ਆਵਾਗਉਨਾ । ਮਨ ਪਵਨ
ਕਉ ਰਾਖੈ ਬੰਧ । ਲਹੈ ਤ੍ਰਿਬੇਣੀ ਤ੍ਰਿਕੁਟੀ ਸੰਧਿ । ਅਪਣੇ ਵਸ ਕਰ ਰਾਖੈ ਦੂਤਾ
ਨਾਨਕ ਕਹੈ ਸੋਈ ਅਵਧੂਤਾ ॥੯॥ ਗਗਨੰਤਰ ਕਉ ਭਉਰ ਉਡਾਵੈ । ਅਹਿਨਿ
ਡੋਰੀ ਗੁਡੀ ਲਾਵੈ । ਪਰਚਾ ਹੋਵੈ ਤਾ ਫਿਰ ਘਰਿ ਆਵੈ॥ਇਨ ਬਿਧ ਜੋਗ ਕਮਾ
ਜੋਗੀ । ਆਇਆਂ ਹਰਖ ਨ ਗਇਆਂ ਸੋਗੀ॥ਸੰਜਮ ਰਹੈ ਨ ਬਿਨਸੈ ਸੂਤਾ॥ਨਾਨ
ਕਹੈ ਸੋਈ ਅਊਧੂਤਾ ॥੧੦॥ ਆਸਣੁ ਸਾਧਿ ਨਿਰਾਲਮੁ ਲਹੈ । ਪੰਚ ਤਤੁ ਨਿਗ੍ਰ
ਕਰਿ ਗਹੈ । ਥੋੜੀ ਨਿੰਦਰਾ ਅਲਪ ਅਹਾਰੀ । ਸਾਧ ਕੀ ਪਿੰਡੀ ਸਦਾ ਬੀਚਾਰੀ
ਜਪੁ ਤਪੁ ਸੰਜਮੁ ਸੁਰਤਿ ਬਿਖਚਣ । ਨਾਨਕ ਕਹੈ ਜੋਗ ਕੇ ਲਖਣ ॥ ੧੧ ॥ ਜ
ਬੋਲੇ ਤਾਂ ਬ੍ਰਹਮ ਗਿਆਨ । ਅਹਿਨਿਸ ਜਾਗੇ ਸਹਜਿ ਧਿਆਨ॥ਸੁੰਨ ਮੰਡਲ ਮ
ਡੋਰੀ ਧਰੈ । ਗੁਰ ਪਰਸਾਦੀ ਕਦੇ ਨ ਮਰੈ । ਇਨ ਬਿਧ ਕਰਹੁ ਗੁਰੂ ਕੀ ਸੇਵਾ
ਤਾਂਕੇ ਬੰਦਹਿ ਸਗਲੇ ਦੇਵਾ । ਜਿਹਬਾ ਭੇਦ ਨ ਦੇਈ ਚਖਣ । ਨਾਨਕ ਕਹੈ ਜੋ
ਕੇ ਲਖਣ ॥ ੧੨ ॥ ਤਾਮਸ ਤ੍ਰਿਸਨਾ ਲੋਭ ਨਿਵਾਰੇ॥ ਪੰਚ ਅਗਨਿ ਘਟਿ ਭੀਤ
ਜਾਰੇ । ਅਹਿਨਿਸ ਰਹੈ ਗੰਭੀਰ ਚੜਾਇ । ਸਹਜੁ ਉਪਜੈ ਦੁਰਮਤਿ ਜਾਇ । ਸਾ
ਨਿਵਾਜੇ ਬੰਧੇ ਚੇਰਾ । ਗੁਰ ਬਿਨ ਮੰਤ੍ਰ ਨ ਸਮਝੈ ਹੋਰਾ । ਉਤਮ ਭਲੇ ਜਿ ਨਾ

ਜਪਣ। ਨਾਨਕ ਕਹੈ ਜੋਗ ਕੇ ਲਖਣ ॥੧੩॥ ਪਾਂਚਉ ਇੰਦ੍ਰੀ ਦ੍ਰਿੜ ਕਰਿ ਰਾਖੇ। ਜਿਹਬਾ ਮੁਖੋਂ ਅਸਤੁ ਨ ਭਾਖੇ। ਕੋਟ ਕੋਟੰਤਰ ਤਤ ਕਾ ਬੇਤਾ। ਗਗਨ ਮੰਡਲ ਮਹਿ ਰਾਖੇ ਚੇਤਾ। ਸਚੁ ਪਿਆਲਾ ਗਗਨ ਸਰਿ ਭਰੈ। ਜਾਇ ਤ੍ਰਿਬੇਣੀ ਮਜਨੁ ਕਰੈ। ਸਤਿ ਪੰਜ ਨਉ ਲਗਾ ਰਖਣ । ਨਾਨਕ ਕਹੈ ਜੋਗ ਕੇ ਲਖਣ ॥ ੧੪ ॥ ਪੂਰਬ ਚੜ੍ਹੇ ਪਛਮ ਕਉ ਆਵੈ। ਰਵਿ ਸਸਿ ਦੋਇ ਇਕਤ੍ਰ ਮਿਲਾਵੈ। ਅਉ ਹਟ ਪਟਣ ਕੀ ਚੀਨੇ ਬਾਟ। ਤਉ ਪਰਿ ਬੂਝੈ ਅਵਘਟ ਘਾਟ। ਨਉ ਖੰਡ ਦੇਖੈ ਪੂਰਬ ਪਛਮ ਉਤਰ ਦਖਣ। ਨਾਨਕ ਕਹੈ ਜੋਗ ਕੇ ਲਖਣ ॥ ੧੫ ॥ ਏਹ ਤਨੁ ਭਾਂਡਾ ਸੁਰਤ ਹੈ ਦੂਧਾ । ਪਾਇ ਜੋ ਸਚੁ ਸਮਾਇਣ ਸੂਧਾ । ਜੁਗਤ ਜੁਗਤ ਕਰ ਸਹਜ ਜਮਾਇਆ। ਜੁਗਤ ਵਿਹੂਣਾ ਵਿਚ ਵਜਾਇਆ। ਗਿਆਨ ਮਧਾਣਾ ਨੇਤਰਾ ਭਾਉ। ਇਨ ਬਿਧ ਪੀਐ ਕੇਵਲ ਨਾਉ । ਰੋਲ ਵਿਰੋਲ ਲੀਆ ਹੈ ਮਖਣ। ਨਾਨਕ ਕਹੈ ਜੋਗ ਕੇ ਲਖਣ ॥ ੧੬ ॥ ਅਰਚੈ ਕੈ ਘਰ ਰਹੈ ਉਦਾਸ। ਪਰਚੈ ਕੇ ਘਰ ਕਰੇ ਨਿਵਾਸ। ਊਦਰ ਕੈ ਸ਼ਬਦ ਬਿਲਾਈ ਭਾਗੀ। ਨਾਨਕ ਕਹੈ ਸੋਈ ਬੈਰਾਗੀ॥ ੧੭ ॥ ਸੋ ਬੈਰਾਗੀ ਬੈਰਾਗ ਮਹਿ ਪਾਵੈ। ਸ਼ਿਵ ਕੈ ਆਗੇ ਸ਼ਕਤਿ ਨਿਵਾਵੈ। ਸ਼ਿਵ ਸ਼ਕਤੀ ਕੇ ਜੋ ਕਰਮ ਕਰੈ। ਅਜਰ ਵਸਤ ਅਗੋਚਰ ਜਰੈ। ਐਸਾ ਅਉਖਧੁ ਖਾਹ ਗਵਾਰਾ। ਜਿਤੁ ਖਾਧੇ ਤੇਰੇ ਜਾਹਿ ਬਿਕਾਰਾ । ਕਾਮਸੁ ਤਾਸਸੁ ਤ੍ਰਿਸਨਾ ਸਗਲ ਤਿਆਗੀ। ਨਾਨਕ ਕਹੈ ਸੋਈ ਬੈਰਾਗੀ ॥ ੧੮ ॥

ਧਿਆਉ ਸੰਪੂਰਨ ਹੋਇਆ।

ਆਗੇ ਧਿਆਉ ਹੋਰ ਚਲਿਆ ॥ ਜੁਗਾਵਲੀ ਮਹਲਾ ੧ ॥

ਉਦਾਸੀ ਪੂਰਬ ਕੀ ਪਹਿਲੀ। ਤਿਤ ਸਮੇ ਬੈਠਾ ਸਮੁੰਦਰ ਕੀ ਵਿਰੋਤੀ ਮਹਿ। ਤਦਹੁ ਪਉਣੁ ਅਹਾਰ ਕੀਤੋਸੁ। ਤਦਹੁ ਨਾਲ ਝੰਡਾ ਬਾਢੀ ਸੀ। ਬਿਸਹਰ ਦੇਸ ਨਗਰ ਛਠ ਘਾਟ ਕਾ । ਤਿਸ ਕਉ ਜੁਗਾਵਲੀ ਪਰਾਪਤ ਹੋਈ ਤਿਤ ਸਮੇ ਬਿਸਮਾਦ ਪੜ੍ਹਤਾ ਸੀ । ਝੰਡਾ ਨਾਲਿ ਨਿਬਿਹਾ। ਝੰਡੇ ਕੀ ਮੰਜੀ ਬਿਸਹਰ ਦੇਸ ਵਿਚ ਹੈ । ਵਾਹਗੁਰੂ ਕੀ ਮਿਰਜਾਦਾ। ਚਹੁ ਅਖਰਾਂ ਕਾ ਮਥੰਤ। ਜੁਗਾ ਚਲੀਹਾ ਵਿਚ ਵਾਹਗੁਰੂ ਹੋਆ । ਚਾਲੀ ਜੁਗ ਬੈਠੇ ਮਿਹਨਤ ਕੀਤੀ ॥ ਰਹਾਉ ॥

੧੭੨੨੮੦੦੦॥ ਅਨੰਦ ਜੁਗ ਏਤਾ ਅਨੰਦ ਮਹਿ ਰਹਿਆ । ਸਹਿ
ਵਾਣਿ ਮਹਿ ਵਾਹ ਵਾਹ ਕਹਿਆ। ਕਹੁ ਨਾਨਕ ਅਨੰਦ ਜੁਗ ਕੀ ਗਾਥਾ। ਵਾ
ਵਾਹ ਜਪਤੇ ਸਭ ਦੁਖ ਲਾਥਾ ॥੧॥ ੧੬੮੪੮੦੦੦ ॥ ਦੁਰਲੰਭਿ ਜੁ
ਵਾਹ ਵਾਹ ਕੀਨਾ। ਸਹਜਿ ਵਾਣਿ ਵਾਹ ਵਾਹ ਜਪਿ ਲੀਨਾ । ਕਹੁ ਨਾਨ
ਦੁਰਲਭ ਜੁਗ ਕੀ ਗਾਥਾ । ਵਾਹ ਵਾਹ ਜਪਤੇ ਸਭ ਦੁਖ ਲਾਥਾ ॥ ੨
੧੫੯੮੪੦੦੦ ॥ ਬਜਰ ਜੁਗ ਵਹਿ ਕੀਰਤਨੁ ਗਾਇਆ। ਸਹਜਿ ਵਾਣਿ ਮ
ਵਾਹ ਵਾਹ ਕਮਾਇਆ। ਕਹੁ ਨਾਨਕ ਬਜਰ ਜੁਗ ਕੀ ਗਾਥਾ । ਵਾਹੁ ਵਾ
ਜਪਤੇ ਸਭੋ ਦੁਖ ਲਾਥਾ ॥ ੩॥ ੧੫੫੫੪੦੦੦ ॥ ਧਰਮ ਜੁਗ ਧਿਆਨੁ ਸ
ਧਰਿਆ। ਸਹਜਿ ਵਾਣਿ ਮਹਿ ਵਾਹ ਵਾਹ ਕਰਿਆ। ਕਹੁ ਨਾਨਕ ਧਰਮ ਜੁ
ਕੀ ਗਾਥਾ । ਵਾਹ ਵਾਹ ਜਪਤੇ ਸਭੋ ਦੁਖ ਲਾਥਾ ॥ ੪ ॥ ੧੫੨੪੨੦੦੦
ਗਉਸਲਿਆ ਜੁਗ ਗੁਰਮੁਖ ਜਾਤਾ। ਸਹਜਿ ਵਾਣਿ ਵਾਹ ਵਾਹ ਪਛਾਤਾ। ਕ
ਨਾਨਕ ਗਉਸਲਿਆ ਜੁਗ ਕੀ ਗਾਥਾ। ਵਾਹ ਵਾਹ ਜਪਤੇ ਸਭੋ ਦੁਖ ਲਾਥਾ॥੫
੧੫੮੮੪੦੦੦ ॥ ਦੁਰਲਭ ਜੁਗ ਕੀਤਾ ਇਹ ਧਿਆਨ। ਸਹਜਿ ਵਾਣਿ ਵਾ
ਵਾਹ ਪਰਧਾਨ। ਕਹੁ ਨਾਨਕ ਦੁਰਲਭ ਜੁਗ ਕੀ ਗਾਥਾ। ਵਾਹ ਵਾਹ ਜਪਤੇ ਸ
ਦੁਖ ਲਾਥਾ ॥੬॥ ੧੪੨੫੬੦੦੦ ॥ ਰੇਚਕ ਜੁਗ ਰਹਿਆ ਗਿਆਨੀ। ਸਹ
ਵਾਣਿ ਵਾਹ ਵਾਹ ਮਿਤ ਜਾਨੀ। ਕਹੁ ਨਾਨਕ ਰੇਚਕ ਜੁਗ ਕੀ ਗਾਥਾ। ਵਾ
ਵਾਹ ਜਪਤੇ ਸਭੋ ਦੁਖ ਲਾਥਾ ॥੭॥ ੧੩੮੪੨੦੦੦ ॥ ਚਕਰ ਜੁਗ ਚਿਤ ਹ
ਸਿਉ ਰਹਿਆ। ਸਹਜਿ ਵਾਣਿ ਮਹਿ ਵਾਹ ਵਾਹ ਕਹਿਆ। ਕਹੁ ਨਾਨਕ ਚਕ
ਜੁਗ ਕੀ ਗਾਥਾ। ਵਾਹ ਵਾਹ ਜਪਦਿਆ ਸਭੋ ਦੁਖ ਲਾਥਾ ॥ ੮ ॥

੧੩੩੯੨੦੦੦ ॥ ਮਨ ਮਲ ਜੁਗ ਮਾਨ ਮਿਟਾਨਾ। ਸਹਜਿ ਵਾ
ਮਹਿ ਵਾਹ ਵਾਹ ਮਤਿ ਜਾਨਾ । ਕਹੁ ਨਾਨਕ ਮਨ ਮਲ ਜੁਗ ਕੀ ਗਾਥਾ
ਵਾਹ ਵਾਹ ਜਪਤੇ ਸਭੋ ਦੁਖ ਲਾਥਾ ॥੯॥ ਨਉ ਜੁਗ ਨਿਬੜੇ॥ ਪਉੜੀ
ਵਵਾ ਕੀਨਾ ਹੈ ਵਾਸਦੇਉ।ਆਪੇ ਚੇਲਾ ਆਪੇ ਕਰੇ ਸੇਉ। ਵਵਾ ਵਾਹ ਵਾਹ ਜ
ਲੀਨਾ। ਨਉ ਜੁਗ ਵਵਾ ਮੁਖ ਮੁਖ ਕੀਨਾ। ਅਖਰ ਢੂਢਿ ਵਵਾ ਨੀਵਿ ਧਰਿਆ
ਨਾਨਕ ਨਉ ਜੁਗ ਵਾਹ ਵਾਹ ਕਰਿਆ। ਵਵੇ ਕੇ ਜੁਗ ਨਿਬੜੇ। ਸਹਜਿ ਵਾ

ਵਿਚਿ ਵਵਾ ਤੀਨਾ। ਅਗੇ ਹਾਹਾ ਚਲਿਆ॥ ੧੦॥ ੧੩੯੬੦੦੦॥ ਬਿਦਿਆ ਸਭ ਕੁਛ ਜਾਣੇ ਅੰਤਰਜਾਮੀ॥ ਦੂਰਲੋ ਦ੍ਰਿਸਟ ਨਿਰੰਕਾਰ ਰਹਤਾ। ਨਾਨਕ ਸੁਪਾਉ ਜੁਗ ਬਿਦਿਆ ਬੀਚਾਰੀ। ਹਾਹੇ ਸੇ ਕੀਨੀ ਰੁਜਗਾਰੀ। ਹਾਹੇ ਸਿਉ ਬੈਠ ਉਠ ਬੋਲਾਤਾ। ਨਾਨਕ ਸੰਜਮ ਬਾਣਿ ਕੀਆ ਬਾਤਾ॥ ੧੧॥ ੧੨੫੨੮੦੦੦॥ ਅੰਧ ਜੁਗ ਅੰਧ ਕਾਰੁ ਗਵਾਨਾ। ਅਗਿਆਨ ਬਿਨਾਸਿ ਅਗਿਆਨ ਪ੍ਰਗਟਾਨਾ। ਕੀਆ ਚਾਨਣੁ ਅਨੇਰਾ ਰਹਤਾ। ਕਹੁ ਨਾਨਕ ਸੰਜਮਿ ਵਾਣਿ ਕੀਆ ਬਾਤਾ॥ ੧੨॥ ੧੧੬੬੦੦੦॥ ਨਿਹਾਲਿ ਜੁਗ ਮਹਿ ਇਕ ਕਲਾ ਧਾਰੀ। ਹਾਹਾ ਢੂਢਿ ਹਰਿ ਕਥਾ ਚਿਤਾਰੀ। ਹਰਿ ਬਿਨੁ ਅਵਰੁ ਨਹੀ ਕਛੁ ਬਾਤਾ। ਕਹੁ ਨਾਨਕ ਸੰਜਮ ਵਾਣਿ ਕੀ ਬਾਤਾ॥੧੩॥ ੧੧੨੩੨੦੦੦॥ ਤਿਪਰ ਜੁਗਿ ਬਹੁਤ ਰਾਹ ਸਾਜੇ। ਹੋਤ ਪੁਨੀਤ ਸਭ ਪੂਰਨ ਕਾਜੇ। ਹਾਹੇ ਕੈ ਸੂਤਿ ਹਰਿ ਨਾਮੁ ਮਨਾਤਾ। ਕਹੁ ਨਾਨਕ ਸੰਜਮਿ ਵਾਣਿ ਕੀਆ ਬਾਤਾ॥੧੪॥੧੦੮੧੪੦੦੦॥ਨਿਹਚਲਿ ਜੁਗਿ ਜਪਿ ਹੋਤ ਨਿਹਾਲ।ਨਹੀ ਮਿਰਤਕੁ ਨਹੀ ਬੂਢਾ ਬਾਲ। ਹਾਹਾ ਪੜਿ ਕਛੁ ਅਵਰ ਨ ਜਾਤਾ॥ ਕਹੁ ਨਾਨਕ ਸੰਜਮ ਵਾਣਿ ਕੀਆ ਬਾਤਾ॥ ੧੫॥ ੧੦੫੬੯੦੦੦॥ ਗੋਕੰ ਜੁਗਿ ਹਰਿ ਮੁਖੇ ਕਹਿਤਾ। ਆਪਿ ਅਲੇਪੁ ਨਿਰਮਲੁ ਰਹਤਾ। ਬੈਠਤੁ ਊਠਤ ਨਹਿ ਕੋ ਬਿਸਰਾਤਾ।ਕਹੁ ਨਾਨਕ ਸੰਜਮ ਵਾਣਿ ਕੀਆ ਬਾਤਾ॥੧੬॥੯੯੯੬੦੦੦॥ ਗੋਤੰਗ ਜੁਗ ਗਾਵਤਾ ਗੋਬਿੰਦੁ। ਹਾਹੇ ਪੜਿਆ ਉਤਰੇ ਚਿੰਦੁ।ਹਰਿ ਪੂੰਜੀ ਹਰਿ ਕੋ ਜਨੁ ਖਾਤਾ। ਕਹੁ ਨਾਨਕ ਸੰਜਮ ਵਾਣਿ ਕੀ ਬਾਤਾ॥ ੧੭॥੯੯੨੪੦੦੦॥ ਬਿਨੋਦਿ ਜੁਗਿ ਇਕ ਬਨਤਿ ਬਨਾਈ। ਕਰਿ ਬਿਨੋਦ ਅਚਰਜ ਬਨਿ ਆਈ। ਕਰਿ ਬੰਦਨਾ ਸਾਧੂ ਪਗਿ ਪਾਤਾ। ਕਹੁ ਨਾਨਕ ਸੰਜਮ ਵਾਣਿ ਕੀ ਬਾਂਤਾ॥੧੮॥ ੮੯੭੨੦੦੦॥ ਸੰਘਾਰਿ ਜੁਗਿ ਦਸ ਦੁਆਰ ਸੰਘਾਰੇ। ਪੰਚ ਮਰਦ ਪੰਚਿ ਦੁਨੀਆਰੇ। ਹਾਹੇ ਸੰਗਿ ਬੈਠਿ ਉਠਿ ਬੋਲਤਾ। ਕਹੁ ਨਾਨਕ ਸੰਜਮ ਵਾਣਿ ਕੀ ਬਾਤਾ॥ ੧੯॥ ਪਉੜੀ॥ ਹਾਹੇ ਹਰਿ ਹਰਿ ਜਪਿ ਮਨ ਹਰਿ ਕੀ ਕਥਾ ਪਛਾਨੁ। ਹੈ ਭੀ ਹੋਸੀ ਹੋਵਨ ਹਾਰੁ ਹਾਹੇ ਪੂਰਾ ਜਾਨੁ॥ ੨੦॥ ਹੇ ਅਚੁਤ ਹੇ ਪਾਰਬ੍ਰਹਮੁ ਹੈ ਭੀ ਹੋਵਨਹਾਰੁ। ਨਾਨਕ ਹਾਹਾ ਹਰਿ ਕੀਆ ਨਉ ਜੁਗ ਸੋਧਿ ਬੀਚਾਰਿ॥੨੧॥ ਅਗੇ ਸੰਪਉ ਵਾਣਿ ਚਲੀ ਤਿਸ ਵਿਚ ਗਗਾ ਕੀਆ॥੮੮੬੪੦੦੦॥ ਘੋਰ ਜੁਗ

ਘਰ ਇਹੀ ਪਛਾਤਾ। ਗੁਰ ਪ੍ਰਤਾਪ ਨਾਮ ਸੰਗਿ ਮਾਤਾ। ਗਿਆਨ ਪਛਾਨ ਹਰਿ
ਕਥਾ ਪਰਾਨੀ। ਨਾਨਕ ਸੰਪਉ ਵਾਣ ਕੀ ਕਥਾ ਬਖਾਨੀ॥੨੨॥੮੨੦੮੦੦੦॥
ਅਰਧ ਜੁਗ ਅਰਧ ਖੀਰ ਕੀਨਾ। ਅਪਨੇ ਚਲਿਤ ਆਪੇ ਹੀ ਚੀਨਾ। ਗਰੇ
ਪੜਿਆ ਹੋਵੈ ਗਿਆਨੀ। ਸੰਪਉ ਵਾਣਿ ਨਾਨਕ ਹੈਰਾਨੀ॥੨੩॥੭੭੭੬੦੦੦॥
ਉਨਮਨ ਜੁਗ ਕਛੁ ਕਥਾ ਨ ਮਾਨੇ। ਕਹੁ ਸੁਨਨ ਸਭ ਰਖਿਆ ਸਮਾਨੇ। ਸੰਪਉ
ਵਾਣਿ ਐਸਾ ਮੰਤ੍ਰ ਗਹਿਆ। ਕਹੁ ਨਾਨਕ ਉਨ ਮਨ ਹੋਇ ਰਹਿਆ ॥ ੨੪ ॥
੭੨੮੩੦੦੦ ॥ ਸਿਵ ਜੁਗ ਸੋਇ ਰਹਿਆ ਅਜੂਨੀ। ਅੰਤਰ ਸਿਮਰੇ
ਬਾਹਰ ਭਯਾ ਮੋਨੀ। ਅਨਹਤ ਸਬਦ ਜਾਂਕਾ ਮਨ ਗਹਿਆ।ਨਾਨਕ ਸੰਪਉ ਵਾਣਿ
ਕਾ ਇਹ ਮੰਤ੍ਰ ਕਹਿਆ ॥ ੨੫ ॥ ੬੨੩੨੦੦੦ ॥ ਚੋਆ ਜੁਗ ਚੋਆ ਮਨ
ਆਈ। ਨੀਦ ਨਿਵਾਰੀ ਕਥਾ ਸੁਨਾਈ।ਗਿਆਨ ਧਿਆਨ ਮਨ ਮਹਿ ਬੀਚਾਰੇ॥
ਨਾਨਕ ਸੰਪਉ ਵਾਣਿ ਮਹਿ ਤਾਰੇ। ਸੰਗ ਨ ਜੁਗ ਹੋਇ ਰਹਿਆ ਨਿਸੰਕਾ। ਜਪੀਏ
ਹਰਿ ਹਰਿ ਮਿਟੇ ਕਲੰਕਾ। ਨਾਮ ਨਿਰੰਜਨ ਅੰਤਰ ਜਾਨਿਆ।ਨਾਨਕ ਅਤੀਤ ਵਾਣਿ
ਗਾਰੇ ਮਨ ਮਾਨਿਆ ॥ ੫ ॥ ੨੪੬੪੦੦੦ ॥ਸਲੋਕ ਜੁਗ ਬਹਿ ਕਰਤ ਸਲੋਕਾ।
ਕੀਨੀ ਭਗਤਿ ਨਾਮ ਇਕ ਥੋਕਾ। ਕਹੁ ਨਾਨਕ ਇਹ ਅਚਰਜ ਕੀਨਾ। ਅਤੀਤ
ਵਾਣਿ ਗਾਰੇ ਹੈ ਚੀਨਾ ॥ ੬ ॥ ੨੩੪੫੦੦੦ ॥ ਤਰਲਿ ਜੁਗ ਤ੍ਰਿਹੁ ਮਹਿ
ਪਰਧਾਨਾ। ਪੰਚਾ ਸੇਤੀ ਰਚਿ ਮਨ ਮਾਨਾ। ਨਉ ਗ੍ਰਹ ਜਪਤੇ ਅਵਰ ਸਤਾਈਹਾ।
ਨਾਨਕ ਅਤੀਤ ਵਾਣਿ ਐਸੀ ਮਤਿ ਪਹੀਹਾ ॥ ੭ ॥ ੨੭੫੬੦੦੦ ॥ ਖਲਲ
ਜੁਗ ਪਲਲ਼ ਪ੍ਰਭ ਕਰਿਆ। ਧਰਮ ਅਕਾਸ ਕਾਲ ਕਰ ਧਰਿਆ। ਕਹੁ ਨਾਨਕ
ਖਲਲ ਜੁਗ ਪ੍ਰਭ ਕੀਨਾ। ਅਰੰਭ ਜੁਗ ਕਾ ਆਹਰ ਕੀਨਾ॥ ੮ ॥੨੧੬੦੦੦ ॥
ਅਰੰਭ ਜੁਗ ਅਰੰਭ ਕਰਾਇ।ਬ੍ਰਹਮਾ ਬਿਸਨੁ ਮਹੇਸ ਉਪਾਇ।ਰਚਨਾ ਤਿਨਕੀ ਗਨੀ
ਨ ਜਾਇ। ਨੀਦ ਨਿਵਾਰੇ ਕਰੇ ਉਪਾਇ॥੨੫॥੬੪੧੮੦੦੦॥ਮੇਘ ਜੁਗ ਪ੍ਰਭ ਘਟਾ
ਬਨਾਈ। ਨਾਮ ਬਾਦਰ ਬਰਖਾ ਪ੍ਰਭਲਾਈ। ਘੋਰਿ ਘੋਰਿ ਬਰਖਨ ਪ੍ਰਭ ਲਾਗੇ॥
ਨਾਨਕ ਭੀਜਹਿ ਸੰਤਸਭਾਗੇ ॥੨੬॥ ੬੦੪੮੦੦੦॥ਚਿੰਤਨ ਜੁਗ ਅਪਨਾਆਪ
ਚੀਨਾ।ਅਪਨਾ ਖੇਲ ਆਪੇ ਹੀ ਕੀਨਾ। ਗਗੇ ਗ੍ਰਹਿ ਕਾ ਸੰਜਮ ਕਰਿਆ। ਨਾਨਕ
ਸੰਪਉ ਵਾਣਿ ਗਗਾ ਗੋਇ ਧਰਿਆ ॥ ੨੭ ॥

੫੬੧੬੦੦੦ ॥ ਨਿਰੰਭਿਆ ਜੁਗ ਨਿਰਭਉ ਨਿਰੰਕਾਰੁ । ਆਪ ਕਥੇ ਆਪਹਿ ਸੁਨਨੇ ਹਾਰ॥ ਅੰਬ੍ਰਿਤ ਬਾਣੀ ਜਿਸ ਮਨ ਆਈ। ਸੰਪਉ ਵਾਣੀ ਨਾਨਕ ਲਿਵਲਾਈ ॥ ੨੮ ॥ ੫੭੯੪੦੦੦ । ਨਿਰੰਕਾਰ ਜੁਗ ਆਇ ਪ੍ਰਭ ਸੁਆਮੀ । ਵਾਨਿ ਗਗਾ ਗੋਬਿੰਦਤਾ ॥ ੨੯ ॥ ਗਗੇ ਗਨਤੀ ਸਭ ਮੇਟੈ ਗਿਆਨੁ ਬੀਚਾਰਹੁ ਮੀਤ । ਸਦਾ ਸਦਾ ਗੋਬਿੰਦ ਭਜਹੁ ਗਗਾ ਰਾਖਹੁ ਚੀਤ ॥ ੧ ॥ ਗੋਬਿੰਦ ਕੇ ਗੁਨ ਗਾਈਐ ਗਹਿਕਿ ਗਹਿਕਿ ਇਕ ਰੰਗ ॥ ਨਾਨਕ ਨਉ ਜੁਗ ਰਵ ਰਹਿਆ ਗੋਬਿੰਦ ਗਗੇ ਸੰਗ ॥੨॥ ਅਗੇ ਅਤੀਤ ਵਾਣਿ ਚਲੀ ਤਿਸ ਵਿਚ ਰਾਰਾ ਕੀਤਾ ॥

੪੭੨੦੦੦ ॥ ਸੈਲ ਜੁਗ ਇਕ ਸੈਲ ਬਣਾਇਆ ॥ ਲਲਾ ਰਤਨ ਅੰਤਰ ਤੇ ਪਾਇਆ । ਰਾਮ ਜਾਪੁ ਜਪ ਸਭ ਦੁਖ ਗਾਇਆ । ਨਾਨਕ ਅਤੀਤ ਵਾਣਿ ਹਰ ਜਪਿ ਲਾਇਆ ॥ ੧ ॥

੪੦੩੨੦੦੦ ॥ ਪਸੂਆਂ ਜੁਗ ਹੋਇ ਰਹਿਆ ਅਜਾਨੁ । ਮੁਖੋ ਨ ਬੋਲੇ ਅੰਤਰ ਧਿਆਨ । ਰਾਰੇ ਰਹਿਤ ਪਸੂ ਕੀ ਕੀਨੀ । ਨਾਨਕ ਅਤੀਤ ਵਾਣਿ ਮਹਿ ਸਭ ਬੁਧ ਚੀਨੀ ॥ ੨ ॥

੩੮੮੮੦੦੦ ॥ ਸਰੰਜਾਮ ਜੁਗ ਸਰੰਜਾਮ ਬਨਾਇਆ । ਕੀਨੀ ਭਗਤ ਅਪਨੀ ਮਾਇਆ । ਪੰਚ ਮਾਰਿ ਚਿਤ ਹਰਿ ਸਉ ਰਾਖਿਆ । ਨਾਨਕ ਰਾਰੇ ਰਾਮ ਨਾਮ ਆਖਿਆ ॥ ੩ ॥ ੩੪੫੬੦੦੦ ॥ ਅਕਰਤ ਜੁਗ ਅਕਰਤ ਘਣ ਮਾਰੇ । ਅਠ ਸਠ ਕੀਨੇ ਦੀਏ ਕਿਵਾਰੇ । ਜਿਸ ਭਾਵੇ ਤਿਸ ਜੰਦੇ ਖੋਲੇ । ਨਾਨਕ ਅਤੀਤ ਵਾਣਿ ਮਹਿ ਸਤਿਗੁਰ ਟੋਲੇ ॥ ੪ ॥ ੨੫੯੪੦੦੦ ॥ ਨਾਨਕ ਅਰੰਭ ਜੁਗ ਕੀ ਕਥਾ ਸੁਨਾਏ ॥ ੯ ॥ ਰਾਰੇ ਰੇ ਮਨ ਜਪਹੁ ਨਾਮ ਰੇਨੁ ਹੋਵਹੁ ਸਭ ਚਰਨਾ । ਰਤਨ ਹਾਰ ਨਹੀ ਜਾਨਹੁ ਤਉ ਕਹਾ ਬੀਚਾਰਹੁ ਚਰਨਾ । ਵਰਨ ਅਵਰਨ ਆਪੇ ਕੀਏ ਸਭ ਮਹਿ ਆਪ ਵਸਿਆ। ਨਾਨਕ ਨਉ ਜੁਗ ਆਪ ਪ੍ਰਭ ਧਾਰੇ ਰਾਰੇ ਸੰਗਿ ਰਸਿਆ ॥ ੪ ॥ ਚਾਰ ਚੋਕੜੀ ਆਮ ਕੀਆ । ਜੁਗ ਛਤੀ ਬੀਤੇ ॥ ੩੬ ॥ ਚਹੁ ਅਖਰਾਂ ਕਾ ਜੋੜ । ਵਵੇ ਹਾਹੇ ਗਗੇ ਰਾਰੇ ਅਖਰ ਗੁਰਮੁਖ ਚਾਰ ਪਿਆਰੇ । ਵਾਹੁ ਵਾਹੁ ਗੁਰੂ ॥

੧੩੭੪੩੨੦੦੦ ॥ ਵਾਵੇ ਕੇ ਜੁਗਾਂ ਕਾ ਜੋੜ ਜੁਗਾਨਵਾਕ

੯੭੯੧੪੦੦੦ ॥ ਹਾਹੇ ਕੇ ਜੁਗਾ ਕਾ ਜੋੜ ਜੁਗਾਨਵਾਕ
੬੦੨੧੩੦੦ ॥ ਗਗੇ ਕੇ ਜੁਗਾ ਕਾ ਜੋੜ ਜੁਗਾਨਵਾਕ
੨੮੨੨੩੦੦੦ ॥ ਰਾਰੇ ਕੇ ਜੁਗਾ ਕਾ ਜੋੜ ਜੁਗਾਨਵਾਕ
੩੨੩੭੨੩੦੦੦ ॥ ਜੋੜ ਚਉਕੜੀਆਂ ਚਹੁ ਕਾ ਜੁਗਾ

ਛਤੀਹਾ ਕਾ ਜੋੜ ॥

ਵਾਹਗੁਰੂ ਕਾ ਜੋੜ। ਅਗੇ ਚਹੁ ਜੁਗਾਂ ਕਾ ਵਰਤੰਤ। ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ। ਅਗੇ ਚਾਰ ਜੁਗ ਚਲੇ ਸਤਿ ਜੁਗ ਕਾ ਜੋੜ
੧੭੨੮੦੦੦ ॥ ਸਤਿਜੁਗ। ਤਰੇਤੇ ਕਾ ਜੋੜ
੧੨੯੬੦੦੦ ॥ ਤੇਰਤਾ ਜੁਗ। ਦੁਆਪੁਰ ਕਾ
੮੬੪੦੦੦ ॥ ਦੁਆਪੁਰ। ਕਲਿਜੁਗ ਕਾ
੪੩੨੦੦੦ ॥ ਕਲਿਜੁਗ ਕਾ ਜੋੜ

੧੭੨੮੦੦੦ ॥ ਸਤਿਜੁਗ ਸਭ ਸੰਤੋਖ ਉਪਾਇਆ ॥ ਸਤਿਸਤਿ ਕਰ... ਸਾਸੁ ਕਮਾਇਆ। ਸਤਿ ਧਰਮ ਦੁਇ ਰਾਖੇ ਸਮਾਨਾ ॥੧॥ ੧੨੯੬੦੦੦ ॥ ਤ੍ਰੇ... ਜੁਗ ਤ੍ਰੈ ਗੁਨ ਪ੍ਰਗਟਾਨਾ। ਸਤਿ ਧਰਮੁ ਦੋਇ ਰਾਖੇ ਸਮਾਨਾ। ਹਿਸੈ ਤੀਨ ਸ... ਕਿਛੁ ਰਹਿਆ। ਨਾਨਕ ਤ੍ਰੇਤੇ ਜੁਗ ਇਉ ਕਹਿਆ ॥੨॥ ੮੬੪੦੦੦ ॥ ਦੁਆਪੁ... ਜੁਗ ਦੁਇ ਚਿਤ ਕੀਨੇ। ਗੁਣਨ ਰਹਨ ਦੁਇ ਵੇਕੀ ਦੀਨੇ। ਮਾਸ ਦਿਨ ਦੋਇ ਦਿ... ਰੈਨ ਉਪਾਏ। ਨਾਨਕ ਦੁਆਪੁਰ ਆਖ ਸੁਣਾਏ ॥ ੩ ॥ ੪੩੨੦੦੦ ॥ ਕਲਜੁ... ਮਹਿ ਸਭ ਕਲਾ ਘਟਾਈ ॥ ਬੀਜੈ ਬੀਜੁ ਤਉ ਕਰਮੀ ਖਾਈ। ਕਲੀ ਕਾਲਿ ਮ... ਕੋ ਸਾਧੂ ਰਹਤਾ। ਕਹੁ ਨਾਨਕ ਕਲਿਜੁਗੁ ਇਉ ਕਹਤਾ। ਅਗੇ ਚਹੁ ਅਖਰਾ ਕ... ਜੋੜ। ਚਹੁ ਅਖਰਾਂ ਕੀ ਕਿਆ ਕੀਮਤਿ ਜਾਣਾ। ਚਾਰਿ ਅਖਰ ਦਰਗਹ ਪਰਵਾਣ... ਵਵੇ ਹਾਹੇ ਗਗੇ ਰਾਰੇ। ਅਖਰ ਗੁਰਮੁਖਿ ਚਾਰ ਪਿਆਰੇ। ਆਪੇ ਗੁਰਮੁਖ ਆ... ਸਿਖਿਆ। ਨਾਨਕ ਵਾਹਗੁਰੂ ਕਰਿ ਰਖਿਆ ॥ ੫ ॥ ੪੦ ॥ ਜੁਗਾ ਚਾਰੇ ਅਖ... ਮਥੇ ॥ ਅਗੇ ਨਾਨਕ ਕਾ ਨਾਉ ਕਿਆ ਕਿਆ ਧਰਦਾ ਆਇਆ। ਨਾਨਕ ਕਿ... ਕਰਿ ਨਾਮ ਜਪਾਯਾ। ਵਾਹਗੁਰੂ ਕਿਉ ਕਰਿ ਪ੍ਰਗਟਾਯਾ। ਕਲਿਜੁਗ ਮਹਿ ਕਿਉਕ... ਧਿਆਯਾ। ਸਸਾ ਸਸਾ ਸਤਿਗੁਰ ਆਪੇ ਕੀਨਾ। ਸਤਿ ਸਤਿ ਓਹੁ ਆਪੇ ਚੀਨਾ...

ਨਾਨਕ ਕਉਲੈ ਸਾਸਾ ਦੀਆ। ਨਾਰਦਿ ਸਤਿਜੁਗ ਭਗਤਿ ਕਮਾਈ। ਸਤਿ
ਸਤਿ ਕਰਿ ਹਰਿ ਲਿਉ ਲਾਈ ॥ ੭ ॥ ਤ੍ਰੇਤੇ ਹੈ ਤ੍ਰੈ ਜੁਗ ਪਰਧਾਨ । ਤ੍ਰੈ ਗੁਣ
ਪ੍ਰਗਟੇ ਏਕ ਸਮਾਨ। ਨਲਕੂਸੂ ਭਗਤ ਐਸੀ ਭਗਤਿ ਕਮਾਈ। ਤ੍ਰੇਤੇ ਜੁਗ ਕੀ
ਕਥਾ ਸੁਨਾਈ ॥ ੮ ॥ ਦੁਆਪਰਿ ਜਮਕ੍ਰੋਧੁ ਦੁਇ ਮਾਰੇ। ਕੀਨੀ ਭਗਤਿ ਹਰਿ
ਕੇ ਦੁਆਰੇ ਪਰ ਬਾਰੇ। ਤਿਹਿ ਕੰਟੁ ਭਗਤੁ ਲੇ ਨਾਮੁ ਧਰਾਯਾ। ਦੁਆਪਰਿ ਜੁਗ
ਮਹਿ ਹਰਿ ਨਾਮ ਜਪਾਯਾ ॥ ੯ ॥ ਕਲਿ ਜੁਗ ਮਹਿ ਸਭ ਕਲਾ ਪ੍ਰਗਟਾਈ।
ਕੀਰਤਨ ਪਰਧਾਨੁ ਗਿਆਨੁ ਸ੍ਰੇਸਟਿ ਉਤਮ ਇਸਨਾਨਾ। ਕਲਿ ਮਹਿ ਨਾਨਕ
ਨਾਮੁ ਧਰਾਯਾ। ਵਾਹ ਗੁਰੂ ਕਾ ਮੰਤ੍ਰ ਜਪਾਇਆ ॥ ੧ ॥ ਪੂਰਨ ਹੋਈ ॥

ਬਖਸਨਾ ਕਲੀ ਕਾਲ ਵਿਚ ਕਾਬਲੀ ਉਦਾਸੀ ਲਿਖੀ ॥

ਧਾਰਮਕ ਪਰਿੰਟਿੰਗ ਪਰਸ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।
ਪਰਿੰਟਰ—ਸੁਰਿੰਦਰ ਸਿੰਘ ਗਰੋਵਰ ।

1200

ਗੁਰਬਾਣੀ ਦੇ ਟੀਕੇ

(ਪੰ: ਨਰੈਣ ਸਿੰਘ ਗਿਆਨੀ ਲਾਹੌਰ)

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ	੧੪੦)
ਸੁੰਦਰ ਗੁਟਕਾ ਵਡਾ ਟੀਕਾ	੨੦)
ਪੰਜ ਗ੍ਰੰਥੀ ਸਟੀਕ	੨੦)
ਸੁਖਮਨੀ ਸਾਹਿਬ ਕਥਾ ਵਾਲਾ	੮)
ਜਪੁਜੀ ਸਟੀਕ ਕਥਾ ਵਾਲਾ	੨॥)
ਭਟਾਂ ਦੇ ਸਵਯੇ ਸਟੀਕ	੫॥)
ਨਿਤਨੇਮ ਸਟੀਕ ਵਡਾ ਟੀਕਾ	੬)
ਦਸ ਗ੍ਰੰਥੀ ਪਾ: ੧੦ ਸਟੀਕ	੨੫)
ਵਡਾ ਸਰਧਾ ਪੂਰਨ ਭਾ: ਮਨੀ ਸਿੰਘ	੫)
ਸ੍ਰੀ ਗੁਰ ਸ਼ਬਦ ਸਿਧੀ	੫)
ਸੰਕਟ ਮੋਚਨ ਸ਼ਬਦ	੩)
ਵਾਰਾਂ ਭਾਈ ਗੁਰਦਾਸ ਸਟੀਕ	੨੦)
ਕਬਿਤ ਭਾਈ ਗੁਰਦਾਸ ਸਟੀਕ	੧੫)
ਭਗਤਾਂ ਦੀ ਬਾਣੀ ਸਟੀਕ	੨੦)
ਬਾਈ ਵਾਰਾਂ ਸਟੀਕ	੨੦)
ਗ਼ਜ਼ਲਾਂ ਭਾ: ਨੰਦ ਲਾਲ ਸਟੀਕ	੭॥)
ਜ਼ਫਰਨਾਮਾ ਪਾ: ੧੦ ਸਟੀਕ	੭॥)
ਚੰਡੀ ਚਰਿਤ੍ਰ ਸਟੀਕ	੭)
ਬਚਿਤ੍ਰ ਨਾਟਕ ਸਟੀਕ	੭॥)
ਅਕਾਲ ਉਸਤਤ ਸਟੀਕ	੭॥)
ਚਾਣਾਕਾ ਰਾਜਨੀਤੀ ਸਟੀਕ	੨॥)
ਸ਼ਲੋਕ ਸਹਸਕ੍ਰਿਤੀ ਸਟੀਕ	੩॥)

ਕਥਾ ਵਾਲੇ ਗ੍ਰੰਥ

ਵਡਾ ਸਾਖੀ ਪ੍ਰਮਾਨ ਸੰਤ ਆਤਮਾ ਸਿੰਘ	੨੫
ਸਾਖੀ ਪ੍ਰਮਾਨ ਪੰ: ਨਰੈਣ ਸਿੰਘ	੧੫
ਹਰੀ ਗਿਆਨ ਉਪਦੇਸ਼	੧੨
ਨਾਭਾ ਭਗਤ ਮਾਲਾ	੧੨
ਭਗਤ ਮਾਲਾ ਸਟੀਕ ਪੰ: ਨਰੈਣ ਸਿੰਘ	੨੦
ਗੁਰੂ ਗ੍ਰੰਥ ਕਥਾ ਸਾਗਰ	੨੦
ਜਨਮਸਾਖੀ ਭਗਤ ਕਬੀਰ	੭॥
ਜਨਮਸਾਖੀ ਭਗਤ ਨਾਮਦੇਵ	੭
ਜਨਮਸਾਖੀ ਭਗਤ ਰਵਿਦਾਸ	੭
ਜਨਮਸਾਖੀ ਸ਼ੇਖ ਫਰੀਦ	੭
ਜਨਮਸਾਖੀ ਭਾਈ ਬਾਲੇ ਵਾਲੀ	੧੬
ਜਨਮਸਾਖੀ ਗੁਰੂ ਗੋਬਿੰਦ ਸਿੰਘ	੨੦
ਗੁਰ ਬਿਲਾਸ ਪਾ: ਛੇਵੀਂ ਸਟੀਕ	੭।
ਤਵਾਰੀਖ ਦਸ ਪਾਤਸ਼ਾਹੀਆਂ	੧
ਪ੍ਰਬੋਧ ਚੰਦਰ ਨਾਟਕ ਸਟੀਕ	੧੫
ਸ਼ਿਵ ਪੁਰਾਨ	੩੫
ਬਾਲਮੀਕੀ ਰਮਾਇਣ	੧੦
ਤੁਲਸੀ ਰਮਾਇਣ	੧੦
ਸ੍ਰੀ ਮਦ ਭਾਗਵਤ ੧੨ ਸਕੰਧ	੨੦
ਗਰੜ ਪੁਰਾਣ	
ਦ੍ਰਿਸ਼ਟਾਂਤ ਸਾਗਰ	੧
ਸੰਤ ਬਾਣੀ	
ਗਿਆਨ ਸਰੋਦਾ ਸਟੀਕ	

ਪਤਾ-ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਗੁਰਬਾਣੀ ਦੇ ਟੀਕੇ

(ਪੰ: ਨਰੈਣ ਸਿੰਘ ਗਿਆਨੀ ਲਾਹੌਰ)

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ	੧੪੦)
ਸੁੰਦਰ ਗੁਟਕਾ ਵਡਾ ਟੀਕਾ	੨੦)
ਪੰਜ ਗ੍ਰੰਥੀ ਸਟੀਕ	੨੦)
ਸੁਖਮਨੀ ਸਾਹਿਬ ਕਥਾ ਵਾਲਾ	੮)
ਜਪੁਜੀ ਸਟੀਕ ਕਥਾ ਵਾਲਾ	੨॥)
ਭਟਾਂ ਦੇ ਸਵਯੇ ਸਟੀਕ	੫॥)
ਨਿਤਨੇਮ ਸਟੀਕ ਵਡਾ ਟੀਕਾ	੬)
ਦਸ ਗ੍ਰੰਥੀ ਪਾ: ੧੦ ਸਟੀਕ	੨੫)
ਵਡਾ ਸਰਧਾ ਪੂਰਨ ਭਾ: ਮਨੀ ਸਿੰਘ	੫)
ਸ੍ਰੀ ਗੁਰ ਸ਼ਬਦ ਸਿਧੀ	੫)
ਸੰਕਟ ਮੋਚਨ ਸ਼ਬਦ	੩)
ਵਾਰਾਂ ਭਾਈ ਗੁਰਦਾਸ ਸਟੀਕ	੨੦)
ਕਬਿਤ ਭਾਈ ਗੁਰਦਾਸ ਸਟੀਕ	੧੫)
ਭਗਤਾਂ ਦੀ ਬਾਣੀ ਸਟੀਕ	੨੦)
ਬਾਈ ਵਾਰਾਂ ਸਟੀਕ	੨੦)
ਗਜ਼ਲਾਂ ਭਾ: ਨੰਦ ਲਾਲ ਸਟੀਕ	੭॥)
ਜ਼ਫਰਨਾਮਾ ਪਾ: ੧੦ ਸਟੀਕ	੭॥)
ਚੰਡੀ ਚਰਿਤ੍ਰ ਸਟੀਕ	੭)
ਬਚਿਤ੍ਰ ਨਾਟਕ ਸਟੀਕ	੭॥)
ਅਕਾਲ ਉਸਤਤ ਸਟੀਕ	੭॥)
ਚਣਾਕਾ ਰਾਜਨੀਤੀ ਸਟੀਕ	੨॥)
ਸ਼ਲੋਕ ਸਹਸਕ੍ਰਿਤੀ ਸਟੀਕ	੩॥)

ਕਥਾ ਵਾਲੇ ਗ੍ਰੰਥ

ਵਡਾ ਸਾਖੀ ਪ੍ਰਮਾਨ ਸੰਤ ਆਤਮਾ ਸਿੰਘ	੨੫
ਸਾਖੀ ਪ੍ਰਮਾਨ ਪੰ: ਨਰੈਣ ਸਿੰਘ	੧੫
ਹਰੀ ਗਿਆਨ ਉਪਦੇਸ਼	੧੨
ਨਾਭਾ ਭਗਤ ਮਾਲਾ	੧੨
ਭਗਤ ਮਾਲਾ ਸਟੀਕ ਪੰ: ਨਰੈਣ ਸਿੰਘ	੨੦
ਗੁਰੂ ਗ੍ਰੰਥ ਕਥਾ ਸਾਗਰ	੨੦
ਜਨਮਸਾਖੀ ਭਗਤ ਕਬੀਰ	੭॥
ਜਨਮਸਾਖੀ ਭਗਤ ਨਾਮਦੇਵ	੭
ਜਨਮਸਾਖੀ ਭਗਤ ਰਵਿਦਾਸ	੭
ਜਨਮਸਾਖੀ ਸ਼ੇਖ ਫਰੀਦ	੭
ਜਨਮਸਾਖੀ ਭਾਈ ਬਾਲੇ ਵਾਲੀ	੧੬
ਜਨਮਸਾਖੀ ਗੁਰੂ ਗੋਬਿੰਦ ਸਿੰਘ	੨੦
ਗੁਰ ਬਿਲਾਸ ਪਾ: ਛੇਵੀਂ ਸਟੀਕ	੭॥
ਤਵਾਰੀਖ ਦਸ ਪਾਤਸ਼ਾਹੀਆਂ	੧੨
ਪ੍ਰਬੋਧ ਚੰਦਰ ਨਾਟਕ ਸਟੀਕ	੧੫
ਸ਼ਿਵ ਪੁਰਾਨ	੩੫
ਬਾਲਮੀਕੀ ਰਮਾਇਣ	੧੦
ਤੁਲਸੀ ਰਮਾਇਣ	੧੦
ਸ੍ਰੀ ਮਦ ਭਾਗਵਤ ੧੨ ਸਕੰਧ	੨੦
ਗਰੜ ਪੁਰਾਣ	੮
ਦ੍ਰਿਸ਼ਟਾਂਤ ਸਾਗਰ	੧੦
ਸੰਤ ਬਾਣੀ	੮
ਗਿਆਨ ਸਰੋਦਾ ਸਟੀਕ	੨॥

ਪਤਾ–ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

16-